**Reo-Bankowned Properties**

From San Jose to Sacramento

Call Master of Winners in Multiple Offers

510-304-9292

JASSI GILL

Broker/Owner

GOLDEN STATE REALTY





**Hardeep S.Rai** Attorney-at-Law

ਇੰਮੀਗਰੇਸ਼ਨ ਵਕੀਲ

➡ਨੌਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ

➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ

SAN FRANCISCO
TEL: 415.693.9131
FAX: 415.693.9135

rai@hsrai.com
www.hsrai.com

SAN JOSE
TEL: 408.280.1111
FAX: 408.280.1212



ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

Kuldip Singh Dhariwal

Attorney At Law

Tel: (510) 744-1280

Fax: (510) 744-4192

3100 Mowry Ave. #303, Fremont, CA 94538

E-mail: kuldipdhariwal@yahoo.com





ਕੁਲਦੀਪ ਸਿੰਘ ਧਾਰੀਵਾਲ



Tenth Year in Publication

ਕੈਲੇਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 10, Issue 48, November 28, 2009 20451 N Plum Grove Rd. Palatine, IL 60074 Ph:847-359-0746, Fax:847-705-9388


### ਲਿਬਰਾਹਨ ਕਮਿਸ਼ਨ ਦੀ ਰਿਪੋਰਟ ਸੰਸਦ 'ਚ ਪੇਸ਼

## ਫਿਰਕੂ ਦੰਗਿਆਂ ਨੂੰ ਰੋਕਣ ਲਈ ਸਖਤ ਕਾਨੂੰਨ ਦੀ ਸਿਫਾਰਸ਼

**ਨਵੀਂ ਦਿੱਲੀ:** ਪਿਛਲੇ ਕੁਝ ਦਿਨਾਂ ਤੋਂ ਚਰਚਾ ਦਾ ਵਿਸ਼ਾ ਬਣੀ ਲਿਬਰਾਹਨ ਕਮਿਸ਼ਨ ਦੀ ਰਿਪੋਰਟ ਸੰਸਦ ਵਿਚ ਪੇਸ਼ ਕਰ ਦਿੱਤੀ ਗਈ ਹੈ। ਆਪਣੀ ਇਸ ਰਿਪੋਰਟ ਵਿਚ ਬਾਬਰੀ ਮਸਜਿਦ ਢਾਹੇ ਜਾਣ ਦੇ ਮਾਮਲੇ ਦੀ ਜਾਂਚ ਕਰਨ ਵਾਲੇ ਲਿਬਰਾਹਨ ਕਮਿਸ਼ਨ ਨੇ ਸਿਆਸਤ ਤੇ ਧਰਮ ਦੇ ਰਲਗੱਡ ਹੋਣ 'ਤੇ ਸਖ਼ਤ ਇਤਰਾਜ਼ ਪ੍ਰਗਟਾਉਂਦਿਆਂ ਸਿਫਾਰਸ਼ ਕੀਤੀ ਹੈ ਕਿ ਸੱਤਾ ਹਾਸਲ ਕਰਨ ਲਈ ਇਸ ਤਰ੍ਹਾਂ ਦੇ ਹਥਕੰਡੇ ਅਪਨਾਉਣ ਵਾਲਿਆਂ ਖ਼ਿਲਾਫ਼ ਕਾਰਵਾਈ ਲਈ ਸਖ਼ਤ ਕਾਨੂੰਨ ਬਣਨਾ ਚਾਹੀਦਾ ਹੈ।



ਕਮਿਸ਼ਨ ਦੀ ਇਸ ਮਾਮਲੇ ਨਾਲ ਸਬੰਧਤ ਵਿਸਤ੍ਰਿਤ ਰਿਪੋਰਟ ਲੰਘੀ 24 ਨਵੰਬਰ ਨੂੰ ਸੰਸਦ ਦੇ ਦੋਹਾਂ ਸਦਨਾਂ 'ਚ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਪੇਸ਼ ਕੀਤੀ। ਇਹ ਰਿਪੋਰਟ ਜਸਟਿਸ ਮਨਮੋਹਨ ਸਿੰਘ ਲਿਬਰਾਹਨ ਦੀ ਅਗਵਾਈ ਵਾਲੇ ਕਮਿਸ਼ਨ ਨੇ ਲੰਘੀ 17 ਜੂਨ ਨੂੰ ਸਰਕਾਰ ਨੂੰ ਸੌਂਪ ਦਿੱਤੀ ਸੀ। ਕਮਿਸ਼ਨ ਦੀ 1000 ਸਫ਼ਿਆਂ ਦੀ ਰਿਪੋਰਟ ਨਾਲ 13 ਸਫ਼ਿਆਂ ਦੀ ਕਾਰਵਾਈ ਰਿਪੋਰਟ (ਏ ਟੀ ਆਰ) ਵੀ ਦਿੱਤੀ ਗਈ ਹੈ।

ਇਸ ਰਿਪੋਰਟ ਨੂੰ ਸਵੀਕਾਰ ਕਰਦਿਆਂ ਸਰਕਾਰ ਨੇ ਇਸ ਤਰ੍ਹਾਂ ਦੇ ਦੰਗਿਆਂ ਨੂੰ ਰੋਕਣ ਲਈ ਫ਼ਿਰਕੂ ਹਿੰਸਾ ਰੋਕੂ ਬਿਲ ਲਿਆਉਣ ਲਈ ਵੀ ਸਹਿਮਤੀ ਦੇ ਦਿੱਤੀ ਹੈ। ਕਮਿਸ਼ਨ ਦੀ ਰਿਪੋਰਟ 'ਚ ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ ਤੇ ਮੁਰਲੀ ਮਨੋਹਰ ਜੋਸ਼ੀ ਤੋਂ ਇਲਾਵਾ ਵਿਨੇ ਕਟਿਆਰ, ਓਮਾ ਭਾਰਤੀ ਤੇ ਸਾਧਵੀ ਰਿਤੰਬਰਾ ਸਮੇਤ 68 ਵਿਅਕਤੀ ਇਸ


(ਬਾਕੀ ਸਫਾ 6 ਉਤੇ)


### 'ਫਰਿਜ਼ਨੋ 'ਚ ਡਰੱਗ ਫੜੀ' ਖਬਰ 'ਚ ਭੁੱਲ ਦੀ ਸੋਧ

**ਫਰਿਜ਼ਨੋ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਟਾਈਮਜ਼ ਦੇ 21 ਨਵੰਬਰ ਦੇ ਅੰਕ ਵਿਚ ਫਰਿਜ਼ਨੋ ਵਿਚ ਡਰੱਗ ਫੜੇ ਜਾਣ ਅਤੇ ਦੋ ਪੰਜਾਬੀਆਂ ਦੀ ਗ੍ਰਿਫਤਾਰੀ ਬਾਰੇ ਖਬਰ ਵਿਚ ਸਾਡੇ ਸਟਾਫ ਦੀ ਗਲਤੀ ਨਾਲ ਛਪ ਗਿਆ ਹੈ ਕਿ ਇਸ ਸਬੰਧੀ ਮੁਖਬਰੀ ਹੈਰੀ ਗਿੱਲ ਨੇ


(ਬਾਕੀ ਸਫਾ 3 ਉਤੇ)


## ਡਾ. ਮਨਮੋਹਨ ਸਿੰਘ-ਓਬਾਮਾ ਵਾਰਤਾ:ਸੰਸਾਰ ਚੁਣੌਤੀਆਂ ਨੂੰ ਮਿਲ ਕੇ ਨਜਿੱਠਣ ਦਾ ਅਹਿਦ

**ਵਾਸ਼ਿੰਗਟਨ:** ਭਾਰਤ ਅਤੇ ਅਮਰੀਕਾ ਸੰਸਾਰ ਨੂੰ ਪੇਸ਼ ਆ ਰਹੀਆਂ ਚਣੌਤੀਆਂ ਨੂੰ ਮਿਲ ਕੇ ਨਜਿੱਠਣ ਲਈ ਸਹਿਮਤ ਹੋਏ ਹਨ। ਦੋਨਾਂ ਮੁਲਕਾਂ ਨੇ ਆਰਥਿਕ ਮੰਦੇ, ਵਾਤਾਰਣਿਕ ਤਬਦੀਲੀਆਂ ਦੇ ਸੰਕਟ, ਪ੍ਰਮਾਣੂ ਹਥਿਆਰਾਂ 'ਤੇ ਰੋਕ ਜਿਹੇ ਮਸਲਿਆਂ ਨੂੰ ਨਜਿੱਠਣ ਲਈ ਇਕ ਦੂਜੇ ਨਾਲ ਸਹਿਯੋਗ ਕਰਨ ਦਾ ਅਹਿਦ ਪ੍ਰਗਟ ਕੀਤਾ ਹੈ। ਡਾ. ਮਨਮੋਹਨ ਸਿੰਘ ਦੀ ਆਮਦ 'ਤੇ ਕੀਤੇ ਗਏ ਸ਼ਾਹਾਨਾ ਸਮਾਗਮ ਤੋਂ ਬਾਅਦ ਇਸ ਸੰਬੰਧ ਵਿਚ ਦੋਨਾਂ ਨੇਤਾਵਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ।

ਡਾ. ਮਨਮੋਹਨ ਸਿੰਘ ਅਤੇ ਬਰਾਕ ਓਬਾਮਾ ਅਤਿਵਾਦ ਰੋਕੂ ਕਾਰਵਾਈ ਲਈ ਸਹਿਯੋਗ ਵਧਾਉਣ 'ਤੇ ਸਹਿਮਤ ਵੀ ਹੋਈ ਹੈ। ਓਬਾਮਾ ਨੇ ਇਹ ਵੀ ਕਿਹਾ ਹੈ ਕਿ ਏਸ਼ੀਆਈ ਖੇਤਰ ਵਿਚੋਂ ਅਤਿਵਾਦ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ ਅਤੇ ਦੋਵਾਂ ਦੇਸ਼ਾਂ ਨੂੰ ਮੁੰਬਈ ਵਰਗੇ ਹਮਲਿਆਂ ਨੂੰ ਰੋਕਣ ਦੇ ਲਿਹਾਜ਼ ਨਾਲ ਖੁਫੀਆ ਸਹਿਯੋਗ ਵਧਾਉਣ ਲਈ ਸਰਗਰਮੀ ਨਾਲ ਸਹਿਯੋਗ ਕਰਨਾ ਚਾਹੀਦਾ ਹੈ। ਵਾਈਟ ਹਾਊਸ ਵਿਚ ਚਰਚਾ ਦੇ ਬਾਅਦ ਇਕ ਸਾਂਝੀ ਪ੍ਰੈਸ ਕਾਨਫਰੰਸ ਵਿਚ ਰਾਸ਼ਟਰਪਤੀ ਓਬਾਮਾ ਅਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਭਾਰਤ-ਅਮਰੀਕੀ ਗੈਰ ਫੌਜੀ ਪ੍ਰਮਾਣੂ ਕਰਾਰ ਨੂੰ ਲਾਗੂ ਕਰਨ 'ਤੇ ਆਪਣੀ ਪੂਰੀ ਅਤੇ ਸੰਪੂਰਨ ਪ੍ਰਤੀਬੱਧਤਾ ਦੁਹਰਾਈ। ਓਬਾਮਾ ਪ੍ਰਸ਼ਾਸਨ ਦੇ ਪਹਿਲੇ ਸਰਕਾਰੀ ਮਹਿਮਾਨ ਬਣੇ ਮਨਮੋਹਨ ਸਿੰਘ ਨੇ ਕਿਹਾ ਕਿ ਰਾਸ਼ਟਰਪਤੀ ਨੇ ਇਸ ਗੱਲ ਨੂੰ ਦੁਹਰਾਇਆ ਹੈ ਕਿ ਪ੍ਰਮਾਣੂ ਕਰਾਰ ਨੂੰ ਜਲਦੀ ਤੋਂ ਜਲਦੀ ਲਾਗੂ ਕਰਨ ਲਈ ਦੋਵਾਂ ਦੇਸ਼ਾਂ ਦਾ ਬਰਾਬਰ ਸੰਕਲਪ ਹੈ।



*ਮੰਗਲਵਾਰ ਨੂੰ ਡਾ. ਮਨਮੋਹਨ ਸਿੰਘ ਵਾਈਟ ਹਾਊਸ 'ਚ ਰਾਸ਼ਟਰਪਤੀ ਓਬਾਮਾ ਅਤੇ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨਾਲ*

ਡਾ. ਮਨਮੋਹਨ ਸਿੰਘ ਨੇ ਕਿਹਾ, "ਮੈਨੂੰ ਵਿਸ਼ਵਾਸ ਹੈ ਅਤੇ ਮੈਨੂੰ ਰਾਸ਼ਟਰਪਤੀ ਓਬਾਮਾ ਵਲੋਂ ਭਰੋਸਾ ਮਿਲਿਆ ਹੈ ਕਿ ਪ੍ਰਕਿਰਿਆ ਬਿਨਾ ਕਿਸੇ ਹੋਰ ਦੇਰੀ ਦੇ ਪੂਰੀ ਹੋਵੇਗੀ।"

ਸ੍ਰੀ ਓਬਾਮਾ ਨੇ ਡਾ. ਮਨਮੋਹਨ ਸਿੰਘ ਨੂੰ ਇਮਾਨਦਾਰ ਅਤੇ ਦ੍ਰਿੜ੍ਹ ਵਿਅਕਤੀ ਦੀ ਸੰਗਿਆ ਦਿੰਦੇ ਹੋਏ ਉਨ੍ਹਾਂ ਦੀ ਸ਼ਲਾਘਾ ਕੀਤੀ ਅਤੇ ਇਹ ਐਲਾਨ ਵੀ ਕੀਤਾ ਕਿ ਉਨ੍ਹਾਂ ਨੇ ਅਗਲੇ ਸਾਲ ਭਾਰਤ ਦੇ ਦੌਰੇ ਦੇ ਪ੍ਰਧਾਨ ਮੰਤਰੀ ਦੇ ਸੱਦੇ ਨੂੰ ਸਵੀਕਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਮੈਂ ਉਨ੍ਹਾਂ ਦਾ ਸਨਮਾਨ ਕਰਦਾ ਹਾਂ ਅਤੇ ਉਨ੍ਹਾਂ ਵਿਚ ਵਿਸ਼ਵਾਸ ਰੱਖਦਾ ਹਾਂ ਤੇ ਮੈਂ ਖੁਸ਼ੀ-ਖੁਸ਼ੀ ਅਗਲੇ ਸਾਲ ਭਾਰਤ ਯਾਤਰਾ ਦੇ ਉਨ੍ਹਾਂ ਦੇ ਸੱਦੇ ਨੂੰ ਸਵੀਕਾਰ ਕਰਦਾ ਹਾਂ।

ਰਾਸ਼ਟਰਪਤੀ ਓਬਾਮਾ ਨੇ ਕਿਹਾ ਕਿ ਦੋਵੇਂ ਦੇਸ਼ ਰਾਸ਼ਟਰ ਦੀਆਂ ਸਰਹੱਦਾਂ ਤੋਂ ਪਰ੍ਹੇ ਖਤਰਿਆਂ ਦੇ ਖ਼ਿਲਾਫ ਸਹਿਯੋਗ ਵਧਾਉਣ ਲਈ ਤਿਆਰ ਹੋ


(ਬਾਕੀ ਸਫਾ 6 ਉਤੇ)



Delo

Mobil Delvac

GILL EXPRESS

WASH, TIRE & REPAIR



CALIFORNIA LOCATIONS

BAKERSFIELD @ HWY 58 & 184

FRESNO @ HWY 99, 5TH WHEEL TRUCK STOP

MADERA @ HWY 99, EXIT 18½ NEXT TO

RIPON @ HWY 99, EXIT JACK TONE @ JIMCO

WESTLEY @ HWY 5, JOE'S TRAVEL PLAZA

ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ

ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਦਿਓ

Call Gill 661-301-8978



ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Raja SWEETS & INDIAN CUISINE

LUNCH BUFFET - DINNER - TAKE OUT - CATERING - BANQUETS

TOLL FREE 1-866-FOR RAJA

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।

ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।

Raja Indian Cuisine & Bar

Ph: 510-264-9300

1275 W Winton Ave
Hayward, CA 94545

Wholesale and Retail

Ph: 510-489-9100
Fax:510-489-9111

31853 Alvrado Blvd
Union City, CA 94587

ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।

Call Makhan Bains or Ravinder Singh for your next party

Or visit us: www.rajasweets.com



Law Offices Of Manpreet S. Gahra

*ਇਮੀਗਰੇਸ਼ਨ ਸੇਵਾਵਾਂ

*ਫੈਮਿਲੀ ਲਾਅ

*ਬਿਜਨਸ ਲਾਅ





Manpreet S.Gahra
Attorney At Law

Berkeley Office

2161 Shattuck Ave. #304, Berkeley

Ph. 510-841-4582

Fax: 510-217-6847

Sacramento Office

Call For Appointments

Ph. 916-924-1617

Email:manpreet@gahralaw.com




# ਨਿੱਘੇ ਮਾਹੌਲ ਵਿਚ ਹੋਈ ਓਬਾਮਾ-ਮਨਮੋਹਨ ਸਿੰਘ ਮੀਟਿੰਗ

**ਹਰਜਾਪ ਸਿੰਘ ਔਜਲਾ**

**ਵਸ਼ਿੰਗਟਨ:** ਮੰਗਲਵਾਰ 24 ਨਵੰਬਰ ਦਾ ਦਿਨ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਵਾਸਤੇ ਇਸ ਦੌਰੇ ਦਾ ਸਭ ਤੋਂ ਮਸ਼ਰੂਫ਼ ਦਿਨ ਸੀ। ਦੋਹਾਂ ਨੇਤਾਵਾਂ ਦੇ ਦਰਮਿਆਨ ਇਕ ਬੰਦ ਕਮਰਾ ਬੈਠਕ ਹੋਈ। ਦੋਵੇਂ ਇਕ ਦੂਜੇ ਦੀ ਅੰਗਰੇਜ਼ੀ ਚੰਗੀ ਤਰ੍ਹਾਂ ਜਾਣਦੇ ਸਨ, ਇਸ ਲਈ ਤਰਜ਼ਮਾਕਾਰਾਂ ਅਤੇ ਸਹਾਇਕਾਂ ਦੀ ਲੋੜ ਦੋਹਾਂ ਨੂੰ ਹੀ ਨਹੀਂ ਮਹਿਸੂਸ ਹੋਈ। ਅਜਿਹੀਆਂ ਬੈਠਕਾਂ ਵਿਚ ਦਿਲਾਂ ਦੀਆਂ ਗੱਲਾਂ ਦਿਲਾਂ ਨਾਲ ਹੋ ਸਕਦੀਆਂ ਹਨ। ਅਜਿਹੇ ਹੀ ਅਵਸਰ ਦੀ ਦੋਹਾਂ ਨੇਤਾਵਾਂ ਨੂੰ ਤਲਾਸ਼ ਸੀ।

ਅੱਜ ਕਲ ਰਾਸ਼ਟਰਪਤੀ ਬਰਾਕ ਓਬਾਮਾ ਅਫ਼ਗਾਨਿਸਤਾਨ ਦੇ ਸਿਲਸਿਲੇ ਵਿਚ ਬੜੀ ਦੋਚਿਤੀ ਵਿਚ ਫਸੇ ਹੋਏ ਹਨ। ਅਫ਼ਗਾਨਿਸਤਾਨ ਵਿਚ ਅਮਰੀਕਾ ਦੀ ਫੌਜ ਦੇ ਮੁਖੀ ਨੇ ਰਾਸ਼ਟਰਪਤੀ ਕੋਲੋਂ ਚਾਲੀ ਹਜ਼ਾਰ (40,000) ਵਾਧੂ ਫੌਜੀਆਂ ਦੀ ਮੰਗ ਕੀਤੀ ਹੈ। ਦੂਜੇ ਪਾਸੇ ਅਫ਼ਗਾਨਿਸਤਾਨ ਤੋਂ ਹਰ ਰੋਜ਼ ਤਿੰਨ ਚਾਰ ਫੌਜੀਆਂ ਦੀਆਂ ਲਾਸ਼ਾਂ ਅਮਰੀਕਾ ਆ ਰਹੀਆਂ ਹਨ। ਜਿਨ੍ਹਾਂ ਦੇ ਬੱਚੇ ਸ਼ਹੀਦ ਹੋ ਜਾਂਦੇ ਹਨ, ਉਨ੍ਹਾਂ ਵਿਚ ਇਸ ਜੰਗ ਦੇ ਵਿਰੁਧ ਭਾਵਨਾਵਾਂ ਉਤਪੰਨ ਹੋ ਰਹੀਆਂ ਹਨ। ਜਿਨ੍ਹਾਂ ਦੇ ਲੜਕੇ ਅਫ਼ਗਾਨਿਸਤਾਨ ਵਿਚ ਹਨ, ਉਹ ਵੀ ਚਾਹੁੰਦੇ ਹਨ ਕਿ ਇਹ ਲੜਾਈ ਜਲਦੀ ਤੋਂ ਜਲਦੀ ਸਮੇਟੀ ਜਾਏ। ਰਾਸ਼ਟਰਪਤੀ ਜਾਰਜ ਡਬਲਯੂ ਬੁਸ਼ ਅਫਗਾਨਿਸਤਾਨ ਅਤੇ ਇਰਾਕ ਦੀ ਲੜਾਈ ਦੋਹਾਂ ਦੇ ਹੀ ਪੱਖ ਵਿਚ ਸਨ। ਲੇਕਿਨ ਬਰਾਕ ਓਬਾਮਾ ਦੋਹਾਂ ਹੀ ਦੇਸ਼ਾਂ ਵਿਚੋਂ ਫੌਜਾਂ ਕੱਢਣ ਦੇ ਪੱਖ ਵਿਚ ਹਨ। ਇਸ ਸਿਲਸਿਲੇ ਵਿਚ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਜਲਦੀ ਹੀ ਕੋਈ ਫੈਸਲਾ ਲੈਣਾ ਦਰਕਾਰ ਹੈ। ਇਸ ਮੁਾਮਲੇ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਪਣੀ ਸਥਿਤੀ ਸੋਮਵਾਰ 23 ਨਵੰਬਰ ਨੂੰ ਹੀ ਅਮਰੀਕਾ ਦੇ ਸਿਰਕੱਢਵੇਂ ਸ਼ਹਿਰੀਆਂ ਦੀ ਬੈਠਕ ਨੂੰ ਸੰਬੋਧਿਤ ਕਰਦਿਆਂ ਸਪਸ਼ਟ ਕਰ ਦਿੱਤੀ ਸੀ। ਮੰਗਲਵਾਰ ਦੀ ਬੈਠਕ ਵਿਚ ਵੀ ਡਾ. ਮਨਮੋਹਨ ਸਿੰਘ ਨੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਮਸ਼ਵਰਾ ਦਿੱਤਾ ਹੈ ਕਿ ਅਫਗਾਨਿਸਤਾਨ ਵਿਚੋਂ ਜਲਦਬਾਜ਼ੀ ਵਿਚ ਫੌਜਾਂ ਕੱਢਣੀਆਂ ਸਰਾਸਰ ਗਲਤੀ ਹੋਵੇਗੀ। ਉਨ੍ਹਾਂ ਨੇ ਆਖਿਆ ਕਿ ਭਾਰਤ ਅਫਗਾਨਿਸਤਾਨ ਵਿਚ ਸੜਕਾਂ, ਸਕੂਲ ਅਤੇ ਹਸਪਤਾਲ ਤਾਮੀਲ ਕਰਨ ਦਾ ਕੰਮ ਬੰਦ ਨਹੀਂ ਕਰੇਗਾ। ਇਨ੍ਹਾਂ ਸਤੰਭਾਂ ਦੇ ਸਿਰ 'ਤੇ ਹੀ ਤਾਂ ਅਫ਼ਗਾਨਿਸਤਾਨ ਨੇ ਆਧੁਨਿਕ ਦੁਨੀਆਂ ਵਿਚ ਪ੍ਰਵੇਸ਼ ਕਰਨਾ ਹੈ। ਜਾਪਦਾ ਹੈ ਕਿ ਬਰਾਕ ਓਬਾਮਾ ਜਲਦੀ ਹੀ ਅਫਗਾਨਿਸਤਾਨ ਵਿਚ ਹੋਰ ਫੌਜਾਂ ਤਾਇਨਾਤ ਕਰਨਗੇ। ਇਸ ਸੰਬੰਧ ਵਿਚ ਉਹ ਅਗਲੇ ਹਫਤੇ ਆਪਣਾ ਫੈਸਲਾ ਫਰਮਾਉਣਗੇ।



*ਮੰਗਲਵਾਰ ਨੂੰ ਡਾ. ਮਨਮੋਹਨ ਸਿੰਘ ਵਾਈਟ ਹਾਊਸ 'ਚ ਰਾਸ਼ਟਰਪਤੀ ਓਬਾਮਾ ਇਕੱਲਿਆਂ ਗੱਲ ਕਰਦੇ ਹੋਏ*

ਪਾਕਿਸਤਾਨ ਦੇ ਸਿਲਸਿਲੇ ਵਿਚ ਸਿੰਘ-ਓਬਾਮਾ ਮਿਲਣੀ ਤੋਂ ਬਾਅਦ ਅਮਰੀਕਾ ਨੇ ਮੰਨਿਆ ਹੈ ਕਿ ਉਸਦੀ ਪਾਕਿਸਤਾਨ ਸੰਬੰਧੀ ਨੀਤੀ ਗਲਤ ਸਿੱਧ ਹੋਈ ਹੈ।

ਸ੍ਰੀ ਬਰਾਕ ਓਬਾਮਾ ਨੇ ਮੰਨਿਆ ਹੈ ਕਿ ਅਮਰੀਕਾ ਭੂਤਕਾਲ ਵਿਚ ਪਾਕਿਸਤਾਨ ਨੂੰ ਬੇਤਹਾਸ਼ਾ ਫੌਜੀ ਮਦਦ ਦੇਂਦਾ ਰਿਹਾ ਹੈ, ਜਿਸ ਕਾਰਨ ਫੌਜ ਬਹੁਤ ਸ਼ਕਤੀਸ਼ਾਲੀ ਬਣ ਗਈ ਹੈ। ਲੇਕਿਨ ਅਮਰੀਕਾ ਨੇ ਪਾਕਿਸਤਾਨ ਦੀ ਜਨਤਾ ਦਾ ਰਹਿਣ ਸਹਿਣ ਦਾ ਮਿਆਰ ਉੱਚਾ ਚੁੱਕਣ ਲਈ ਕੁਝ ਨਹੀਂ ਕੀਤਾ। ਡਾ. ਸਿੰਘ ਨਾਲ ਬੈਠਕ ਤੋਂ ਬਾਅਦ ਅਖ਼ਬਾਰੀ ਨਾਮਾਨਿਗਾਰਾਂ ਨਾਲ ਗੱਲ ਕਰਦਿਆਂ ਬਰਾਕ ਓਬਾਮਾ ਨੇ ਮੰਨਿਆ ਕਿ ਉਨ੍ਹਾਂ ਦੀ ਭੂਤਕਾਲ ਦੀ ਪਾਕਿਸਤਾਨ ਨੀਤੀ ਵਿਚ ਖ਼ਾਮੀਆਂ ਸਨ ਜਿਨ੍ਹਾਂ ਨੂੰ ਹੁਣ ਠੀਕ ਕੀਤਾ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਡਾ. ਸਿੰਘ ਨੇ ਸ੍ਰੀ ਓਬਾਮਾ ਨੂੰ ਅਹਿਸਾਸ ਕਰਵਾਇਆ ਕਿ ਵਿਸ਼ਵ ਖ਼ੁਰਾਕ ਦੇ ਸਿਲਸਿਲੇ ਵਿਚ ਅਕਾਲ ਦੀ ਸਥਿਤੀ ਦੀ ਦਹਿਲੀਜ਼ ਤੇ ਖੜ੍ਹਾ ਹੈ। ਵਿਸ਼ਵ ਨੂੰ ਖ਼ੁਰਾਕ ਦੀ ਫਰਾਹਮੀ ਵਾਸਤੇ ਇਕ ਵੱਡੀ ਜ਼ਿੰਮੇਵਾਰੀ ਅਮਰੀਕਾ ਅਤੇ ਭਾਰਤ ਉੱਪਰ ਆਇਦ ਹੁੰਦੀ ਹੈ। ਡਾ. ਸਿੰਘ ਦੇ ਅਨੁਸਾਰ ਅਮਰੀਕਾ ਅਤੇ ਭਾਰਤ ਨੂੰ ਮਿਲ ਕੇ ਨਵੇਂ ਬੀਜ ਅਤੇ ਨਵੀਆਂ ਵਿਧੀਆਂ ਈਜਾਦ ਕਰਨੀਆਂ ਪੈਣਗੀਆਂ ਜਿਨ੍ਹਾਂ ਨਾਲ ਵਿਸ਼ਵ ਦਾ ਖ਼ੁਰਾਕ ਦਾ ਸ਼ਦੀਦ ਸੰਕਟ ਦੂਰ ਹੋ ਸਕੇ। ਇਸ ਬਾਰੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਸਹਿਮਤੀ ਆਪਣੀ ਪ੍ਰੈਸ ਮਿਲਣੀ ਸਮੇਂ ਦਿੱਤੀ। ਇਸ ਖੋਜ ਦਾ ਭਾਰਤ ਨੂੰ ਬਹੁਤ ਲਾਭ ਹੋਵੇਗਾ। ਇਸ ਵਕਤ ਭਾਰਤ ਦੇ ਕਣਕ ਅਤੇ ਚੌਲਾਂ ਦੇ ਬੀਜ ਪੁਰਾਣੇ ਹੋ ਚੁੱਕੇ ਹਨ, ਜਿਸ ਕਾਰਨ ਇਨ੍ਹਾਂ ਫਸਲਾਂ ਦਾ ਝਾੜ ਲਗਾਤਾਰ ਘਟਦਾ ਜਾ ਰਿਹਾ ਹੈ, ਜੋ ਚਿੰਤਾ ਦਾ ਕਾਰਨ ਹੈ।

ਬੰਬਈ ਦੇ 26 ਨਵੰਬਰ 2008 ਦੇ ਆਤੰਕਵਾਦੀ ਹਮਲੇ ਦੀ ਜਾਂਚ ਵਿਚ ਜਿਸ ਤਰ੍ਹਾਂ ਅਮਰੀਕਾ ਨੇ ਭਾਰਤ ਦੀ ਮਦਦ ਕੀਤੀ ਹੈ, ਉਸਦੇ ਸਬੰਧ ਵਿਚ ਡਾ. ਮਨਮੋਹਨ ਸਿੰਘ ਨੇ ਅਮਰੀਕੀ ਰਾਸ਼ਟਰਪਤੀ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ। ਜਿਸ ਡਰਾਮਾਈ ਅੰਦਾਜ਼ ਵਿਚ ਅਮਰੀਕਾ ਨੇ ਇਸ ਆਤੰਕਵਾਦੀ ਹਮਲੇ ਦੀ ਭੂਮਿਕਾ ਬੰਨ੍ਹਣ ਵਾਲੇ ਡੇਵਿਡ ਹੈਡਲੀ ਅਤੇ ਤਹੱਵੁਰ ਹੁਸੈਨ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਸਦੀ ਤਫਤੀਸ਼ ਕੀਤੀ ਜਾ ਰਹੀ ਹੈ ਉਸ ਤੋਂ ਭਾਰਤ ਪੂਰੀ ਤਰ੍ਹਾਂ ਸੰਤੁਸ਼ਟ ਹੈ। ਦੋਹਾਂ ਨੇਤਾਵਾਂ ਨੇ ਆਪਣੇ ਸਾਂਝੇ ਬਿਆਨ ਵਿਚ ਆਤੰਕਵਾਦ ਦਾ ਟਾਕਰਾ ਮਿਲ ਕੇ ਕਰਨ ਦਾ ਅਹਿਦ ਦੁਹਰਾਇਆ ਹੈ। ਭਾਰਤ ਅਤੇ ਅਮਰੀਕਾ ਵਿਗਿਆਨ, ਚਕਿੱਤਸਾ ਅਤੇ ਵਿਦਿਆ ਦੇ ਖੇਤਰਾਂ ਵਿਚ ਵੀ ਗੂੜ੍ਹਾ ਸਹਿਯੋਗ ਕਰਨਗੇ।

ਡਾ. ਮਨਮੋਹਨ ਸਿੰਘ ਨੇ ਰਾਸ਼ਟਰਪਤੀ ਓਬਾਮਾ ਨੂੰ ਦੱਖਣੀ ਏਸ਼ੀਆਈ ਦੇਸ਼ਾਂ ਵਿਚ ਚੀਨ ਦੀ ਸ਼ਰਾਰਤ ਭਰੀ ਭੂਮਿਕਾ ਬਾਰੇ ਵੀ ਸੁਚੇਤ ਕੀਤਾ ਹੈ। ਇਸ ਸਬੰਧ ਵਿਚ ਦੋਹਾਂ ਨੇ ਹੀ ਪ੍ਰੈਸ ਮਿਲਣੀ ਸਮੇਂ ਜ਼ਿਕਰ ਨਹੀਂ ਕੀਤਾ। ਇਸ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਇਹ ਹੈ ਕਿ ਅਮਰੀਕਾ ਅਤੇ ਭਾਰਤ ਦੋਵੇਂ ਹੀ ਦੇਸ਼ ਚੀਨ ਨੂੰ ਚੂੰਢੀਆਂ ਵੱਢਣ ਨੂੰ ਨੁਕਸਾਨ ਦੇਹ ਸਮਝਦੇ ਹਨ।

## ਬੌਧਿਕ ਜਾਇਦਾਦ ਹੱਕ ਸਮਝੌਤੇ 'ਤੇ ਭਾਰਤ-ਅਮਰੀਕਾ ਨੇ ਪਾਈ ਸਹੀ

**ਵਾਸ਼ਿੰਗਟਨ:** ਭਾਰਤ ਅਤੇ ਅਮਰੀਕਾ ਨੇ ਬੌਧਿਕ ਜਾਇਦਾਦ ਅਧਿਕਾਰ 'ਤੇ ਦੋ ਅੰਤਰ ਸਰਕਾਰੀ ਸਮਝੌਤਿਆਂ 'ਤੇ ਦਸਤਖਤ ਕੀਤੇ ਜਿਨ੍ਹਾਂ ਦਾ ਮਕਸਦ ਗਲਤੀ ਨਾਲ ਪੇਟੈਂਟ ਜਾਰੀ ਕਰ ਕੇ ਰਸਮੀ ਜਾਣਕਾਰੀ ਨੂੰ ਹਥਿਆਉਣ ਵਾਲੇ ਕੰਮ ਨੂੰ ਰੋਕਣ ਵਿਚ ਮਦਦ ਪਹੁੰਚਾਉਣਾ ਹੈ ਜਿਵੇਂ ਕਿ ਨਿੰਮ ਅਤੇ ਹਲਦੀ ਦੇ ਮਾਮਲੇ ਵਿਚ ਕੀਤਾ ਗਿਆ ਸੀ।

ਵਿਗਿਆਨਕ ਅਤੇ ਉਦਯੋਗਿਕ ਖੋਜ ਪ੍ਰੀਸ਼ਦ ਅਤੇ ਅਮਰੀਕੀ ਪੇਟੈਂਟ ਅਤੇ ਟਰੇਡ ਮਾਰਕ ਦਫਤਰ ਦੇ ਵਿਚਾਲੇ ਇਕ ਟ੍ਰੈਡੀਸ਼ਨਲ ਡਿਜ਼ੀਟਲ ਲਾਇਬਰੇਰੀ (ਟੀ.ਕੇ.ਡੀ.ਐੱਲ.) ਪਹੁੰਚ ਸਮਝੌਤੇ 'ਤੇ ਦਸਤਖਤ ਕੀਤੇ ਗਏ।


**Bob Lynn Edwards, Jr.**

Free Initial Consultation

Attorney at Law



Over 17 Years Handling Family Law Cases in Fremont, CA, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.

**Ph:510-770-0500**

www.BobEdwards.com

3869 Peralta Boulevard,
Fremont CA 94536-3712



# ਗੁਰਦੁਆਰਾ ਸਾਹਿਬ ਸੈਨਹੋਜ਼ੇ (ਕੈਲੇਫੋਰਨੀਆ)

ੴ ਸਤਿਗੁਰ ਪ੍ਰਸਾਦਿ

'ਪ੍ਰਗਟ ਭਏ ਗੁਰ ਤੇਗ ਬਹਾਦਰ ਜਿਨ ਸਗਲ ਸ੍ਰਿਸਟ ਪੈ ਢਾਪੀ ਚਾਦਰ'

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥**

**ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਹਿੰਦ ਦੀ ਚਾਦਰ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅਦੁਤੀ ਬਲੀਦਾਨ ਨੂੰ ਯਾਦ ਕਰਦਿਆਂ ਗੁਰਦੁਆਰਾ ਸੈਨ ਹੋਜ਼ੇ ਵਿਚ ਵਿਸ਼ੇਸ਼ ਪ੍ਰੋਗਰਾਮ ਹੋ ਰਹੇ ਹਨ। ਇਸੇ ਸਬੰਧ ਵਿਚ ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 30 ਨਵੰਬਰ ਤੋਂ ਲੈ ਕੇ 6 ਦਸੰਬਰ ਤੱਕ ਰੋਜ਼ਾਨਾ ਸ਼ਾਮ ਨੂੰ ਕੀਰਤਨ ਸਰਵਣ ਕਰਾ ਕੇ ਸਿੱਖ ਸੰਗਤ ਨੂੰ ਨਿਹਾਲ ਕਰਨਗੇ। ਆਪ ਸਮੂਹ ਸਿੱਖ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਦੀਵਾਨਾਂ ਵਿਚ ਹਾਜ਼ਰੀਆਂ ਭਰ ਕੇ ਜੀਵਨ ਸਫਲਾ ਕਰੋ ਜੀ। ਵਧੇਰੇ ਜਾਣਕਾਰੀ ਲਈ 408-568-0034 ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।**



**ਭੁਪਿੰਦਰ ਸਿੰਘ ਵਿੱਲੋਂ ਸਕੱਤਰ ਅਤੇ ਸਮੂਹ ਪ੍ਰਬੰਧਕ ਕਮੇਟੀ**

**Gurdwara Sahib San Jose, California**

3636 Murillo Ave. San Jose 95148, Ph: 408-274-9373

# ਸ਼੍ਰੋਮਣੀ ਕਮੇਟੀ ਚੋਣਾਂ:ਦੇਖੋ ਕਿਸੇ ਦੀ ਕਿਸਮਤ ਖੋਲਦੈ ਬਾਦਲੀ ਲਿਫਾਫਾ?

ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ 25 ਨਵੰਬਰ ਨੂੰ ਹੋਣ ਵਾਲੀ ਚੋਣ ਲਈ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਮੀਦਵਾਰ ਦੀ ਚੋਣ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਬਾਦਲ ਪੱਖੀ ਮੈਂਬਰਾਂ ਦੀ ਮੀਟਿੰਗ ਸ਼੍ਰੋਮਣੀ ਅਕਾਲੀ ਦੇ ਮੁੱਖ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਣੀ ਹੈ, ਜਿਸ ਵਿਚ ਹਰ ਸਾਲ ਦੀ ਤਰ੍ਹਾਂ ਮੈਂਬਰ ਸਾਹਿਬਾਨ ਵੱਲੋਂ ਦੋਵੇਂ ਹੱਥ ਖੜੇ ਕਰਕੇ ਪਾਰਟੀ ਉਮੀਦਵਾਰ ਦੇ ਚੋਣ ਕਰਨ ਦੇ ਅਧਿਕਾਰ ਪਾਰਟੀ ਪ੍ਰਧਾਨ ਨੂੰ ਦਿੱਤੇ ਜਾਣ ਦੀ ਸੰਭਾਵਨਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਕੰਡਿਆਂ ਭਰੀ ਮਾਲਾ ਪਹਿਨਣ ਲਈ ਭਾਵੇਂ ਮੌਜੂਦਾ ਪ੍ਰਧਾਨ ਸ਼੍ਰੀ ਅਵਤਾਰ ਸਿੰਘ ਮੱਕੜ ਤੋਂ ਇਲਾਵਾ ਸਾਬਕਾ ਜਨਰਲ ਸਕੱਤਰ ਬੀਬੀ ਕਿਰਨਜੋਤ ਕੌਰ, ਸਾਬਕਾ ਐਕਟਿੰਗ ਪ੍ਰਧਾਨ ਤੇ ਮੌਜੂਦਾ ਜਨਰਲ ਸਕੱਤਰ ਸ. ਸੁਖਦੇਵ ਸਿੰਘ ਭੌਰ, ਪਿਛਲੇ ਕਈ ਸਾਲਾਂ ਤੋਂ ਕਾਰਜਕਾਰੀ ਮੈਂਬਰ ਚਲੇ ਆ ਰਹੇ ਬਾਬਾ ਟੇਕ ਸਿੰਘ ਧਨੌਲਾ, ਮੌਜੂਦਾ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਅਤੇ ਸਾਬਕਾ ਪ੍ਰਧਾਨ ਕਾਬਲ ਸਿੰਘ, ਬੀਬੀ ਜਗੀਰ ਕੌਰ ਤੇ ਸਿੱਖ ਬੁੱਧੀਜੀਵੀ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੇ ਨਾਵਾਂ ਦੀ ਚਰਚਾ ਹੈ ਪਰ ਮੌਜੂਦਾ ਪ੍ਰਧਾਨ ਸ਼੍ਰੀ ਮੱਕੜ ਦੇ ਨਜ਼ਦੀਕੀ ਸੂਤਰਾਂ ਵੱਲੋਂ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਸ਼੍ਰੀ ਬਾਦਲ ਨੇ ਸ਼੍ਰੀ ਮੱਕੜ ਨੂੰ ਪੰਜਵੀਂ ਵਾਰ ਗੁਰੂ ਘਰ ਦੀ ਸੇਵਾ ਕਰਨ ਦਾ ਮੌਕਾ ਦੇਣ ਦਾ ਥਾਪੜਾ ਦੇ ਦਿੱਤਾ ਹੈ। ਸ਼੍ਰੀ ਮੱਕੜ ਅਕਾਲੀ ਦਲ ਦੇ ਸਰਪ੍ਰਸਤ ਤੇ ਮੁੱਖ ਮੰਤਰੀ ਸ਼੍ਰੀ ਪ੍ਰਕਾਸ਼ ਸਿੰਘ ਬਾਦਲ ਲਈ ਇੱਕ ਅਜਿਹੀ ਕਾਮਧੇਨੂੰ ਗਊ ਸਾਬਤ ਹੋਏ ਹਨ, ਜੋ ਆਪਣੇ ਆਕਾ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਰਹਿੰਦੀ ਹੈ। ਸ਼੍ਰੀ ਮੱਕੜ ਦੇ 2005 ਤੋਂ ਲੈ ਕੇ 2009 ਤੱਕ ਦੇ ਚਾਰ ਸਾਲ ਦੇ ਅਰਸੇ ਦੌਰਾਨ ਖੰਨਾ ਚਮਿਆਰਾ ਵਿਖੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਵੱਲੋਂ ਦੋ ਕਿਸਾਨਾਂ ਨੂੰ ਗੋਲੀਆਂ ਦਾ ਸ਼ਿਕਾਰ ਬਣਾਉਣ ਦੀ ਘਟਨਾ ਨੇ ਸਰਕਾਰ ਲਈ ਸਿਰਦਰਦੀ ਜਰੂਰ ਪੈਦਾ ਕੀਤੀ ਹੈ, ਪਰ ਜਿਸ ਤਰੀਕੇ ਨਾਲ ਅਕਾਲੀ ਦਲ ਵੱਲੋਂ ਪੀੜਤ ਪਰਿਵਾਰਾਂ ਨਾਲ ਸਮਝੌਤਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਉਸ ਤੋਂ ਤਾਂ ਇੰਜ ਮਹਿਸੂਸ ਹੁੰਦਾ ਹੈ ਕਿ ਇਹ ਘਟਨਾ ਇੱਕ ਰਹੱਸ ਬਣ ਕੇ ਰਹਿ ਜਾਵੇਗੀ ਤੇ ਸਮਝੌਤੇ ਉਪਰੰਤ ਇਸ ਘਟਨਾ ਦਾ ਭੋਗ ਪੈ ਜਾਵੇਗਾ।

ਇਸ ਘਟਨਾ ਨੂੰ ਲੈ ਕੇ ਭਾਵੇਂ ਪੰਜ ਮਜ਼ਦੂਰ ਤੇ ਕਿਸਾਨ ਜਥੇਬੰਦੀਆਂ ਵੱਲੋਂ ਸਾਂਝੀ ਸੰਘਰਸ਼ ਕਮੇਟੀ ਬਣਾ ਕੇ ਸ੍ਰੀ ਮੱਕੜ ਦੀ ਗ੍ਰਿਫਤਾਰੀ ਤੇ ਸਜ਼ਾ ਦਿਵਾਉਣ ਦੀ ਗੱਲ ਕਹੀ ਜਾ ਰਹੀ ਹੈ, ਪਰ ਇਨ੍ਹਾਂ ਜਥੇਬੰਦੀਆਂ ਦੀ ਬਿਆਨਬਾਜ਼ੀ ਹਾਲੇ ਤੱਕ ਅਖ਼ਬਾਰਾਂ ਤੋਂ ਅੱਗੇ ਨਹੀਂ ਵੱਧ ਸਕੀ। ਅਪ੍ਰੈਲ 2009 ਵਿਚ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਅੰਦਰ ਪ੍ਰਬੰਧਕਾਂ ਦੀ ਅਣਗਹਿਲੀ ਨਾਲ ਇੱਕ ਵਿਅਕਤੀ ਵੱਲੋਂ ਉਸ ਪੀਹੜਾ ਸਾਹਿਬ 'ਤੇ ਜਾ ਬੈਠਣ, ਜਿਸ ਉਪਰ ਕੁਝ ਦੇਰ ਬਾਅਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਣਾ ਸੀ, ਨੇ ਪੂਰੀ ਸਿੱਖ ਕੌਮ ਦੇ ਹਿਰਦੇ ਵਲੂੰਧਰ ਦਿੱਤੇ ਤੇ ਸ਼੍ਰੀ ਮੱਕੜ ਕੋਲੋਂ ਅਸਤੀਫ਼ੇ ਦੀ ਆਵਾਜ਼ ਜ਼ਰੂਰ ਬੁਲੰਦ ਹੋਈ, ਪਰ ਜਲਦੀ ਹੀ ਇਹ ਆਵਾਜ਼ਾਂ ਧੂੜ ਵਿਚ ਗੁਆਚ ਗਈਆਂ। ਕੁਝ ਦਿਨਾਂ ਬਾਅਦ ਹੀ ਸ਼੍ਰੀ ਅਕਾਲ ਤਖ਼ਤ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਉਪਰ ਇੱਕ ਨੌਜਵਾਨ ਵੱਲੋਂ ਪਾਣੀ ਦਾ ਛਿੜਕਾਓ ਕਰਨ ਦੀ ਘਟਨਾ ਵਾਪਰ ਗਈ ਤਾਂ ਸ਼੍ਰੀ ਮੱਕੜ ਵਿਰੁੱਧ ਬਿਆਨਬਾਜ਼ੀ ਸ਼ੁਰੂ ਹੋਈ ਜੋ ਜਲਦੀ ਹੀ ਖਾਮੋਸ਼ ਹੋ ਗਈ। ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਾਉਣ ਦੀ ਕਾਰਵਾਈ ਬਾਰੇ ਵੀ ਸ਼੍ਰੀ ਮੱਕੜ ਨੂੰ ਦੋਸ਼ੀ ਠਹਿਰਾਇਆ ਗਿਆ, ਪਰ ਉਹ ਸਿਆਸੀ ਤਿਕੜਮਬਾਜ਼ੀਆਂ ਨਾਲ ਵਿਰੋਧੀਆਂ ਨੂੰ ਸ਼ਾਂਤ ਕਰਵਾਉਣ ਵਿਚ ਸਫਲ ਰਹੇ।

ਅਜਿਹੀਆਂ ਹੋਰ ਵੀ ਕਈ ਘਟਨਾਵਾਂ ਹਨ, ਜਿਹੜੀਆਂ ਸ਼੍ਰੀ ਮੱਕੜ ਦੀ ਪ੍ਰਧਾਨਗੀ ਦੇ ਰਸਤੇ ਵਿਚ ਰੁਕਾਵਟਾਂ ਪੈਦਾ ਕਰ ਰਹੀਆਂ ਹਨ ਪਰ ਅਖੀਰ ਵਿਚ ਵਿਰੋਧੀ ਵੀ ਇਹ ਕਹਿਣ ਲਈ ਮਜ਼ਬੂਰ ਹੋ ਜਾਂਦੇ ਹਨ ਕਿ ਸ਼੍ਰੀ ਮੱਕੜ ਇਕ ਸ਼ਰੀਫ ਵਿਅਕਤੀ ਹਨ ਅਤੇ ਸਾਧਾਰਣ ਤੋਂ ਸਾਧਾਰਣ ਵਿਅਕਤੀ ਦੀ ਪਹੁੰਚ ਵਿਚ ਹੈ। ਇੰਜ ਉਨ੍ਹਾਂ ਦਾ ਪੰਜਵੀਂ ਵਾਰ ਦਾਅ ਲੱਗਣਾ ਸੰਭਵ ਜ਼ਰੂਰ ਹੈ, ਪਰ ਬਾਦਲ ਪਰਿਵਾਰ ਬਾਰੇ ਇਹ ਵੀ ਮਸ਼ਹੂਰ ਹੈ ਕਿ ਉਨ੍ਹਾਂ ਕਦੇ ਵੀ ਕਿਸੇ ਵਿਅਕਤੀ ਨੂੰ ਆਪਣੇ ਮੁਕਾਬਲੇ 'ਚ ਮਜ਼ਬੂਤ ਨਹੀਂ ਹੋਣ ਦਿੱਤਾ।

ਸ਼੍ਰੋਮਣੀ ਕਮੇਟੀ ਦੀ ਸਾਬਕਾ ਜਨਰਲ ਸਕੱਤਰ ਬੀਬੀ ਕਿਰਨਜੋਤ ਕੌਰ, ਜਿਸਨੂੰ ਪੰਥ ਰਤਨ ਤੇ ਸਿੱਖ ਪੰਥ ਦੇ ਇੱਕ ਅਹਿਮ ਆਗੂ ਮਾਸਟਰ ਤਾਰਾ ਸਿੰਘ ਦੀ ਦੋਹਤਰੀ ਹੋਣ ਦਾ ਮਾਣ ਹਾਸਲ ਹੈ, ਦਾ ਨਾਂ ਵੀ ਬੋਲਦਾ ਹੈ ਪਰ ਵਿਰੋਧੀਆਂ ਵੱਲੋਂ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਉਨ੍ਹਾਂ ਨੇ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਨੂੰ ਵਿਸ਼ਵ ਵਿਰਾਸਤ ਦਾ ਦਰਜ਼ਾ ਦਿਵਾਉਣ ਦੇ ਚੱਕਰ 'ਚ ਸਾਲ 2003 ਵਿਚ ਗੁਰੂ ਦੀ ਗੋਲਕ ਦੇ 44 ਲੱਖ ਬਰਬਾਦ ਕੀਤੇ। ਉਨ੍ਹਾਂ ਦੀ ਛਵੀ ਇਮਾਨਦਾਰ ਵਾਲੀ ਹੈ ਅਤੇ ਉਨ੍ਹਾਂ ਦੇ ਪ੍ਰਧਾਨ ਬਣਨ ਨਾਲ ਅਕਾਲੀ ਦਲ (ਬਾਦਲ) ਨੂੰ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸ਼ਹਿਰੀ ਹਲਕਿਆਂ ਵਿਚ 10 ਤੋਂ 15 ਫ਼ੀਸਦੀ ਤੱਕ ਵੋਟਾਂ ਦਾ ਵਧੇਰੇ ਲਾਭ ਮਿਲ ਸਕਦਾ ਹੈ।

ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਸੱਜਾ ਹੱਥ ਰਹੇ ਸ. ਸੁਖਦੇਵ ਸਿੰਘ ਭੌਰ ਵੀ ਪ੍ਰਧਾਨਗੀ ਲਈ ਮਜ਼ਬੂਤ ਦਾਅਵੇਦਾਰ ਹਨ ਅਤੇ ਕਮੇਟੀ ਦੇ ਵਿਗੜੇ ਹੋਏ ਤਾਣੇ ਬਾਣੇ ਨੂੰ ਠੀਕ ਕਰਨ ਦੇ ਸਮਰੱਥ ਹਨ। ਗੁਰਬਾਣੀ, ਇਤਿਹਾਸ ਤੇ ਕਾਨੂੰਨੀ ਤਿਕੜਮਬਾਜ਼ੀਆਂ ਦੇ ਜਾਣੂ ਸ. ਭੌਰ ਦੇ ਰਸਤੇ ਵਿਚ ਟੌਹੜਾ ਪੱਖੀ ਹੋਣ ਦੀਆਂ ਰੁਕਾਵਟਾਂ ਉਸ ਵੇਲੇ ਦੂਰ ਹੋ ਗਈਆਂ, ਜਦੋਂ ਸ. ਬਾਦਲ ਨੇ ਹੁਸ਼ਿਆਰਪੁਰ ਨਗਰ ਸੁਧਾਰ ਟਰੱਸਟ ਦਾ ਚੇਅਰਮੈਨ ਟੌਹੜਾ ਪੱਖੀ ਹਰਜਿੰਦਰ ਸਿੰਘ ਧਾਮੀ ਨੂੰ ਬਣਾਇਆ। ਸ. ਬਾਦਲ ਨੂੰ ਜਦੋਂ ਕੁਝ ਬਾਦਲ ਭਗਤਾਂ ਨੇ ਸ਼ਿਕਾਇਤ ਕੀਤੀ ਕਿ ਟੌਹੜਾ ਭਗਤ ਨੂੰ ਚੇਅਰਮੈਨ ਬਣਾ ਕੇ ਉਹ ਗਲਤੀ ਕਰ ਰਹੇ ਹਨ ਤਾਂ ਸ. ਬਾਦਲ ਨੇ ਕਿਹਾ ਕਿ ਹੁਣ ਪੱਖ ਖ਼ਤਮ ਹੋ ਗਏ ਹਨ, ਇੱਕਲਾ ਅਕਾਲੀ ਦਲ ਹੀ ਰਹਿ ਗਿਆ ਹੈ।




## 'ਫਰਿਜ਼ਨੋ 'ਚ ਡਰੱਗ ਫੜੀ' ਖਬਰ 'ਚ ਭੁੱਲ ਦੀ ਸੋਧ

ਕੀਤੀ। ਇਹ ਜਾਣਕਾਰੀ ਸਹੀ ਨਹੀਂ ਹੈ। ਅਸਲ ਵਿਚ ਇਹ ਵਾਕ ਹੋਣਾ ਚਾਹੀਦਾ ਸੀ, 'ਪੁਲਿਸ ਨੂੰ ਇਤਲਾਹ ਕਿਸੇ ਵਿਅਕਤੀ ਨੇ ਦਿੱਤੀ।' ਸ੍ਰੀ ਹੈਰੀ ਗਿੱਲ ਦਾ ਇਸ ਇਤਲਾਹ ਨਾਲ ਕੋਈ ਵਾਹ-ਵਾਸਤਾ ਨਹੀਂ ਸੀ।

ਸ੍ਰੀ ਹੈਰੀ ਗਿੱਲ ਪੰਜਾਬੀ ਭਾਈਚਾਰੇ ਦੇ ਇਕ ਮੋਹਤਬਰ ਵਿਅਕਤੀ ਹਨ ਅਤੇ ਏ.ਬੀ.ਸੀ. 30 ਚੈਨਲ ਨਾਲ ਗੱਲ ਕਰਦਿਆਂ ਉਨ੍ਹਾਂ ਸਿਰਫ ਇਹ ਕਿਹਾ ਸੀ ਕਿ ਅਜੋਕੀ ਨਵੀਂ ਪੀੜ੍ਹੀ ਤੇਜੀ ਨਾਲ ਅਮੀਰ ਹੋਣ ਦੇ ਚੱਕਰ ਵਿਚ ਪਈ ਹੋਈ ਹੈ ਅਤੇ ਮਾੜੇ ਕੰਮਾਂ 'ਚ ਵੀ ਇਸੇ ਕਰਕੇ ਪੈਂਦੀ ਹੈ।

ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਸ੍ਰੀ ਹੈਰੀ ਗਿੱਲ ਨੇ ਕਿਹਾ ਕਿ ਇਹ ਗਲਤ ਜਾਣਕਾਰੀ ਛਪਣ ਨਾਲ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਸਦਮਾ ਪਹੁੰਚਿਆ ਹੈ। ਸਾਨੂੰ ਇਸ 'ਤੇ ਅਫਸੋਸ ਹੈ। ਅਸੀਂ ਅੱਗੋਂ ਤੋਂ ਵਧੇਰੇ ਸਾਵਧਾਨ ਰਹਿਣ ਦੀ ਕੋਸ਼ਿਸ਼ ਕਰਾਂਗੇ।

**ਪੰਜਾਬ ਟਾਈਮਜ਼ ਨੂੰ ਲੋੜ ਹੈ**

ਲਾਸ ਏਂਜਲਸ ਵਿਚ ਪੰਜਾਬ ਟਾਈਮਜ਼ ਨੂੰ ਖਬਰਾਂ ਭੇਜਣ ਅਤੇ ਇਸ਼ਤਿਹਾਰ ਬੁੱਕ ਕਰਨ ਵਾਸਤੇ ਪ੍ਰਤੀਨਿਧ ਦੀ ਲੋੜ ਹੈ। ਇਸ਼ਤਿਹਾਰਾਂ ਉਤੇ ਵਾਜਬ ਕਮਿਸ਼ਨ ਦਿੱਤਾ ਜਾਏਗਾ।

ਮੈਨੇਜਰ
847-359-0746

**Real Estate and Loans Under One Roof**

**Call: Sam Chahal Tel: 916-612-5773**

**Multi-Million Dollars Producer-2007-08**

**Reo-Bankowned Properties**

Serving from Bay Area to Sacramento

*For Buying and Selling Residential, Commercial property and for Loans in Sacramento area*



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

We Help You Buy/Sell Business & Homes

**Short Sale Specialist**

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।

*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।

*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**Call Master of Winners in Multiple Offers**

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਕਾਲ ਕਰੋ।

**Golden State Realty**

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਗਦਰ ਲਹਿਰ ਦੇ ਨਾਇਕ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ ਮਨਾਇਆ

**ਫਰਿਜ਼ਨੋ (ਪੰਜਾਬ ਟਾਈਮਜ਼ ਬਿਊਰੋ):** ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ ਵਲੋਂ ਆਜ਼ਾਦੀ ਦੀ ਲੜਾਈ ਦੇ ਮਹਾਨ ਨਾਇਕ ਅਤੇ ਗਦਰ ਪਾਰਟੀ ਦੇ ਮੋਢੀ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਹਾੜਾ ਇਥੇ ਪ੍ਰਧਾਨ ਚਰਨ ਗੁਰਮ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਵੱਖ ਵੱਖ ਆਗੂਆਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਲੋਕ ਕਲਾਕਾਰਾਂ ਨੇ ਗੀਤ-ਸੰਗੀਤ ਦਾ ਪ੍ਰੋਗਰਾਮ ਪੇਸ਼ ਕੀਤਾ।

ਪ੍ਰੋਗਰਾਮ ਦੇ ਸ਼ੁਰੂ ਵਿਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਟਰਸਟੀ ਸ. ਕਰਨੈਲ ਸਿੰਘ ਜੌਹਲ (ਫਿਲੌਰ) ਅਤੇ ਇੰਡੀਆ ਐਜੂਕੇਸ਼ਨ ਰਿਲੀਫ ਫੰਡ ਸੁਸਾਇਟੀ ਤੇ ਐਂਟੀ 47 ਸੰਸਥਾ ਬੇ-ਏਰੀਆ ਦੇ ਬਾਨੀ ਮਹਿਰਾਜ ਕੌਲ ਦੀ ਬੇਵਕਤ ਮੌਤ 'ਤੇ ਸ਼ੋਕ ਮਤਾ ਪਾਸ ਕੀਤਾ ਗਿਆ ਅਤੇ ਸ਼ਰਧਾਂਜਲੀ ਭੇਟ ਕੀਤੀ ਗਈ।

ਕਿਰਪਾਲ ਸਿੰਘ ਸੰਧੂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਦੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਚੇਤੇ ਕਰਦਿਆਂ ਸ਼ਹੀਦ ਸਰਾਭਾ ਨੂੰ ਸ਼ਰਧਾਂਜਲੀ ਭੇਟ ਕੀਤੀ। ਕਰਨਲ ਹਰਦੇਵ ਸਿੰਘ ਗਿੱਲ ਨੇ ਆਪਣੀ ਅੰਡੇਮਾਨ ਨਿਕੋਬਾਰ (ਕਾਲੇ ਪਾਣੀਆਂ) ਦੀ ਜੇਲ੍ਹ ਫੇਰੀ ਦਾ ਜ਼ਿਕਰ ਕਰਦਿਆਂ ਸ਼ਹੀਦਾਂ ਦੇ ਮਹਾਨ ਕਾਰਨਾਮਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਪਰਵਾਸੀਆਂ ਨੂੰ ਪੰਜਾਬ ਵਿਚ ਸਮਾਜ ਸੁਧਾਰ ਅਤੇ ਵਿਦਿਆ ਦੇ ਪਸਾਰ ਲਈ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਬੋਲਦਿਆਂ ਸੁਰਿੰਦਰ ਸਿੰਘ ਨਿੱਝਰ ਨੇ ਪੰਜਾਬ ਦੇ ਵਿਦਿਅਕ ਢਾਂਚੇ ਅਤੇ ਆਈਆਂ ਹੋਰ ਬੁਰਾਈਆਂ ਦਾ ਜ਼ਿਕਰ ਕਰਦਿਆਂ ਅਫਸੋਸ ਜਾਹਰ ਕੀਤਾ ਕਿ ਰਾਜ ਪ੍ਰਬੰਧ ਉਹੋ ਜਿਹਾ ਨਹੀਂ ਹੈ ਜਿਸ ਦਾ ਸ਼ਹੀਦਾਂ ਨੇ ਸੁਪਨਾ ਲਿਆ ਸੀ।

ਡਾ. ਗੁਰੂਮੇਲ ਸਿੰਘ ਸਿੱਧੂ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਅਤੇ ਕੁਰਬਾਨੀ ਉਤੇ ਵਿਸਥਾਰਪੂਰਵਕ ਚਰਚਾ ਕਰਦਿਆਂ ਆਖਿਆ ਕਿ ਅਜਿਹੇ ਸਮਾਗਮਾਂ ਵਿਚ ਸ਼ਹੀਦਾਂ ਦੇ ਜੀਵਨ ਸਬੰਧੀ ਸਾਹਿਤ ਵੰਡਿਆ ਜਾਣਾ ਚਾਹੀਦਾ ਹੈ। ਗੁਰਦੀਪ ਸਿੰਘ ਗਗੜਾ ਨੇ ਗਦਰ ਪਾਰਟੀ ਦੇ ਬਾਨੀਆਂ ਦੇ ਲੰਮੇ ਸੰਘਰਸ਼ ਬਾਰੇ ਜਾਣਕਾਰੀ ਦਿੱਤੀ ਅਤੇ ਹੈਰੀਟੇਜ ਫੋਰਮ ਨੂੰ ਸ਼ਹੀਦਾਂ ਦੇ ਦਿਨ ਮਨਾਉਣ 'ਤੇ ਵਧਾਈ ਦਿੱਤੀ। ਫੋਰਮ ਦੇ ਖਜ਼ਾਨਚੀ ਜਸਵੰਤ ਸਿੰਘ ਮਾਨ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਵਲੋਂ ਲਿਖੇ ਵਿਚਾਰ ਸਾਂਝੇ ਕੀਤੇ।





ਗੁਰਦੀਪ ਸਿੰਘ ਅਣਖੀ ਨੇ ਆਖਿਆ ਕਿ ਆਜ਼ਾਦੀ ਘੁਲਾਟੀਏ ਅਤੇ ਗਦਰ ਪਾਰਟੀ ਦੇ ਯੋਧੇ ਕਦੇ ਵੀ ਧਰਮਾਂ ਅਤੇ ਜਾਤਾਂ ਦੇ ਨਾਂ 'ਤੇ ਕਿਸੇ ਝਗੜੇ ਵਿਚ ਨਹੀਂ ਸਨ ਪੈਂਦੇ। ਉਹ ਹਰ ਧਰਮ ਦਾ ਬਰਾਬਰ ਸਤਿਕਾਰ ਕਰਦੇ ਸਨ। ਉਨ੍ਹਾਂ ਇਸ ਗੱਲ 'ਤੇ ਅਫਸੋਸ ਜਾਹਰ ਕੀਤਾ ਕਿ ਅੱਜ ਕੱਲ ਕੁਝ ਲੋਕ ਗਦਰੀ ਬਾਬਿਆਂ ਨੂੰ ਧਰਮਾਂ ਅਤੇ ਜਾਤਾਂ ਵਿਚ ਵੰਡਣ ਦੀ ਕੋਸ਼ਿਸ਼ ਕਰ ਰਹੇ ਹਨ ਜੋ ਕਿ ਉਨ੍ਹਾਂ ਦੇਸ਼ ਭਗਤਾਂ ਦੇ ਅਸੂਲਾਂ ਦੇ ਉਲਟ ਹੈ।

ਫਰਿਜ਼ਨੋ ਕਾਉਂਟੀ ਦੇ ਪਲੈਨਿੰਗ ਕਮਿਸ਼ਨਰ ਹੈਰੀ ਗਿੱਲ ਅਤੇ ਫਰਿਜ਼ਨੋ ਸਿਟੀ ਦੇ ਪਲੈਨਿੰਗ ਕਮਿਸ਼ਨਰ ਰਮਾ ਕਾਂਤ ਡਾਬਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਪ੍ਰੋਗਰਾਮ ਦੇ ਸਭਿਆਚਾਰਕ ਹਿੱਸੇ ਵਿਚ ਚਰਨਜੀਤ ਸਿੰਘ ਧਾਲੀਵਾਲ ਨੇ ਪ੍ਰੋ. ਮੋਹਨ ਸਿੰਘ ਦੀ ਕਵਿਤਾ ਪੇਸ਼ ਕੀਤੀ। ਯਮਲਾ ਜੱਟ ਫਾਉਂਡੇਸ਼ਨ ਦੇ ਰਾਜ ਬਰਾੜ ਨੇ ਦੇਸ਼ ਭਗਤੀ ਦਾ ਗੀਤ ਪੇਸ਼ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਗੁਰਚਰਨ ਸਿੰਘ ਖਹਿਰਾ ਦਾ ਲਿਖਿਆ ਇਕ ਗੀਤ ਕਰਤਾਰ ਸਿੰਘ ਕਰਮਨ ਨੇ ਪੇਸ਼ ਕਰਕੇ ਸ਼ਹੀਦ ਸਰਾਭਾ ਨੂੰ ਸ਼ਰਧਾਂਜਲੀ ਭੇਟ ਕੀਤੀ। ਡਾਇਮੰਡ ਕਲੱਬ ਆਫ ਕੈਲੀਫੋਰਨੀਆ ਦੇ ਸਕੱਤਰ ਹਰਜਿੰਦਰ ਢੇਸੀ ਨੇ ਸ਼ਹੀਦਾਂ ਨੂੰ ਸਮਰਪਿਤ ਕਵਿਤਾਵਾਂ ਪੇਸ਼ ਕਰਦਿਆਂ ਦੇਸ਼ ਭਗਤਾਂ ਦੇ ਮਿਸ਼ਨ ਨੂੰ ਅੱਗੇ ਲੈ ਜਾਣ ਲਈ ਯਤਨਸ਼ੀਲ ਰਹਿਣ ਦਾ ਸੱਦਾ ਦਿੱਤਾ। ਬੀਬੀ ਹਰਿੰਦਰ ਕੌਰ ਮੰਢਾਲੀ ਨੇ 'ਮੇਰਾ ਵੀਰਾ' ਨਾਂ ਦੀ ਜਜ਼ਬਾਤੀ ਕਵਿਤਾ ਪੇਸ਼ ਕਰਕੇ ਸਰੋਤਿਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ। ਜੀ.ਐਚ.ਜੀ. ਭੰਗੜਾ ਅਕੈਡਮੀ ਦੇ ਵਿੱਕੀ ਸਰਾਂ ਨੇ ਸ਼ਹੀਦਾਂ ਦਾ ਸੁਨੇਹਾ ਨਾਂ ਦੀ ਕਵਿਤਾ ਅਤੇ ਹਰਜਿੰਦਰ ਕੰਗ ਦਾ ਗੀਤ ਪੇਸ਼ ਕਰਕੇ ਹਾਜ਼ਰੀ ਲਵਾਈ। ਪਿਸ਼ੌਰਾ ਸਿੰਘ ਢਿੱਲੋਂ ਅਤੇ ਲਛਮਣ ਸਿੰਘ ਰਾਠੌਰ ਨੇ ਕਵਿਤਾਵਾਂ ਪੇਸ਼ ਕਰਕੇ ਸ਼ਰਧਾਂਜਲੀ ਭੇਟ ਕੀਤੀ। ਰਵਨੀਤ ਕੌਰ ਹਠੂਰ ਨੇ ਅੰਮ੍ਰਿਤਾ ਪ੍ਰੀਤਮ ਦੀ ਇਕ ਕਵਿਤਾ ਦਾ ਜ਼ਿਕਰ ਕਰਦਿਆਂ ਅੱਜ ਦੀ ਬਦਲਦੀ ਜੀਵਨ ਸ਼ੈਲੀ 'ਤੇ ਚਾਨਣਾ ਪਾਇਆ। ਹਰਜੀਤ ਸਿੰਘ ਹਠੂਰ ਨੇ ਇਕ ਕਵਿਤਾ ਰਾਹੀਂ ਆਪਣੀ ਹਾਜ਼ਰੀ ਲਵਾਈ।

ਫੋਰਮ ਦੇ ਇਸਤਰੀ ਵਿੰਗ ਦੀ ਕਨਵੀਨਰ ਬੀਬੀ ਕੁਲਦੀਪ ਕੌਰ ਸੇਖੋਂ ਨੇ ਪੰਜਾਬੀ ਸਮਾਜ ਦੇ ਵਿਗੜ ਰਹੇ ਮਾਹੌਲ ਦਾ ਜ਼ਿਕਰ ਕਰਦਿਆਂ ਸਭ ਨੂੰ ਆਪਣੇ ਬੱਚਿਆਂ ਵੱਲ ਉਚੇਚਾ ਧਿਆਨ ਦੇਣ ਦੀ ਨਸੀਹਤ ਕੀਤੀ। ਸਭਾ ਦੇ ਸਕੱਤਰ ਸ੍ਰੀ ਸੁਰਿੰਦਰ ਮੰਢਾਲੀ ਨੇ ਆਏ ਸਰੋਤਿਆਂ ਨੂੰ ਜੀ ਆਇਆਂ ਆਖਿਆ ਅਤੇ ਅਤਿਵਾਦ ਵਿਰੁਧ ਮਤਾ ਪੇਸ਼ ਕਰਕੇ ਦੁਨੀਆਂ ਭਰ ਵਿਚ ਵਾਪਰ ਰਹੀਆਂ ਅਤਿਵਾਦੀ ਘਟਨਾਵਾਂ ਦੀ ਨਿਖੇਧੀ ਕੀਤੀ। ਅਖੀਰ ਵਿਚ ਫੋਰਮ ਦੇ ਪ੍ਰਧਾਨ ਚਰਨ ਗੁਰਮ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਆਏ ਸਾਰੇ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਨਰਿੰਦਰ ਮੋਦੀ ਦੇ ਭਾਜਪਾ ਪ੍ਰਧਾਨ ਬਣਨ ਦੇ ਚਰਚੇ।**

-ਯਾਨਿ ਭਾਜਪਾ ਦੇ ਕੱਫਣ ਲਈ ਆਖਰੀ ਕਿੱਲ ਮਿਲ ਗਿਆ।

***ਕੇਂਦਰ ਸਰਕਾਰ ਨੇ ਵਿਰੋਧੀ ਧਿਰ ਨੂੰ ਮਨਾਉਣ ਲਈ ਸਵੇਰ ਦੇ ਖਾਣੇ 'ਤੇ ਸੱਦਿਆ।**

-ਕਿਉਂਕਿ ਰਾਤ ਦੇ ਖਾਣੇ 'ਤੇ ਨੇਤਾ ਟੱਲੀ ਹੋ ਕੇ ਖਰੂਦ ਕਰਦੇ ਐ। ਮੰਨਣਾ ਕੀਹਨੇ ਐ।

***ਦੁਨੀਆਂ ਵਿਚ ਭਾਰਤ ਤੇ ਚੀਨ ਦੀ ਅਹਿਮ ਭੂਮਿਕਾ-ਅਮਰੀਕਾ**

-ਆਬਾਦੀ ਵਧਾਉਣ 'ਚ?

***ਜੇ ਗੰਦਗੀ 'ਚ ਨੋਬਲ ਇਨਾਮ ਮਿਲਦਾ ਹੋਵੇ ਤਾਂ ਯਕੀਨਨ ਭਾਰਤ ਨੂੰ ਮਿਲੇਗਾ-ਕੇਂਦਰੀ ਵਾਤਾਵਰਣ ਮੰਤਰੀ ਜੈ ਰਾਮ ਰਮੇਸ਼**

-ਇਹੀ ਗੱਲ ਜੇ ਅਸੀਂ ਕਹਿੰਦੇ ਤਾਂ 'ਮੇਰਾ ਭਾਰਤ ਮਹਾਨ' ਦਾ ਗੁਣਗਾਨ ਕਰਨ ਵਾਲਿਆਂ ਨੇ ਨੱਕ ਬੁੱਲ੍ਹ ਚਾੜ੍ਹਨਾ ਸੀ।

***ਕਪੂਰਥਲਾ ਦਾ ਤਹਿਸੀਲਦਾਰ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ**

-ਸੁਖਬੀਰ ਸਿੰਘ ਬਾਦਲ ਦੇ ਬਿਆਨ ਤੋਂ ਬਾਅਦ ਵੀ ਹਿੱਸਾ 'ਉਤੇ' ਨਹੀਂ ਪਹੁੰਚਦਾ ਹੋਣਾ।

***ਚੀਨ ਦੇ ਵਿਕਾਸ 'ਚ ਅੜਿੱਕਾ ਨਹੀਂ ਬਣਾਂਗੇ-ਓਬਾਮਾ**

-ਹਾਲ ਦੀ ਘੜੀ, ਕਿਉਂਕਿ ਸਾਡੇ ਆਪਣੇ ਘੜੇ ਮੂਧੇ ਹੋਏ ਪਏ ਐ।

***ਵਿਆਹ ਵਾਲੇ ਗੱਡੇ 'ਚ ਬੈਠਣ ਤੋਂ ਡਰਦੀ ਸੀ ਸ਼ਿਲਪਾ ਸ਼ੈਟੀ**

-ਬੋਲੋ ਤਾ...ਰਾ...ਰਾ...ਰਾ...

*Visit us on the web:*
***punjabtimesusa.com***


## MID-TOWN PSYCHIC

WHAT DOES YOUR FUTURE HOLD ?
**Psychic Tarot Card Reading**

Psychic can help you with love, business, marriage, and all problems.
Reunite with your lost love.
Remove Blocks.




Psychie available for parties,
I am here to reveal the feelings of others to you
Discreet and Confidential

**Satisfaction Guaranteed!**

**Destiny has brought you to me...**

111321 ST & K STREET, SACRAMENTO
**916-821-7313**
GUARANTEED SATISFACTION



WELLS FARGO | HOME MORTGAGE

## Your goals deserve our attention

**Every year, millions of Americans enjoy the rewards of homeownership. And they trust their homeownership goals to Wells Fargo Home Mortgage. With our exclusive programs and dedication to personal service, you can feel confident that we will help you choose the home financing that is tailored to fit your current needs and future goals.**

- **Priority Buyer ® preapproval**
- **Low down payment options for qualified borrowers**
- **Purchases and refinances**
- **Wells Fargo Closing Guarantee** SM1



*Contact **Jag Jiwan Bhangu** to put your goals into action today.*
3010 Lava Ridge Ct. Roseville, CA
**Ph: 1-866-490-9758 (Ext. 127)**
**Fax: 1-866-972-2179**
**Cell: 408-598-9605, 916-759-1923**
jagjiwan.bhangu@wellsfargo.com

EQUAL HOUSING LENDER

1. Available on qualified purchase transactions. Other terms and conditions apply. See a homemortgage consultant for details. Wells Fargo Home Mortgage is a division of Wells Fargo Bank, N.A.
© 2009 Wells Fargo Bank, N.A. All rights reserved. #6749110/09-1/10



## East to West Realty

**A Real Estate & Investment Agency**

**ਦਿਆਨਤਦਾਰ ਅਤੇ ਭਰੋਸੇਮੰਦ ਰੀਅਲ ਐਸਟੇਟ ਸੇਵਾਵਾਂ ਲਈ ਕਾਲ ਕਰੋ**

**(916) 501-3974**
**(916) 729-5453**

**Email:nandsbrar@gmail.com**

***Hiring New Realtors***



**Nand S. Brar**
**Broker/Owner**
**DRE Lic No: 01816328**

# ਲਾਹੌਰ ਦੇ ਗੁਰਦੁਆਰੇ ਦੀ ਜ਼ਮੀਨ ਔਕਾਫ ਬੋਰਡ ਨੇ ਵੇਚੀ

**ਅੰਮ੍ਰਿਤਸਰ :**ਲਾਹੌਰ ਏਅਰ ਪੋਰਟ (ਪਾਕਿਸਤਾਨ) ਤੋਂ ਡੇਢ-ਦੋ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਬੇਬੇ ਨਾਨਕੀ ਦੇ ਇਤਿਹਾਸਕ ਗੁਰਦੁਆਰੇ ਦੀ ਬੇਸ਼ਕੀਮਤੀ 307 ਕਨਾਲ, 9 ਮਰਲੇ ਜ਼ਮੀਨ ਆਖਰ ਪਾਕਿਸਤਾਨ ਔਕਾਫ਼ ਬੋਰਡ ਨੇ ਡਿਫੈਂਸ ਵਾਸਤੇ ਰਿਹਾਇਸ਼ੀ ਕਲੋਨੀ ਲਈ ਵੇਚ ਹੀ ਦਿੱਤੀ ਹੈ। ਇਹ ਜ਼ਮੀਨ 6 ਕਰੋੜ 14 ਲੱਖ 90 ਹਜ਼ਾਰ ਵਿਚ ਵੇਚੀ ਗਈ ਹੈ। ਵਰਨਣਯੋਗ ਹੈ ਕਿ ਇਸ ਵਰ੍ਹੇ ਜੁਲਾਈ ਵਿਚ ਅਖਬਾਰਾਂ ਵਿਚ ਇਹ ਖਬਰਾਂ ਛਪੀਆਂ ਸਨ ਕਿ ਇਤਿਹਾਸਕ ਗੁਰਦੁਆਰੇ ਦੀ ਜ਼ਮੀਨ ਵੇਚੀ ਜਾ ਰਹੀ ਹੈ। ਬਾਅਦ ਵਿਚ ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ. ਪ੍ਰਿਤਪਾਲ ਸਿੰਘ ਨੇ ਗੁਰਦੁਆਰੇ ਦੇ ਨਾਲ ਲਗਦੀ ਇਸ ਜ਼ਮੀਨ 'ਤੇ ਰਿਹਾਇਸ਼ੀ ਕਲੋਨੀ ਬਣਾਉਣ ਦਾ ਮਾਮਲਾ ਪਾਕਿਸਤਾਨ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਕੋਲ ਉਠਾਇਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਇਸ ਮਾਮਲੇ ਵਿਚ ਦਖਲ ਦੇਣ ਦੀ ਅਪੀਲ ਕੀਤੀ ਸੀ।

ਉਸ ਵੇਲੇ ਪਾਕਿਸਤਾਨ ਔਕਾਫ਼ ਟਰੱਸਟ ਪ੍ਰਾਪਰਟੀ ਬੋਰਡ ਦੇ ਚੇਅਰਮੈਨ ਸਯੱਦ ਆਸਿਫ਼ ਹਾਸ਼ਮੀ ਨੇ ਗੁਰਦੁਆਰੇ ਦੀ ਇਮਾਰਤ ਸਾਹਮਣੇ ਇਕ ਨੋਟਿਸ ਬੋਰਡ ਲਾ ਕੇ ਗ਼ੈਰਕਾਨੂੰਨੀ ਕਾਬਜ਼ਕਾਰਾਂ ਅਤੇ ਇਸ ਜ਼ਮੀਨ ਨੂੰ ਵੇਚਣ ਖ਼ਿਲਾਫ ਖਬਰਦਾਰ ਕੀਤਾ ਸੀ। ਇਹ ਨੋਟਿਸ ਇਵੇਂ ਪੜ੍ਹਿਆ ਗਿਆ, "ਹਰ ਆਮ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਡੇਰਾ ਚਾਹਲ ਲਾਹੌਰ ਵਿਚ ਔਕਾਫ਼ ਟਰੱਸਟ ਪ੍ਰਾਪਰਟੀ ਬੋਰਡ ਦੀ ਸੰਪਤੀ ਹੈ, ਜੋ ਨਾ ਤਾਂ ਕਿਸੇ ਵਿਕਾਸ ਸਕੀਮ ਤਹਿਤ ਲਈ ਗਈ ਤੇ ਨਾ ਹੀ ਕਿਸੇ ਹੋਰ ਮੰਤਵ ਲਈ ਵੇਚੀ ਗਈ ਹੈ। ਜੇ ਕੋਈ ਸੰਸਥਾ ਜਾਂ ਵਿਭਾਗ ਇਸ ਜ਼ਮੀਨ ਦੀ ਵਿਕਰੀ ਜਾਂ ਇਸਨੂੰ ਵਿਕਸਤ ਕਰਨ ਵਿਚ ਸ਼ਾਮਲ ਪਾਈ ਗਈ ਤਾਂ ਪੀ.ਟੀ.ਟੀ.ਪੀ.ਬੀ. ਉਸਦੇ ਖਿਲਾਫ਼ ਕਾਨੂੰਨੀ ਕਾਰਵਾਈ ਕਰੇਗਾ।"

ਔਕਾਫ਼ ਬੋਰਡ ਦੇ ਚੇਅਰਮੈਨ ਨੇ ਸ਼੍ਰੋਮਣੀ ਕਮੇਟੀ ਅਤੇ ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਈ ਮੇਲ ਰਾਹੀਂ ਇਹ ਵੀ ਸੂਚਿਤ ਕੀਤਾ ਸੀ ਕਿ ਉਹ ਗੁਰਦੁਆਰੇ ਦੀ ਜ਼ਮੀਨ ਹਥਿਆਉਣ ਵਿਚ ਸ਼ਾਮਲ ਕਿਸੇ ਵੀ ਵਿਅਕਤੀ ਵਿਭਾਗ ਖਿਲਾਫ ਕਾਰਵਾਈ ਕਰਨ ਲਈ ਵਚਨਬੱਧ ਹੈ। ਸੂਤਰਾਂ ਨੇ ਉਸ ਵੇਲੇ ਇਹ ਵੀ ਜਾਣਕਾਰੀ ਦਿੱਤੀ ਸੀ ਕਿ ਚੇਅਰਮੈਨ ਖੁਦ ਜ਼ਮੀਨ ਵੇਚਣ ਦੀ ਸਾਜ਼ਿਸ਼ ਵਿਚ ਸ਼ਾਮਲ ਸੀ। ਉਸ ਵਲੋਂ ਹੀ ਇਤਿਹਾਸਕ ਗੁਰਦੁਆਰੇ ਦੇ ਆਲੇ-ਦੁਆਲੇ ਨੂੰ ਸੁੰਦਰ ਬਣਾਉਣ ਦੀ ਆੜ ਹੇਠ ਇਹ ਜ਼ਮੀਨ ਡਿਫੈਂਸ ਦੀ ਰਿਹਾਇਸ਼ੀ ਕਲੋਨੀ ਨੂੰ ਵੇਚਣ ਦੀ ਸਕੀਮ ਘੜੀ ਗਈ ਸੀ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਵੀ ਉਸ ਸਮੇਂ ਸਪੱਸ਼ਟ ਕੀਤਾ ਸੀ ਕਿ ਔਕਾਫ਼ ਬੋਰਡ ਨੂੰ ਇਹ ਜ਼ਮੀਨ ਵੇਚਣ ਜਾਂ ਵਰਤਣ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ। ਇਨ੍ਹਾਂ ਐਲਾਨਾਂ ਤੋਂ ਉਲਟ ਹੁਣ ਇਹ ਜ਼ਮੀਨ ਵੇਚ ਦਿੱਤੀ ਗਈ ਹੈ। ਪ੍ਰਾਪਤ ਦਸਤਾਵੇਜ਼ ਅਨੁਸਾਰ ਇਸ ਜ਼ਮੀਨ ਦਾ ਸੌਦਾ 10 ਜੁਲਾਈ 2009 ਨੂੰ ਹੋਇਆ ਹੈ। ਕੁੱਲ ਜ਼ਮੀਨ 307 ਕਨਾਲ 9 ਮਰਲੇ ਹੈ। ਇਸ ਦੀ ਜਮ੍ਹਾਂਬੰਦੀ ਸਾਲ 1996-97 ਦੀ ਫਰਦ ਨਾਲ ਹਲਕਾ ਪਟਵਾਰੀ ਨੇ 19 ਜੂਨ, 2009 ਨੂੰ ਹਦਬਸਤ ਮੋਤਾ ਸਿੰਘ ਵਾਲਾ, ਤਹਿਸੀਲ ਕੈਂਟ ਜ਼ਿਲਾ ਲਾਹੌਰ ਵਲੋਂ ਜਾਰੀ ਕੀਤੀ ਸੀ। ਦਸਤਾਵੇਜ਼ ਅਨੁਸਾਰ ਇਸ ਜ਼ਮੀਨ ਦੀਆਂ ਚਾਰੇ ਦਿਸ਼ਾਵਾਂ ਵਲ ਡਿਫੈਂਸ ਹਾਊਸਿੰਗ ਅਥਾਰਟੀ ਦੀ ਜ਼ਮੀਨ ਹੈ। ਰਜਿਸਟਰੀ ਅਨੁਸਾਰ ਇਹ ਜ਼ਮੀਨ ਔਕਾਫ਼ ਟਰਸਟ ਪ੍ਰਾਪਰਟੀ ਬੋਰਡ, ਸਟੈਚੂਟਰੀ ਬਾਡੀ, ਪਾਕਿਸਤਾਨ ਸਰਕਾਰ, 9-ਕੋਰਟ ਸਟਰੀਟ ਲਾਹੌਰ ਨੇ ਟਰਸਟ ਦੇ ਸੈਕਟਰੀ ਸਲੀਮ ਮਸੀਹ ਰਾਹੀਂ ਵੇਚੀ ਸੀ। ਰਜਿਸਟਰੀ 'ਤੇ ਵੇਚਣ ਵਾਲੇ ਸਲੀਮ ਮਸੀਹ, ਸਕੱਤਰ ਔਕਾਫ਼ ਟਰਸਟ ਪ੍ਰਾਪਰਟੀ ਬੋਰਡ, ਪਾਕਿਸਤਾਨ ਸਰਕਾਰ ਲਾਹੌਰ ਦੇ ਦਸਤਖ਼ਤ ਹਨ।

ਦਸਤਾਵੇਜ਼ਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਵੇਚਣ ਵਾਲਾ ਕਾਨੂੰਨੀ ਤੌਰ 'ਤੇ 307 ਕਨਾਲ 9 ਮਰਲੇ ਜ਼ਮੀਨ ਦਾ ਹੱਕਦਾਰ ਹੈ ਅਤੇ ਇਸਨੂੰ ਇਹ ਅਧਿਕਾਰ 16 ਅਪ੍ਰੈਲ, 2009 ਨੂੰ ਬੋਰਡ ਦੀ 272ਵੀਂ ਮੀਟਿੰਗ ਵਿਚ ਏਜੰਡੇ ਦੀ ਆਈਟਮ ਨੰਬਰ 8 ਰਾਹੀਂ ਦਿੱਤਾ ਗਿਆ ਸੀ। ਇਹ ਜ਼ਮੀਨ ਡਿਫੈਂਸ ਹਾਊਸਿੰਗ, ਅਥਾਰਟੀ ਲਾਹੌਰ ਕੈਂਟ ਦੀ ਰਿਹਾਇਸ਼ੀ ਸਕੀਮ ਲਈ ਵੇਚੀ ਗਈ ਹੈ, ਜਿਸਨੂੰ ਕਬਜ਼ੇ ਵਿਚ ਲੈ ਲਿਆ ਗਿਆ ਹੈ। ਇਹ ਜ਼ਮੀਨ ਵੇਚਣ ਵਾਲੇ ਨੇ ਰਜਿਸਟਰੀ ਵਿਚ ਲਿਖ ਕੇ ਦਿੱਤਾ ਹੈ ਕਿ ਇਸ ਤੋਂ ਪਹਿਲਾਂ ਉਸਨੇ ਇਸ ਜ਼ਮੀਨ ਦਾ ਸੌਦਾ ਕਿਸੇ ਨਾਲ ਨਹੀਂ ਕੀਤਾ।

ਦਸਤਾਵੇਜ਼ 'ਤੇ ਡਿਫੈਂਸ ਹਾਊਸਿੰਗ ਅਥਾਰਟੀ (ਡੀ.ਐਚ.ਏ) ਲਾਹੌਰ ਕੈਂਟ ਦੇ ਸਕੱਤਰ ਕਰਨਲ (ਰਿਟਾ.) ਨਿਸਾਹ ਅਹਿਮਦ ਦੇ ਵੀ ਦਸਤਖਤ ਹਨ। ਇਸ 'ਤੇ ਗਵਾਹਾਂ ਦੇ ਵੀ ਦਸਤਖਤ ਹਨ, ਜਿਨ੍ਹਾਂ ਵਿਚ ਕਰਨਲ (ਰਿਟਾ.) ਮੁਹੰਮਦ ਅਸ਼ਰਫ, ਡਾਇਰੈਕਟਰ ਐਕਿਊਜੀਸ਼ਨ, ਡੀ.ਐਚ.ਏ. ਲਾਹੌਰ ਕੈਂਟ ਅਤੇ ਲੈਫ. ਕਰਨਲ (ਰਿਟਾ.) ਮੁਹੰਮਦ ਨਵਾਜ਼ ਖਾਨ, ਏ.ਡੀ.-2, ਡੀ.ਐਚ.ਏ. ਲਾਹੌਰ ਕੈਂਟ, ਸ਼ਾਮਲ ਹਨ। ਦਸਤਾਵੇਜ਼ ਵਿਚ ਮੌਜਾ ਮੋਤਾ ਸਿੰਘ ਵਾਲਾ ਵਿਚਲੀ ਇਸ ਜ਼ਮੀਨ ਦਾ ਖ਼ਸਰਾ ਨੰਬਰ ਤੇ ਜ਼ਮੀਨ ਦਾ ਵੇਰਵਾ ਦਿੱਤਾ ਗਿਆ ਹੈ। ਇੰਨਾ ਹੀ ਨਹੀਂ, ਇਹ ਵੀ ਵੇਰਵੇ ਮਿਲੇ ਹਨ ਕਿ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਚੂਨਾ ਮੰਡੀ ਲਾਹੌਰ ਵਿਚ ਗੁਰਦੁਆਰਾ ਦੀਵਾਨ ਅਸਥਾਨ, ਜਿਥੇ ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਦੇਣ ਤੋਂ ਪਹਿਲਾਂ ਸੰਗਤਾਂ ਨੂੰ ਸੰਬੋਧਨ ਕੀਤਾ ਸੀ, ਦੇ ਨਾਲ ਲਗਦੀ 4 ਏਕੜ ਜ਼ਮੀਨ ਵੀ ਔਕਾਫ਼ ਬੋਰਡ ਦੇ ਸਕੱਤਰ ਮੁਹੰਮਦ ਖੁਰਮ ਨੇ ਇਕ ਪਹਿਲਵਾਨ ਨੂੰ 4 ਕਰੋੜ ਰੁਪਏ ਵਿਚ ਵੇਚੀ ਹੈ, ਜਿਥੇ ਪਲਾਜ਼ਾ ਵੀ ਬਣ ਗਿਆ ਹੈ।

## ਨਨਕਾਣਾ ਸਾਹਿਬ ਵਿਖੇ ਹੁਣ ਯੂਨੀਵਰਸਿਟੀ ਬਣਨ ਲੱਗੀ !

**ਲਾਹੌਰ:**ਪਾਕਿਸਤਾਨ ਵਿਚ ਗੁਰਦਵਾਰਿਆਂ ਦੀਆਂ ਜਾਇਦਾਦਾਂ ਵੇਚ ਕੇ ਮਲਾਈਆਂ ਛਕ ਰਿਹਾ ਔਕਾਫ਼ ਬੋਰਡ, ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਯੂਨੀਵਰਸਿਟੀ ਬਣਾਉਣ ਦਾ ਡਰਾਮਾ ਲੰਬੀ ਦੇਰ ਤੋਂ ਕਰਦਾ ਆ ਰਿਹਾ ਹੈ। ਹੁਣ ਉਸ ਨੇ ਇਕ ਵਾਰੀ ਫਿਰ ਬਿਆਨ ਦਾਗ਼ਿਆ ਹੈ ਕਿ ਯੂਨੀਵਰਸਿਟੀ ਬਣਾਉਣ ਦਾ ਕੰਮ ਅਗਲੇ ਸਾਲ ਜਨਵਰੀ ਤੋਂ ਸ਼ੁਰੂ ਕੀਤਾ ਜਾਵੇਗਾ, ਜਿਸ ਦਾ ਨੀਂਹ ਪੱਥਰ ਪ੍ਰਧਾਨ ਮੰਤਰੀ ਮੰਤਰੀ ਯੂਸੁਫ਼ ਰਜ਼ਾ ਗਿਲਾਨੀ ਰੱਖਣਗੇ।

ਔਕਾਫ਼ ਬੋਰਡ ਦੇ ਚੇਅਰਮੈਨ ਸਈਅਦ ਆਸਿਫ਼ ਹਾਸ਼ਮੀ ਨੇ ਕਿਹਾ ਕਿ ਇਸ 'ਤੇ ਪੰਜ ਬਿਲੀਅਨ ਖ਼ਰਚ ਆਉਣਗੇ। ਯੂਨੀਵਰਸਿਟੀ ਦਾ ਘੇਰਾ 2500 ਏਕੜ ਵਿਚ ਫੈਲਿਆ ਹੋਵੇਗਾ। ਹਾਸ਼ਮੀ ਨੇ ਦਸਿਆ ਕਿ ਅਸੀਂ ਇਸ ਨੂੰ ਕੌਮਾਂਤਰੀ ਪੱਧਰ ਦਾ ਅਦਾਰਾ ਬਣਾਵਾਂਗੇ, ਜਿਸ ਵਿਚ ਪੜ੍ਹਾਉਣ ਲਈ ਪ੍ਰੋਫ਼ੈਸਰ ਭਾਰਤ ਸਮੇਤ ਬਾਹਰਲੇ ਦੇਸ਼ਾਂ ਤੋਂ ਵੀ ਰੱਖੇ ਜਾਣਗੇ। ਇਹ ਯੂਨੀਵਰਸਿਟੀ ਤਿੰਨ ਸਾਲ ਵਿਚ ਬਣ ਕੇ ਤਿਆਰ ਹੋਵੇਗੀ। ਸਿੱਖਾਂ ਵਲੋਂ ਲੰਬੇ ਸਮੇਂ ਤੋਂ ਨਨਕਾਣਾ ਸਾਹਿਬ ਵਿਖੇ ਯੂਨੀਵਰਸਿਟੀ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ।

## ਕਾਂਗਰਸੀ ਆਗੂ ਚੋਰੀ ਦੀਆਂ 2 ਕਾਰਾਂ ਸਣੇ ਕਾਬੂ

**ਤਰਨਤਾਰਨ:**ਪੁਲਿਸ ਨੇ ਜ਼ਿਲਾ ਕਾਂਗਰਸ ਕਮੇਟੀ ਦਾ ਜਨਰਲ ਸਕੱਤਰ ਤੇ ਜ਼ਿਲਾ ਟੈਕਸੀ ਯੂਨੀਅਨ ਦੇ ਪ੍ਰਧਾਨ ਜਗਵੰਤ ਸਿੰਘ ਏ.ਬੀ. ਨੂੰ ਦੋ ਕਾਰਾਂ ਚੋਰੀ ਕਰਨ ਦੇ ਦੋਸ਼ ਹੇਠ ਕਾਬੂ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਐਸ.ਐਸ.ਪੀ. ਸੁਖਦੇਵ ਸਿੰਘ ਬਰਾੜ ਨੇ ਦੱਸਿਆ ਕਿ ਥਾਣਾ ਸਿਟੀ ਦੇ ਪੁਲਸ ਪਾਰਟੀ ਨੇ ਪੁਲ ਡਰੇਨ ਰੋਹੀ 'ਤੇ ਕੀਤੀ ਸਪੈਸ਼ਲ ਨਾਕਾਬੰਦੀ ਦੌਰਾਨ ਜਗਵੰਤ ਸਿੰਘ ਉਰਫ ਏ.ਬੀ.ਪੁੱਤਰ ਆਤਮਾ ਸਿੰਘ ਵਾਸੀ ਦੀਪ ਐਵੀਨਿਊ ਤਰਨਤਾਰਨ,ਜਿਹੜਾ ਕਿ ਕਾਂਗਰਸ ਕਮੇਟੀ ਦਾ ਜਨਰਲ ਸਕੱਤਰ ਹੈ ਅਤੇ ਟੈਕਸੀ ਯੂਨੀਅਨ ਦਾ ਜ਼ਿਲਾ ਪ੍ਰਧਾਨ ਵੀ ਹੈ, ਨੂੰ ਚੋਰੀ ਦੀ ਇੰਡੀਕਾ ਕਾਰ ਸਮੇਤ ਗ੍ਰਿਫਤਾਰ ਕਰ ਲਿਆ। ਬਾਅਦ 'ਚ ਏ.ਬੀ.ਨੇ ਇਕ ਹੋਰ ਇੰਡੀਕਾ ਕਾਰ ਬਰਾਮਦ ਕਰਵਾਈ। ਇਹ ਇੰਡੀਕਾ ਕਾਰ ਦਿੱਲੀ ਤੋਂ ਚੋਰੀ ਕਰਕੇ ਲੈ ਕੇ ਆਇਆ ਸੀ ਅਤੇ ਇਕ ਇੰਡੀਕਾ ਕਾਰ ਇਸਨੇ ਦੋਸ਼ੀ ਰਛਪਾਲ ਸਿੰਘ ਉਰਫ ਸ਼ਾਲੂ ਵਾਸੀ ਢੋਟੀਆਂ, ਜਿਸ 'ਤੇ 14 ਮੁਕੱਦਮੇ ਪਹਿਲਾਂ ਦਰਜ ਹਨ, ਕੋਲੋਂ 25 ਹਜ਼ਾਰ ਰੁਪੇ ਦੀ ਖਰੀਦ ਕੇ ਜਾਅਲੀ ਕਾਗਜ਼ਾਤ ਬਣਾ ਕੇ ਚਲਾ ਰਿਹਾ ਸੀ।

## ਖੇਤਾਂ ਵਿਚੋਂ ਹਥਿਆਰ ਬਰਾਮਦ

**ਗਿੱਦੜਬਾਹਾ:**ਨਜ਼ਦੀਕੀ ਪਿੰਡ ਮੱਲ੍ਹਣ ਦੇ ਕਿਸਾਨ ਜਗਰੂਪ ਸਿੰਘ ਦੇ ਖੇਤਾਂ ਵਿਚੋਂ ਵੱਡੀ ਮਾਤਰਾ ਵਿਚ ਹਥਿਆਰ ਬਰਾਮਦ ਹੋਏ ਹਨ। ਹਥਿਆਰਾਂ ਦੀ ਬਰਾਮਦਗੀ ਸਬੰਧੀ ਡੀਐਸਪੀ ਜਗਜੀਤ ਸਿੰਘ ਭਗਤਾਣਾ ਨੇ ਦੱਸਿਆ ਕਿ ਜਦੋਂ ਕਿਸਾਨ ਜਗਰੂਪ ਸਿੰਘ ਆਪਣੇ ਖੇਤਾਂ ਵਿਚੋਂ ਟਾਹਲੀ ਦਾ ਦਰਖ਼ਤ ਪੁੱਟ ਰਿਹਾ ਸੀ, ਉਦੋਂ ਉਸ ਨੂੰ ਜ਼ਮੀਨ ਥੱਲੇ ਹਥਿਆਰ ਵਿਖਾਈ ਦਿੱਤੇ।

ਪੁਲਿਸ ਨੇ ਮੌਕੇ 'ਤੇ ਪਹੁੰਚਕੇ ਦੋ ਹੈਂਡ ਗਰਨੇਡ ਤੇ ਵੱਡੀ ਮਾਤਰਾ 'ਚ ਜ਼ਿੰਦਾ ਕਾਰਤੂਸ ਬਰਾਮਦ ਕੀਤੇ।

# Matrimonials

ਜੱਟ ਸਿੱਖ, 22 ਸਾਲ, 6 ਫੁੱਟ ਅਮਰੀਕਨ ਇਮੀਗ੍ਰਾਂਟ ਲੜਕੇ ਲਈ ਇੰਡੀਆ ਰਹਿੰਦੀ ਲੜਕੀ ਦੀ ਲੋੜ ਹੈ। ਲੜਕੇ ਦੇ ਇੰਡੀਆ ਰਹਿੰਦੇ ਇਕੱਲੇ ਭਰਾ, 24 ਸਾਲ, 5'12" ਲਈ ਅਮਰੀਕਨ ਸਿਟੀਜ਼ਨ ਲੜਕੀ ਦੀ ਜ਼ਰੂਰਤ ਹੈ। ਸੰਪਰਕ ਕਰੋ: 317-313-5909 ਜਾਂ 317-217-9930

---

ਚੰਡੀਗੜ੍ਹ ਦੀ ਜੰਮਪਲ, ਸੈਣੀ ਸਿੱਖ, 28 ਸਾਲ, 5'3", ਐਮ.ਏ. (ਸਾਇਕੌਲੋਜੀ), ਬੀ ਐਡ, ਯੂ.ਜੀ.ਸੀ. ਨੈਟ ਪਾਸ, ਅਲਾਇੰਸ ਫਰੌਂਸੇ ਤੋਂ ਫਰੈਂਚ ਭਾਸ਼ਾ ਦੀ ਉਚ ਡਿਗਰੀ ਦੇ 7 ਲੈਵਲ ਪਾਸ, ਯੂਨੀਵਰਸਿਟੀ ਕਾਲਜ ਲੈਕਚਰਰ, ਤਨਖਾਹ 30,000 ਰੁ, ਰੰਗ ਗੋਰਾ, ਸੋਹਣੇ ਨੈਣ ਨਕਸ਼, ਸੁਚੱਜੀ ਤੇ ਸੁਸ਼ੀਲ ਲੜਕੀ ਲਈ ਯੋਗ ਸਿੱਖ ਲੜਕੇ ਦੀ ਜ਼ਰੂਰਤ ਹੈ। ਪਿਤਾ ਕਾਲਜ ਲੈਕਚਰਰ, ਧੜਮੈਤ, ਮਾਂ ਔਜਲਾ। ਸੰਪਰਕ:ਮੋਬਾਇਲ-91-94171-32373, ਘਰ (ਸਿਰਫ ਐਤਵਾਰ):91-172-2703943

---

Ramgariah Sikh Family looking for suitable match for their son, performing residency (DPM). Girl should be well educated and belong to ramgariah family. Send photograph/biodata to angelhavok@aol.com

---

Sikh Parents seeking a Jatt Skih match for beautiful, U.S. Citizen daughter, Born and raised in India, Feb 1978, 5' 7", Licensed Vocational Nurse, California; working as LVN and studying for Regd Nursing Diploma. Family settled in United States. Looking for qualified match within U.S. someone with Student visa, H1B visa are also welcomed. Please send your info along with your most current photo to sunny@prolynks.com or call 408-661-7285

---

Parents seek suitable match for 27 years 5 feet 8.5 inches tall Jat Sikh Electrical Engineer boy and 25 years 5 feet 3 inches High school girl, US Citizen, family well settled in Ludhiana and US. Please contact jspludhiana1@gmail.com or (510)715-9045

---

**ਆਦਿ ਧਰਮੀ, 34 ਸਾਲ, 5' 7", ਵੈਸ਼ਨੂੰ, ਵਰਕ ਪਰਮਿਟ 'ਤੇ ਰਹਿ ਰਹੇ ਲੜਕੇ ਲਈ ਲੜਕੀ ਦੀ ਲੋੜ ਹੈ। ਸੰਪਰਕ ਕਰੋ:ਫੋਨ 916-730-8029**

---

Medico Jat Sikh match for, 27, 5'0'/smart girl doing DDS in USA. Respond with place and time of birth. contact:219-878-1008 e-mail:sur_malhi@yahoo.co.in






**Punjab Times**

**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
Mandeep Mann
661-889-1927
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਮਨਮੋਹਨ ਸਿੰਘ ਦੇ ਸਵਾਗਤ ਵਿਚ ਰਾਤਰੀ ਭੋਜ

# ਆਪਕਾ ਸਵਾਗਤ ਹੈ-ਰਾਸ਼ਟਰਪਤੀ ਓਬਾਮਾ

**ਬਲਜੀਤ ਬਾਸੀ**

ਵਾਈਟ ਹਊਸ ਦੇ ਦੱਖਣੀ ਵੇਹੜੇ ਵਿਚ ਅਜ ਰਾਤੀਂ ਭਾਰਤੀ ਪ੍ਰਧਾਨ ਮੰਤਰੀ ਸ੍ਰੀ ਮਨਮੋਹਨ ਸਿੰਘ ਦੇ ਸਵਾਗਤ ਵਿਚ ਦਿੱਤੇ ਜਾ ਰਹੇ ਰਾਤਰੀ ਭੋਜ ਸਮੇਂ ਟੋਸਟ ਪੇਸ਼ ਕਰਦਿਆਂ ਰਾਸ਼ਟਰਪਤੀ ਓਬਾਮਾ ਨੇ ਹਿੰਦੀ ਵਿਚ ਕਿਹਾ, "ਆਪ ਕਾ ਸਵਾਗਤ ਹੈ" ਭਾਵੇਂ ਸ਼ਬਦ ਟੁੱਟੇ ਫੁੱਟੇ ਹੀ ਸਨ ਪਰ ਉਨ੍ਹਾਂ ਭਾਰਤੀ ਮਹਿਮਾਨਾਂ ਦੇ ਦਿਲ ਜਿੱਤ ਲਏ। ਇਸ ਤੋਂ ਅੱਗੇ ਉਨ੍ਹਾਂ ਵਾਈਟ ਹਊਸ ਵਿਚ ਮਨਾਈ ਗਈ ਦੀਵਾਲੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦਾ ਵੀ ਜ਼ਿਕਰ ਕੀਤਾ। ਓਬਾਮਾ ਪ੍ਰਸ਼ਾਸਨ ਵਲੋਂ ਆਪਣੇ ਪਹਿਲੇ ਸਰਕਾਰੀ ਮਹਿਮਾਨ ਵਜੋਂ ਭਾਰਤ ਦੇ ਮੁਖੀ ਨੂੰ ਚੁਣੇ ਜਾਣ ਤੋਂ ਉਨ੍ਹਾਂ ਦੀਆਂ ਰਾਜਸੀ ਤਰਜੀਹਾਂ ਦਾ ਪਤਾ ਲਗਦਾ ਹੈ। ਸਾਰੀ ਚਰਚਾ ਤੇ ਸਰਗਰਮੀ ਤੋਂ ਇਕ ਗੱਲ ਸਪਸ਼ਟ ਹੋ ਰਹੀ ਸੀ ਕਿ ਅਮਰੀਕੀ ਪ੍ਰਸ਼ਾਸਨ ਨੂੰ ਇਸ ਵੇਲੇ ਅਫਗਾਨਿਸਤਾਨ ਵਿਚ ਲੜੀ ਜਾ ਰਹੀ ਲੜਾਈ ਵਿਚ ਭਾਰਤ ਦੀ ਯੁਧਨੀਤਕ ਭਾਈਵਾਲੀ ਦੀ ਬੇਹੱਦ ਲੋੜ ਮਹਿਸੂਸ ਹੋ ਰਹੀ ਹੈ।

ਭੋਜ ਦੌਰਾਨ ਭਾਰਤ ਪ੍ਰਤੀ ਵਿਖਾਈ ਜਾ ਰਹੀ ਅਸਾਧਰਨ ਰੁਚੀ ਦਾ ਮਾਹੌਲ ਬਣਿਆ ਹੋਇਆ ਸੀ। ਰਾਸ਼ਟਰਪਤੀ ਓਬਾਮਾ ਦੇ ਵਿਵਹਾਰ ਵਿਚ ਸ੍ਰੀ ਮਨਮੋਹਨ ਸਿੰਘ ਪ੍ਰਤੀ ਬਜ਼ੁਰਗੀ ਸਤਿਕਾਰ ਦੇ ਕਈ ਦ੍ਰਿਸ਼ ਦੇਖਣ ਨੂੰ ਮਿਲੇ। ਉਨ੍ਹਾਂ ਡਾ. ਮਨਮੋਹਨ ਸਿੰਘ ਨੂੰ ਸਿਆਣਾ ਇਨਸਾਨ ਕਿਹਾ ਅਤੇ ਉਨ੍ਹਾਂ ਦੇ ਸਨਮਾਨ ਵਿਚ ਕਈ ਵਾਰੀ ਉਹ ਝੁਕਦੇ ਦੇਖੇ ਗਏ। 320 ਮਹਿਮਾਨਾਂ ਵਾਲੇ ਇਸ ਭੋਜ ਵਿਚ ਅਨੇਕਾਂ ਭਾਰਤੀ ਤੇ ਅਮਰੀਕੀ ਮਹੱਤਵਪੂਰਨ ਵਿਅਕਤੀ ਸ਼ਾਮਿਲ ਹੋਏ। ਇਨ੍ਹਾਂ ਵਿਚ ਸਿਆਸਤਦਾਨ, ਪੱਤਰਕਾਰ, ਲੇਖਕ, ਫਿਲਮੀ ਹਸਤੀਆਂ ਤੇ ਬਿਜਨੈਸਮੈਨ ਸ਼ਾਮਿਲ ਸਨ। ਭਾਰਤੀ ਮਹਿਮਾਨਾਂ ਵਿਚ ਪਲੈਨਿੰਗ ਕਮਿਸ਼ਨ ਦੇ ਚੇਅਰਮੈਨ ਮੌਨਟੇਕ ਸਿੰਘ ਆਹਲੂਵਾਲੀਆ, ਨਾਵਲਕਾਰ ਝੰਪਾ ਲਹਿਰੀ, ਨੋਬਲ ਪੁਰਸਕਾਰ ਜੇਤੂ ਅਮ੍ਰਤਿਆ ਸੈਨ, ਬਿਜਨੈਸਮੈਨ ਮੁਕੇਸ਼ ਅੰਬਾਨੀ, ਸੰਜੇ ਗੁਪਤਾ, ਰਤਨ ਟਾਟਾ, ਲੁਸੀਆਨਾ ਦਾ ਭਾਰਤੀ ਮੂਲ ਦਾ ਗਵਰਨਰ ਬੌਬੀ ਜਿੰਦਲ ਅਤੇ ਡਾ. ਦੀਪਕ ਚੋਪੜਾ ਆਦਿ ਸ਼ਾਮਿਲ ਸਨ।



*ਮੰਗਲਵਾਰ ਨੂੰ ਰਾਸ਼ਟਰਪਤੀ ਭਵਨ 'ਚ ਡਾ. ਮਨਮੋਹਨ ਸਿੰਘ ਦੀ ਪਤਨੀ ਗੁਰਸ਼ਰਨ ਕੌਰ, ਮਿਸ਼ੈਲ ਓਬਾਮਾ, ਡਾ. ਮਨਮੋਹਨ ਸਿੰਘ ਅਤੇ ਰਾਸ਼ਟਰਪਤੀ ਓਬਾਮਾ*

ਅਮਰੀਕਾ ਵਿਚ ਰਵਾਇਤੀ ਤੌਰ 'ਤੇ ਸਰਕਾਰੀ ਭੋਜ ਦਾ ਪ੍ਰਬੰਧ ਦੇਸ਼ ਦੀ ਪ੍ਰਥਮ ਮਹਿਲਾ ਯਾਨਿ ਰਾਸ਼ਟਰਪਤੀ ਦੀ ਪਤਨੀ ਕਰਦੀ ਹੈ। ਸ੍ਰੀਮਤੀ ਓਬਾਮਾ ਨੇ ਇਸ ਭੋਜ ਦੀ ਤਿਆਰੀ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਡਾ. ਮਨਮੋਹਨ ਸਿੰਘ ਦੇ ਵੈਸ਼ਨੋ ਹੋਣ ਦਾ ਖਿਆਲ ਕਰਦੇ ਹੋਏ ਸਾਰਾ ਖਾਣਾ ਭਾਰਤੀ ਤਰਜ਼ ਦਾ ਸ਼ਾਕਾਹਾਰੀ ਸੀ ਜਿਸ ਵਿਚ ਵਾਈਟ ਹਊਸ ਦੇ ਬਗੀਚੇ ਵਿਚ ਉਗਾਏ ਆਲੂਆਂ ਤੇ ਬੈਂਗਣਾਂ ਦਾ ਸਲਾਦ, ਦਾਲਾਂ ਦਾ ਸੂਪ, ਅਮਰੀਕੀ ਵਾਈਨਾਂ ਆਦਿ ਸ਼ਾਮਿਲ ਸਨ। ਮੇਜ਼ਾਂ ਦੇ ਮੇਜ਼ਪੋਸ਼ਾਂ ਦਾ ਰੰਗ ਸਾਵਾ ਤੇ ਉਪਰ ਭਾਰਤ ਦੇ ਰਾਸ਼ਟਰੀ ਪੰਛੀ ਮੋਰ ਦੇ ਜਾਮਨੀ ਰੰਗਾਂ ਦੇ ਖੰਭਾਂ ਦੀ ਸਜਾਵਟ ਕੀਤੀ ਹੋਈ ਸੀ।

ਮਿਸ਼ੈਲ ਓਬਾਮਾ ਨੇ ਆਪਣਾ ਡਰੈਸ ਇਕ ਭਾਰਤੀ ਡੀਜ਼ਾਈਨਰ ਤੋਂ ਬਣਵਾਇਆ ਸੀ ਤੇ ਬਾਹਾਂ ਵਿਚ ਚੂੜੀਆਂ ਸਜਾਈਆਂ ਹੋਈਆਂ ਸਨ। ਮਨੋਰੰਜਨ ਲਈ ਆਸਕਰ ਜੇਤੂ ਜੈਨੀਫਰ ਹਡਸਨ ਤੇ ਭਾਰਤੀ ਸੰਗੀਤਕਾਰ ਏ ਆਰ ਰਹਿਮਾਨ ਪੁੱਜੇ ਹੋਏ ਸਨ।

## ਡਾ. ਮਨਮੋਹਨ ਸਿੰਘ- ਓਬਾਮਾ ਵਾਰਤਾ

ਗਏ ਹਨ। ਮੁੰਬਈ 'ਚ 26/11 ਦੇ ਹਮਲਿਆਂ ਬਾਰੇ ਉਨ੍ਹਾਂ ਕਿਹਾ ਕਿ ਇਕ ਸਾਲ ਪਹਿਲਾਂ ਇਸੇ ਹਫਤੇ ਮੁੰਬਈ ਵਿਚ ਹੋਏ ਭਿਆਨਕ ਹਮਲਿਆਂ ਨੂੰ ਯਾਦ ਕਰਨ ਵਿਚ ਅਮਰੀਕੀ ਜਨਤਾ ਭਾਰਤ ਦੇ ਨਾਲ ਹੈ।

ਓਬਾਮਾ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਭਾਰਤ ਤੇ ਪਾਕਿਸਤਾਨ ਵਿਚਾਲੇ ਸਪੱਸ਼ਟ ਤੌਰ 'ਤੇ ਵਿਵਾਦਾਂ ਦਾ ਇਤਿਹਾਸ ਜਿਹਾ ਹੈ। ਇਸ ਨੂੰ ਬਾਹਰੋਂ ਸੁਲਝਾਉਣ ਦੀ ਕੋਸ਼ਿਸ਼ ਕਰਨ ਦਾ ਕੰਮ ਅਮਰੀਕਾ ਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਅਸੀਂ ਅਜਿਹੇ ਤਰੀਕਿਆਂ ਨੂੰ ਉਤਸ਼ਾਹਿਤ ਕਰਾਂਗੇ ਜਿਨ੍ਹਾਂ ਵਿਚ ਭਾਰਤ ਅਤੇ ਪਾਕਿਸਤਾਨ ਸੁਰੱਖਿਅਤ ਮਹਿਸੂਸ ਕਰਨਗੇ ਅਤੇ ਆਪਣੇ ਲੋਕਾਂ ਦੇ ਲਿਹਾਜ਼ ਨਾਲ ਸ਼ਾਂਤੀ ਅਤੇ ਵਿਕਾਸ ਲਈ ਕੰਮ ਕਰਨਗੇ। ਦੁਵੱਲੇ ਸਹਿਯੋਗ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਦੋਵੇਂ ਧਿਰਾਂ ਪ੍ਰਮਾਣੂ ਕਰਾਰ ਲਈ ਜਲਦੀ ਤੋਂ ਜਲਦੀ ਅਤੇ ਪੂਰੀ ਤਰ੍ਹਾਂ ਲਾਗੂ ਹੋਣ ਨੂੰ ਲੈ ਕੇ ਸਹਿਮਤ ਹੋ ਗਈਆਂ ਹਨ।

ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਸਾਡੀ ਯੁੱਧ-ਨੀਤਕ ਸਾਂਝ ਕਾਰਨ ਆਸਾਨੀ ਨਾਲ ਉਚ ਟੈਕਨਾਲੋਜੀ ਦਾ ਭਾਰਤ ਵਿਚ ਤਬਾਦਲਾ ਹੋਣਾ ਚਾਹੀਦਾ ਹੈ। ਉਚ ਟੈਕਨਾਲੋਜੀ ਦੀ ਭਾਰਤ ਬਰਾਮਦ ਤੋਂ ਅਮਰੀਕੀ ਕੰਟਰੋਲ ਹਟਣ ਤੋਂ ਬਾਅਦ ਸਾਂਝੇ ਖੋਜ ਅਤੇ ਵਿਕਾਸ ਸੰਬੰਧੀ ਯਤਨਾਂ ਲਈ ਪੂਰੇ ਮੌਕੇ ਖੁੱਲ੍ਹਣਗੇ। ਉਨ੍ਹਾਂ ਕਿਹਾ ਕਿ ਤੇਜ਼ ਅਰਥ ਵਿਵਸਥਾ ਅਤੇ ਤਕਨਾਲੋਜੀ ਬਦਲਾਅ ਨਾਲ ਭਾਰਤ ਨੂੰ ਫਾਇਦਾ ਹੋਵੇਗਾ। ਰਾਸ਼ਟਰਪਤੀ ਓਬਾਮਾ ਨੇ ਕਿਹਾ ਕਿ ਭਾਰਤ ਅੱਜ ਇਕ ਜ਼ਿੰਮੇਵਾਰ ਸੰਸਾਰਕ ਸ਼ਕਤੀ ਦੇ ਤੌਰ 'ਤੇ ਉਭਰ ਰਿਹਾ ਹੈ। ਏਸ਼ੀਆ ਵਿਚ ਭਾਰਤੀ ਲੀਡਰਸ਼ਿਪ ਪੂਰੇ ਖੇਤਰ ਵਿਚ ਖੁਸ਼ਹਾਲੀ ਅਤੇ ਸੁਰੱਖਿਆ ਵਧਾ ਰਹੀ ਹੈ ਅਤੇ ਅਮਰੀਕਾ ਸਥਿਰ ਸ਼ਾਂਤੀਪੂਰਨ ਅਤੇ ਖੁਸ਼ਹਾਲ ਏਸ਼ੀਆ ਦੀ ਤਰੱਕੀ ਨੂੰ ਆਕਾਰ ਦੇਣ ਵਿਚ ਮਦਦ ਦੇਣ ਦੇ ਲਿਹਾਜ਼ ਨਾਲ ਭਾਰਤੀ ਲੀਡਰਸ਼ਿਪ ਦੀ ਭੂਮਿਕਾ ਦਾ ਸਵਾਗਤ ਕਰਦਾ ਹੈ।

ਰਾਸ਼ਟਰਪਤੀ ਨੇ ਇਸ ਗੱਲ 'ਤੇ ਭਰੋਸਾ ਜਤਾਇਆ ਕਿ ਭਾਰਤ ਇਸ ਸਦੀ ਵਿਚ ਗਲੋਬਲ ਨੇਤਾ ਦੇ ਤੌਰ 'ਤੇ ਆਪਣਾ ਉਚਿਤ ਸਥਾਨ ਹਾਸਲ ਕਰ ਲਵੇਗਾ ਅਤੇ ਉਸਦਾ ਸੰਯੁਕਤ ਰਾਜ ਅਮਰੀਕਾ ਵਰਗਾ ਬੇਹਤਰ ਮਿੱਤਰ ਹੋਰ ਕੋਈ ਨਹੀਂ ਹੋਵੇਗਾ। ਇਸ ਦੌਰਾਨ ਦੋਨਾਂ ਮੁਲਕਾਂ ਨੇ ਵਾਤਾਵਰਣਿਕ ਤਬਦੀਲੀ ਦੇ ਮੁੱਦੇ 'ਤੇ ਵੀ ਗੱਲਬਾਤ ਕੀਤੀ ਅਤੇ ਇਸ ਮਾਮਲੇ ਵਿਚ ਵਿਸ਼ਾਲ ਸਹਿਯੋਗ ਦਾ ਅਹਿਦ ਲਿਆ।

# ਲਿਬਰਾਹਨ ਕਮਿਸ਼ਨ ਰਿਪੋਰਟ ਲੀਕ ਹੋਣ 'ਤੇ ਭਾਜਪਾ ਪਿੱਟੀ

**ਅਮਰਜੀਤ ਸਿੰਘ**

ਬਾਬਰੀ ਮਸਜਿਦ ਨੂੰ ਢਾਹੁਣ ਬਾਰੇ ਲਿਬਰਾਹਨ ਕਮਿਸ਼ਨ ਰਿਪੋਰਟ ਲੀਕ ਹੋਣ 'ਤੇ ਲੋਕ ਸਭਾ ਵਿਚ ਬੀਤੀ 23 ਨਵੰਬਰ ਨੂੰ ਸਾਰਾ ਦਿਨ ਹੰਗਾਮਾ ਚਲਦਾ ਰਿਹਾ। ਇਸ ਦੇ ਲੀਕ ਹੋਣ ਕਾਰਨ ਰੋਹ ਵਿਚ ਆਏ ਭਾਜਪਾ ਮੈਂਬਰ ਲਿਬਰਾਹਨ ਰਿਪੋਰਟ ਨੂੰ ਤੁਰੰਤ ਸਦਨ ਵਿਚ ਪੇਸ਼ ਕਰਨ ਦੀ ਮੰਗ ਕਰਦੇ ਰਹੇ। ਬੀਤੇ ਦਿਨੀਂ ਕੌਮੀ ਪੱਧਰ ਦੇ ਇਕ ਅਖ਼ਬਾਰ ਵਿਚ ਲਿਬਰਾਹਨ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਇਕ ਰਿਪੋਰਟ ਛਪੀ ਸੀ ਜਿਸ ਵਿਚ ਬਾਬਰੀ ਮਸਜਿਦ ਢਾਹੁਣ ਲਈ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ, ਸ੍ਰੀ ਐਲ. ਕੇ. ਅਡਵਾਨੀ ਅਤੇ ਮੁਰਲੀ ਮਨੋਹਰ ਜੋਸ਼ੀ ਸਮੇਤ ਹੋਰ ਬਹੁਤ ਸਾਰੇ ਭਾਜਪਾ ਆਗੂ ਕਥਿਤ ਦੋਸ਼ੀ ਦਰਸਾਏ ਗਏ ਹਨ। ਇਸ ਮਾਮਲੇ ਵਿਚ ਸੰਸਦ ਦੇ ਦੋਹਾਂ ਸਦਨਾਂ ਵਿਚ ਭਾਜਪਾ, ਸਮਾਜਵਾਦੀ ਪਾਰਟੀ ਅਤੇ ਖੱਬੀਆਂ ਪਾਰਟੀਆਂ ਨੇ ਰਿਪੋਰਟ ਲੀਕ ਹੋਣ 'ਤੇ ਸਰਕਾਰ ਦੀ ਖਿਚਾਈ ਕੀਤੀ ਅਤੇ ਕਿਹਾ ਕਿ ਇਸ ਨਾਲ ਸਦਨ ਦੀ ਮਰਿਆਦਾ ਭੰਗ ਹੋਈ ਹੈ।

ਭਾਜਪਾ ਨੇਤਾ ਸੁਸ਼ਮਾ ਸਵਰਾਜ ਨੇ ਕਿਹਾ ਸਰਕਾਰ ਨੇ ਜਾਣ ਬੁੱਝ ਕੇ ਇਹ ਰਿਪੋਰਟ ਲੀਕ ਕੀਤੀ ਹੈ। ਯਾਦ ਰਹੇ ਬਾਬਰੀ ਮਸਜਿਦ ਨੂੰ 6 ਦਸੰਬਰ 1992 ਨੂੰ ਕੁਝ ਹਿੰਦੂ ਸੰਗਠਨਾਂ ਨੇ ਢਾਹ ਦਿੱਤਾ ਸੀ। ਉਹ ਇਸ ਸਥਾਨ 'ਤੇ ਰਾਮ ਮੰਦਰ ਉਸਾਰਨਾ ਚਾਹੁੰਦੇ ਸਨ। ਇਸ ਘਟਨਾ ਤੋਂ ਕੁਝ ਦਿਨ ਬਾਅਦ ਜਸਟਿਸ ਮਨਮੋਹਨ ਸਿੰਘ ਲਿਬਰਾਹਨ ਦੀ ਅਗਵਾਈ ਵਿਚ ਇਕ ਜਾਂਚ ਕਮਿਸ਼ਨ ਨਿਯੁਕਤ ਕੀਤਾ ਗਿਆ ਸੀ। ਇਸ ਲਿਬਰਾਹਨ ਕਮਿਸ਼ਨ ਦੀ ਰਿਪੋਰਟ ਦੇ ਮਾਮਲੇ ਵਿਚ ਗ੍ਰਹਿ ਮੰਤਰੀ ਪੀ. ਚਿੰਦਬਰਮ ਨੇ ਰਾਜ ਸਭਾ ਵਿਚ ਆਖਿਆ, "ਮੈਂ ਇਸ ਰਿਪੋਰਟ ਨੂੰ ਲੀਕ ਨਹੀਂ ਕੀਤਾ ਤੇ ਨਾ ਹੀ ਮੈਂ ਇਹ ਨਮੋਸ਼ੀ ਮੁੱਲ ਲਵਾਂਗਾ।" ਜਸਟਿਸ ਲਿਬਰਾਹਨ ਦੀ ਅਗਵਾਈ ਵਾਲੇ ਕਮਿਸ਼ਨ ਨੇ ਪੰਜ ਕੁ ਮਹੀਨੇ ਪਹਿਲਾਂ 900 ਸਫਿਆਂ ਦੀ ਰਿਪੋਰਟ ਸਰਕਾਰ ਨੂੰ ਸੌਂਪੀ ਸੀ। ਲੀਕ ਹੋਈ ਰਿਪੋਰਟ ਅਨੁਸਾਰ ਸਾਬਕਾ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਬਾਬਰੀ ਮਸਜਿਦ ਕਾਂਡ ਤੋਂ ਇਕ ਦਿਨ ਪਹਿਲਾਂ ਅਯੋਧਿਆ ਤੋਂ ਚਲੇ ਗਏ ਸਨ। ਸ੍ਰੀ ਵਾਜਪਾਈ ਦੀ ਮਸਜਿਦ ਢਾਹੁਣ ਵਿਚ ਸਿੱਧੀ ਸ਼ਮੂਲੀਅਤ ਨਹੀਂ ਸੀ। ਉਚ ਭਾਜਪਾ ਆਗੂਆਂ ਤੋਂ ਇਲਾਵਾ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਸ਼ਿਵ ਸੈਨਾ ਦੇ ਕਈ ਆਗੂਆਂ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 6 ਦਸੰਬਰ 1992 ਨੂੰ ਲਾਲ ਕ੍ਰਿਸ਼ਨ ਅਡਵਾਨੀ ਅਤੇ ਮੁਰਲੀ ਮਨੋਹਰ ਜੋਸ਼ੀ ਉਸ ਘਟਨਾ ਵਾਲੇ ਸਥਾਨ 'ਤੇ ਮੌਜੂਦ ਸਨ। ਉਸ ਸਮੇਂ ਦੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਕਲਿਆਣ ਸਿੰਘ ਨੂੰ ਵੀ ਕਮਿਸ਼ਨ ਨੇ ਦੋਸ਼ੀ ਠਹਿਰਾਇਆ ਹੈ।

# ਲਿਬਰਾਹਨ ਕਮਿਸ਼ਨ ਦੀ ਰਿਪੋਰਟ ਸੰਸਦ 'ਚ ਪੇਸ਼

ਕਾਂਡ ਲਈ ਜ਼ਿੰਮੇਵਾਰ ਦੱਸੇ ਗਏ ਹਨ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਇਨ੍ਹਾਂ ਆਗੂਆਂ ਦੀ ਅਗਵਾਈ ਕਾਰਨ ਹੀ ਭੀੜ ਨੇ ਫ਼ਿਰਕੂ ਰੂਪ ਧਾਰਨ ਕੀਤਾ ਸੀ, ਜੋ ਬਾਬਰੀ ਮਸਜਿਦ ਢਾਹੁਣ ਦਾ ਪ੍ਰਮੁੱਖ ਕਾਰਨ ਬਣਿਆ। ਰਿਪੋਰਟ ਮੁਤਾਬਕ ਭਾਜਪਾ, ਵਿਸ਼ਵ ਹਿੰਦੂ ਪ੍ਰੀਸ਼ਦ, ਸ਼ਿਵ ਸੈਨਾ ਤੇ ਬਜਰੰਗ ਦਲ ਦੇ ਆਗੂਆਂ ਨੇ ਇਸ ਫ਼ਿਰਕੂ ਅੱਗ ਨੂੰ ਭਾਂਬੜ ਬਣਾ ਦਿੱਤਾ ਸੀ, ਜਿਸ ਵਿਚ ਜਿੱਥੇ ਵੱਡੀ ਗਿਣਤੀ ਵਿਚ ਬੇਕਸੂਰ ਲੋਕ ਮਾਰੇ ਗਏ, ਉਥੇ ਇਕ ਵਿਸ਼ੇਸ਼ ਫਿਰਕੇ ਦੇ ਮਨ 'ਚ ਨਿਰਾਸ਼ਾਜਨਕ ਭਾਵਨਾ ਵੀ ਪੈਦਾ ਹੋ ਗਈ।

ਇਸ ਦੇ ਨਾਲ ਹੀ ਸਰਕਾਰ ਨੇ ਕਿਹਾ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਵਿਸ਼ੇਸ਼ ਅਦਾਲਤਾਂ ਦੀ ਸਥਾਪਨਾ ਵੀ ਕੀਤੀ ਜਾਵੇਗੀ। ਕਾਰਵਾਈ ਰਿਪੋਰਟ 'ਚ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਕਲਿਆਣ ਸਿੰਘ ਸਮੇਤ ਭਾਜਪਾ ਤੇ ਸੰਘ ਪਰਿਵਾਰ ਦੇ ਕਈ ਸੀਨੀਅਰ ਆਗੂਆਂ ਨੂੰ ਦੋਸ਼ੀ ਗਰਦਾਨਣ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ, ਜਦੋਂ ਕਿ ਖੁਦ ਜਸਟਿਸ ਲਿਬਰਾਹਨ ਨੇ ਇਸ ਕਾਂਡ ਲਈ ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਤੋਂ ਇਲਾਵਾ ਕਈ ਆਰ ਐਸ ਐਸ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਧਰਮ ਨੂੰ ਸਿਆਸਤ ਤੋਂ ਵੱਖ ਕਰਨ ਦੀ ਸੰਵਿਧਾਨਕ ਧਾਰਨਾ ਦਾ ਉਦੇਸ਼ ਸ਼ਾਸਨ ਤੇ ਧਰਮ ਨੂੰ ਵੱਖ ਕਰਨਾ ਹੈ।

ਰਿਪੋਰਟ ਦੇ ਸੰਸਦ 'ਚ ਪੇਸ਼ ਹੋਣ ਤੋਂ ਬਾਅਦ ਜਸਟਿਸ ਲਿਬਰਾਹਨ ਨੇ ਕਿਹਾ ਕਿ ਇਸ ਰਿਪੋਰਟ 'ਚ ਬਾਬਰੀ ਮਸਜਿਦ ਨੂੰ ਢਾਹੇ ਜਾਣ ਸਬੰਧੀ ਸਾਰੇ ਸਵਾਲ ਤੇ ਜਵਾਬ ਮੌਜੂਦ ਹਨ। ਉਨ੍ਹਾਂ ਪੱਤਰਕਾਰਾਂ ਨੂੰ ਕਿਹਾ ਕਿ ਪਹਿਲਾਂ ਉਹ ਰਿਪੋਰਟ ਪੜ੍ਹਨ ਤੇ ਉਸ ਤੋਂ ਬਾਅਦ ਜੇਕਰ ਕੋਈ ਵਿਸ਼ੇਸ਼ ਸਵਾਲ ਹੈ ਤਾਂ ਜ਼ਰੂਰ ਪੁੱਛਣ।

ਕਮਿਸ਼ਨ ਨੇ ਕਿਹਾ ਕਿ ਜਿੱਥੇ ਸਿਆਸਤ 'ਚ ਨੈਤਿਕਤਾ ਤੇ ਸਦਾਚਾਰ ਦੇ ਕੁਝ ਪਹਿਲੂਆਂ ਨੂੰ ਸ਼ਾਮਲ ਕਰਨਾ ਜ਼ਰੂਰੀ ਤੇ ਲੋੜੀਂਦਾ ਹੈ, ਉਥੇ ਧਰਮ, ਜਾਤ ਜਾਂ ਇਲਾਕਾਵਾਦ ਦਾ ਰੁਝਾਨ ਖ਼ਤਰਨਾਕ ਹੈ। ਇਹ ਰੁਝਾਨ ਜਨਤਾ ਨੂੰ ਵੱਖ-ਵੱਖ ਕਰਨ ਤੇ ਛੋਟੇ-ਛੋਟੇ ਵਰਗਾਂ 'ਚ ਵੰਡਦਾ ਹੈ। ਜਸਟਿਸ ਲਿਬਰਾਹਨ ਨੇ ਕਿਹਾ ਹੈ ਕਿ 6 ਦਸੰਬਰ 1992 ਦੀ ਇਸ ਘਟਨਾ ਤੇ ਇਸ ਤੋਂ ਬਾਅਦ ਦੀਆਂ ਹੋਰ ਘਟਨਾਵਾਂ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਧਰਮ ਅਤੇ ਸਿਆਸਤ ਨੂੰ ਮਿਲਾਉਣਾ ਕਿੰਨਾ ਖ਼ਤਰਨਾਕ ਅਤੇ ਨੁਕਸਾਨਦਾਇਕ ਹੈ।

ਸਿਆਸਤ ਦੇ ਅਪਰਾਧੀਕਰਨ ਜਾਂ ਧਰਮ ਦੇ ਸਿਆਸਤ ਨਾਲ ਮੇਲਜੋਲ ਰਾਹੀਂ ਸੱਤਾ ਹਾਸਲ ਕਰਕੇ ਲੋਕਤੰਤਰ ਮਸਲਿਆਂ 'ਚ ਦਖਲਅੰਦਾਜ਼ੀ ਕਰਨਾ ਅੱਜ ਆਮ ਗੱਲ ਬਣ ਗਈ ਹੈ। ਇਸ ਲਈ ਧਰਮ ਤੇ ਜਾਤ ਦੀ ਦੁਰਵਰਤੋਂ ਰੋਕਣ ਲਈ ਸਖ਼ਤ ਸਜ਼ਾਵਾਂ ਵਾਲਾ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਅਜਿਹੇ ਕਾਨੂੰਨ ਨੂੰ ਚੰਗੀ ਤਰ੍ਹਾਂ ਲਾਗੂ ਕਰਨ ਤੇ ਮੁਕੱਦਮਿਆਂ ਦੀ ਤੇਜ਼ ਗਤੀ ਨਾਲ ਕਾਰਵਾਈ ਯਕੀਨੀ ਬਣਾਉਣ ਲਈ ਦੇਸ਼ ਦੇ ਚਾਰੇ ਕੋਨਿਆਂ 'ਚ ਖੇਤਰੀ ਕਾਨੂੰਨੀ ਟ੍ਰਿਬਿਊਨਲ ਬਣਾਏ ਜਾਣੇ ਚਾਹੀਦੇ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ੍ਰੀ ਮੁਖਤਿਆਰ ਸਿੰਘ ਹੈਪੀ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਅਕਾਲੀਆਂ ਦੁਆਲੇ ਹੋਣ ਲੱਗੀ ਪੰਜਾਬ ਦੀ ਆਈ.ਏ.ਐਸ. ਲਾਬੀ

**ਚੰਡੀਗੜ੍ਹ :** ਪੰਜਾਬ ਦੀ ਆਈ.ਏ.ਐਸ. ਲਾਬੀ ਅਕਾਲੀ ਸਰਕਾਰ ਦੇ ਦੁਆਲੇ ਹੋ ਗਈ ਹੈ ਜਿਸ ਨਾਲ ਆਉਣ ਵਾਲੇ ਸਮੇਂ ਵਿਚ ਅਕਾਲੀ ਸਰਕਾਰ ਅਤੇ ਆਈ.ਏ.ਐਸ. ਲਾਬੀ ਵਿਚਕਾਰ ਮਤਭੇਦ ਹੋਰ ਉਭਰਨ ਦੀ ਸੰਭਾਵਨਾ ਹੈ। ਆਈ.ਏ.ਐਸ. ਅਧਿਕਾਰੀ ਅਕਾਲੀ ਸਰਕਾਰ ਵਿਰੁਧ ਜਨਤਕ ਹੋ ਚੁੱਕੇ ਹਨ ਅਤੇ ਸਰਕਾਰ ਨੂੰ ਇਸ਼ਾਰਾ ਵੀ ਕਰ ਚੁੱਕੇ ਹਨ ਕਿ ਮੌਕਾ ਹੈ ਤਾਂ ਸੰਭਲ ਜਾਉ, ਨਹੀਂ ਤਾਂ ਪਛਤਾਉਣਾ ਪੈ ਸਕਦਾ ਹੈ। ਅਸਲ ਵਿਚ ਆਈ.ਏ.ਐਸ. ਪੰਜਾਬ ਸਰਕਾਰ ਤੋਂ ਇਸ ਕਰ ਕੇ ਜ਼ਿਆਦਾ ਔਖੀ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਜ਼ਿਆਦਾ ਹੀ ਪੁਲਿਸ ਪ੍ਰੇਮ ਹੋ ਗਿਆ ਹੈ। ਅਕਾਲੀ ਸਰਕਾਰ ਨੇ ਪਹਿਲਾਂ ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਵਿਖੇ ਪੁਲਿਸ ਕਮਿਸ਼ਨਰ ਸਿਸਟਮ ਲਗਾਉਣ ਦੀ ਕੋਸ਼ਿਸ਼ ਕੀਤੀ ਤਾਂ ਆਈ.ਏ.ਐਸ. ਲਾਬੀ ਨੇ ਅੰਦਰਖ਼ਾਤੇ ਸਰਕਾਰ ਨੂੰ ਘੂਰੀ ਵੱਟੀ ਤਾਂ ਮਾਮਲਾ ਠੰਢੇ ਬਸਤੇ ਵਿਚ ਪੈ ਗਿਆ, ਹਾਲਾਂਕਿ ਉਪ ਮੁੱਖ ਮੰਤਰੀ ਸਤੰਬਰ ਮਹੀਨੇ ਵਿਚ ਪੁਲਿਸ ਕਮਿਸ਼ਨਰ ਸਿਸਟਮ ਲਗਾਉਣ ਲਈ ਤਿਆਰ ਸਨ। ਅਕਾਲੀ ਸਰਕਾਰ ਨੇ ਤਾਜ਼ਾ ਮਾਮਲਾ ਆਈ.ਏ.ਐਸ. ਅਧਿਕਾਰੀ ਵਿਜੈ ਕੁਮਾਰ ਜੰਜੂਆ ਦੀ ਗ੍ਰਿਫ਼ਤਾਰੀ ਨਾਲ ਛੇੜ ਲਿਆ। ਆਈ.ਏ.ਐਸ. ਅਫ਼ਸਰ ਐਸੋਸੀਏਸ਼ਨ ਨੇ ਭ੍ਰਿਸ਼ਟ ਅਫ਼ਸਰਾਂ ਨੂੰ ਫੜਨ ਦਾ ਸਵਾਗਤ ਕੀਤਾ ਸੀ ਅਤੇ ਨਾਲ ਹੀ ਮਿੱਠੀ ਜਿਹੀ ਚੇਤਾਵਨੀ ਰਾਹੀਂ ਸੁਚੇਤ ਕੀਤਾ ਸੀ ਕਿ ਗ੍ਰਿਫ਼ਤਾਰੀ ਵੇਲੇ ਪਾਰਦਰਸ਼ਤਾ ਵਿਖਾਈ ਜਾਵੇ। ਅਸਲ ਵਿਚ ਆਈ.ਏ.ਐਸ. ਅਧਿਕਾਰੀਆਂ ਨੂੰ ਸ੍ਰੀ ਜੰਜੂਆ ਦੀ ਗ੍ਰਿਫ਼ਤਾਰੀ ਵਾਲੇ ਦਿਨ ਦੀ ਕਾਰਵਾਈ ਹਜ਼ਮ ਨਹੀਂ ਹੋਈ ਸੀ ਅਤੇ ਉਸੇ ਦਿਨ ਹੀ ਮੁੱਖ ਸਕੱਤਰ ਸੁਬੋਧ ਚੰਦਰ ਅਗਰਵਾਲ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਦਰਬਾਰਾ ਸਿੰਘ ਗੁਰੂ ਆਦਿ ਸੀਨੀਅਰ ਅਧਿਕਾਰੀਆਂ ਦੀ ਹੰਗਾਮੀ ਮੀਟਿੰਗ ਹੋਈ। ਉਸ ਦਿਨ ਸ੍ਰੀ ਜੰਜੂਆ ਦੀ ਗ੍ਰਿਫ਼ਤਾਰੀ ਦੁਪਹਿਰ 1 ਵਜੇ ਹੋਈ ਸੀ ਪਰ ਘਰ ਦੀ ਤਲਾਸ਼ੀ ਲਗਭਗ 7 ਘੰਟੇ ਬਾਅਦ ਹੋਈ ਸੀ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਮੀਟਿੰਗ ਦਾ ਕਿਤੇ ਨਾ ਕਿਤੇ ਪ੍ਰਭਾਵ ਪਿਆ ਸੀ। ਹਾਲਾਂਕਿ ਅਗਲੇ ਦਿਨ ਹੀ ਆਈ.ਏ.ਐਸ. ਐਸੋਸੀਏਸ਼ਨ ਨੇ ਖੰਡਨ ਕਰ ਦਿਤਾ ਸੀ ਕਿ ਉਨ੍ਹਾਂ ਵਲੋਂ ਕਿਤੇ ਵੀ ਪ੍ਰਭਾਵ ਨਹੀਂ ਪਾਇਆ ਗਿਆ ਪਰ ਬੀਤੇ ਦਿਨ ਆਈ.ਏ.ਐਸ. ਐਸੋਸੀਏਸ਼ਨ ਦੀ ਬਾਡੀ ਸ੍ਰੀ ਜੰਜੂਆ ਨੂੰ ਰੋਪੜ ਦੀ ਜੇਲ੍ਹ ਵਿਚ ਮਿਲਣ ਗਈ ਜਿਸ ਨਾਲ ਅਕਾਲੀ ਹਲਕਿਆਂ ਖ਼ਾਸ ਕਰ ਕੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਕਾਫ਼ੀ ਝਟਕਾ ਲੱਗਾ। ਸਿਆਸੀ ਹਲਕਿਆਂ ਵਿਚ ਅਫ਼ਸਰਾਂ ਦਾ ਸ੍ਰੀ ਜੰਜੂਆ ਨੂੰ ਮਿਲਣਾ ਇਕ ਨਵੀਂ ਚਰਚਾ ਛਿੜ ਗਈ ਹੈ। ਭਾਵੇਂ ਕਿ ਜੰਜੂਆ ਰਿਸ਼ਵਤ ਕਾਂਡ ਦੀ ਸਚਾਈ ਬਾਰੇ ਕਿਸੇ ਨੂੰ ਬਹੁਤਾ ਗਿਆਨ ਨਹੀਂ ਹੈ। ਇਸ ਤੋਂ ਪਹਿਲਾਂ ਸਰਕਾਰ ਨੇ ਵਿਜੀਲੈਂਸ ਬਿਊਰੋ ਕੋਲੋਂ ਜੰਜੂਆ ਰਿਸ਼ਵਤ ਕਾਂਡ ਸਬੰਧੀ ਰੀਪੋਰਟ ਮੰਗਵਾ ਕੇ ਘੋਖਣ ਦੀ ਤਿਆਰੀ ਕਰ ਲਈ ਹੈ ਜਦ ਕਿ ਪਹਿਲਾਂ ਵਿਜੀਲੈਂਸ ਨੇ ਸਰਕਾਰ ਅੱਗੇ ਅਪਣਾ ਪੱਖ ਰਖਿਆ ਸੀ ਕਿ ਉਨ੍ਹਾਂ ਵਲੋਂ ਜੰਜੂਆ ਨੂੰ ਫੜਨ ਲਈ ਵਿਛਾਇਆ ਜਾਲ ਬਿਲਕੁਲ ਸਹੀ ਸੀ ਪਰ ਹੁਣ ਆਈ.ਏ.ਐਸ. ਐਸੋਸੀਏਸ਼ਨ ਦੇ ਦਬਾਅ ਹੇਠ ਸਰਕਾਰ ਨੇ ਰੀਪੋਰਟ ਦਾ ਐਕਸਰਾ ਕਰਨ ਦਾ ਫ਼ੈਸਲਾ ਕੀਤਾ ਹੈ ਅਤੇ ਦੂਸਰੇ ਦਿਨ ਹੀ ਅਫ਼ਸਰ ਅਪਣੇ ਸਾਥੀ ਦਾ ਹਾਲ-ਚਾਲ ਪੁੱਛਣ ਲਈ ਰੋਪੜ ਜੇਲ੍ਹ ਦਾ ਦੌਰਾ ਕਰ ਆਏ। ਅਕਾਲੀ ਸਰਕਾਰ ਨਵੀਂ ਮੁਸੀਬਤ ਵਿਚ ਪੈ ਗਈ ਹੈ ਕਿਉਂ ਕਿ ਭਾਜਪਾ ਤੋਂ ਬਾਅਦ ਆਈ.ਏ.ਐਸ. ਅਫ਼ਸਰਾਂ ਨਾਲ ਵੀ ਮਤਭੇਦ ਹੋ ਗਏ ਹਨ। ਭਾਜਪਾ ਨੇ ਵੀ ਭ੍ਰਿਸ਼ਟਾਚਾਰ ਵਿਰੁਧ ਵਿੱਢੀ ਮੁਹਿੰਮ ਦਾ ਸਵਾਗਤ ਕਰਦਿਆਂ ਕਿਹਾ ਸੀ ਕਿ ਇਹ ਮੁਹਿੰਮ ਸਾਰਿਆਂ ਮਹਿਕਮਿਆਂ ਤਕ ਜਾਣੀ ਚਾਹੀਦੀ ਹੈ। ਹਾਲਾਂਕਿ ਮੁੱਖ ਮੰਤਰੀ ਬਾਦਲ ਦੇ ਮੀਡੀਆ ਸਲਾਹਕਾਰ ਹਰਚਰਨ ਸਿੰਘ ਬੈਂਸ ਨੇ ਦੋ ਅਖ਼ਬਾਰਾਂ ਵਿਚ ਖ਼ਬਰ ਲਗਵਾ ਲਈ ਸੀ ਕਿ ਜਲਦ ਹੀ ਡੀ.ਟੀ.ਓ. ਰੈਂਕ ਦੇ ਵੀ ਭ੍ਰਿਸ਼ਟ ਅਫ਼ਸਰ ਫੜੇ ਜਾਣਗੇ ਪਰ ਬੈਂਸ ਦੀ ਹਾਲੇ ਤਕ ਬਣਾਈ ਗਈ ਭ੍ਰਿਸ਼ਟ ਅਫ਼ਸਰਾਂ ਦੀ ਸੂਚੀ ਨਹੀਂ ਦਿਖੀ। ਕੁਲ ਮਿਲਾ ਕੇ ਅਕਾਲੀ ਸਰਕਾਰ ਦੀ ਪੂਰੀ ਦਾਲ ਹੀ ਕਾਲੀ ਹੈ।

# ਅਕਾਲੀ ਸਰਕਾਰ ਨੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਵਜ਼ੀਫ਼ੇ ਦਾ ਭੋਗ ਪਾਇਆ

**ਚੰਡੀਗੜ੍ਹ :** ਪੰਜਾਬ ਸਰਕਾਰ ਦੇ ਖ਼ਾਲੀ ਖ਼ਜ਼ਾਨੇ ਬਾਰੇ ਹੁਣ ਕੋਈ ਪਰਦਾ ਨਹੀਂ ਰਹਿ ਗਿਆ ਕਿਉਂਕਿ ਕੇਂਦਰ ਦੀਆਂ ਯੋਜਨਾਵਾਂ ਲਈ ਮਿਲੇ ਫ਼ੰਡ ਵੀ ਖ਼ਤਮ ਹੋ ਚੁਕੇ ਹਨ। ਇਸੇ ਲਈ ਕੇਂਦਰੀ ਯੋਜਨਾ ਅਧੀਨ ਆਈ.ਟੀ.ਆਈਜ਼ ਕਰ ਰਹੇ ਦਲਿਤ ਵਿਦਿਆਰਥੀਆਂ ਨੂੰ ਵਜ਼ੀਫ਼ੇ ਵੀ ਨਹੀਂ ਮਿਲੇ। ਕੇਂਦਰ ਸਰਕਾਰ ਨੇ ਤਕਨੀਕੀ ਸਿਖਿਆ ਨੂੰ ਉਤਸਾਹਤ ਕਰਨ ਦੇ ਨਾਲ-ਨਾਲ ਅਨੁਸੂਚਿਤ ਜਾਤੀ ਅਤੇ ਪਛੜੀਆਂ ਸ਼੍ਰੇਣੀਆਂ ਨਾਲ ਸਬੰਧ ਰਖਦੇ ਉਮੀਦਵਾਰਾਂ ਨੂੰ ਮੁਫ਼ਤ ਤਕਨੀਕੀ ਕੋਰਸ ਕਰਾਉਣ ਦਾ ਉਪਰਾਲਾ ਕੀਤਾ ਸੀ ਪਰ ਪੰਜਾਬ ਸਰਕਾਰ ਨੇ ਇਸ ਉਪਰਾਲੇ ਨੂੰ ਸਫ਼ਲ ਨਹੀਂ ਹੋਣ ਦਿਤਾ। ਅਸਲ ਵਿਚ ਸਰਕਾਰ ਦਾ ਖ਼ਜ਼ਾਨਾ ਖ਼ਾਲੀ ਹੋ ਚੁੱਕਾ ਹੈ ਅਤੇ ਕੇਂਦਰੀ ਯੋਜਨਾਵਾਂ ਦੇ ਪੈਸੇ ਵੀ ਉਡ ਚੁਕੇ ਹਨ।

ਅਕਾਲੀ ਸਰਕਾਰ ਨੇ ਅਪਣੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਬੈਂਕਾਂ ਕੋਲੋਂ 7 ਵਾਰ ਕਰਜ਼ਾ ਵੀ ਚੁਕਿਆ ਪਰ ਮੁਫ਼ਤ ਸਕੀਮਾਂ ਕਾਰਨ ਪੈਸਿਆਂ ਦਾ ਕੁਝ ਪਤਾ ਨਹੀਂ ਚਲ ਰਿਹਾ ਅਤੇ ਕੇਂਦਰ ਦੀਆਂ ਯੋਜਨਾਵਾਂ ਫ਼ੇਲ੍ਹ ਹੋ ਰਹੀਆਂ ਹਨ। ਸਰਕਾਰ ਨੇ ਸਰਕਾਰੀ ਤਕਨੀਕੀ ਸੰਸਥਾਵਾਂ ਵਿਚ ਅਨੁਸੂਚਿਤ ਜਾਤੀ ਨਾਲ ਸਬੰਧ ਰਖਦੇ ਵਿਦਿਆਰਥੀਆਂ ਨੂੰ 1000 ਰੁਪਏ ਪ੍ਰਤੀ ਮਹੀਨਾ ਵਜ਼ੀਫ਼ਾ ਦੇਣ ਦਾ ਫ਼ੈਸਲਾ ਕੀਤਾ ਸੀ ਪਰ ਅਜੇ ਤਕ ਇਨ੍ਹਾਂ ਵਿਦਿਆਰਥੀਆਂ ਨੂੰ 'ਖੋਟਾ ਸਿੱਕਾ' ਵੀ ਨਹੀਂ ਮਿਲਿਆ। ਵਿਦਿਆਰਥੀਆਂ ਅਨੁਸਾਰ ਸਿਰਫ਼ ਇਕ ਵਾਰ ਹੀ ਅੱਧਾ ਵਜ਼ੀਫ਼ਾ ਮਿਲਿਆ ਸੀ। ਪੰਜਾਬ ਵਿਚ ਲਗਭਗ ਦੋ ਸਾਲ ਤੋਂ ਸਬੰਧਤ ਵਿਦਿਆਰਥੀ ਵਜ਼ੀਫ਼ੇ ਦੀ ਉਡੀਕ ਕਰ ਰਹੇ ਹਨ। ਸਰਕਾਰ ਨੇ ਇਹ ਵੀ ਫ਼ੈਸਲਾ ਕੀਤਾ ਸੀ ਕਿ ਜਿਨ੍ਹਾਂ ਪਛੜੀਆਂ ਸ਼੍ਰੇਣੀਆਂ ਦੇ ਮਾਪਿਆਂ ਦੀ ਸਾਲਾਨਾ ਆਮਦਨ 40 ਹਜ਼ਾਰ ਰੁਪਏ ਤੋਂ ਘੱਟ ਹੈ, ਉਨ੍ਹਾਂ ਵਿਦਿਆਰਥੀਆਂ ਦੀ ਫ਼ੀਸ ਵਾਪਸ ਕੀਤੀ ਜਾਵੇਗੀ।

ਇਸ ਯੋਜਨਾ ਅਧੀਨ ਪਛੜੀਆਂ ਸ਼੍ਰੇਣੀਆਂ ਨਾਲ ਸਬੰਧ ਰਖਦੇ ਵਿਦਿਆਰਥੀਆਂ ਨੇ ਕਿੱਤਾ ਮੁਖੀ ਕੋਰਸਾਂ ਵਿਚ ਦਾਖ਼ਲਾ ਲੈ ਲਿਆ ਅਤੇ ਲੱਖਾਂ ਰੁਪਏ ਸਬੰਧਤ ਕਾਲਜਾਂ ਵਿਚ ਫ਼ੀਸ ਵਜੋਂ ਜਮ੍ਹਾਂ ਕਰਵਾ ਦਿਤੇ ਪਰ ਹਾਲੇ ਤਕ ਬੀ.ਸੀ. ਵਰਗ ਦੇ ਵਿਦਿਆਰਥੀਆਂ ਨੂੰ ਸਰਕਾਰ ਨੇ ਫ਼ੀਸ ਵਾਪਸ ਨਹੀਂ ਦਿਤੀ। ਸਕੀਮ ਵਿਚ ਜ਼ਿਕਰ ਕੀਤਾ ਗਿਆ ਸੀ ਕਿ ਵਿਦਿਆਰਥੀ ਨੂੰ-ਇਕ ਵਾਰ ਫ਼ੀਸ ਜਮ੍ਹਾਂ ਕਰਾਉਣੀ ਪਵੇਗੀ ਜੋ ਬਾਅਦ ਵਿਚ ਵਾਪਸ ਕਰ ਦਿਤੀ ਜਾਵੇਗੀ। ਪਰ ਹੁਣ ਤਕ ਫ਼ੀਸ ਵਾਪਸ ਨਹੀਂ ਦਿਤੀ ਗਈ। ਵਿਦਿਆਰਥੀਆਂ ਅਨੁਸਾਰ ਐਸ.ਸੀ. ਅਤੇ ਬੀ.ਸੀ. ਵਿਦਿਆਰਥੀ ਕੋਰਸ ਛੱਡਣ ਲਈ ਮਜਬੂਰ ਹੋ ਰਹੇ ਹਨ। ਇਸ ਸਬੰਧੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਗੁਰਮੁਖ ਸਿੰਘ ਮਾਨ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਪਟਿਆਲਾ ਜਰਨੈਲ ਸਿੰਘ ਨੇ ਕਿਹਾ ਕਿ ਅਕਾਲੀ ਸਰਕਾਰ ਆਈ.ਟੀ.ਆਈਜ਼ ਵਿਚ ਚਲ ਰਹੇ ਕੋਰਸਾਂ ਵਿਚ ਨਾ ਤਾਂ ਕੋਈ ਕੱਚੀ ਸਮੱਗਰੀ ਦੇ ਰਹੀ ਹੈ ਅਤੇ ਨਾ ਹੀ ਨਵੀਂ ਤਕਨੀਕ ਦੇ ਔਜ਼ਾਰ ਅਤੇ ਮਸ਼ੀਨਾਂ ਦਾ ਪ੍ਰਬੰਧ ਕਰ ਰਹੀ ਹੈ। ਵਿਦਿਆਰਥੀਆਂ ਦਾ ਦੋਸ਼ ਹੈ ਕਿ ਸਰਕਾਰ, ਸੰਸਥਾਵਾਂ ਨੂੰ ਨਿਜੀ ਹੱਥਾਂ ਵਿਚ ਸੌਂਪ ਕੇ ਖ਼ੁਦ ਜ਼ੁੰਮੇਵਾਰੀ ਤੋਂ ਭੱਜਣਾ ਚਾਹੁੰਦੀ ਹੈ।

# ਕੈਪਟਨ 'ਤੇ ਰੇਪ ਦੇ ਦੋਸ਼ਾਂ ਦੇ ਮਾਮਲੇ 'ਚ ਦੂਲੋ/ਕੇਪੀ ਦਾ ਨਾਂ ਵੱਜਿਆ

**ਜਲੰਧਰ :** ਸੰਤ ਸਿਪਾਹੀ ਦਲ ਦੇ ਪ੍ਰਦੇਸ਼ ਪ੍ਰਧਾਨ ਸੁਰਿੰਦਰ ਪਾਲ ਸਿੰਘ ਕੰਡਾ ਨੇ ਅਮਰਿੰਦਰ ਸਿੰਘ ਤੇ ਰੇਪ ਦਾ ਦੋਸ਼ ਲਾਉਣ ਦੀ ਸਾਜ਼ਿਸ਼ ਰਚਣ ਦੇ ਲਈ ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਮੋਹਿੰਦਰ ਸਿੰਘ ਕੇ ਪੀ, ਸਾਬਕਾ ਪ੍ਰਦੇਸ਼ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਅਤੇ ਵਿਧਾਨ ਸਭਾ ਵਿਚ ਵਿਰੋਧੀ ਦਲ ਦੀ ਨੇਤਾ ਰਜਿੰਦਰ ਕੌਰ ਭੱਠਲ 'ਤੇ ਨਿਸ਼ਾਨਾ ਸਾਧਿਆ ਹੈ।

ਕੰਡਾ ਨੇ ਕਿਹਾ ਕਿ ਕੈਪਟਨ 'ਤੇ ਰੇਪ ਦਾ ਦੋਸ਼ ਲਾਉਣ ਵਾਲੀ ਮਹਿਲਾ ਰਣਜੀਤ ਕੌਰ ਨੂੰ ਜਲੰਧਰ ਦੇ ਪ੍ਰੈਸ ਦੇ ਸਾਮਣੇ ਪੇਸ਼ ਕਰਨ ਵਾਲਾ ਸੰਤ ਸ਼ਮਸ਼ੇਰ ਸਿੰਘ ਜੰਗੇੜਾ ਪ੍ਰੈਸ ਕਾਂਨਫਰੈਂਸ ਤੋਂ ਪਹਿਲਾਂ ਇਨਾਂ ਤਿੰਨਾਂ ਨੇਤਾਵਾਂ ਨਾਲ ਮਿਲਿਆ ਸੀ। ਪਾਲ ਸਿੰਘ ਕੰਡਾ ਨੇ ਖੁਲਾਸਾ ਕੀਤਾ ਕਿ ਸ਼ਮਸ਼ੇਰ ਸਿੰਘ ਜਗੇੜਾ 6 ਅਕਤੂਬਰ 2009 ਨੂੰ ਜਲੰਧਰ ਵਿਚ ਮੋਹਿੰਦਰ ਸਿੰਘ ਕੇ ਪੀ ਨੂੰ ਮਿਲਿਆ ਸੀ ਅਤੇ ਉਸ ਤੋਂ ਬਾਅਦ ਉਸ ਨੂੰ ਮੁਹਾਲੀ ਵਿਚ ਮਿਲਿਆ। ਇਸਦੇ ਬਾਅਦ ਜਗੇੜਾ ਸ਼ਮਸ਼ੇਰ ਸਿੰਘ ਦੂਲੋ ਨਾਲ ਉਸਦੀ ਰਿਹਾਇਸ਼ 'ਤੇ ਮਿਲਿਆ। ਦੋਵਾਂ ਨੇਤਾਵਾਂ ਨੇ ਜਗੇੜਾ ਨੂੰ ਰਾਜਿੰਦਰ ਕੌਰ ਭੱਠਲ ਨਾਲ ਮਿਲਾਇਆ। ਇਸ ਤੋਂ ਬਾਅਦ ਇਨਾਂ ਨੇ ਕੈਪਟਨ ਦੇ ਖਿਲਾਫ ਰਾਜਨੀਤਿਕ ਖੇਡ ਦੀ ਸ਼ੁਰੂਆਤ ਕੀਤੀ ਅਤੇ ਜਗੇੜਾ ਨੇ ਰਣਜੀਤ ਕੌਰ ਨੂੰ ਪੈਸੇ ਦੇ ਕੇ ਕੈਪਟਨ 'ਤੇ ਉਸ ਨਾਲ ਰੇਪ ਕਰਨ ਦਾ ਦੋਸ਼ ਲਾਉਣ ਲਈ ਤਿਆਰ ਕੀਤਾ। ਪਾਲ ਸਿੰਘ ਕੰਡਾ ਨੇ ਦੱਸਿਆ ਕਿ ਉਨ੍ਹਾਂ ਨੇ ਕੁਝ ਸਮਾਂ ਪਹਿਲਾਂ ਜਗੇੜਾ ਨੂੰ ਆਪਣੀ ਸੰਸਥਾ 'ਮਾਨਵਾ ਅਧਿਕਾਰ ਸੰਤ ਸਿਪਾਹੀ ਦਲ' ਦਾ ਰਾਸ਼ਟਰੀ ਪ੍ਰਧਾਨ ਬਣਾਇਆ ਸੀ। ਪਰ ਉਕਤ ਰਾਜਨੀਤਿਕ ਖੇਡ ਤੋਂ ਬਾਅਦ ਜਗੇੜਾ ਨੇ ਸੰਸਥਾ ਨਾਲ ਨਾਤਾ ਤੋੜ ਲਿਆ ਹੈ। ਪਾਲ ਸਿੰਘ ਕੰਡਾ ਦੇ ਅਨੁਸਾਰ 16 ਨਵੰਬਰ ਨੂੰ ਲੁਧਿਆਣਾ ਵਿਚ ਜਗੇੜਾ ਦੇ ਨਾਲ ਮੁਲਾਕਾਤ ਹੋਈ ਸੀ, ਤਾਂ ਜਗੇੜਾ ਨੇ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੌਰਾਨ ਉਸ ਨੂੰ ਗੁਰਦੁਆਰਾ ਮਸਤੂਆਣਾ ਲੁਧਿਆਣਾ ਤੋਂ ਕੱਢਿਆ ਗਿਆ ਸੀ। ਇਸ ਕਰਕੇ ਉਸ ਨੇ ਕੈਪਟਨ ਦੇ ਖਿਲਾਫ ਸਾਜ਼ਿਸ਼ ਰਚੀ ਹੈ।

ਇਸ ਦੌਰਾਨ ਮੁਹਿੰਦਰ ਸਿੰਘ ਕੇ ਪੀ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਕਿਹਾ ਕਿਫਿਲਹਾਲ ਉਹ ਦਿੱਲੀ ਵਿਚ ਹਨ। ਦੋਸ਼ ਲਾਉਣ ਵਾਲੇ ਅਤੇ ਦੋਸ਼ ਦੀ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਇਹੋ ਜਿਹੀ ਘਟੀਆ ਸੋਚ ਦਾ ਮਾਲਿਕ ਨਹੀਂ ਹਨ। ਇਸ ਦੌਰਾਨ ਸ਼ਮਸ਼ੇਰ ਸਿੰਘ ਦੂਲੋ ਨੇ ਕਿਹਾ, " ਮੈਂ ਨਾ ਤਾਂ ਸਾਜਿਸ਼ ਰਚੀ ਹੈ ਅਤੇ ਨਾ ਹੀ ਕਦੇ ਸੋਚਿਆ ਹੈ। ਸਾਡਾ ਨਾਮ ਬੇਵਜਹ ਲਿਆ ਗਿਆ ਹੈ। ਦੋਸ਼ ਲਾਉਣ ਵਾਲੇ ਕੰਡਾ ਨੂੰ ਮੈਂ ਜਾਣਦਾ ਤੱਕ ਨਹੀਂ।"


**Real Estate and Home Loans**

**For buying or selling your home**

**Call Aman Hundal at: 209-918-6464**

Selling Bank Owned/ Foreclosed homes in entire northern California- Bay Area, Tracy, Modesto, Stockton, Manteca, Lathrop, Tracy, Lodi, Ceres, Riverbank, Patterson, Turlock, Delhi, Livingston, Ripon.

**ਓਬਾਮਾ ਪ੍ਰਸ਼ਾਸਨ ਵਲੋਂ ਐਲਾਨੇ ਗਏ ਲੋਨ ਮੋਡੀਫਿਕੇਸ਼ਨ ਅਤੇ ਰੀਫਾਇਨਾਂਸ ਪ੍ਰੋਗਰਾਮ ਦਾ ਲਾਭ ਉਠਾਓ**

ਵੱਧ ਜਾਣਕਾਰੀ ਲਈ ਕਾਲ ਕਰੋ

ਟਰੇਸੀ, ਲੈਥਰੌਪ, ਮਾਡੈਸਟੋ, ਸੈਰੀਜ਼ ਅਤੇ ਟਰਲਕ ਏਰੀਏ ਵਿਚ ਤੁਸੀਂ 1.20 ਲੱਖ ਡਾਲਰ ਤੋਂ ਦੋ ਲੱਖ ਡਾਲਰ ਤੱਕ ਦੀ ਕੀਮਤ ਵਿਚ ਚੰਗਾ ਖਾਸਾ ਘਰ ਲੈ ਸਕਦੇ ਹੋ। ਸੈਂਕੜੇ ਘਰ ਵਿਕਾਊ ਹਨ, ਜੇ ਤੁਸੀਂ 700 ਡਾਲਰ ਕਿਰਾਇਆ ਦੇ ਰਹੇ ਹੋ ਤਾਂ ਤੁਹਾਡੇ ਲਈ ਆਪਣਾ ਘਰ ਖਰੀਦਣਾ ਵੱਡਾ ਲਾਹੇਵੰਦ ਰਹੇਗਾ। ਵੇਰਵੇ ਲਈ ਕਾਲ ਕਰੋ:



ਅਮਨਜੋਤ ਸਿੰਘ ਹੁੰਦਲ

Century 21 M&M and Associates

*ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਐਲਾਨੇ ਗਏ 8 ਹਜ਼ਾਰ ਡਾਲਰ ਦੇ ਕਰੈਡਿਟ ਦਾ ਜ਼ਰੂਰ ਲਾਭ ਉਠਾਓ।*

Aman Hundal
Broker Associate/ Realtor
MBA Marketing
License No. : 01839828
Century 21 M&M and Associates
605 Standiford Ave Ste D
Modesto, CA 95350
Cell: 209-918-6464, Fax: 209-552-7285
ahundal@c21mm.com



**ਫਾਰਮਰਜ਼ ਇੰਸ਼ੋਰੈਂਸ**

*Auto*Home*Life*Business
*Workers Comp.

Farmers offers more discounts than anybody else.

Call me today to insure that your assets are protected.

*ਆਟੋ *ਹੋਮ
*ਬਿਜਨਸ
*ਲਾਈਫ
*ਵਰਕਰਜ਼ ਕੌਂਪ.

ਇੰਸ਼ੋਰੈਂਸ ਦੇ ਬਿਹਤਰੀਨ ਰੇਟ ਲੈਣ ਲਈ ਕਾਲ ਕਰੋ।



*Kiran Hundal*

*(209)345-0183*

*khundal@farmersagent.com*

*CA insurance License # 0F96503*

*1900 Standiford Ave.*
*Modesto, Ca 95350*

FARMERS INSURANCE GROUP
Symbol of Superior Service

FARMERS®



**ਟਰੱਕ ਇੰਸ਼ੋਰੈਂਸ ਬਹੁਤ ਹੀ ਸਸਤੀ**

**Truck Insurance at very competitive rates.**

ਅਸੀ ਤੁਹਾਨੂੰ ਵਧੀਆ ਰੇਟ ਦਿਵਾਵਾਂਗੇ ਪਰ ਤੁਹਾਡੀ ਕਵਰੇਜ ਘੱਟ ਕਰਕੇ ਨਹੀਂ

*ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜੂਰਸ਼ੁਦਾ ਹੈ।*

# ਫਰਿਜ਼ਨੋ ਦਾ 'ਇੰਡੋ-ਅਮਰੀਕਨ ਹੈਰੀਟੇਜ ਫੋਰਮ'

## ਚੱਲ ਸੋ ਚੱਲ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਅੰਗਰੇਜ਼ੀ ਦੀ ਕਵਿਤਰੀ ਐਮਲੀ ਡਿਕਨਸਨ ਦੀ ਇਕ ਕਵਿਤਾ ਹੈ 'Success Is Counted Sweetest' ਜੋ ਮਨੋਵਿਗਿਆਨ ਦੇ ਇਸ ਨੁਕਤੇ 'ਤੇ ਆਧਾਰਤ ਹੈ ਕਿ ਮਨੁੱਖ ਜਿਸ ਕਿਸੇ ਚੀਜ਼ ਤੋਂ ਵਿਰਵਾ ਜਾਂ ਵਾਂਝਾਂ ਹੋ ਜਾਂਦਾ ਹੈ ਜਾਂ ਦੂਰ ਚਲਾ ਜਾਂਦਾ ਜਾਂ ਵਿਛੜ ਜਾਂਦਾ ਹੈ, ਉਸ ਲਈ ਉਸਦੀ ਤੜਪ, ਸਿੱਕ ਜਾਂ ਤਾਂਘ ਬੜੀ ਪ੍ਰਬਲ ਹੋ ਜਾਂਦੀ ਹੈ। ਉਹ ਕਹਿੰਦੀ ਹੈ ਕਿ ਜੇ ਕਾਮਯਾਬੀ ਦੇ ਅਰਥ ਸਮਝਣੇ ਹਨ ਤਾਂ ਉਨ੍ਹਾਂ ਨੂੰ ਪੁੱਛੋ ਜੋ ਲੱਖ ਕੋਸ਼ਿਸ਼ਾਂ ਬਾਅਦ ਵੀ ਪਛੜ ਗਏ ਹਨ ਜਾਂ ਫੇਲ੍ਹ ਹੋ ਗਏ ਹਨ। ਜੇ ਅੰਮ੍ਰਿਤ ਦੀ ਮਹੱਤਤਾ ਜਾਨਣੀ ਹੈ ਤਾਂ ਪਿਆਸਿਆਂ ਨੂੰ ਪੁੱਛੋ ਅਤੇ ਜੇ ਜਿੱਤ ਦੀ ਖੁਸ਼ੀ ਦੀ ਥਾਹ ਪਾਉਣੀ ਹੈ ਤਾਂ ਮੈਦਾਨ 'ਚ ਪਏ ਹਾਰ ਚੁੱਕੀ ਧਿਰ ਦੇ ਜ਼ਖ਼ਮੀ ਯੋਧਿਆਂ ਨੂੰ ਪੁੱਛੋ।

ਸ਼ਾਇਦ ਇਹੋ ਹੀ ਮਨੋ ਵਿਗਿਆਨਕ ਕਾਰਨ ਹੈ ਕਿ ਪਰਵਾਸੀ ਪੰਜਾਬੀ ਪਰਦੇਸਾਂ ਵਿਚ ਪੰਜਾਬ ਦੇ ਇਤਿਹਾਸਕ ਧਾਰਮਿਕ ਅਤੇ ਸਭਿਆਚਾਰਕ ਦਿਨ-ਤਿਉਹਾਰ ਪੰਜਾਬ ਦੇ ਪੰਜਾਬੀਆਂ ਨਾਲੋਂ ਵੀ ਵਧ ਸ਼ਿੱਦਤ, ਚਾਅ ਤੇ ਉਮਾਹ ਨਾਲ ਮਨਾਉਂਦੇ ਹਨ। ਕੈਲੀਫੋਰਨੀਆ 'ਚ ਮਨਾਏ ਜਾਣ ਵਾਲੇ ਇਨ੍ਹਾਂ ਦਿਨਾਂ-ਤਿਉਹਾਰਾਂ ਵੇਲੇ ਕੀਤੇ ਜਾਣ ਵਾਲੇ ਕਈ ਪ੍ਰੋਗਰਾਮ ਜਿਵੇਂ ਯੂਬਾ ਸਿਟੀ ਦਾ ਨਗਰ ਕੀਰਤਨ ਜਾਂ ਸੈਨ ਹੋਜ਼ੇ ਦੀਆਂ ਤੀਆਂ ਜਾਂ ਸੰਨੀਵੇਲ ਹਿੰਦੂ ਮੰਦਰ ਵਲੋਂ ਕੀਤੇ ਜਾਣ ਵਾਲੇ ਪ੍ਰੋਗਰਾਮ ਆਪਣੇ ਆਪ 'ਚ ਮਿਸਾਲੀ ਰੂਪ ਧਾਰਨ ਕਰ ਚੁੱਕੇ ਹਨ।

ਅਜਿਹਾ ਹੀ ਫਰਿਜ਼ਨੋ ਸ਼ਹਿਰ ਦੀ ਇਕ ਸੰਸਥਾ ਹੈ 'ਇੰਡੋ-ਅਮਰੀਕਨ ਹੈਰੀਟੇਜ਼ ਫੋਰਮ', ਜੋ ਇਸ ਇਲਾਕੇ ਦੇ ਪੰਜਾਬੀ ਭਾਈਚਾਰੇ ਨੂੰ ਆਪਣੇ ਸੰਗਰਾਮੀ ਇਤਿਹਾਸ ਨਾਲ ਜੋੜਨ ਲਈ ਲਗਾਤਾਰ ਬੜੀ ਸਰਗਰਮੀ ਨਾਲ ਕਰਮਸ਼ੀਲ ਹੈ ਜਿਸ ਨੂੰ ਚਰਨ ਗੁਰਮ ਅਤੇ ਸੁਰਿੰਦਰ ਮੰਢਾਲੀ ਆਪਣੇ ਸਹਿਯੋਗੀ ਸਾਥੀਆਂ, ਮਿੱਤਰਾਂ ਨੂੰ ਪੰਜਾਬੀ ਭਾਈਚਾਰੇ ਦੀ ਮਦਦ ਨਾਲ ਬਾਖੂਬੀ ਚਲਾ ਰਹੇ ਹਨ। ਭਾਵੇਂ ਇਸ ਤੋਂ ਪਹਿਲਾਂ ਵੀ ਕੈਲੀਫੋਰਨੀਆ 'ਚ 'ਗਦਰ ਹੈਰੀਟੇਜ' ਨਾਂ ਦੀ ਸੰਸਥਾ ਕਾਫੀ ਸਰਗਰਮ ਸੀ ਪਰ ਸਾਲ 2000 ਤੱਕ ਉਸ ਦੀਆਂ ਸਰਗਰਮੀਆਂ ਕਾਫੀ ਘੱਟ ਗਈਆਂ ਸਨ। ਇਸ ਤਰ੍ਹਾਂ ਇਹ ਫੋਰਮ ਨਵੰਬਰ ਦਸੰਬਰ 2000 'ਚ ਹੋਂਦ 'ਚ ਆਇਆ ਅਤੇ 2001 ਤੋਂ ਹੁਣ ਤੱਕ ਬਕਾਇਦਾ ਤੇ ਲਗਾਤਾਰ ਪ੍ਰੋਗਰਾਮ ਕਰ ਰਿਹਾ ਹੈ। ਇਸ ਨੂੰ ਸ਼ੁਰੂ ਕਰਨ ਵਾਲਿਆਂ 'ਚ ਸਵਰਗੀ ਗੁਰਬਖਸ਼ ਸਿੰਘ ਧਾਲੀਵਾਲ ਸਾਬਕਾ ਐਮ.ਐਲ.ਏ. ਨਿਹਾਲ ਸਿੰਘ ਵਾਲਾ, ਚਰਨ ਗੁਰਮ, ਸੁਰਿੰਦਰ ਮੰਢਾਲੀ, ਜਸਵੰਤ ਸਿੰਘ ਮਾਨ, ਗੁਰਦੀਪ ਸਿੰਘ ਅਣਖੀ ਅਤੇ ਮਹਿੰਦਰ ਸਿੰਘ ਢਾਅ ਵਰਗੇ ਬੰਦੇ ਸਨ ਜਿਨ੍ਹਾਂ ਦਾ ਪਿਛੋਕੜ ਕਿਸੇ ਨਾ ਕਿਸੇ ਤਰ੍ਹਾਂ ਖੱਬੀ ਸਿਆਸਤ ਨਾਲ ਜੁੜਿਆ ਹੋਇਆ ਸੀ। ਸੁਰਿੰਦਰ ਮੰਢਾਲੀ ਦੇ ਚਾਚਾ ਸ. ਹਰਬੰਸ ਸਿੰਘ ਮੰਢਾਲੀ ਕਾਮਰੇਡ ਚੰਨਣ ਸਿੰਘ ਧੂਤ ਹੁਰਾਂ ਨਾਲ ਦੋਆਬੇ ਦੇ ਸਿਰਕੱਢ ਕਿਸਾਨ ਨੇਤਾ ਰਹੇ ਹਨ।

ਸ਼ੁਰੂ ਸ਼ੁਰੂ ਵਿਚ ਇਹ ਫੋਰਮ ਸਾਲ 'ਚ ਇਕ ਪ੍ਰੋਗਰਾਮ 'ਮੇਲਾ ਗ਼ਦਰੀ ਬਾਬਿਆਂ ਦਾ' ਹੀ ਕਰਦਾ ਹੁੰਦਾ ਸੀ ਜਿਸ ਨੂੰ ਫਰਿਜ਼ਨੋ ਅਤੇ ਆਲੇ ਦੁਆਲੇ ਦੇ ਪੰਜਾਬੀ ਭਾਈਚਾਰੇ ਵਲੋਂ ਭਰਵਾਂ ਹੁੰਗਾਰਾ ਅਤੇ ਸਹਿਯੋਗ ਮਿਲਿਆ ਅਤੇ ਜਿਸ ਤੋਂ ਉਤਸ਼ਾਹਤ ਹੋ ਕੇ ਇਹ ਫੋਰਮ ਹੁਣ ਹਰ ਸਾਲ ਨਵੰਬਰ ਮਹੀਨੇ 'ਚ ਕਰਤਾਰ ਸਿੰਘ ਸਰਾਭੇ ਦਾ ਸ਼ਹੀਦੀ ਦਿਨ ਵੀ ਮਨਾਉਂਦਾ ਹੈ ਅਤੇ ਗਾਹੇ-ਬਗਾਹੇ ਹੋਰ ਸਰਗਰਮੀਆਂ ਵੀ ਕਰਦਾ ਰਹਿੰਦਾ ਹੈ ਜਿਵੇਂ ਬਾਬਾ ਭਗਤ ਸਿੰਘ ਬਿਲਗਾ ਦੀ ਯਾਦ ਨੂੰ ਸਮਰਪਤ ਪ੍ਰੋਗਰਾਮ ਆਦਿ।

ਇਸ ਫੋਰਮ ਦੇ ਪਹਿਲੇ ਪ੍ਰਧਾਨ ਗੁਰਬਖਸ਼ ਸਿੰਘ ਧਾਲੀਵਾਲ ਸਨ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਹੁਣ ਚਰਨ ਗੁਰਮ ਇਸ ਦੇ ਪ੍ਰਧਾਨ ਹਨ, ਸੁਰਿੰਦਰ ਮੰਢਾਲੀ ਸਕੱਤਰ, ਜਸਵੰਤ ਸਿੰਘ ਮਾਨ ਖਜ਼ਾਨਚੀ ਅਤੇ ਗੁਰਦੀਪ ਸਿੰਘ ਅਣਖੀ, ਮਹਿੰਦਰ ਸਿੰਘ ਢਾਅ, ਬਲਦੇਵ ਸਿੰਘ ਧਾਲੀਵਾਲ, ਗੁਰਪ੍ਰੀਤ ਸਿੰਘ ਖਾਨਖਾਨਾ, ਗੁਰਦੀਪ ਸਿੰਘ ਗਿੱਲ ਅਤੇ ਹਰਜਿੰਦਰ ਸਿੰਘ ਸੇਖੋਂ ਵਰਗੇ ਸੈਕੂਲਰ ਅਤੇ ਅਗਾਂਹ-ਵਧੂ ਸੋਚ ਵਾਲੇ ਸੱਜਣ ਇਸ ਫੋਰਮ ਦੀ ਕਾਰਜਕਾਰਨੀ ਦੇ ਮੈਂਬਰ ਹਨ।

ਆਪਣੇ ਪ੍ਰੋਗਰਾਮਾਂ 'ਚ ਔਰਤਾਂ ਦੀ ਸਰਗਰਮੀ ਨੂੰ ਵਧਾਉਣ ਲਈ ਇਸ ਫੋਰਮ ਨੇ ਆਪਣਾ ਇਕ ਇਸਤਰੀ ਵਿੰਗ ਵੀ ਸਥਾਪਤ ਕੀਤਾ ਹੈ ਜਿਸ ਵਿਚ ਕੁਲਵੀਰ ਕੌਰ ਸੇਖੋਂ, ਸ਼ਰਨਜੀਤ ਧਾਲੀਵਾਲ, ਹਰਿੰਦਰ ਮੰਢਾਲੀ ਅਤੇ ਰਾਜ ਅਲੀ ਵਰਗੀਆਂ ਚੇਤੰਨ ਇਸਤਰੀਆਂ ਕਰਮਸ਼ੀਲ ਹਨ। ਫੋਰਮ ਦੇ ਸਕੱਤਰ ਸੁਰਿੰਦਰ ਮੰਢਾਲੀ ਨੇ ਦੱਸਿਆ ਕਿ ਫੋਰਮ ਦਾ ਇਹ ਇਸਤਰੀ ਵਿੰਗ ਜਨਰਲ ਪ੍ਰੋਗਰਾਮਾਂ 'ਚ ਸਰਗਰਮ ਹੋਣ ਦੇ ਨਾਲ ਨਾਲ ਸਮੇਂ ਸਮੇਂ ਤੇ ਮੀਟਿੰਗਾਂ ਕਰਕੇ ਔਰਤਾਂ ਨਾਲ ਸੰਬੰਧਤ ਮਸਲਿਆਂ, ਜਿਵੇਂ ਦਾਜ, ਅਜੋੜ ਵਿਆਹ, ਭਰੂਣ-ਹੱਤਿਆ ਆਦਿ 'ਤੇ ਵਿਚਾਰ ਵਟਾਂਦਰਾ ਵੀ ਕਰਦਾ ਰਹਿੰਦਾ ਹੈ ਤੇ ਮਤੇ ਪਾ ਕੇ ਸਬੰਧਤ ਥਾਵਾਂ 'ਤੇ ਵੀ ਭੇਜਦਾ ਰਹਿੰਦਾ ਹੈ। ਇਹ ਇਸਤਰੀ ਵਿੰਗ ਆਮ ਔਰਤਾਂ ਨੂੰ ਉਤਸ਼ਾਹਿਤ ਕਰਨ ਲਈ ਅਜਿਹੀਆਂ ਔਰਤਾਂ ਨੂੰ ਵੀ ਸਨਮਾਨਿਤ ਕਰਦਾ ਹੈ ਜਿਨ੍ਹਾਂ ਨੇ ਸਾਡੇ ਸਮਾਜ 'ਚ ਕੋਈ ਅਗਾਂਹਵਧੂ ਰੋਲ ਨਿਭਾਇਆ ਹੈ ਜਾਂ ਨਿਭਾ ਰਹੀਆਂ ਹਨ। ਪਿਛਲੇ ਸਮੇਂ 'ਚ ਸੰਤ ਰਾਮ ਉਦਾਸੀ ਦੀ ਬੇਟੀ ਪ੍ਰਿਤਪਾਲ ਉਦਾਸੀ ਨੂੰ ਵਿਸ਼ੇਸ਼ ਪ੍ਰੋਗਰਾਮ ਕਰਕੇ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਪ੍ਰੋ. ਦਵਿੰਦਰ ਕੌਰ ਜੋ ਇੰਡੀਆ 'ਚ ਦੂਰਦਰਸ਼ਨ ਤੋਂ ਕਾਫੀ ਦੇਰ ਔਰਤਾਂ ਦੇ ਮਸਲਿਆਂ ਸਬੰਧੀ ਅੱਧੇ ਘੰਟੇ ਦਾ ਪ੍ਰੋਗਰਾਮ ਪੇਸ਼ ਕਰਦੇ ਰਹੇ ਹਨ, ਨੂੰ ਵੀ ਫੋਰਮ ਦੇ ਇਸ ਇਸਤਰੀ ਵਿੰਗ ਨੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਹੈ। ਇਸ ਫੋਰਮ ਦਾ 'ਦੇਸ਼ ਭਗਤ ਯਾਦਗਾਰ ਫਾਊਂਡੇਸ਼ਨ' ਨਾਂ ਦਾ ਇਕ ਸਿਸਟਰ ਅਦਾਰਾ ਵੀ ਹੈ ਜੋ ਬੇ-ਏਰੀਏ 'ਚ ਸਰਗਰਮ ਹੈ ਜਿਸ ਨੂੰ ਮਹਿਰਾਜ ਕੌਲ, ਬਲਜੀਤ ਜੌਹਲ, ਨਰਿੰਦਰ ਸੂਜੋ ਅਤੇ ਨਰਿੰਦਰ ਕੰਕੜ ਵਰਗੇ ਲੋਕ ਚਲਾ ਰਹੇ ਹਨ।



ਇੰਡੋ-ਅਮਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਦੇ ਮੈਂਬਰ ਅਤੇ ਪ੍ਰਧਾਨ ਸ੍ਰੀ ਚਰਨ ਗੁਰਮ ਫੋਰਮ ਵਲੋਂ ਇਸ ਸਾਲ ਕਰਵਾਏ ਸਮਾਗਮ ਵਿਚ ਮੁੱਖ ਮਹਿਮਨ ਨੂੰ ਸਨਮਾਨਿਤ ਕਰਦੇ ਹੋਏ

ਪਰਵਾਸੀ ਭਾਈਚਾਰੇ ਨੂੰ ਪ੍ਰੋਗਰਾਮਾਂ ਰਾਹੀਂ ਆਪਣੇ ਵਿਰਸੇ ਨਾਲ ਜੋੜਨ ਦੇ ਨਾਲ ਨਾਲ ਇਹ ਫੋਰਮ ਲਿਟਰੇਚਰ ਰਾਹੀਂ ਵੀ ਸੇਵਾ ਨਿਭਾਉਂਦਾ ਆ ਰਿਹਾ ਹੈ। 2006 ਅਤੇ 2007 'ਚ ਇਸ ਫੋਰਮ ਨੇ ਦੋ ਵੱਖਰੇ-ਵੱਖਰੇ ਸੋਵੀਨਾਰ ਛਪਵਾ ਕੇ ਲੋਕਾਂ ਤੱਕ ਪਹੁੰਚਾਏ ਜਿਨ੍ਹਾਂ 'ਚ ਸਾਡੇ ਇਤਿਹਾਸਕ ਨਾਇਕਾਂ ਬਾਰੇ ਬੜੇ ਜਾਣਕਾਰੀ ਭਰਪੂਰ ਲੇਖ ਪੜ੍ਹਨ ਨੂੰ ਮਿਲਦੇ ਹਨ। ਕਰਨੈਲ ਸਿੰਘ ਅੱਚਰਵਾਲ ਦੀ ਕਿਤਾਬ 'ਸੰਗਰਾਮੀ ਪਿੰਡ' ਛਪਵਾ ਕੇ ਪਾਠਕਾਂ ਦੀ ਨਜ਼ਰ ਕੀਤੀ। ਇਸ ਫੋਰਮ ਨੇ ਪ੍ਰੋ. ਵੇਦ ਵੱਟੁਕ ਦੀ ਪੁਸਤਕ 'ਲਾਹੌਰ ਸਾਜ਼ਿਸ਼ ਕੇਸ' ਨੂੰ ਛਪਵਾਉਣ ਅਤੇ ਸੋਹਣ ਸਿੰਘ ਜੋਸ਼ ਦੀ ਅੰਗਰੇਜ਼ੀ 'ਚ ਲਿਖੀ ਪੁਸਤਕ 'ਗ਼ਦਰ ਪਾਰਟੀ ਦਾ ਇਤਿਹਾਸ' ਨੂੰ ਪੰਜਾਬੀ 'ਚ ਤਰਜ਼ਮਾ ਕਰਵਾ ਕੇ ਛਪਵਾਉਣ 'ਚ ਵੀ ਸਹਿਯੋਗ ਦਿੱਤਾ ਹੈ।

ਇਹ ਫੋਰਮ ਪੰਜਾਬੀ ਭਾਈਚਾਰੇ ਨੂੰ ਆਪਣੇ ਵਿਰਸੇ ਨਾਲ ਜੋੜਨ ਦੇ ਨਾਲ ਨਾਲ ਪ੍ਰਵਾਸੀਆਂ ਨੂੰ ਇਥੇ ਦਰਪੇਸ਼ ਮਸਲਿਆਂ ਬਾਰੇ ਵੀ ਮੁਖਾਤਬ ਹੁੰਦਾ ਰਹਿੰਦਾ ਹੈ। ਆਪਣੇ ਪ੍ਰੋਗਰਾਮਾਂ 'ਚ ਬੁਲਾਰੇ ਇਥੋਂ ਦੇ ਪੰਜਾਬੀ ਨੇਤਾਵਾਂ ਨੂੰ ਹਮੇਸ਼ਾ ਹੀ ਇਥੋਂ ਦੀ ਰਾਜਨੀਤੀ ਨਾਲ ਵੀ ਜੁੜੇ ਰਹਿਣ ਦੀ ਅਪੀਲ ਕਰਦੇ ਰਹਿੰਦੇ ਹਨ ਤਾਂ ਕਿ ਇਥੋਂ ਦੀਆਂ ਸਮੱਸਿਆਵਾਂ ਜਿਵੇਂ ਬੁਢਾਪਾ ਪੈਨਸ਼ਨ ਜਾਂ ਮੈਡੀਕਲ ਆਦਿ ਨਾਲ ਨਜਿਠਿਆ ਜਾ ਸਕੇ। ਫੋਰਮ ਦੇ ਸਕੱਤਰ ਸੁਰਿੰਦਰ ਮੰਡਾਲੀ ਨੇ ਦੱਸਿਆ ਕਿ ਉਨ੍ਹਾਂ ਕਾਂਗਰਸਮੈਨ ਜਾਰਜ਼ ਰੋਡਨਾਵਿਚ ਨੂੰ ਮਿਲ ਕੇ 'ਗਦਰ ਪਾਰਟੀ' ਨੂੰ ਮਾਨਤਾ ਦੇਣ ਦਾ ਮਤਾ ਕਾਂਗਰਸ 'ਚ ਪੇਸ਼ ਕਰਵਾਇਆ ਜੋ ਕਾਂਗਰਸ ਵਲੋਂ ਪਾਸ ਕਰ ਦਿੱਤਾ ਗਿਆ ਸੀ।

ਅੱਜ ਕੱਲ ਅਮਰੀਕਾ ਭਰ ਵਿਚ, ਖਾਸ ਕਰਕੇ ਕੈਲੀਫੋਰਨੀਆ ਵਿਚ ਸਾਡੇ ਇਤਿਹਾਸਕ ਵਿਰਸੇ ਅਤੇ ਸਭਿਆਚਾਰ ਨਾਲ ਸਬੰਧਤ ਬਹੁਤ ਸਾਰੇ ਹੋਰ ਅਦਾਰੇ ਵੀ ਇੰਨੇ ਹੀ ਸਰਗਰਮ ਹਨ ਜਿਹੜੀ ਕਿ ਇਕ ਚੰਗੀ ਗੱਲ ਹੈ ਅਤੇ ਅਮਰੀਕਨ ਸਮਾਜ 'ਚ ਪੰਜਾਬੀ ਭਾਈਚਾਰੇ ਦੀ ਸਰਗਰਮੀ


# ਇਧਰ ਉਧਰ ਦੀਆਂ ਮਾਰਨ ਦੀ ਥਾਂ ਅਸਲ ਮੁੱਦੇ 'ਤੇ ਆਓ ਜੀ!

ਪੰਜਾਬ ਟਾਈਮਜ਼ ਦੇ 14 ਨਵੰਬਰ ਦੇ ਅੰਕ ਵਿਚ ਸਾਡੇ ਵਲੋਂ ਇਸ਼ਤਿਹਾਰ ਦੇ ਤੌਰ 'ਤੇ ਦਿੱਤੇ ਗਏ ਬਿਆਨ ਦਾ ਸਿੱਧਾ ਜਵਾਬ ਦੇਣ ਦੀ ਥਾਂ ਜਸਜੀਤ ਸਿੰਘ ਚੇਲਾ ਨੇ ਆਪਣੇ ਅਖਬਾਰ ਅੰਮ੍ਰਿਤਸਰ ਟਾਈਮਜ਼ ਵਿਚ ਇਧਰਲੀਆਂ ਉਧਰਲੀਆਂ ਮਾਰ ਕੇ ਗੱਲ ਨੂੰ ਆਲੇ ਭੋਲੇ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਇਹ ਸਪਸ਼ਟ ਕਰ ਦਈਏ ਕਿ ਮੁੱਦਾ ਇਹ ਨਹੀਂ ਹੈ ਕਿ ਸ. ਸਿਮਰਨਜੀਤ ਸਿੰਘ ਮਾਨ ਅਤੇ ਭਾਈ ਦਲਜੀਤ ਸਿੰਘ ਬਿੱਟੂ ਵਿਚੋਂ ਕੌਣ ਠੀਕ ਹੈ ਤੇ ਕੌਣ ਗਲਤ? ਦੋਨਾਂ ਵਿਚ ਕਮੀਆਂ ਪੇਸ਼ੀਆਂ ਹੋ ਸਕਦੀਆਂ ਹਨ ਪਰ ਦੋਹਾਂ ਦੀਆਂ ਹੀ ਕੌਮ ਲਈ ਕੁਰਬਾਨੀਆਂ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਅਸਲ ਮੁੱਦਾ ਜਸਜੀਤ ਸਿੰਘ ਚੇਲਾ ਦੇ ਅੰਦਰ ਜਾਗੀ "ਬਾਦਲ ਭਗਤੀ" ਦਾ ਸੀ ਜਿਸ ਨੂੰ ਉਹ ਸਹੀ ਸਿੱਧ ਨਹੀਂ ਕਰ ਸਕੇ ਅਤੇ ਨਾ ਹੀ ਕਰ ਸਕਣਗੇ। ਨਹੀਂ ਤਾਂ ਉਨ੍ਹਾਂ ਦੇ ਪਾਏ ਖਾਲਿਸਤਾਨੀ ਮਖੌਟੇ ਦਾ ਕੀ ਬਣੇਗਾ?

ਸਾਡੀ ਤਰਫੋਂ ਉਠਾਏ ਗਏ ਸਵਾਲ ਅੱਜ ਵੀ ਉਸੇ ਤਰ੍ਹਾਂ ਖੜ੍ਹੇ ਜਵਾਬਾਂ ਦੀ ਉਡੀਕ ਕਰ ਰਹੇ ਹਨ। ਸਵਾਲ ਦੁਹਰਾ ਦਈਏ, ਬਾਦਲ ਦਲ ਮਾਨ ਦਲ ਨਾਲੋਂ ਚੰਗਾ ਕਿਵੇਂ ਹੈ? ਤੁਸੀਂ ਬਾਦਲ ਦਲ ਦੀਆਂ ਪੰਥ ਮਾਰੂ ਨੀਤੀਆਂ ਨੂੰ ਕਲੀਨ ਚਿੱਟ ਦੇ ਕੇ ਮਾਨ ਦਲ ਨਾਲੋਂ ਬਿਹਤਰ ਕਿਉਂ ਸਿੱਧ ਕਰਨਾ ਚਾਹੁੰਦੇ ਹੋ? ਅਸੀਂ ਢਾਈ ਟੋਟਰੂ ਕਿਵੇਂ ਹਾਂ?

ਹੁੱਲੜਬਾਜ਼, ਹੋਛੇ ਅਤੇ ਢਾਈ ਟੋਟਰੂ ਤਾਂ ਤੁਸੀਂ ਕਹਿੰਦੇ ਹੀ ਸੀ ਪਰ ਹੁਣ "ਕਿਸ ਸੰਗ ਸੰਵਾਦ ਰਚਾਈਏ" ਸਿਰਲੇਖ ਹੇਠ ਲਿਖੇ ਲੇਖ ਵਿਚ ਤੁਸੀਂ ਸਪਸ਼ਟ ਕੀਤਾ ਹੈ ਕਿ ਤੁਸੀਂ ਸਾਨੂੰ ਬੰਦੇ ਵੀ ਨਹੀਂ ਸਮਝਦੇ। ਜਦੋਂ ਬੰਦੇ ਦਾ ਹੰਕਾਰ ਇੰਨਾ ਸਿਰ ਚੜ੍ਹ ਜਾਵੇ ਕਿ ਉਸ ਨੂੰ ਆਪਣੀ ਹਾਂ ਵਿਚ ਹਾਂ ਮਿਲਾਉਣ ਵਾਲਿਆਂ ਤੋਂ ਇਲਾਵਾ ਦੂਜੇ ਬੰਦੇ ਬੰਦੇ ਹੀ ਨਾ ਲੱਗਣ ਤਾਂ ਸੰਵਾਦ ਰਚਾਉਣ ਦੀ ਲੋੜ ਕਿਸੇ ਹੋਰ ਨਾਲ ਨਹੀਂ ਬਲਕਿ "ਆਪਨੜੈ ਗਿਰਿਵਾਨ ਮਹਿ ਸਿਰ ਨੀਵਾ ਕਰ ਦੇਖ" ਦੀ ਹੁੰਦੀ ਹੈ। ਇਸ ਹੁਕਮ ਅਨੁਸਾਰ ਇਨਸਾਨ ਨੂੰ ਆਪਣੇ ਆਪ ਨਾਲ ਹੀ ਸੰਵਾਦ ਰਚਾਉਣ ਦੀ ਲੋੜ ਹੁੰਦੀ ਹੈ ਤਾਂ ਜੋ ਰੱਬ ਦੇ ਬਣਾਏ ਬੰਦੇ ਤਾਂ ਬੰਦੇ ਦਿਸਣ ਲੱਗ ਪੈਣ। ਅਸੀਂ ਤਾਂ ਪੰਥ ਪ੍ਰਤੀ ਸੁਹਿਰਦਤਾ ਨਾਲ ਆਪਣਾ ਫਰਜ਼ ਨਿਭਾਉਂਦਿਆਂ ਪੰਥ ਵਿਰੋਧੀਆਂ ਵਿਰੁਧ ਆਵਾਜ਼ ਉਠਾਈ ਹੈ ਅਤੇ ਉਠਾਉਂਦੇ ਰਹਾਂਗੇ।

ਮਾਨ ਦਲ ਬਾਰੇ ਛਾਪੀਆਂ ਆਪਣੀਆਂ ਖਬਰਾਂ ਅਤੇ ਚਿੱਠੀਆਂ ਦੇ ਸਿਲਸਿਲੇ ਵਿਚ ਜਸਜੀਤ ਸਿੰਘ ਚੇਲਾ ਹੋਰਾਂ ਲਿਖਿਆ ਹੈ ਕਿ ਅਜਿਹੀਆਂ ਚਿੱਠੀਆਂ ਤੇ ਖਬਰਾਂ ਦਾ ਅਖਬਾਰਾਂ ਵਿਚ ਛਪਣਾ ਆਮ ਜਿਹੀ ਗੱਲ ਹੈ। ਆਪਣੇ ਕੋਲੋਂ ਖਬਰਾਂ ਘੜ ਘੜ ਕੇ ਉਸ ਵਿਚ ਕੁਝ ਲੋਕਾਂ ਨੂੰ ਹੁੱਲੜਬਾਜ਼ ਅਤੇ ਪੁਆੜੇ ਦੀ ਜੜ੍ਹ ਦੱਸਣਾ ਅਤੇ ਕੌਮਘਾਤੀਆਂ ਨੂੰ ਕਲੀਨ ਚਿੱਟ ਦੇ ਕੇ ਪਿੱਠ ਥਾਪੜਨਾ ਉਨ੍ਹਾਂ ਲਈ ਆਮ ਗੱਲ ਹੋ ਸਕਦੀ ਹੈ। ਪੰਥ ਵਿਰੋਧੀ ਬਾਦਲਾਂ ਦੀ "ਬਾਦਲ ਭਗਤੀ" ਜਿਥੇ ਉਨ੍ਹਾਂ ਲਈ ਆਮ ਗੱਲ ਹੈ ਉਥੇ ਸਾਡੇ ਲਈ ਇਹ ਬੱਜਰ ਪਾਪ ਹੈ।

ਜਿਹੜੀਆਂ ਗੱਲਾਂ ਤੁਸੀਂ ਬਾਦਲਦਲੀਆਂ ਦੇ ਨਾਂ ਥੱਲੇ ਛਾਪੀਆਂ ਸਨ ਉਨ੍ਹਾਂ ਗੱਲਾਂ ਦੀ ਸਫਾਈ ਬਾਦਲਦਲੀਆਂ ਨੇ ਲਿਖ ਕੇ ਦੇ ਦਿੱਤੀ ਹੈ ਪਰ ਤੁਸੀਂ ਹਾਲੇ ਵੀ ਦੋਹਾਂ ਪਾਰਟੀਆਂ (ਮਾਨ ਦਲ ਤੇ ਬਾਦਲ ਦਲ) ਉਤੇ ਮੁਕਰਨ ਤੇ ਕੁਫਰ ਤੋਲਣ ਦਾ ਦੋਸ਼ ਲਾਈ ਜਾ ਰਹੇ ਹੋ ਤੇ ਆਪ ਦੁੱਧ ਧੋਤਾ ਬਣਨ ਦੀ ਨਾਕਾਮ ਕੋਸ਼ਿਸ਼ ਕਰ ਰਹੇ ਹੋ। ਇਹ ਸਿਰਫ ਆਪਣੀ ਗਲਤੀ ਨੂੰ ਦੂਜਿਆਂ ਦੇ ਗਲ ਮੜ੍ਹ ਕੇ ਗੋਗਲੂਆਂ ਤੋਂ ਮਿੱਟੀ ਝਾੜਨ ਵਾਲੀ ਗੱਲ ਹੈ। ਪਹਿਲਾਂ ਉਨ੍ਹਾਂ ਮਾਨ ਦਲੀਆਂ ਨੂੰ ਪੁਆੜੇ ਦੀ ਜੜ੍ਹ ਕਿਹਾ। ਜਦੋਂ ਬਾਦਲ ਦਲੀਏ ਇਸ ਝੂਠ ਵਿਚ ਸ਼ਾਮਲ ਨਾ ਹੋਏ ਤਾਂ ਬਾਦਲਦਲੀਆਂ ਨੂੰ ਵੀ ਝੂਠੇ ਤੇ ਕਾਫਰ ਕਹਿਣਾ ਸ਼ੁਰੂ ਕਰ ਦਿਤਾ।

ਸਾਡੇ ਇਸ਼ਤਿਹਾਰ ਬਾਰੇ ਚੇਲਾ ਜੀ ਨੇ ਲਿਖਿਆ ਹੈ ਕਿ ਇਸ ਪੱਧਰ 'ਤੇ ਜਾ ਕੇ ਨਾ ਤਾਂ ਉਨ੍ਹਾਂ ਕਦੇ ਲਿਖਿਆ ਹੈ ਅਤੇ ਨਾ ਹੀ ਉਨ੍ਹਾਂ ਲਈ ਸੰਭਵ ਹੈ। ਪਹਿਲੀ ਗੱਲ ਕਿ ਕਿਸੇ ਬਾਰੇ ਆਪਣੇ ਕੋਲੋਂ ਖਬਰ ਘੜ ਕੇ ਅਤੇ ਉਸ ਵਿਚ ਵਿਰੋਧੀਆਂ ਲਈ ਬੇਵਜ੍ਹਾ ਹੁੱਲੜਬਾਜ਼, ਹੋਛੇ, ਢਾਈ ਟੋਟਰੂ, ਭਿਆਂ ਕਰਵਾ ਦਿੱਤੀ ਵਰਗੇ ਘਟੀਆ ਸ਼ਬਦਾਂ ਦੀ ਵਰਤੋਂ ਕਿਸ ਪੱਧਰ ਦੀ ਨਿਸ਼ਾਨੀ ਹੈ? ਇਹ ਭਾਸ਼ਾ ਅਸੀਂ ਨਹੀਂ ਸਗੋਂ ਚੇਲਾ ਜੀ ਨੇ ਆਪ ਵਰਤੀ ਹੈ। ਕੁਝ ਵਿਅਕਤੀਆਂ ਨੂੰ ਨੀਵਾਂ ਦਿਖਾਉਣਾ ਜਾਂ ਚਿੜਾਉਣਾ ਕੀ ਨੀਵੇਂ ਪੱਧਰ ਦੀਆਂ ਨਿਸ਼ਾਨੀਆਂ ਨਹੀਂ ਹਨ? ਵੈਸੇ ਇਹ ਤੱਥ ਵੀ ਕਿਸੇ ਤੋਂ ਲੁਕਿਆ ਨਹੀਂ ਕਿ ਜਸਜੀਤ ਸਿੰਘ ਚੇਲਾ ਗੱਲ ਖੁਦ ਵੀ ਇਸੇ ਹੀ ਭਾਸ਼ਾ ਵਿਚ ਸਮਝਦੇ ਹਨ।

ਜਿੱਥੋਂ ਤੱਕ ਢਾਈ ਟੋਟਰੂਆਂ ਦਾ ਸਵਾਲ ਹੈ ਖਾਲਸੇ ਦੀ ਹੋਂਦ ਜਤਾਉਣ ਲਈ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਸਿਰਫ ਦੋ ਜਣੇ ਹੀ ਕਾਫੀ ਸਨ। ਵੈਸੇ, ਦਿੱਲੀ ਸਰਕਾਰ ਅਤੇ ਇਸੇ ਸੋਚ ਦੇ ਧਾਰਨੀ ਹੋਰ ਕਈ ਲੋਕ ਵੀ ਪੰਥਕ ਸਿੱਖਾਂ ਨੂੰ ਛੁਟਿਆਉਣ ਲਈ ਮੁੱਠੀ ਭਰ ਕਹਿੰਦੇ ਆ ਰਹੇ ਹਨ। ਚੇਲਾ ਜੀ ਨੇ ਇਸੇ ਸ਼ਬਦ ਦਾ ਅਨੁਵਾਦ ਢਾਈ ਟੋਟਰੂ ਕਰ ਦਿੱਤਾ ਹੈ। ਚੇਲਾ ਜੀ ਵਧਾਈ ਦੇ ਪਾਤਰ ਹਨ।

ਸ. ਜਸਜੀਤ ਸਿੰਘ ਚੇਲਾ ਨੂੰ ਇਸ ਗੱਲ ਦਾ ਗਿਆਨ ਹੋਣਾ ਚਾਹੀਦਾ ਹੈ ਕਿ ਖੂਹ ਵਿਚ ਤੁਸੀਂ ਜਿਹੋ ਜਿਹੀ ਆਵਾਜ਼ ਮਾਰੋਗੇ ਜਵਾਬ ਵੀ ਉਸੇ ਤਰ੍ਹਾਂ ਦਾ ਹੀ ਆਵੇਗਾ। ਜੇ ਤੁਸੀਂ ਕਿਸੇ ਲਈ ਗਾਲਾਂ ਵਰਤੋਗੇ ਤਾਂ ਜਵਾਬ ਵੀ ਤੁਹਾਨੂੰ ਗਾਲਾਂ ਵਿਚ ਹੀ ਆਏਗਾ। ਉਂਜ ਸਿੱਖ ਜਥੇਬੰਦੀ ਦੇ ਨਿਮਾਣੇ ਵਰਕਰ ਹੋਣ ਦੇ ਨਾਤੇ ਅਸੀਂ ਆਪਣੇ ਆਪ ਨੂੰ ਸਿੱਖ ਸੰਗਤਾਂ ਪ੍ਰਤੀ ਵੀ ਜਵਾਬਦੇਹ ਸਮਝਦੇ ਹਾਂ ਕਿਉਂਕਿ ਸਾਡੀ ਜਾਚੇ ਉਹ ਭੇਡਾਂ-ਬੱਕਰੀਆਂ ਨਹੀਂ ਹਨ ਬਲਕਿ ਸਤਿਕਾਰਯੋਗ ਹਨ।

ਰਹੀ ਗੱਲ ਪੱਤਰਕਾਰੀ ਦੇ ਮਿਆਰਾਂ ਦੇ ਨਿਸ਼ਾਨੇ ਤੋਂ ਨਾ ਭਟਕਣ ਦੀ ਇਸ ਦੀ ਹਲਕੀ ਹਲਕੀ ਝਲਕ ਸਭ ਸੂਝਵਾਨ ਪਾਠਕ ਦੇਖ ਹੀ ਚੁੱਕੇ ਹਨ। ਨਾਲੇ ਜੇ ਸਰਕਾਰ ਜਾਂ ਦਰਬਾਰ ਦੀ ਸਰਪ੍ਰਸਤੀ ਦੀ ਤੁਹਾਡੇ ਕਹਿਣ ਅਨੁਸਾਰ ਤੁਹਾਨੂੰ ਲੋੜ ਨਹੀਂ ਤਾਂ ਭਲਾ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਭਾਜਪਾ ਆਗੂ ਮਨੋਰੰਜਨ ਕਾਲੀਆ ਕੋਲੋਂ ਆਪਣਾ ਸਪੈਸ਼ਲ ਅੰਕ ਰਿਲੀਜ਼ ਕਰਵਾਉਣ ਦੀ ਕੀ ਲੋੜ ਪੈ ਗਈ ਸੀ? ਹੋਰ ਸਰਕਾਰੀ ਸਰਪ੍ਰਸਤੀ ਕਿਸ ਨੂੰ ਕਹਿੰਦੇ ਹਨ?

ਆਪਣੇ ਲੇਖ ਵਿਚ ਜਸਜੀਤ ਸਿੰਘ ਚੇਲਾ ਨੇ ਕਈ ਸਵਾਲ ਖੜ੍ਹੇ ਕੀਤੇ ਹਨ ਜਿਹੜੇ ਸਾਡੇ ਸਵਾਲਾਂ ਦੇ ਜਵਾਬ ਨਹੀਂ ਹਨ ਕਿਉਂਕਿ ਸਵਾਲ ਦਾ ਜਵਾਬ ਸਵਾਲ ਨਹੀਂ ਹੋ ਸਕਦਾ। ਤੁਸੀਂ ਪੁੱਛਿਆ ਹੈ ਕਿ ਕੀ ਕਿਸ ਨੇ ਕੀਤਾ ਤੇ ਕਿਉਂ ਕੀਤਾ? ਤੁਹਾਡੇ ਕਹਿਣ ਮੁਤਾਬਕ ਸੰਘਰਸ਼ ਦਾ ਅਸੂਲ ਹੁੰਦਾ ਹੈ ਭੇਦ ਭੇਦ ਹੀ ਬਣਿਆ ਰਹੇ। ਚਲੋ ਤੁਹਾਡੀ ਦਲੀਲ ਨਾਲ ਸਹਿਮਤ ਹੁੰਦਿਆਂ ਅਸੀਂ ਭੇਦਾਂ ਨੂੰ ਭੇਦ ਹੀ ਬਣੇ ਰਹਿਣ ਦਿੰਦੇ ਹਾਂ, ਖੁਲਾਸਾ ਨਹੀਂ ਕਰਦੇ। ਪਰ ਜਿਹੜੀਆਂ ਗੱਲਾਂ ਜੱਗ ਜਾਹਰ ਹਨ ਪਾਠਕਾਂ ਨਾਲ ਉਹ ਸਾਂਝੀਆਂ ਕਰਨ ਵਿਚ ਤਾਂ ਕੋਈ ਹਰਜ਼ ਨਹੀਂ ਹੋਣਾ ਚਾਹੀਦਾ।

ਤੁਹਾਡਾ ਇਕ ਸਵਾਲ ਕਾਮਰੇਡ ਸੁਰਜੀਤ ਅਤੇ ਸੁਖਦੇਵ ਸਿੰਘ ਢੀਂਡਸਾ ਬਾਰੇ ਹੈ। ਅਸੀਂ ਉਸ ਬਾਰੇ ਕੁਝ ਨਹੀਂ ਕਹਾਂਗੇ ਪਰ ਇਕ ਗੱਲ ਸਪਸ਼ਟ ਹੈ ਕਿ ਕਾਮਰੇਡ ਸੁਰਜੀਤ ਨੇ ਸਿੱਖ ਸੰਘਰਸ਼ ਨੂੰ ਕੁਚਲਣ ਲਈ ਅੱਡੀ ਚੋਟੀ ਦਾ ਜ਼ੋਰ ਲਾਈ ਰੱਖਿਆ। ਕੇਂਦਰ ਦੀ ਝੋਲੀ ਚੁੱਕੀ ਕਰਨ ਵਾਲਾ ਕਾਮਰੇਡ ਸੁਰਜੀਤ ਕਦੇ ਵੀ ਪੰਜਾਬ, ਸਿੱਖੀ ਜਾਂ ਸਿੱਖਾਂ ਦੇ ਹੱਕ ਵਿਚ ਨਹੀਂ ਭੁਗਤਿਆ। ਖਾਲਿਸਤਾਨੀਆਂ ਪ੍ਰਤੀ ਉਸ ਦਾ ਰਵੱਈਆ ਦੁਸ਼ਮਣਾਂ ਵਾਲਾ ਰਿਹਾ। ਪਰ ਉਸ ਦੀ ਮੌਤ ਉਤੇ ਸਭ ਤੋਂ ਵੱਧ ਤਾਰੀਫਾਂ ਤੁਸਾਂ ਹੀ ਕੀਤੀਆਂ। ਉਸ ਨੂੰ ਇਕ ਵੱਡਾ ਯੋਗ ਆਗੂ ਸਿੱਧ ਕਰਨ ਤੇ ਉਸ ਦੀਆਂ ਗਲਤੀਆਂ ਛੁਪਾਉਣ ਲਈ ਤੁਸੀਂ ਅਖਬਾਰ ਦੇ ਕਈ ਪੰਨੇ ਕਾਲੇ ਕੀਤੇ। ਬੇਸ਼ੱਕ ਤੁਸੀਂ ਸਾਨੂੰ ਜਵਾਬਦੇਹ ਨਹੀਂ ਹੋ ਪਰ ਇਹ ਸਵਾਲ ਫਿਰ ਮੂੰਹ ਅੱਡੀ ਖੜ੍ਹਾ ਹੈ ਕਿ ਕੇਂਦਰ ਦੇ ਝੋਲੀ ਚੁੱਕ ਤੇ ਖਾਲਿਸਤਾਨੀਆਂ ਨਾਲ ਦੁਸ਼ਮਣੀ ਦੀ ਭਾਵਨਾ ਰੱਖਣ ਵਾਲੇ ਸੁਰਜੀਤ ਨੂੰ ਤੁਹਾਡੀ ਮਾਲਕੀ ਵਾਲੇ ਅਖਬਾਰ ਵਲੋਂ ਹੀਰੋ ਬਣਾ ਕੇ ਪੇਸ਼ ਕਰਨ ਦੇ ਕੀ ਕਾਰਨ ਸਨ?

ਇਕ ਸਵਾਲ ਇਹ ਵੀ ਕੀਤਾ ਗਿਆ ਹੈ ਕਿ ਕੱਥੂ ਨੰਗਲ ਵਿਚ ਭਾਈ ਦਲਜੀਤ ਸਿੰਘ ਬਿੱਟੂ ਨੂੰ ਮਰਵਾਉਣ ਦੀ ਸਾਜ਼ਿਸ਼ ਕਿਸ ਨੇ ਰਚੀ? ਇਸ ਦਾ ਖੁਲਾਸਾ ਅਜੇ ਅਸੀਂ ਨਹੀਂ ਕਰਦੇ ਪਰ ਇਹ ਤੱਥ ਤਾਂ ਜੱਗ ਜਾਹਰ ਹੈ ਕਿ ਜਾਨਲੇਵਾ ਹਮਲਾ ਸ. ਮਾਨ ਉਤੇ ਹੋਇਆ ਜਿਸ ਵਿਚ ਉਹ ਫੱਟੜ ਵੀ ਹੋਏ ਜਦੋਂਕਿ ਉਥੇ ਮੌਜੂਦ ਭਾਈ ਬਿੱਟੂ ਨੂੰ ਝਰੀਟ ਤੱਕ ਨਹੀਂ ਆਈ। ਜਿਨ੍ਹਾਂ ਨੇ ਆਹਮੋ ਸਾਹਮਣੇ ਬੈਠ ਕੇ ਮੂੰਹ ਉਤੇ ਗੱਲਾਂ ਕਰਨੀਆਂ ਹੁੰਦੀਆਂ ਹਨ ਉਹ ਅਖਬਾਰਾਂ ਵਿਚ ਕਿਸੇ ਦਾ ਨਾਂ ਲਿਖ ਕੇ ਭੰਡੀ ਪ੍ਰਚਾਰ ਨਹੀਂ ਕਰਦੇ। ਕਿਉਂਕਿ ਗੱਲ ਅਖਬਾਰ ਵਿਚ ਸ਼ੁਰੂ ਕੀਤੀ ਗਈ ਸੀ ਇਸ ਲਈ ਇਸ ਨੂੰ ਆਹਮੋ ਸਾਹਮਣੇ ਹੋਈ ਗੱਲਬਾਤ ਹੀ ਸਮਝਿਆ ਜਾਵੇ। ਝੂਠ-ਸੱਚ ਦਾ ਨਿਤਾਰਾ ਪਾਠਕਾਂ ਦੀ ਕਚਹਿਰੀ ਹਵਾਲੇ।

ਅੰਤ ਵਿਚ ਅਸੀਂ ਇਹੋ ਕਹਾਂਗੇ ਕਿ ਏਧਰਲੀਆਂ ਉਧਰਲੀਆਂ ਮਾਰਨ ਦੀ ਬਜਾਏ ਮੁੱਦੇ 'ਤੇ ਆਓ।

**ਹਰਮਿੰਦਰ ਸਿੰਘ, ਬਲਜੀਤ ਸਿੰਘ, ਦਵਿੰਦਰ ਸਿੰਘ, ਗੁਰਦੀਪ ਸਿੰਘ, ਦਰਸ਼ਨ ਸਿੰਘ ਸੰਧੂ, ਸੁਖਵਿੰਦਰ ਸਿੰਘ ਚੀਮਾ, ਤਰਸੇਮ ਸਿੰਘ, ਰਾਜਿੰਦਰਪਾਲ ਸਿੰਘ, ਅਨੋਖ ਸਿੰਘ, ਗੁਰਨਾਮ ਸਿੰਘ ਟਿੱਕਾ, ਪਰਮਿੰਦਰ ਸਿੰਘ, ਪ੍ਰੀਤਮ ਸਿੰਘ ਜੋਗਾ ਨੰਗਲ, ਇੰਦਰਜੀਤ ਸਿੰਘ**

**ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਕੈਲੀਫੋਰਨੀਆ**

Advt.


# ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਅੰਮ੍ਰਿਤਸਰ ਵਾਲੀ ਫੇਰੀ ਬੇਨਤੀਜਾ ਰਹੀ

**ਅੰਮ੍ਰਿਤਸਰ :** ਕੈਨੇਡਾ ਦੇ ਪ੍ਰਧਾਨ ਮੰਤਰੀ ਦਾ ਮੁੱਢ ਵਿਚ ਦੱਖਣ ਭਾਰਤ ਵਿਚ ਆਉਣ ਦਾ ਪ੍ਰੋਗਰਾਮ ਸੀ ਪਰ ਕੈਨੇਡੀਅਨ ਪੰਜਾਬੀਆਂ ਵਲੋਂ ਲਗਾਤਾਰ ਜ਼ੋਰ ਪਾਉਣ ਤੋਂ ਬਾਅਦ ਉਨ੍ਹਾਂ ਨੇ ਬਾਅਦ ਵਿਚ ਪੰਜਾਬ ਅਤੇ ਸਿੱਖਾਂ ਦੇ ਧਾਰਮਿਕ ਤੌਰ 'ਤੇ ਮਹੱਤਵਪੂਰਨ ਸ਼ਹਿਰ ਅੰਮ੍ਰਿਤਸਰ ਵੀ ਆਉਣ ਦਾ ਪ੍ਰੋਗਰਾਮ ਬਣਾ ਲਿਆ। ਉਨ੍ਹਾਂ ਦੀ ਆਮਦ ਨੂੰ ਵੇਖਦਿਆਂ ਪੰਜਾਬ ਦੇ ਆਮ ਲੋਕਾਂ ਨੂੰ ਬਹੁਤ ਸਾਰੀਆਂ ਉਮੀਦਾਂ ਸਨ ਪਰ ਮੌਜੂਦਾ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਬਿਨਾਂ ਕਿਸੇ ਸਾਰਥਿਕ ਸਮਝੌਤੇ ਜਾਂ ਗੱਲਬਾਤ ਦੇ ਹੀ ਕੈਨੇਡੀਅਨ ਪ੍ਰਧਾਨ ਮੰਤਰੀ ਨੂੰ ਵਿਦਾ ਕਰ ਦਿੱਤਾ। ਪੰਜਾਬ ਸਰਕਾਰ ਦੀ ਇਕੋ ਇਕ ਪ੍ਰਾਪਤੀ ਫੋਕੀ ਬਿਆਨਬਾਜ਼ੀ ਅਤੇ ਅੰਮ੍ਰਿਤਸਰ ਫੇਰੀ ਦੌਰਾਨ ਆਪਣੇ ਜਾਲ-ਸਾਜ਼ ਲੀਡਰਾਂ ਦੀ ਹਊਮੈ ਭਰੀ ਨੁਮਾਇਸ਼ ਰਹੀ। ਕੈਨੇਡੀਅਨ ਪ੍ਰਧਾਨ ਮੰਤਰੀ ਨੇ ਭਾਵੇਂ ਆਪਣੇ ਤੌਰ 'ਤੇ ਪੰਜਾਬ ਨੂੰ ਖੇਤੀ ਆਧਾਰਤ ਸਨਅਤਾਂ ਦੀ ਉਸਾਰੀ ਵਿਚ ਮੱਦਦ ਕਰਨ ਦੀ ਗੱਲ ਕਹੀ ਪਰ ਪੰਜਾਬ ਸਰਕਾਰ ਵਲੋਂ ਇਸ ਕਿਸਮ ਦੀ ਕੋਈ ਸਾਰਥਕ ਗੱਲਬਾਤ ਕੈਨੇਡੀਅਨ ਪ੍ਰਧਾਨ ਮੰਤਰੀ ਨਾਲ ਅੱਗੇ ਨਾ ਤੋਰੀ ਗਈ। ਕੁੱਲ ਮਿਲਾ ਕੇ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਪੰਜਾਬੀਆਂ ਵਲੋਂ ਸਾਰਾ ਜ਼ੋਰ ਲਾ ਕੇ ਆਯੋਜਿਤ ਕੀਤੀ ਗਈ ਇਹ ਫੇਰੀ ਅਸਫਲ ਰਹੀ ਅਤੇ ਕੈਨੇਡੀਅਨ ਸਿਆਸਤਦਾਨ ਗੁਰਮੰਤ ਗਰੇਵਾਲ ਦੇ ਸ਼ਬਦਾਂ ਵਿਚ ਇਸ ਫੇਰੀ ਦੀ ਸਿਰਫ ਇਹੋ ਮਹਾਨਤਾ ਸੀ ਕਿ ਪ੍ਰਧਾਨ ਮੰਤਰੀ ਅੰਮ੍ਰਿਤਸਰ ਆਏ ਅਤੇ ਅੰਮ੍ਰਿਤਸਰ ਸਿੱਖਾਂ ਦਾ ਪ੍ਰਮੁਖ ਧਾਰਮਿਕ ਸਥਾਨ ਹੈ।

ਪੰਜਾਬੀ ਬੇਹੱਦ ਮਿਹਨਤੀ ਹਨ ਅਤੇ ਕੈਨੇਡਾ ਦੀ ਖੁਸ਼ਹਾਲੀ ਵਿਚ ਪੰਜਾਬੀਆਂ ਦਾ ਅਹਿਮ ਯੋਗਦਾਨ ਹੈ। ਪੰਜਾਬੀਆਂ ਨੇ ਕੈਨੇਡਾ ਵਿਚ ਸਾਡੇ ਮੋਢੇ ਨਾਲ ਮੋਢਾ ਲਗਾ ਕੇ ਮਿਹਨਤ ਕੀਤੀ ਅਤੇ ਦੇਸ਼ ਨੂੰ ਆਰਥਕ ਪੱਖੋਂ ਮਜ਼ਬੂਤ ਬਣਾਇਆ। ਇਸ ਗੱਲ ਦਾ ਪ੍ਰਗਟਾਵਾ ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫ਼ਨ ਹਾਰਪਰ ਨੇ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਕੀਤਾ। ਪ੍ਰਧਾਨ ਮੰਤਰੀ ਸ੍ਰੀ ਹਾਰਪਰ ਨੇ ਭਰੋਸਾ ਦਿੰਦਿਆਂ ਕਿਹਾ ਕਿ ਉਹ ਪੰਜਾਬ ਸਰਕਾਰ ਨਾਲ ਐਗਰੋ-ਆਧਾਰਤ ਉਦਯੋਗ ਨੂੰ ਉਤਸਾਹਤ ਕਰਨਗੇ। ਉਨ੍ਹਾਂ ਨਾਲ ਕੈਨੇਡਾ ਦੀ ਪਾਰਲੀਮੈਂਟ ਦੇ ਪੰਜ ਪੰਜਾਬੀ ਸੰਸਦ ਮੈਂਬਰ ਟਿਮ ਉਪਲ, ਨੀਨਾ ਗਰੇਵਾਲ, ਦਵਿੰਦਰ ਸ਼ੋਰੀ, ਉਬਰਾਏ ਅਤੇ ਵਰਿੰਦਰ ਆਹਲੂਵਾਲੀਆ ਤੋਂ ਇਲਾਵਾ ਪੈਟ੍ਰਿਕ ਬਰਾਊਨ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਗੁਰਮੀਤ ਗਰੇਵਾਲ ਵੀ ਮੌਜੂਦ ਸਨ। ਤੈਅ ਪ੍ਰੋਗਰਾਮ ਤੋਂ ਕੁੱਝ ਦੇਰ ਨਾਲ ਦਰਬਾਰ ਸਾਹਿਬ ਪੁੱਜੇ ਸ੍ਰੀ ਹਾਰਪਰ ਨਾਲ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ, ਸਥਾਨਕ ਸਰਕਾਰਾਂ ਬਾਰੇ ਮੰਤਰੀ ਸ੍ਰੀ ਮਨੋਰੰਜਨ ਕਾਲੀਆ ਮੌਜੂਦ ਰਹੇ। ਕੈਨੇਡੀਆਈ ਪ੍ਰਧਾਨ ਮੰਤਰੀ ਨੇ ਅਕਾਲੀ ਲੀਡਰਾਂ ਵਲੋਂ ਤੈਅ ਕੀਤੇ ਤਰੀਕੇ ਤੋਂ ਉਲਟ ਜਾਂਦਿਆਂ ਦਰਬਾਰ ਸਾਹਿਬ ਦੀ ਪ੍ਰਕਰਮਾ ਕੀਤੀ। ਸਭ ਤੋਂ ਪਹਿਲਾਂ ਸ੍ਰੀ ਹਾਰਪਰ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਖੇ ਗਏ ਜਿਥੇ ਉਨ੍ਹਾਂ ਲੰਗਰ ਪ੍ਰੰਪਰਾ ਦੀ ਜਾਣਕਾਰੀ ਪ੍ਰਾਪਤ ਕੀਤੀ। ਦਰਬਾਰ ਸਾਹਿਬ ਦੀ ਪ੍ਰਕਰਮਾ ਕਰਦੇ ਹੋਏ ਸ੍ਰੀ ਹਾਰਪਰ ਸਚਖੰਡ ਪੁੱਜੇ ਜਿਥੇ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਨੇ ਉਨ੍ਹਾਂ ਨੂੰ ਸਿਰੋਪਾ ਤੇ ਫੁੱਲਾਂ ਦਾ ਹਾਰ ਦੇ ਕੇ ਸਨਮਾਨਤ ਕੀਤਾ। ਮੱਥਾ ਟੇਕਣ ਤੋਂ ਬਾਅਦ ਸ੍ਰੀ ਹਾਰਪਰ ਸੂਚਨਾ ਕੇਂਦਰ ਗਏ ਜਿਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੇ ਸਟੀਫ਼ਨ ਹਾਰਪਰ ਨੂੰ ਸਿਰੋਪਾ, ਦੁਸ਼ਾਲਾ, ਸ੍ਰੀ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਭੇਟ ਕਰ ਕੇ ਸਨਮਾਨਤ ਕੀਤਾ। ਸ੍ਰੀ ਹਾਰਪਰ ਦੇ ਨਾਲ ਮੌਜੂਦ ਸੰਸਦ ਮੈਂਬਰਾਂ ਨੂੰ ਵੀ ਸ. ਮੱਕੜ ਨੇ ਸਿਰੋਪੇ ਤੇ ਸ੍ਰੀ ਦਰਬਾਰ ਸਾਹਿਬ ਦੀਆਂ ਸੁੰਦਰ ਤਸਵੀਰਾਂ ਦੇ ਕੇ ਸਨਮਾਨਤ ਕੀਤਾ। ਇਸ ਦੌਰਾਨ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਸ੍ਰੀ ਟਿਮ ਉਪਲ ਨੇ ਕਿਹਾ ਕਿ ਕੈਨੇਡਾ ਵਿਚ ਵਸਦੇ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਪ੍ਰਧਾਨ ਮੰਤਰੀ ਸ੍ਰੀ ਹਾਰਪਰ ਇਕ ਸ਼ਰਧਾਲੂ ਵਜੋਂ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਲਈ ਆਏ ਹਨ। ਕੁੱਝ ਜਥੇਬੰਦੀਆਂ ਵਲੋਂ ਕਾਮਾਗਾਟਾ ਮਾਰੂ ਘਟਨਾ ਲਈ ਸ੍ਰੀ ਹਾਰਪਰ ਤੋਂ ਮੁਆਫ਼ੀ ਬਾਰੇ ਪੁੱਛੇ ਜਾਣ 'ਤੇ ਸ੍ਰੀ ਉਪਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੋ ਸਾਲ ਪਹਿਲਾਂ ਸਰੀ ਵਿਖੇ ਗ਼ਦਰੀ ਬਾਬਿਆਂ ਦੇ ਮੇਲੇ 'ਚ ਇਸ ਘਟਨਾ 'ਤੇ ਮੁਆਫ਼ੀ ਮੰਗ ਚੁਕੇ ਹਨ।ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਵਿਚ ਸਿੱਖ ਸੰਸਦ ਮੈਂਬਰਾਂ ਦਾ ਪੂਰਾ ਮਾਣ-ਸਨਮਾਨ ਤੇ ਵੱਡਾ ਰੋਲ ਹੈ। ਪੰਜਾਬੀ ਨੌਜਵਾਨਾਂ ਨੂੰ ਕੈਨੇਡਾ ਦੇ ਵੀਜ਼ੇ ਲਈ ਦਰਪੇਸ਼ ਮੁਸ਼ਕਲਾਂ ਬਾਰੇ ਸ੍ਰੀ ਉਪਲ ਨੇ ਕਿਹਾ ਕਿ ਵੀਜ਼ਾ ਸਬੰਧੀ ਮੁਸ਼ਕਲਾਂ ਇਕੱਲੇ ਪੰਜਾਬੀਆਂ ਨੂੰ ਹੀ ਨਹੀਂ, ਸਭ ਨੂੰ ਆਉਂਦੀਆਂ ਹਨ। ਕਈ ਵਾਰ ਗ਼ਲਤ ਸਲਾਹ ਦੇਣ ਵਾਲੀਆਂ ਇਮੀਗ੍ਰੇਸ਼ਨ ਏਜੰਸੀਆਂ ਵੀ ਗ਼ੈਰ ਜ਼ਿੰਮੇਵਾਰਾਨਾ ਢੰਗ ਨਾਲ ਕੰਮ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਅਸੀਂ ਵੀਜ਼ਾ ਸ਼ਰਤਾਂ ਨੂੰ ਕੁਝ ਢਿੱਲਾ ਕੀਤਾ ਜਾ ਰਿਹਾ ਹੈ।

ਕੈਨੇਡਾ ਤੇ ਭਾਰਤ ਵਿਚਾਲੇ ਉਦਯੋਗ ਸਬੰਧੀ ਸ੍ਰੀ ਉਪਲ ਨੇ ਕਿਹਾ, ''ਅਸੀਂ ਦੋਹਾਂ ਦੇਸ਼ਾਂ ਵਿਚ ਉਦਯੋਗ ਵਧਾਉਣ ਲਈ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਕੁੱਝ ਸਮਝੌਤਿਆਂ 'ਤੇ ਦਸਤਖ਼ਤ ਵੀ ਕੀਤੇ ਹਨ। ਟਿਮ ਉਪਲ ਨੇ ਸਵੀਕਾਰ ਕੀਤਾ ਕਿ ਪ੍ਰਧਾਨ ਮੰਤਰੀ ਸਟੀਫ਼ਨ ਹਾਰਪਰ ਦੀ ਯਾਤਰਾ ਨਾਲ ਸਿੱਖ ਵੋਟਰ ਪ੍ਰਭਾਵਤ ਹੋਣਗੇ।'' ਕੈਨੇਡਾ ਪਾਰਲੀਮੈਂਟ ਦੇ ਸਾਬਕਾ ਐਮ.ਪੀ. ਗੁਰਮੰਤ ਸਿੰਘ ਗਰੇਵਾਲ ਨੇ ਕਿਹਾ ਕਿ ਸਿੱਖ ਕੌਮ ਲਈ ਮਾਣ ਦੀ ਗੱਲ ਹੈ ਕਿ ਬੜੇ ਹੀ ਸਤਿਕਾਰ ਨਾਲ ਪ੍ਰਧਾਨ ਮੰਤਰੀ ਦਰਬਾਰ ਸਾਹਿਬ ਆਏ ਹਨ। ਉਨ੍ਹਾਂ ਕਿਹਾ ਕਿ ਅੱਜ ਦਾ ਦਿਨ ਕੈਨੇਡਾ ਵਿਚ ਵਸਦੇ ਸਿੱਖਾਂ ਲਈ ਬੇਹੱਦ ਅਹਿਮ ਹੈ ਕਿਉਂਕਿ ਉਥੋਂ ਦੇ ਪ੍ਰਧਾਨ ਮੰਤਰੀ ਇਕ ਸ਼ਰਧਾਲੂ ਵਜੋਂ ਸਿੱਖਾਂ ਦੇ ਕੇਂਦਰੀ ਅਸਥਾਨ 'ਤੇ ਸਿਰ ਝੁਕਾਉਣ ਲਈ ਪੁੱਜੇ ਹਨ।

ਇਸ ਦੌਰਾਨ ਸਿੱਖ ਜਥੇਬੰਦੀਆਂ ਨੇ ਇਥੇ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫ਼ਨ ਹਾਰਪਰ ਨੂੰ ਅਪੀਲ ਕੀਤੀ ਕਿ ਉਹ ਫ਼ਰਾਂਸ ਵਿਚ ਦਸਤਾਰ ਵਿਰੁਧ ਲਗਾਈ ਪਾਬੰਦੀ ਦਾ ਮਾਮਲਾ ਸੰਯੁਕਤ ਰਾਸ਼ਟਰ ਅਤੇ ਵਿਸ਼ਵ ਦੇ ਹੋਰ ਵੱਡੇ ਸੰਗਠਨਾਂ ਕੋਲ ਚੁਕਣ। ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਪੁੱਜੇ ਸ੍ਰੀ ਹਾਰਪਰ ਨੂੰ ਦਸਤਾਰ ਬਾਰੇ ਇਕ ਪੱਤਰ ਦੇਣ ਤੋਂ ਬਾਅਦ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਅਵਾਤਰ ਸਿੰਘ ਮੱਕੜ ਨੇ ਕਿਹਾ, ''ਕੈਨੇਡਾ ਸਿੱਖਾਂ ਦੇ ਘਰ ਵਾਂਗ ਹੈ ਜਿਥੇ 100 ਸਾਲ ਤੋਂ ਜ਼ਿਆਦਾ ਸਮੇਂ ਤੋਂ ਸਿੱਖ ਵਸਦੇ ਆ ਰਹੇ ਹਨ। ਇਸ ਲਈ ਪ੍ਰਧਾਨ ਮੰਤਰੀ ਸ੍ਰੀ ਹਾਰਪਰ ਅਪੀਲ ਕੀਤੀ ਹੈ ਕਿ ਉਹ ਸਾਡਾ ਮਾਮਲਾ ਸੰਯੁਕਤ ਰਾਸ਼ਟਰ ਅਤੇ ਹੋਰ ਵੱਡੇ ਸੰਗਠਨਾਂ ਕੋਲ ਮਜ਼ਬੂਤੀ ਨਾਲ ਚੁਕਣ।''




*ਸੁਖਬੀਰ ਬਾਦਲ ਤੇ ਮਨੋਰੰਜਨ ਕਾਲੀਆ ਨਾਲ ਕੈਨੇਡੀਅਨ ਪ੍ਰਧਾਨ ਮੰਤਰੀ, ਪੱਤਰਕਾਰਾਂ ਨਾਲ ਉਲਝਦੇ ਸ਼੍ਰੋਮਣੀ ਕਮੇਟੀ ਦੇ ਸੁਰੱਖਿਆ ਮੁਲਾਜ਼ਮ।*

## ਟੰਡਨ ਨੇ ਫਿਰ ਮਾਰੀ ਮੁੱਖ ਮੰਤਰੀ ਨੂੰ ਘੂਰਕੀ



**ਚੰਡੀਗੜ੍ਹ :** ਬਿਜਲੀ ਰੈਗੂਲੇਟਰੀ ਕਮਿਸ਼ਨਰ ਵਲੋਂ ਢਾਈ ਮਹੀਨੇ ਪਹਿਲਾਂ ਪੰਜਾਬ ਬਿਜਲੀ ਬੋਰਡ ਨੂੰ ਬਿਜਲੀ ਦਰਾਂ 'ਚ ਵਾਧੇ ਦੀ ਹਦਾਇਤ ਤੋਂ ਖ਼ਫ਼ਾ ਹੋਈ ਗਠਜੋੜ ਸਰਕਾਰ ਦੀ ਭਾਈਵਾਲ ਬੀ.ਜੇ.ਪੀ. ਨੇ ਮੁੱਖ ਮੰਤਰੀ ਦੀ ਪੋਲੀ-ਪੋਲੀ ਨੁਕਤਾਚੀਨੀ ਕੀਤੀ ਹੈ। ਸ੍ਰੀ ਬਲਰਾਮਜੀ ਦਾਸ ਟੰਡਨ ਨੇ ਦੁਖੀ ਹਿਰਦੇ ਨਾਲ ਕਿਹਾ ਕਿ ਘਰੇਲੂ ਤੇ ਉਦਯੋਗਕ ਖੇਤਰ ਦੇ ਖਪਤਕਾਰ ਵਧੀਆਂ ਹੋਈਆਂ ਦਰਾਂ ਨਾਲ ਬਿਜਲੀ ਬਿੱਲ ਪ੍ਰਾਪਤ ਕਰੀ ਜਾ ਰਹੇ ਹਨ, ਜਿਸ ਨਾਲ ਇਨ੍ਹਾਂ ਅੰਦਰ ਨਰਾਜ਼ਗੀ ਪਾਈ ਜਾਂਦੀ ਹੈ ਅਤੇ ਉਹ ਅਕਾਲੀ-ਬੀ.ਜੇ.ਪੀ. ਸਰਕਾਰ ਨੂੰ ਦਿਨ-ਰਾਤ ਕੋਸ ਰਹੇ ਹਨ। ਟੰਡਨ ਨੇ ਕਿਹਾ ਕਿ ਸੁਖਬੀਰ ਬਾਦਲ ਤੇ ਮਨੋਰੰਜਨ ਕਾਲੀਆ ਦੀ ਦੋ ਮੈਂਬਰੀ ਕਮੇਟੀ ਬੇਅਸਰ ਸਿੱਧ ਹੋਈ ਹੈ। ਇਸ ਨੇ ਇਕ ਦੋ ਵਾਰ ਚਾਹ ਪਾਣੀ ਦੀਆਂ ਬੈਠਕਾਂ ਕਰ ਕੇ ਮਹਿਜ਼ ਲਿੱਪਾ-ਪੋਚੀ ਕੀਤੀ ਹੈ ਅਤੇ ਅਸਲੀ ਮੁੱਦਾ ਅੱਖੋਂ ਉਹਲੇ ਕਰ ਦਿਤਾ ਹੈ। ਸ੍ਰੀ ਟੰਡਨ ਨੇ ਤਾੜਨਾ ਕੀਤੀ ਕਿ ਜੇ ਅਗਲੇ ਮਹੀਨੇ ਦਸੰਬਰ 'ਚ ਵੀ ਵਧੇ ਹੋਏ ਬਿਜਲੀ ਰੇਟਾਂ ਵਾਲੇ ਬਿੱਲ ਦੁਕਾਨਦਾਰਾਂ, ਘਰੇਲੂ ਖਪਤਕਾਰਾਂ, ਕਾਰਖਾਨੇਦਾਰਾਂ ਨੂੰ ਆਏ ਤਾਂ ਸਾਡੀ ਪਾਰਟੀ ਦਾ ਗੁੱਸਾ ਹੋਰ ਵਧ ਜਾਏਗਾ ਜਿਸ ਦਾ ਖਮਿਆਜ਼ਾ ਅਕਾਲੀਆਂ ਨੂੰ ਭੁਗਤਣਾ ਪਵੇਗਾ।















DRIVERS
COMTRAK
LOGISTICS
LEASING: INTERMODAL OWNER OPERATORS
10% Incentive Pay On ALL Weekly Compensation for Zero Down Payment
• CARB Compliance Truck Program Available.
• Trade In for a Compliant Truck
• Zero Down Payment
• Easy & Affordable with No Credit Hassles!
• Excellent Rate & FSC
• Paid On LD & Empty Miles
• 75% Drop & Hook
• Fleet Fuel & Tire Discounts
• 1 Year Tractor Trailer Experience with Class A CDL Required
Call For Details Today
209-323-9806
BE HOME DAILY & MAKE $$$$
www.comtrakinc.com

## ਡੇਰਾ ਮੁਖੀ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ 'ਚ ਪੇਸ਼



**ਸਿਰਸਾ:** ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਡੇਰੇ ਦੇ ਸਾਬਕਾ ਸ਼ਰਧਾਲੂ ਰਣਜੀਤ ਸਿੰਘ ਕਤਲ ਕਾਂਡ ਦੇ ਮਾਮਲੇ ਵਿਚ ਲੰਘੀ 20 ਨਵੰਬਰ ਸ਼ਾਮ ਨੂੰ ਪੰਜ ਵਜੇ ਅੰਬਾਲਾ ਦੀ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਦੇ ਜੱਜ ਸਾਹਮਣੇ ਸਿਰਸਾ ਦੀ ਅਦਾਲਤ ਵਿਚ ਵੀਡਿਓ ਕਾਨਫਰੰਸੀ ਰਾਹੀਂ ਪੇਸ਼ ਹੋਇਆ। ਡੇਰਾ ਮੁਖੀ ਦਰਜਨਾਂ ਗੱਡੀਆਂ ਦੇ ਲੰਮੇ ਲਾਮ ਲਸ਼ਕਰ ਨਾਲ ਅਦਾਲਤ 'ਚ ਆਇਆ। ਖਬਰ ਲਿਖੇ ਜਾਣ ਤੱਕ ਅਦਾਲਤੀ ਕਾਰਵਾਈ ਜਾਰੀ ਸੀ। ਭਾਵੇਂ ਡੇਰਾ ਮੁਖੀ ਨੂੰ ਹਰਿਆਣਾ ਸਰਕਾਰ ਵੱਲੋਂ ਜ਼ੈਡ ਪਲਸ ਸੁਰੱਖਿਆ ਮੁਹੱਈਆ ਕਰਵਾਈ ਹੋਈ ਹੈ ਅਤੇ ਇਸ ਦੇ ਨਾਲ ਹੀ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਡੇਰਾ ਮੁਖੀ ਦੀ ਸੁਰੱਖਿਆ ਦੇ ਸਖਤ ਇੰਤਜ਼ਾਮ ਕੀਤੇ ਗਏ ਸਨ।

## ਪੰਜਾਬਣ ਦੀ ਹੱਤਿਆ ਸਬੰਧੀ ਪਤੀ ਸਮੇਤ 6 ਜਣੇ ਗ੍ਰਿਫਤਾਰ

**ਲੰਡਨ:** ਬਰਤਾਨਵੀ ਪੰਜਾਬਣ ਮੁਟਿਆਰ ਦੀ ਮੌਤ ਦੇ ਸਬੰਧ 'ਚ ਪੁਲੀਸ ਨੇ ਭਾਰਤ 'ਚ ਜੰਮੇ ਉਹਦੇ ਪਤੀ ਨੂੰ ਗ੍ਰਿਫਤਾਰ ਕੀਤਾ ਹੈ। ਗੀਤਾ ਔਲਖ ਨਾਂ ਦੀ ਇਸ ਮੁਟਿਆਰ ਦੀ ਬੀਤੇ ਦਿਨੀਂ ਮੌਤ ਹੋ ਗਈ ਸੀ। ਉਹ ਲੰਡਨ ਸਬਅਰਬ 'ਚ ਸੜਕ ਤੇ ਜ਼ਖਮੀ ਹਾਲਤ 'ਚ ਪਈ ਮਿਲੀ ਸੀ। ਉਹਦਾ ਹੱਥ ਕੱਟਿਆ ਹੋਇਆ ਸੀ। ਬਰਤਾਨੀਆ ਦੇ ਸਭ ਤੋਂ ਵੱਡੇ ਏਸ਼ੀਆਈ ਰੇਡੀਓ ਸਟੇਸ਼ਨ ਸਨਰਾਈਜ਼ ਰੇਡੀਓ 'ਤੇ ਰਿਸੈਪਸ਼ਨਿਸਟ ਵਜੋਂ ਕੰਮ ਕਰਦੀ ਗੀਤਾ ਨੂੰ 17 ਨਵੰਬਰ ਨੂੰ ਇਕ ਰਾਹਗੀਰ ਨੇ ਸੜਕ ਤੇ ਪਈ ਨੂੰ ਦੇਖਿਆ ਸੀ, ਉਹ ਪੱਛਮੀ ਲੰਡਨ ਦੇ ਨਾਲ ਪੈਂਦੇ ਗਰੀਨਫੋਰਡ 'ਚ ਸੜਕ ਤੇ ਪਈ ਮਿਲੀ ਸੀ। ਪੁਲੀਸ ਅਨੁਸਾਰ ਹਸਪਤਾਲ ਜਾ ਕੇ ਉਹਦੀ ਮੌਤ ਹੋ ਗਈ ਸੀ।

ਤਫਤੀਸ਼ਕਾਰਾਂ ਦਾ ਮੰਨਣਾ ਹੈ ਕਿ 17 ਨਵੰਬਰ ਦੀ ਸ਼ਾਮ ਨੂੰ ਜਦੋਂ ਉਹ ਕੰਮ ਤੋਂ ਛੁੱਟੀ ਕਰਕੇ ਅੱਠ ਤੇ ਨੌਂ ਸਾਲ ਦੇ ਆਪਣੇ ਬੱਚਿਆਂ ਨੂੰ ਲੈ ਜਾਣ ਜਾ ਰਹੀ ਸੀ ਤਾਂ ਉਦੋਂ ਹੀ ਉਹਦੇ ਤੇ ਹਮਲਾ ਹੋਇਆ ਹੋਵੇਗਾ। ਉਹਦੇ ਪਤੀ ਸਮੇਤ ਛੇ ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਗਿਆ ਹੈ।

## ਚੌਟਾਲਾ ਵਲੋਂ ਮੁੱਖ ਮੰਤਰੀ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ

**ਚੰਡੀਗੜ੍ਹ :** ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਭਤੀਜੇ ਹਰਦੀਪ ਸਿੰਘ ਪੁੱਤਰ ਨੰਬਰਦਾਰ ਕੁਲਦੀਪ ਸਿੰਘ, ਮੁੱਖ ਮੰਤਰੀ ਦੇ ਨੇੜਲੇ ਰਿਸ਼ਤੇਦਾਰ ਵਿਪਿਨ ਅਹਿਲਾਵਤ ਅਤੇ ਮੁੱਖ ਮੰਤਰੀ ਦੇ ਜੱਦੀ ਪਿੰਡ ਸਾਂਘੀ ਦੇ ਰਹਿਣ ਵਾਲੇ ਤੇ ਮੁੱਖ ਮੰਤਰੀ ਦੇ ਨਜ਼ਦੀਕੀ ਦੀਪਕ ਸਾਂਘੀ ਨੂੰ ਹਰਿਆਣਾ ਪੁਲਿਸ 'ਚ ਮੁੱਖ ਮੰਤਰੀ ਦੇ ਕਹਿਣ 'ਤੇ ਇੰਸਪੈਕਟਰ ਭਰਤੀ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਇੰਸਪੈਕਟਰ ਵਜੋਂ ਭਰਤੀ ਕੀਤੇ ਜਾ ਰਹੇ ਮੁੱਖ ਮੰਤਰੀ ਦੇ ਚਹੇਤਿਆਂ ਦੀ ਪੂਰੀ ਸੂਚੀ ਵੀ ਜਲਦੀ ਜਾਰੀ ਕੀਤੀ ਜਾਵੇਗੀ। ਇਹ ਦੋਸ਼ ਬੀਤੇ ਦਿਨੀਂ ਇਥੇ ਇਕ ਪ੍ਰੈਸ ਕਾਨਫਰੰਸ ਦੌਰਾਨ ਇਨੈਲੋ ਦੇ ਜਨਰਲ ਸਕੱਤਰ ਤੇ ਡੱਬਵਾਲੀ ਤੋਂ ਵਿਧਾਇਕ ਅਜੇ ਸਿੰਘ ਚੌਟਾਲਾ ਨੇ ਹੁੱਡਾ ਸਰਕਾਰ 'ਤੇ ਲਗਾਏ। ਸ੍ਰੀ ਚੌਟਾਲਾ ਨੇ ਵਧਦੀ ਮਹਿੰਗਾਈ, ਸਰਕਾਰੀ ਭ੍ਰਿਸ਼ਟਾਚਾਰ, ਵਿਧਾਇਕਾਂ ਦੀ ਖਰੀਦੋ-ਫਰੋਖਤ ਤੇ ਰਾਜ ਨਾਲ ਜੁੜੇ ਸਾਰੇ ਭੱਖਦੇ ਮੁੱਦਿਆਂ 'ਤੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ। ਉਨ੍ਹਾਂ ਮੁੱਖ ਮੰਤਰੀ ਤੋਂ ਤੁਰੰਤ ਖੁੱਲ੍ਹੀ ਬਹਿਸ ਲਈ ਸਮਾਂ ਤੇ ਸਥਾਨ ਨਿਸ਼ਚਿਤ ਕਰਨ ਦੀ ਮੰਗ ਕੀਤੀ। ਸ੍ਰੀ ਚੌਟਾਲਾ ਨੇ ਕਿਹਾ ਕਿ ਨੈਤਿਕਤਾ ਦੀਆਂ ਗੱਲਾਂ ਕਰਨ ਵਾਲੀ ਕਾਂਗਰਸ ਪਾਰਟੀ ਨੇ ਸਾਰੀਆਂ ਨੈਤਿਕ ਤੇ ਲੋਕਤੰਤਰਿਕ ਮਰਿਆਦਾਵਾਂ ਤੋੜਦੇ ਹੋਏ ਨਾ ਸਿਰਫ਼ ਦਲ ਬਦਲ ਰਾਹੀਂ ਸੱਤਾ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ, ਬਲਕਿ ਵਿਧਾਇਕਾਂ ਦੀ ਖਰੀਦੋ-ਫਰੋਖਤ ਕਰਕੇ ਹਰਿਆਣਾ ਦਾ ਨਾਂ ਵੀ ਕਲੰਕਤ ਕੀਤਾ ਹੈ।



ਉਨ੍ਹਾਂ ਕਿਹਾ ਕਿ ਹੁੱਡਾ ਸਰਕਾਰ ਨੇ 9 ਮੁੱਖ ਸੰਸਦੀ ਸਕੱਤਰ ਬਣਾਏ ਤੇ ਇਨ੍ਹਾਂ ਨੂੰ ਮੰਤਰੀ ਪੱਧਰ ਦੀਆਂ ਸਹੂਲਤਾਂ ਦਿੱਤੀਆਂ ਗਈਆਂ ਤਾਂ ਕਿ ਦਲ ਬਦਲ ਦੇ ਸਹਾਰੇ ਬਣਾਈ ਸਰਕਾਰ ਨੂੰ ਬਚਾਇਆ ਜਾ ਸਕੇ। ਇਹ ਕਾਨੂੰਨ ਤੇ ਸੰਵਿਧਾਨ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਹਜਕਾ ਦੇ ਜਿਨ੍ਹਾਂ 5 ਵਿਧਾਇਕਾਂ ਨੂੰ ਕਾਂਗਰਸ 'ਚ ਸ਼ਾਮਲ ਕੀਤਾ ਗਿਆ, ਉਨ੍ਹਾਂ ਨੂੰ ਵੀ ਮੋਟੀ ਰਕਮ ਤੇ ਕੈਬਨਿਟ ਮੰਤਰੀ ਬਣਾਉਣ ਦਾ ਲਾਲਚ ਦਿੱਤਾ ਗਿਆ। ਉਨ੍ਹਾਂ ਮੰਗ ਕੀਤੀ ਕਿ ਸਪੀਕਰ ਨੇ ਦਲ ਬਦਲ ਕਾਨੂੰਨ ਤਹਿਤ ਮਾਰਚ 1991 'ਚ ਜਿਸ ਆਧਾਰ 'ਤੇ ਜਨਤਾ ਦਲ ਦੇ ਤਿੰਨ ਵਿਧਾਇਕਾਂ ਦੀ ਮੈਂਬਰਸ਼ਿਪ ਰੱਦ ਕੀਤੀ ਸੀ, ਅੱਜ ਉਸੇ ਆਧਾਰ 'ਤੇ ਦਲ ਬਦਲਣ ਵਾਲੇ ਹਜਕਾ ਦੇ 5 ਵਿਧਾਇਕਾਂ ਦੀ ਮੈਂਬਰਸ਼ਿਪ ਵੀ ਰੱਦ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਇਸ ਸਬੰਧ ਵਿਚ ਸਪੀਕਰ ਤੋਂ ਲੈ ਕੇ ਕੋਰਟ ਤੱਕ ਹਰ ਥਾਂ ਕਾਨੂੰਨੀ ਲੜਾਈ ਲੜੇਗੀ।

## ਬਿਜਲੀ, ਪਾਣੀ 'ਤੇ ਪੰਜਾਬ-ਹਰਿਆਣਾ ਆਹਮੋ ਸਾਹਮਣੇ

**ਚੰਡੀਗੜ੍ਹ:** ਸਤਲੁਜ ਯਮਨਾ ਲਿੰਕ ਨਹਿਰ ਵਿਵਾਦ ਅਜੇ ਸੁਪਰੀਮ ਕੋਰਟ 'ਚ ਵਿਚਾਰ ਅਧੀਨ ਹੈ। ਪ੍ਰੰਤੂ ਇਸੇ ਦੌਰਾਨ ਸ਼ਾਹਪੁਰ ਕੰਡੀ ਤੇ ਥੀਨ ਡੈਮ ਪ੍ਰੋਜੈਕਟ ਤੇ ਹਰਿਆਣਾ ਵਲੋਂ ਕੀਤੇ ਗਏ ਬਿਜਲੀ ਪਾਣੀ ਦੀ ਹਿੱਸੇਦਾਰੀ ਦੇ ਦਾਅਵੇ ਤੋਂ ਬਾਅਦ ਇਕ ਵਾਰ ਫਿਰ ਦੋਵੇਂ ਰਾਜ ਆਹਮੋ ਸਾਹਮਣੇ ਹਨ।

ਪੰਜਾਬ ਨੇ ਹਰਿਆਣਾ ਦੇ ਦਾਅਵੇ ਨੂੰ ਪੂਰੀ ਤਰ੍ਹਾਂ ਠੁਕਰਾਉਂਦਿਆਂ ਕਿਹਾ ਕਿ ਇਸਦਾ ਕੋਈ ਅਧਾਰ ਨਹੀਂ। ਵਰਨਣਯੋਗ ਹੈ ਕਿ ਪਿਛਲੇ ਦਿਨੀਂ ਹਰਿਆਣਾ ਦੇ ਬਿਜਲੀ ਮੰਤਰੀ ਕੈਪਟਨ ਅਜੇ ਯਾਦਵ ਵਲੋਂ ਜਲ ਸਰੋਤ ਬਾਰੇ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ ਨਾਲ ਮੁਲਾਕਾਤ ਕਰਕੇ ਪੰਜਾਬ 'ਚ ਬਣਨ ਵਾਲੇ ਸ਼ਾਹਪੁਰਕੰਡੀ ਪ੍ਰੋਜੈਕਟ 'ਚੋਂ ਬਿਜਲੀ ਤੇ ਪਾਣੀ ਮੰਗਣ ਤੋਂ ਇਲਾਵਾ ਥੀਨ ਡੈਮ ਪ੍ਰੋਜੈਕਟ 'ਚ ਵੀ ਆਪਣੀ ਹਿੱਸੇਦਾਰੀ ਦਾ ਦਾਅਵਾ ਜਤਾਇਆ ਹੈ। ਹਰਿਆਣਾ ਦੇ ਦਾਅਵੇ ਦੇ ਸਬੰਧ 'ਚ ਪੰਜਾਬ ਦੇ ਸਿੰਚਾਈ ਮੰਤਰੀ ਜਨਮੇਜਾ ਸਿੰਘ ਸੇਖੋਂ ਵਲੋਂ ਤਿੱਖੀ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਕਿਹਾ ਕਿ ਪਹਿਲਾਂ ਵੀ ਕੇਂਦਰ ਵਲੋਂ ਪਾਣੀਆਂ ਦੇ ਮਾਮਲੇ 'ਚ ਪੰਜਾਬ ਨਾਲ ਧੱਕੇ ਕੀਤੇ ਜਾਂਦੇ ਰਹੇ ਹਨ ਤੇ ਹੁਣ ਫਿਰ ਹਰਿਆਣਾ ਰਾਹੀਂ ਇਕ ਹੋਰ ਵਿਵਾਦ ਖੜ੍ਹਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਹਰਿਆਣੇ ਦੇ ਦਾਅਵੇ ਨੂੰ ਪੂਰੀ ਤਰ੍ਹਾਂ ਠੁਕਰਾਉਂਦਿਆਂ ਕਿਹਾ ਕਿ ਸ਼ਾਹਪੁਰ ਕੰਡੀ ਤੇ ਥੀਨ ਡੈਮ ਪ੍ਰੋਜੈਕਟਾਂ ਨਾਲ ਇਸ ਦਾ ਕਿਸੇ ਤਰ੍ਹਾਂ ਦਾ ਸਬੰਧ ਨਹੀਂ ਹ।

ਉਨ੍ਹਾਂ ਹਰਿਆਣਾ ਦੇ ਸਿੰਚਾਈ ਮੰਤਰੀ ਯਾਦਵ ਦੀ ਇਸ ਗੱਲ ਨੂੰ ਵੀ ਗਲਤ ਦੱਸਿਆ ਕਿ ਇਸ ਸਬੰਧੀ ਪੰਜਾਬ ਵਲੋਂ ਹਰਿਆਣਾ ਨੂੰ ਕਦੇ ਕੋਈ ਭਰੋਸਾ ਦਿੱਤਾ ਗਿਆ ਸੀ। ਸੇਖੋਂ ਨੇ ਕਿਹਾ ਕਿ ਹਰਿਆਣਾ ਵਲੋਂ ਕੀਤੇ ਗਏ ਦਾਅਵੇ ਦਾ ਹੋਰ ਢੁਕਵਾਂ ਜਵਾਬ ਦੇਣ ਲਈ ਉਹ ਚੰਡੀਗੜ੍ਹ ਪਹੁੰਚ ਕੇ ਮੁੱਖ ਮੰਤਰੀ ਨਾਲ ਬੈਠਕ ਕਰਕੇ ਅਗਲੀ ਰਣਨੀਤੀ ਬਣਾਉਣਗੇ ਤਾਂ ਜੋ ਪੰਜਾਬ ਦੇ ਬਿਜਲੀ ਤੇ ਪਾਣੀ ਨੂੰ ਖੋਹਣ ਵਾਲੇ ਕਿਸੇ ਹੋਰ ਹਮਲੇ ਨੂੰ ਸਮੇਂ ਸਿਰ ਰੋਕਿਆ ਜਾ ਸਕੇ।

## 'ਛੱਡ ਪੱਗ ਪੁੱਗ ਬੰਨ੍ਹਣੀ' ਗੀਤ ਨੇ ਭੜਕਾਈਆਂ ਭਾਵਨਾਵਾਂ

**ਪਟਿਆਲਾ :** 'ਛੱਡ ਪੱਗ ਪੁਗ ਬੰਨ੍ਹਣੀ, ਐਵੇਂ ਪੇਂਡੂ ਜਿਹਾ ਨਾ ਬਣ ਕੇ ਆਇਆ ਕਰ' ਗੀਤ ਨੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਹੈ। ਇਹ ਪ੍ਰਗਟਾਵਾ ਕਰਦਿਆਂ ਸਟੂਡੈਂਟਸ ਫ਼ੈਡਰੇਸ਼ਨ ਆਫ਼ ਪੰਜਾਬ ਦੇ ਜਨਰਲ ਸਕੱਤਰ ਸ. ਜਗਜੀਤ ਸਿੰਘ ਪੰਜੋਲੀ ਅਤੇ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਗੁਰਜੀਤ ਸਿੰਘ ਸਨੌਰੀ ਨੇ ਇਥੇ ਡਿਪਟੀ ਕਮਿਸ਼ਨਰ ਨੂੰ ਮੰਗ-ਪੱਤਰ ਦਿਤਾ ਅਤੇ ਕੈਸਿਟ ਵਿਰੁਧ ਪਾਬੰਦੀ ਲਗਾਉਣ ਦੀ ਮੰਗ ਕੀਤੀ। ਮੰਗ-ਪੱਤਰ ਵਿਚ ਗੀਤ ਨੂੰ ਗਾਉਣ ਵਾਲੀ ਗਾਇਕ ਜੋੜੀ ਨੂੰ ਸਿੱਖਾਂ ਤੋਂ ਮੁਆਫ਼ੀ ਮੰਗਵਾਉਣ ਲਈ ਵੀ ਕਿਹਾ ਗਿਆ ਹੈ। ਵਿਦਿਆਰਥੀ ਜਥੇਬੰਦੀ ਨੇ 'ਗ਼ਜ਼ਨੀ ਕੱਟ' ਕੈਸਿਟ ਜਿਸ ਵਿਚ ਬਾਬੂ ਚੰਡੀਗੜ੍ਹੀਆ ਅਤੇ ਸੁਦੇਸ਼ ਕੁਮਾਰੀ ਦੇ ਗੀਤ ਹਨ, ਵਿਰੁਧ ਤਿਖਾ ਵਿਰੋਧ ਕਰਦਿਆਂ ਤੁਰਤ ਪਾਬੰਦੀ ਲਾਉਣ ਦੀ ਮੰਗ ਕੀਤੀ। ਫ਼ਾਈਨਟਚ ਕੰਪਨੀ ਵਲੋਂ ਰਿਲੀਜ਼ ਕੀਤੀ ਗਈ ਇਸ ਕੈਸਿਟ ਦਾ ਵਿਰੋਧ ਕਰਨ ਲਈ ਇਕੱਠੇ ਹੋਏ ਵਿਦਿਆਰਥੀਆਂ ਨੇ ਕਿਹਾ, ''ਅਜਿਹੇ ਗੀਤ ਸਿੱਖਾਂ ਦੀ ਸ਼ਾਨ ਦਸਤਾਰ 'ਤੇ ਸਿੱਧਾ ਹਮਲਾ ਹਨ।''

## ਸਾਧ ਨੇ ਭੈਣ ਕਹਿ ਕੇ ਜਾਨ ਛੁਡਾਈ

**ਰਈਆ:** ਸਬ ਡਵੀਜ਼ਨ ਬਾਬਾ ਬਕਾਲਾ ਦੇ ਪਿੰਡ ਖਾਨਪੁਰ ਵਿਖੇ ਇਕ ਸਾਧ ਵਲੋਂ ਅਪਣੇ ਡੇਰੇ ਤੇ ਚੌਕੀ ਭਰਨ ਆਉਂਦੀ ਬੀਬੀ ਨਾਲ ਅਸ਼ਲੀਲ ਹਰਕਤਾਂ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਸੇਵਾਦਾਰਾਂ ਨੇ ਸਾਧ ਦੀ ਦੁਕਾਨ ਬੰਦ ਕਰਵਾ ਕੇ ਉਸ ਤੋਂ ਮਾਫ਼ੀ ਮੰਗਵਾਈ। ਇਸ ਸਬੰਧੀ ਪੀੜਤ ਔਰਤ ਨੇ ਦਸਿਆ ਕਿ ਉਹ ਅਪਣੇ ਇਲਾਜ ਵਾਸਤੇ ਪਿਛਲੇ ਛੇ ਮਹੀਨੇ ਤੋਂ ਅਪਣੇ ਪਤੀ ਨੂੰ ਨਾਲ ਲੈ ਕੇ, ਪਿੰਡ ਖਾਨਪੁਰ ਵਿਖੇ ਅਪਣੇ ਘਰ ਵਿਚ ਡੇਰਾ ਚਲਾ ਰਹੇ ਹਰਨਾਮ ਸਿੰਘ ਕੋਲ ਆਉਂਦੀ ਸੀ। ਇਸ ਦੌਰਾਨ ਉਸ ਦੇ ਪਤੀ ਨੂੰ ਜਲੰਧਰ ਵਿਖੇ ਗ੍ਰੰਥੀ ਦੀ ਡਿਊਟੀ ਮਿਲ ਗਈ। 5 ਨਵੰਬਰ ਨੂੰ ਜਦੋਂ ਉਹ ਚੌਕੀ ਭਰਨ ਗਈ ਤਾਂ ਸਾਧ ਨੇ ਉਸ ਨੂੰ ਉਸ ਨੂੰ ਇਕੱਲੀ ਨੂੰ ਹੀ ਨਹਿਰ ਦੇ ਨਾਲ ਲਗਦੇ ਉਜਾੜ ਰਸਤੇ ਵਿਚ ਲਿਜਾ ਕੇ, ਅਸ਼ਲੀਲ ਹਰਕਤਾਂ ਕਰਨਦੀ ਕੋਸ਼ਿਸ਼ ਕੀਤੀ । ਥਾਣੇ ਰਿਪੋਰਟ ਦਰਜ ਕਰਵਾਉਣ ਬਾਅਦ ਦੋਵਾਂ ਪਿੰਡਾਂ ਦੇ ਪਤਵੰਤਿਆਂ ਦੀ ਹਾਜ਼ਰੀ ਵਿਚ ਉਕਤ ਸਾਧ ਨੇ ਪੀੜਤ ਔਰਤ ਦੇ ਪੈਰਾਂ ਵਿਚ ਡਿੱਗ ਕੇ ਮਾਫ਼ੀ ਮੰਗੀ ਤੇ ਭੈਣ ਕਹਿ ਕੇ ਖਹਿੜਾ ਛੁਡਾਇਆ। ਧੋਖੇ ਨਾਲ ਲਏ ਹੋਏ 15 ਹਜ਼ਾਰ ਰੁਪਏ ਵੀ ਵਾਪਸ ਕਰਵਾਏ।

North American Truck Stop

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!



ਕੈਰੀਅਰ ਥਰਮੋਕਿੰਗ ਐਂਡ
ਕੈਰੀਅਰ ਯੂਨਿਟ
ਇੰਜਣ ਇਥੇ ਸਸਤੇ ਭਾਅ
ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ

909-350-3310, 909-697-5808
balwindernats@yahoo.com
14320 Slover Ave., Fontana, CA 92337

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

***Law Offices Of Jaspreet Singh***

*37-18, 73 Street, Suite 401*
*(Near Subzi Mandi)*
*Jackson Hts, NY-11372*
***Ph:718-533-8444***
*Fax: 718-533-8460*

*44790 S. Grimmer*
*Blvd. #204*
*Fremont CA-94538*
***Ph:510-657-6444***
*Fax: 510-657-6443*

*2945 W. Capitol Ave,*
*Sacramento CA-95691*
***Ph: 916-372-4448***
*Fax: 916-372-4440*

Reliable and Experienced
Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

REALTY WORLD
Millennium

Gurbans Gill 209-815-1869

# ਦਸਮ ਗ੍ਰੰਥ ਨੂੰ ਮਾਨਤਾ ਦੇਣ ਦਾ ਮਸਲਾ ਤੇ ਰਾਗੀ ਪ੍ਰੋ. ਦਰਸ਼ਨ ਸਿੰਘ

–ਜਤਿੰਦਰ ਪਨੂੰ

ਪ੍ਰੋਫੈਸਰ ਦਰਸ਼ਨ ਸਿੰਘ ਸਿੱਖਾਂ ਦੇ ਉਚ ਧਾਰਮਿਕ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਹਨ। ਜਥੇਦਾਰ ਹੁੰਦਿਆਂ ਇਹ ਸਾਰੇ ਕੁਝ ਹੋਰ ਬੋਲਦੇ ਰਹੇ ਹਨ, 'ਸਾਬਕਾ' ਬਣਨ ਮਗਰੋਂ ਕੁਝ ਹੋਰ ਬੋਲਣ ਤੋਂ ਨਹੀਂ ਝਿਜਕਦੇ। ਦੂਜੀ ਗੱਲ ਇਹ ਕਿ ਇਹਨਾਂ ਸਾਰੇ ਸਾਬਕਾ ਜਥੇਦਾਰਾਂ ਨੂੰ ਇਕੱਠੇ ਬਿਠਾ ਲਿਆ ਜਾਵੇ ਤਾਂ ਸਿਵਾਏ 'ਬੋਲੇ ਸੋ ਨਿਹਾਲ' ਦੇ ਜੈਕਾਰੇ ਤੋਂ, ਹੋਰ ਕਿਸੇ ਗੱਲ ਬਾਰੇ ਇਨ੍ਹਾਂ ਦੀ ਆਪਸੀ ਸਹਿਮਤੀ ਵੀ ਨਹੀਂ, ਤੇ ਸ਼ਾਇਦ ਹੁਣ ਵਾਲੇ 'ਪੰਜ ਸਿੰਘ ਸਾਹਿਬਾਨ' ਦੀ ਆਪੋ ਵਿਚ ਕੋਈ ਸੁਰ ਨਹੀਂ ਮਿਲਦੀ, ਉਹ ਸਿੱਖਾਂ ਨੂੰ ਕੀ ਸੇਧ ਦੇ ਸਕਦੇ ਹਨ, ਇਹ ਗੱਲ ਕਹਿਣ ਦੀ ਵੀ ਹੁਣ ਲੋੜ ਨਹੀਂ।

ਬੀਤੀ ਸਤਾਰਾਂ ਨਵੰਬਰ ਨੂੰ ਪੰਜ ਸਿੰਘ ਸਾਹਿਬਾਨ ਨੇ ਮਤਾ ਨੰਬਰ ਦਸ ਰਾਹੀਂ ਸਾਬਕਾ ਜਥੇਦਾਰ ਪ੍ਰੋਫੈਸਰ ਦਰਸ਼ਨ ਸਿੰਘ ਨੂੰ ਹੁਕਮ ਦਿੱਤਾ ਹੈ ਕਿ ''ਦਸਮ ਪਿਤਾ ਬਾਰੇ ਬੋਲੇ ਗਏ ਕੂੜ-ਕੁਫਰ ਪ੍ਰਚਾਰ ਸੰਬੰਧੀ ਸਪੱਸ਼ਟੀਕਰਨ'' ਦੇਣ। ਪ੍ਰੋਫੈਸਰ ਦਰਸ਼ਨ ਸਿੰਘ ਨੇ ਪੇਸ਼ ਹੋਣ ਦੀ ਸਹਿਮਤੀ ਦਿੰਦੇ ਹੋਏ ਅਗੋਂ ਇਹ ਕਹਿ ਦਿੱਤਾ ਹੈ ਕਿ ਇਸ ਮੁੱਦੇ ਉੱਤੇ ਸਪੱਸ਼ਟੀਕਰਨ ਬੰਦ ਕਮਰੇ ਵਿਚ ਨਹੀਂ ਦਿਤਾ ਜਾ ਸਕਦਾ, ਸਿੱਖ ਸੰਗਤ ਦੇ ਖੁੱਲ੍ਹੇ ਇਕੱਠ ਵਿਚ ਚਰਚਾ ਹੋਣੀ ਚਾਹੀਦੀ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਉਨ੍ਹਾਂ ਦੀ ਇਹ ਗੱਲ ਰੱਦ ਕਰ ਕੇ ਇਹ ਪੈਂਤੜਾ ਮੱਲ ਲਿਆ ਹੈ ਕਿ ਸੰਗਤ ਸਾਹਮਣੇ ਤਾਂ ਸਿਰਫ ਫੈਸਲਾ ਹੀ ਸੁਣਾਇਆ ਜਾਵੇਗਾ, ਬਹਿਸ ਉਂਜ ਹੀ ਬੰਦ ਕਮਰੇ ਵਿਚ ਹੋਵੇਗੀ, ਜਿਵੇਂ ਪ੍ਰੋਫੈਸਰ ਦਰਸ਼ਨ ਸਿੰਘ ਦੇ ਜਥੇਦਾਰ ਹੋਣ ਸਮੇਂ ਹੋਇਆ ਕਰਦੀ ਸੀ। ਬੰਦ ਕਮਰੇ ਵਿਚ ਹੋਈਆਂ ਮੀਟਿੰਗਾਂ ਨੇ ਕਈ ਵਿਵਾਦ ਪਹਿਲਾਂ ਹੀ ਖੜ੍ਹੇ ਕੀਤੇ ਹੋਏ ਹਨ। ਉਘੇ ਵਿਦਵਾਨ ਡਾਕਟਰ ਪਿਆਰ ਸਿੰਘ ਨੂੰ ਬੰਦ ਕਮਰੇ 'ਚ ਸੱਦ ਕੇ ਉਹਦੀ ਗੱਲ ਵੀ ਨਾ ਸੁਣੀ ਗਈ ਤੇ ਬਾਹਰ ਲਿਜਾ ਕੇ ਉਹਨੂੰ ਉਸਦਾ ਕਸੂਰ ਦੱਸੇ ਬਿਨਾਂ ਤਨਖਾਹ ਲਾ ਦਿੱਤੀ ਗਈ ਸੀ। ਇਸਦੇ ਉਲਟ ਸਿੱਖ ਵਿਦਵਾਨ ਅਮਰਜੀਤ ਸਿੰਘ ਗਰੇਵਾਲ ਨਾਲ ਲੋਕਾਂ ਸਾਹਮਣੇ ਪੂਰੇ ਦਿਨ ਦੀ ਖੁੱਲ੍ਹੀ ਬਹਿਸ ਉਸਨੂੰ ਸੱਦਣ ਵਾਲਿਆਂ ਲਈ ਘਾਟੇਬੰਦੀ ਵਾਲਾ ਸੌਦਾ ਰਹੀ ਸੀ ਤੇ ਗਰੇਵਾਲ ਬਿਨਾਂ ਕੋਈ ਸਜ਼ਾ ਲਵਾਏ ਉਠ ਕੇ ਆ ਗਿਆ ਸੀ। ਹੁਣ ਵੀ ਸੱਚ ਸਾਹਮਣੇ ਲਿਆਉਣ ਲਈ ਜੇ ਖੁੱਲ੍ਹੀ ਬਹਿਸ ਹੋਣ ਦਿੱਤੀ ਜਾਵੇ ਤਾਂ ਜ਼ਿਆਦਾ ਚੰਗਾ ਰਹੇਗਾ, ਪਰ ਇਸਦੀ ਸੰਭਾਵਨਾ ਕੋਈ ਨਹੀਂ।

ਜਿੱਥੋਂ ਤੱਕ ਸਪੱਸ਼ਟੀਕਰਨ ਦੀਆਂ ਪੇਸ਼ੀਆਂ ਲਈ ਸੱਦਣ ਦਾ ਸੰਬੰਧ ਹੈ, ਪਿਛਲੇ ਜਥੇਦਾਰਾਂ ਵਾਂਗ ਹੁਣ ਦੇ ਜਥੇਦਾਰ ਦਾ ਢੰਗ ਵੀ ਮੌਕੇ ਦੀ ਰਾਜਸੀ ਲੀਡਰਸ਼ਿਪ ਨੂੰ ਖੁਸ਼ ਰੱਖਣ ਵਾਲਾ ਹੀ ਜਾਪਦਾ ਹੈ। ਜੇ ਅਜਿਹਾ ਨਾ ਹੁੰਦਾ ਤਾਂ ਕਈ ਹੋਰ ਗੰਭੀਰ ਸ਼ਿਕਾਇਤਾਂ ਦੱਬੀਆਂ ਨਹੀਂ ਸਨ ਰਹਿਣੀਆਂ ਤੇ ਬਾਦਲ ਧੜੇ ਦੇ ਵਿਰੋਧੀ ਚੁਣ ਚੁਣ ਕੇ ਸੱਦੇ ਨਹੀਂ ਸਨ ਜਾਣੇ।

ਜੋ ਵੀ ਹੋਵੇ, ਮਸਲਾ ਬੜਾ ਅਹਿਮ ਹੈ, ਜਿਸ ਬਾਰੇ ਇਸ ਵਾਰ ਪੇਸ਼ੀ ਦੀ ਤਰੀਕ ਮਿੱਥੀ ਗਈ ਹੈ। ਇਸ ਦੀ ਅਹਿਮੀਅਤ ਸਿਰਫ ਸਿੱਖਾਂ ਲਈ ਨਹੀਂ, ਸਮੁੱਚੇ ਪੰਜਾਬੀਆਂ ਲਈ ਹੈ, ਕਿਉਂਕਿ ਪ੍ਰੋਫੈਸਰ ਦਰਸ਼ਨ ਸਿੰਘ ਦੀ ਪੇਸ਼ੀ ਸਿਰਫ ਚਰਿਤਰੋਪਾਖਿਆਨ ਦੇ ਤਿੰਨ ਕਾਂਡਾਂ ਦੀ ਚੀਰ ਫਾੜ ਤੱਕ ਸੀਮਤ ਨਹੀਂ ਰਹਿਣੀ, ਇਸ ਗ੍ਰੰਥ ਨੂੰ ਮਾਨਤਾ ਦੇਣ ਜਾਂ ਨਾ ਦੇਣ ਦੇ ਵਿਵਾਦ ਵਿਚ ਵੀ ਉਲਝਣੀ ਹੈ। ਪ੍ਰੋਫੈਸਰ ਦਰਸ਼ਨ ਸਿੰਘ ਨੇ ਅਮਰੀਕਾ ਦੇ ਛੋਟੇ ਜਿਹੇ ਸ਼ਹਿਰ ਰੋਚੈਸਟਰ ਦੇ ਗੁਰਦੁਆਰੇ ਵਿਚ ਤਕਰੀਰ ਕਰਦਿਆਂ ਜਿਹੜੀ ਕਥਾ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜ ਕੇ ਕੀਤੀ, ਉਹ ਅਸਲ ਵਿਚ ਦਸਮ ਗ੍ਰੰਥ ਨੂੰ ਗੁਰੂ ਸਾਹਿਬ ਦੀ ਰਚਨਾ ਮੰਨਣ ਦੇ ਵਿਰੋਧ ਲਈ ਕੀਤੀ ਸੀ, ਪਰ ਤੱਥਾਂ ਦੀ ਪੂਰੀ ਹਾਥ ਨਾ ਹੋਣ ਕਰਕੇ ਉਹ ਉਲਟਾ ਫਸ ਗਏ ਨਜ਼ਰ ਆਉਂਦੇ ਹਨ।

ਹਥਲਾ ਲੇਖ ਲਿਖਣ ਤੋਂ ਪਹਿਲਾਂ ਇਸ ਲੇਖਕ ਨੇ ਪ੍ਰੋਫੈਸਰ ਦਰਸ਼ਨ ਸਿੰਘ ਨਾਲ ਇਸ ਬਾਰੇ ਫੋਨ ਉੱਤੇ ਗੱਲ ਕੀਤੀ ਤਾਂ ਉਨ੍ਹਾਂ ਨੇ ਆਪਣੀ ਗੱਲ ਲਈ ਚਰਿਤਰੋਪਾਖਿਆਨ ਦੇ ਇੱਕੀਵੇਂ, ਬਾਈਵੇਂ ਅਤੇ ਤੇਈਵੇਂ ਕਾਂਡ ਨੂੰ ਆਧਾਰ ਦੱਸਿਆ, ਜੋ ਦਸਮ ਗ੍ਰੰਥ ਦੇ ਸਫਾ 838 ਤੋਂ 844 ਤੱਕ ਜਾਂਦਾ ਹੈ। ਉਨ੍ਹਾਂ ਵਲੋਂ ਸੁਣਾਈ ਗਈ ਕਥਾ ਦਾ ਸਾਰ ਇਹਨਾਂ ਤਿੰਨਾਂ ਕਾਂਡਾਂ ਦੀ ਕਹਾਣੀ ਨਾਲ ਤਾਂ ਮਿਲਦਾ ਹੈ। ਉਹ ਕਿਸੇ ਰਾਜੇ ਬਾਰੇ ਹੈ, ਜਿਹੜਾ ਵੇਸਵਾ ਕੋਲੋਂ ਆਪਣੀ ਆਚਰਣਕ ਪ੍ਰਪੱਕਤਾ ਕਾਰਨ ਬਚ ਕੇ ਨਿਕਲ ਆਉਂਦਾ ਹੈ, ਪਰ ਉਹ ਕਾਂਡ ਕਿਸੇ ਤਰ੍ਹਾਂ ਵੀ ਗੁਰੂ ਗੋਬਿੰਦ ਸਿੰਘ ਜੀ ਨਾਲ ਨਹੀਂ ਜੁੜਦਾ। ਕਹਾਣੀ ਵਿਚ ਕਿਸੇ ਥਾਂ 'ਸਿੱਖ' ਸ਼ਬਦ ਦਾ ਆ ਜਾਣਾ ਜਾਂ ਸਤਲੁਜ ਨਦੀ ਕੰਢੇ 'ਅਨੰਦਪੁਰ' ਨਾਂਅ ਦੇ ਪਿੰਡ ਦਾ ਜ਼ਿਕਰ ਕਿਸੇ ਵੀ ਰਾਜੇ ਬਾਰੇ ਹੋ ਸਕਦਾ ਹੈ, ਗੁਰੂ ਸਾਹਿਬ ਬਾਰੇ ਹੋਣ ਦੀ ਕੋਈ ਪੱਕੀ ਧਾਰਨਾ ਬਿਲਕੁਲ ਨਹੀਂ ਬਣ ਸਕਦੀ। ਫਿਰ ਇਹ ਕਹਾਣੀਆਂ ਉਂਜ ਵੀ ਬੀਤੇ ਸਮੇਂ ਵਿਚ ਇਕ ਵਜ਼ੀਰ ਵਲੋਂ ਆਪਣੇ ਰਾਜੇ ਨੂੰ ਸੁਣਾਈਆਂ ਕਹਿ ਕੇ ਦਸਮ ਗ੍ਰੰਥ ਵਿਚ ਦਰਜ ਕੀਤੀਆਂ ਗਈਆਂ ਹਨ। ਜੇ ਉਹ ਪਿਛਲੇ ਸਮੇਂ ਦੀਆਂ ਹਨ ਤਾਂ 'ਦਸਮ ਗ੍ਰੰਥ' ਨੂੰ ਦਸਵੇਂ ਗੁਰੂ ਦੀ ਰਚਨਾ ਮੰਨਦਿਆਂ ਇਹਨਾਂ ਨੂੰ ਉਸ ਤੋਂ ਵੀ ਪਹਿਲੇ ਸਮੇਂ ਦੀਆਂ ਮੰਨਣਾ ਪਵੇਗਾ, ਗੁਰੂ ਸਾਹਿਬ ਦੀਆਂ ਨਹੀਂ ਬਣ ਜਾਣਗੀਆਂ। ਇਸ ਕਰਕੇ ਪ੍ਰੋਫੈਸਰ ਦਰਸ਼ਨ ਸਿੰਘ ਦੀ ਕਥਾ ਦੀ ਕਚਿਆਈ ਛੇਤੀ ਹੀ ਜ਼ਾਹਰ ਹੋ ਜਾਂਦੀ ਹੈ।

ਦੂਜੇ ਪਾਸੇ ਇਸ ਨਾਲੋਂ ਵੱਡਾ ਸਵਾਲ ਇਹ ਖੜਾ ਹੋ ਜਾਂਦਾ ਹੈ ਕਿ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਮੰਨਣ ਜਾਂ ਨਾ ਮੰਨਣ ਦਾ ਨਿਬੇੜਾ ਕੌਣ ਤੇ ਕਦੋਂ ਕਰੇਗਾ? ਕਈ ਚਿਰਾਂ ਤੋਂ ਇਸ ਬਾਰੇ ਬਹਿਸ ਚਲ ਰਹੀ ਹੈ, ਪਰ ਕਿਸੇ ਸਿਰੇ ਹੀ ਨਹੀਂ ਲੱਗ ਰਹੀ। ਸਿੱਖਾਂ ਦੀ ਅਰਦਾਸ ਵਿਚ ਪੰਜ ਤਖ਼ਤਾਂ ਦਾ ਜ਼ਿਕਰ ਕੀਤਾ ਜਾਂਦਾ ਹੈ, ਪਰ ਪੰਜਾਂ ਤਖ਼ਤਾਂ ਦੇ ਜਥੇਦਾਰਾਂ ਦੀ ਇਸ ਬਾਰੇ ਇਕਸੁਰਤਾ ਨਹੀਂ। ਤਿੰਨ ਤਖ਼ਤਾਂ ਉੱਤੇ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਪਾਠ ਕੀਤਾ ਜਾਂਦਾ ਹੈ, ਜਿਹੜੇ ਪੰਜਾਬ ਵਿਚ ਹਨ। ਪਰ ਪੰਜਾਬੋਂ ਬਾਹਰਲੇ ਦੋਵੇਂ ਤਖ਼ਤਾਂ, ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਲ ਨਾਲ ਦਸਮ ਗ੍ਰੰਥ ਦਾ ਵੀ ਪ੍ਰਕਾਸ਼ ਤੇ ਪਾਠ ਕੀਤਾ ਜਾਂਦਾ ਹੈ। ਲੰਮਾ ਸਮਾਂ ਪੰਜਾਬ ਦੇ ਤਿੰਨਾਂ ਤਖ਼ਤਾਂ ਦੇ ਜਥੇਦਾਰ ਆਪਣੇ ਨਾਲ ਦੋ ਗ੍ਰੰਥੀ ਸਿੰਘ ਬਿਠਾ ਕੇ 'ਪੰਜ ਸਿੰਘ ਸਾਹਿਬਾਨ' ਵਜੋਂ ਹੁਕਮਨਾਮੇ ਜਾਰੀ ਕਰਦੇ ਰਹੇ ਸਨ। ਪਿੱਛੇ ਜਿਹੇ ਗਿਆਨੀ ਜੁਗਿੰਦਰ ਸਿੰਘ ਵੇਦਾਂਤੀ ਨੇ ਪੰਜਾਬੋਂ ਬਾਹਰਲੇ ਦੋਵੇਂ ਜਥੇਦਾਰ ਵੀ ਨਾਲ ਸੱਦਣੇ ਸ਼ੁਰੂ ਕੀਤੇ, ਪਰ ਉਨ੍ਹਾਂ ਨਾਲ ਬਹੁਤਾ ਚਿਰ ਨਿਭ ਨਹੀਂ ਸੀ ਸਕੀ। ਹਾਲੇ ਕੁਝ ਹਫਤੇ ਪਹਿਲਾਂ ਜਦੋਂ ਇਕ ਮੀਟਿੰਗ ਸੱਦੀ ਗਈ ਤਾਂ ਪਟਨਾ ਸਾਹਿਬ ਦਾ ਜਥੇਦਾਰ ਸੱਦੇ ਤੋਂ ਬਿਨਾਂ ਹੀ ਆ ਗਿਆ ਸੀ, ਪਰ ਉਸਦਾ ਆਏ ਦਾ ਮਾਣ ਵੀ ਨਾ ਰੱਖਿਆ ਗਿਆ ਤੇ ਸੇਵਾਦਾਰਾਂ ਨੂੰ ਅੱਗੇ ਖੜੇ ਕਰ ਕੇ ਅਕਾਲ ਤਖ਼ਤ ਦੇ ਦਰਵਾਜ਼ੇ ਤੋਂ ਮੋੜ ਦਿੱਤਾ ਗਿਆ ਸੀ। ਇੱਕ ਵਾਰੀ ਹਜ਼ੂਰ ਸਾਹਿਬ ਦੇ ਜਥੇਦਾਰ ਨੂੰ ਅੰਮ੍ਰਿਤਸਰ ਹਰਮੰਦਰ ਸਾਹਿਬ ਆਏ ਨੂੰ ਸਰਾਂ ਦਾ ਕਮਰਾ ਦੇਣ ਤੋਂ ਵੀ ਨਾਂਹ ਕਰ ਦਿੱਤੀ ਗਈ ਸੀ।

ਮਤਭੇਦ ਭਾਵੇਂ ਧਾਰਮਿਕ ਨਾਲੋਂ ਰਾਜਸੀ ਵਧ ਹਨ, ਤੇ ਉਹ ਵੀ ਜਥੇਦਾਰਾਂ ਦੇ ਨਹੀਂ, ਸਗੋਂ ਜਥੇਦਾਰਾਂ ਦੀ ਸਰਪ੍ਰਸਤੀ ਕਰਦੇ ਰਾਜਨੀਤਕ ਆਗੂਆਂ ਦੇ ਹਨ, ਪਰ ਜਦੋਂ ਵੀ ਕੋਈ ਪੇਸ਼ੀ ਸੱਦਣੀ ਹੋਵੇ, ਮੁੱਦਾ ਧਾਰਮਿਕ ਹੀ ਬਣਾਇਆ ਜਾਂਦਾ ਹੈ।



ਇਸ ਵਾਰੀ ਪ੍ਰੋਫੈਸਰ ਦਰਸ਼ਨ ਸਿੰਘ ਦੇ ਮਾਮਲੇ ਵਿਚ ਵੀ ਇਹੋ ਕੁਝ ਹੋ ਰਿਹਾ ਹੈ। ਮੁੱਦਾ ਇੱਕ ਕਥਾ ਹੈ ਜਾਂ ਉਸ ਕਥਾ ਦੇ ਕਥਿਤ ਹਵਾਲੇ ਵਾਲਾ ਦਸਮ ਗ੍ਰੰਥ ਹੈ। ਇਸ ਲੇਖਕ ਦੇ ਕੋਲ ਕਈ ਧਾਰਮਿਕ ਪੁਰਸ਼ਾਂ ਨੇ ਮੰਨਿਆ ਹੈ ਕਿ ਉਨ੍ਹਾਂ ਨੇ ਦਸਮ ਗ੍ਰੰਥ ਕਦੇ ਪੜ੍ਹਿਆ ਹੀ ਨਹੀਂ, ਸਿਰਫ਼ ਸੁਣੇ-ਸੁਣਾਏ ਦੇ ਆਧਾਰ 'ਤੇ ਬਹਿਸ ਕਰਦੇ ਹਨ। ਅਸੀਂ ਧਾਰਮਿਕ ਹਸਤੀਆਂ ਵਾਂਗ ਸੁਣੇ-ਸੁਣਾਏ ਦੇ ਆਧਾਰ 'ਤੇ ਬਹਿਸ ਕਰਨ ਵਾਲੇ ਨਹੀਂ, ਖ਼ੁਦ ਇਸ ਗ੍ਰੰਥ ਨੂੰ ਇਕ ਤੋਂ ਵਧ ਵਾਰੀ ਅੱਖਰ-ਅੱਖਰ ਪੜ੍ਹਿਆ ਹੋਇਆ ਹੈ। ਇਸ ਅਧਾਰ ਉੱਤੇ ਕਹਿ ਸਕਦੇ ਹਾਂ ਕਿ ਇਹ ਇਕ ਇਹੋ ਜਿਹਾ ਗ੍ਰੰਥ ਹੈ, ਜਿਸ ਨੂੰ ਮੁਕੰਮਲ ਮਾਨਤਾ ਵੀ ਨਹੀਂ ਦਿੱਤੀ ਜਾ ਸਕਦੀ ਤੇ ਇਸ ਨੂੰ ਇਕ-ਵਾਢਿਓਂ ਰੱਦ ਵੀ ਨਹੀਂ ਕੀਤਾ ਜਾ ਸਕਦਾ।

ਸ਼ੁਰੂ ਵਿਚ ਅਸੀਂ ਚਰਚਾ ਕਰਾਂਗੇ ਉਨ੍ਹਾਂ ਗੱਲਾਂ ਦੀ, ਜਿਨ੍ਹਾਂ ਕਾਰਨ ਇਸ ਗ੍ਰੰਥ ਨੂੰ ਦਸਵੇਂ ਗੁਰੂ ਦੀ ਰਚਨਾ ਤਾਂ ਕੀ, ਇਕ 'ਇਤਿਹਾਸਕ ਗ੍ਰੰਥ' ਵਜੋਂ ਮਾਨਤਾ ਦੇਣਾ ਵੀ ਔਖਾ ਹੈ।

ਪਹਿਲੀ ਗੱਲ ਇਹ ਕਿ ਇਸ ਗ੍ਰੰਥ ਦੇ ਦੂਜੇ ਭਾਗ ਵਿਚ ਚਰਿਤਰੋਪਾਖਿਆਨ ਤੇ ਖਾਤੇ ਵਿਚ ਉਹ ਕਹਾਣੀਆਂ ਦਰਜ ਹਨ, ਜਿਹੜੀਆਂ ਸਿਰੇ ਦੀਆਂ ਅਸ਼ਲੀਲ ਹਨ। ਉਨ੍ਹਾਂ ਵਿਚ ਇਸਤਰੀ-ਮਰਦ ਆਚਰਣਹੀਣਤਾ ਦੇ ਬਹੁਤ ਸਾਰੇ ਬੇਹੂਦਾ ਕਿੱਸੇ ਵੀ ਹਨ, ਮਰਦ ਅਤੇ ਮਰਦ ਦੇ ਸੰਬੰਧਾਂ ਵਾਲੇ ਕੁਝ ਕਿੱਸੇ ਵੀ। ਉਹ ਸਾਰਾ ਕੁਝ ਧਾਰਮਿਕ ਵੀ ਨਹੀਂ ਤੇ ਸਾਹਿਤਕ ਵੀ ਨਹੀਂ। ਠਰਕੀ ਕਿਸਮ ਦੀ ਮਾਨਸਿਕਤਾ ਵਾਲੇ ਉਹ ਕਿੱਸੇ ਗੁਰੂ ਸਾਹਿਬ ਵਰਗੇ ਵੱਡੇ ਵਿਦਵਾਨ ਅਤੇ ਸਰਬੰਸ ਦਾਨੀ ਦੀ ਲਿਖਤ ਮੰਨੇ ਹੀ ਨਹੀਂ ਜਾ ਸਕਦੇ।

ਬਹੁਤ ਸਾਰੀਆਂ ਮਿਸਾਲਾਂ ਹੋਰ ਵੀ ਹਨ, ਪਰ ਸਮਾਂ ਤੇ ਸਥਾਨ ਬਚਾਉਣ ਦੀ ਸੋਚ ਲਈ ਉਨ੍ਹਾਂ ਦੀ ਥਾਂ ਦਸਮ ਗ੍ਰੰਥ ਵਿਚ ਛਪੀ ਕ੍ਰਿਸ਼ਨ ਅਵਤਾਰ ਦੀ ਕਥਾ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜਿਸ ਵਿਚ ਵਾਰ-ਵਾਰ ਇਹ ਕਿਹਾ ਗਿਆ ਹੈ ਕਿ ਕ੍ਰਿਸ਼ਨ ਨੇ ਖਾਨ, ਪਠਾਣ ਤੇ ਸਈਦ ਜਾਂ ਮਲੇਛ ਮਾਰ ਦਿੱਤੇ ਸਨ। ਮਿਸਾਲ ਵਜੋਂ;

ਏਕ ਅਜਾਇਬ ਖਾਂ ਹਰਿ ਕੋ ਭਟਿਤ ਸੰਗ,
ਸੋ ਨ੍ਰਿਪ ਆਨਿ ਅਰਯੋ ਹੈ॥
ਭਾਜਤ ਨਾਹਿ ਹਠੀ ਰਣ ਤੇ ਅਨਗੇ
ਸਗਲੀ ਅਤਿ ਕੋਪ ਭਰਯੋ ਹੈ॥
ਲੈ ਕਰਿ ਵਾਰ ਪ੍ਰਹਾਰ ਕੀਯੋ,
ਕਟਿਯੋ ਇਹ ਸੀਸ ਕਬੰਧ ਲਰਯੋ ਹੈ॥
ਫੇਰ ਗਿਰਯੋ ਮਾਨੋ ਆਂਧੀ ਵਹੈ,
ਦਰੁਮ ਦੀਰਘ ਭੂ ਪਰਿ ਟੂਟ ਪਰਯੋ ਹੈ॥
(ਪੰਨਾ 408–09)
ਦੇਖ ਅਜਾਇਬ ਖਾਨ ਦਸ਼ਾ ਤਬ
ਗੈਰਤ ਖਾਂ ਮਨ ਰੋਸ ਭਰਯੋ॥(ਪੰਨਾ409)

ਇੰਜ ਪਹਿਲਾਂ ਅਜਾਇਬ ਖਾਂ ਨੂੰ ਕ੍ਰਿਸ਼ਨ ਤੋਂ ਮਰਵਾ ਕੇ ਫਿਰ ਗੈਰਤ ਖਾਂ ਦੇ ਲੜਨ ਤੇ ਮਰਨ ਦੀ ਕਹਾਣੀ ਚਲ ਪੈਂਦੀ ਹੈ। ਅੱਗੇ ਚਲ ਕੇ ਹੋਰ ਕਹਾਣੀ ਪੜ੍ਹ ਲਓ;

ਮੀਰ ਅਉ ਸਯਦ, ਸ਼ੇਖ, ਪਠਾਨ, ਸਭੈ,
ਤਿਹ ਭੂਪ ਕੇ ਊਪਰਿ ਧਾਏ॥(ਪੰਨਾ 458)
ਨਾਹਿਰ ਖਾਨ, ਝੜਾਝੜ ਖਾਂ,
ਬਲਬੀਰ ਬਹਾਦਰ ਖਾਨ ਤਬੈ॥
ਪੁਨ ਖਾਨ ਨਿਹੰਗ, ਭੜੰਗ, ਝੜੰਗ,
ਰੇ ਰਨ ਆਗੇ, ਡਰੇ ਨ ਕਬੈ॥(ਪੰਨਾ 459)
ਯਾਹਦ ਖਾਂ, ਜੱਬਰ ਖਾਨ,ਸੁਵਾਦ ਖਾਨ,
ਗਏ ਸੰਗ ਸੂਰੇ(ਪੰਨਾ–459)
ਵਾਹਦ ਖਾਂ, ਫਰਜੁਲਹਿ ਖਾਂ,
ਬਰਬੀਰ ਨਿਜਾਬਤ ਖਾਂ ਹਰਿ ਮਾਰਯੋ॥
ਜਾਹਦ ਖਾਂ, ਲਤਫੁੱਲਹ ਖਾਂ,
ਇਨਹੂੰ ਕਰ ਖੰਡਨ ਖੰਡਹਿ ਡਾਰਯੋ॥
ਹਿੰਮਤ ਖਾਂ, ਪੁਨ ਜਾਫਰ ਖਾਂ,
ਇਨਹੂੰ ਮੁਸਲੀ ਜੁ ਗਦਾ ਸਿਉਂ ਪ੍ਰਹਾਰਯੋ॥
ਐਸੇ ਸੁ ਜੀਤ ਭਈ ਪ੍ਰਭ ਕੀ, ਸਭ ਸੈਨ
ਮਲੇਛਨ ਕੋ ਇਮ ਮਾਰਯੋ॥(ਪੰਨਾ 497)

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਮਿਥਿਹਾਸਕ ਕਥਾ ਵਿਚ ਖਾਨ, ਸਈਦ, ਸ਼ੇਖ ਤੇ ਪਠਾਨ ਕਿੱਥੋਂ ਆ ਗਏ? ਇਸਲਾਮ ਦਾ ਆਗਾਜ਼ ਸੱਤਵੀਂ ਸਦੀ ਈਸਵੀ ਦੇ ਸ਼ੁਰੂ ਦਾ ਹੈ, ਜਦਕਿ ਕ੍ਰਿਸ਼ਨ ਦਾ ਜਨਮ ਈਸਾ ਤੋਂ ਵੀ 3238 ਸਾਲ ਪਹਿਲਾਂ ਦਾ ਮੰਨਿਆ ਗਿਆ ਹੈ। ਜਦੋਂ ਕ੍ਰਿਸ਼ਨ ਨੇ ਮਹਾਭਾਰਤ ਦਾ ਯੁੱਧ ਇਸਲਾਮ ਦੇ ਹੋਂਦ ਵਿਚ ਆਉਣ ਤੋਂ ਅਠੱਤੀ-ਉਨਤਾਲੀ ਸੌ ਸਾਲ ਪਹਿਲਾਂ ਲੜਿਆ ਸੀ, ਓਦੋਂ ਤਾਂ ਸ਼ੇਖ, ਪਠਾਣ, ਖਾਨ, ਫਰੀਦ ਹੁੰਦੇ ਹੀ ਨਹੀਂ ਸਨ। ਜਿਸ ਗ੍ਰੰਥ ਵਿਚ ਕ੍ਰਿਸ਼ਨ ਨੂੰ ਉਨ੍ਹਾਂ ਨਾਲ ਲੜਦੇ ਤੇ ਮਾਰਦੇ ਵਿਖਾਇਆ ਗਿਆ ਹੈ, ਉਸ ਦਾ ਲਿਖਾਰੀ ਦਸਵੇਂ ਗੁਰੂ ਸਾਹਿਬ ਨੂੰ ਮੰਨ ਕੇ ਉਨ੍ਹਾਂ ਦੀ ਸ਼ੋਭਾ ਕਿਵੇਂ ਵਧ ਜਾਵੇਗੀ?

ਹੁਣ ਆਈਏ ਇਸ ਗੱਲ ਵਲ ਕਿ ਤਰੁੱਟੀਆਂ ਜਿੰਨੀਆਂ ਮਰਜ਼ੀ ਹੋਣ, ਸਿੱਖ ਪੰਥ ਲਈ ਇਸ ਗ੍ਰੰਥ ਨੂੰ ਇੱਕ-ਵਾਢਿਓਂ ਰੱਦ ਕਰ ਸਕਣਾ ਵੀ ਕਿਉਂ ਮੁਸ਼ਕਲ ਹੈ? ਇਸਦੇ ਵੀ ਕਈ ਕਾਰਨ ਹਨ, ਜਿਨ੍ਹਾਂ ਵਿੱਚੋਂ ਕੁਝ ਇੱਕ ਅਸੀਂ ਗਿਣਾਉਣਾ ਚਾਹੁੰਦੇ ਹਾਂ। ਮਿਸਾਲ ਵਜੋਂ ਇਕ ਬਹੁਤ ਪ੍ਰਸਿੱਧ ਸ਼ਬਦ ਇਸ ਪ੍ਰਕਾਰ ਹੈ;

ਦੇਹਿ ਸ਼ਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੌਂ ਜਬ ਜਾਇ ਲਰੋਂ,
ਨਿਸ਼ਚੈ ਕਰ ਅਪਨੀ ਜੀਤ ਕਰੋਂ॥
ਅਰੁ ਸਿੱਖ ਹੋਂ ਅਪਨੇ ਹੀ ਮਨ ਕੋ,
ਇਹ ਲਾਲਚ ਹਉ ਗੁਨ-ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ,
ਅਤਿ ਹੀ ਰਨ ਮੈਂ ਤਬ ਜੂਝ ਮਰੋਂ॥(ਪੰ.99)

ਕੀ ਦਸਮ ਗ੍ਰੰਥ ਨੂੰ ਰੱਦ ਕਰਨ ਦੇ ਨਾਲ ਇਸ ਸ਼ਬਦ ਨੂੰ ਰੱਦ ਕਰਨਾ ਸਿੱਖ ਮੰਨ ਲੈਣਗੇ? ਤੇ ਇੰਜ ਹੀ ਇਹ ਸਵੈਯਾ ਤੇ ਦੋਹਰਾ ਵੀ ਹਨ, ਜਿਨ੍ਹਾਂ ਨੂੰ ਕੋਈ ਸਿੱਖ ਰੱਦ ਨਹੀਂ ਕਰਨਾ ਚਾਹੇਗਾ;

ਪਾਂਇ ਗਹੇ ਜਬ ਤੇ ਤੁਮਰੇ,
ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ॥
ਰਾਮ, ਰਹੀਮ, ਪੁਰਾਨ, ਕੁਰਾਨ,
ਅਨੇਕ ਕਹੈਂ, ਮਤ ਏਕ ਨ ਮਾਨਯੋ॥(ਪੰ. 254)
ਸਗਲ ਦੁਆਰ ਕਉ ਛਾਡਿ ਕੈ,
ਗਹਯੋ ਤੁਹਾਰੋ ਦੁਆਰ॥
ਬਾਂਹਿ ਗਹੇ ਕੀ ਲਾਜ ਅਸਿ,
ਗੋਬਿੰਦ ਦਾਸ ਤੁਹਾਰ॥(ਪੰਨਾ 254)

ਸਿੱਖ ਪੰਥ ਵਿਚ 'ਮਿਤ੍ਰ ਪਿਆਰੇ ਨੂੰ', ਹਾਲ ਮੁਰੀਦਾਂ ਦਾ ਕਹਿਣਾ' ਵਾਲਾ 'ਖਿਆਲ ਪਾਤਸ਼ਾਹੀ ਦਸ' ਵਾਲਾ ਸ਼ਬਦ ਵੀ ਇਕ ਖਾਸ ਸਤਿਕਾਰ ਰੱਖਦਾ ਹੈ, ਜਿਹੜਾ ਦਸਮ ਗ੍ਰੰਥ ਦੇ ਪਾਠ 710-11 ਉੱਤੇ ਹੈ। ਜੇ ਦਸਮ ਗ੍ਰੰਥ ਰੱਦ ਕੀਤਾ ਤਾਂ ਇਸ ਦਾ ਮੂਲ ਕਿੱਥੋਂ ਲੱਭੇਗਾ? 'ਰੇ ਮਨ ਐਸੋ ਕਰਿ ਸੰਨਿਆਸਾ' ਵੀ ਇਸ ਗ੍ਰੰਥ ਦੇ ਪੰਨਾ 709 ਉਤੇ ਹੈ। 'ਮੈਂ ਨ ਗਨੇਸਹਿ ਪ੍ਰਿਥਮ ਮਨਾਊਂ' ਵਾਲੀ ਚੌਪਈ ਵੀ ਇਸੇ ਗ੍ਰੰਥ ਵਿਚੋਂ ਹੈ ਤੇ 'ਹਮਰੀ ਕਰੋ ਹਾਥ ਦੇ ਰੱਛਾ' ਵਾਲੀ ਚੌਪਈ ਵੀ ਇਸੇ ਗ੍ਰੰਥ ਦੇ ਸਫਾ 1386-87 ਉਤੇ ਹੈ। ਹੋਰ ਤਾਂ ਹੋਰ, ਸਿੱਖਾਂ ਵਿਚ ਆਨੰਦ-ਕਾਰਜ ਦੀ ਰਸਮ ਪਿੱਛੋਂ ਕਈ ਥਾਂ ਇਕ 'ਅਸੀਸ' ਉਚਾਰੀ ਜਾਂਦੀ ਹੈ, ਜਿਹੜੀ ਇਸ ਤਰ੍ਹਾਂ ਹੈ;

ਢੋਲ ਮ੍ਰਿਦੰਗ ਬਜੇ ਸਭ ਹੀ ਘਰ,
ਯੌ ਪੁਰ ਆਜੁ ਕੁਲਾਹਲ ਭਾਰੀ॥
ਗਾਵਤ ਗੀਤ, ਬਜਾਵਤ ਤਾਲ,
ਦਿਵਾਵਤ ਆਵ੍ਰਤਿ ਨਾਗਰਿ ਗਾਰੀ॥
ਭੇਰ ਹਜਾਰ, ਬਜੀ ਇਕ ਬਾਰ,
ਮਹਾਂ ਛਬਿਯਾਰੁ ਹਸੈਂ ਮਿਲਿ ਨਾਰੀ॥
ਦੇਹਿ ਅਸੀਸ, ਕਹੈਂ ਜਗਦੀਸ, ਇਹ ਜੋਰੀ
ਜੀਯੋ ਜੁਗ ਚਾਰਿ ਤਿਹਾਰੀ॥(ਪੰ. 955)

ਤੇ ਇਨ੍ਹਾਂ ਸਭਨਾਂ ਤੋਂ ਵੱਡੀ ਗੱਲ ਇਹ ਕਿ ਬਹੁਤੇ ਸਿੱਖਾਂ ਨੂੰ ਆਪਣੀ ਸਵੇਰੇ-ਸ਼ਾਮ ਕੀਤੀ ਜਾਂਦੀ ਅਰਦਾਸ ਦਾ ਮੂਲ ਸਰੋਤ ਵੀ ਪਤਾ ਨਹੀਂ। ਇਹ ਵੀ ਇਸੇ ਗ੍ਰੰਥ ਵਿਚ ''ੴਸ੍ਰੀ ਵਾਹਿਗੁਰੂ ਜੀ ਕੀ॥ ਪਾਤਸ਼ਾਹੀ 10॥ ਪ੍ਰਿਥਮ ਭਗਉਤੀ ਸਿਮਰ ਕੈ...'' ਤੋਂ ਚੱਲਦੀ ਅਤੇ ''ਤੇਗ ਬਹਾਦਰ ਸਿਮਰੀਐ, ਘਰ ਨਉਨਿਧ ਆਵੈ ਧਾਇ॥ ਸਭ ਥਾਂਈ ਹੋਇ ਸਹਾਇ॥'' ਤੱਕ ਦਸਮ ਗ੍ਰੰਥ ਦੇ ਹੀ ਪੰਨਾ 119 'ਤੇ ਦਰਜ ਹੈ। ਜੇ ਕਿਸੇ ਹੋਰ ਨੇ ਇਹ ਅਰਦਾਸ ਬਣਾਈ ਹੁੰਦੀ, ਉਸ ਨੇ ਸਤਿਕਾਰ ਵਜੋਂ ਗੁਰੂ ਗੋਬਿੰਦ ਸਿੰਘ ਜੀ ਦਾ ਨਾਂਅ ਸ਼ਾਮਲ ਕਰ ਦੇਣਾ ਸੀ। ਇਸ ਅਰਦਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਨਾਂਅ ਨਾ ਹੋਣਾ ਦੱਸਦਾ ਹੈ ਕਿ ਇਹ ਦਸਵੇਂ ਗੁਰੂ ਸਾਹਿਬ ਦੀ ਹੀ ਰਚਨਾ ਹੈ।

ਤਦ ਫਿਰ ਕੀਤਾ ਕੀ ਜਾਵੇ? ਅਕਲਮੰਦੀ ਸਿਰਫ ਇਸ ਗੱਲ ਵਿਚ ਜਾਪਦੀ ਹੈ ਕਿ ਇਸ ਗ੍ਰੰਥ ਨੂੰ ਨਾ ਤਾਂ ਮੁਕੰਮਲ ਸਤਿਕਾਰਤ ਗ੍ਰੰਥ ਵਜੋਂ ਮਾਨਤਾ ਦਿੱਤੀ ਜਾਵੇ ਤੇ ਨਾ ਹੀ ਇੱਕ-ਵੱਢਿਓ ਰੱਦ ਕੀਤਾ ਜਾਵੇ।

ਬਿਹਤਰ ਇਹ ਹੋਵੇਗਾ ਕਿ ਸਿੱਖ ਵਿਦਵਾਨਾਂ ਦੀ ਕੋਈ ਪੁਣ-ਛਾਣ ਕਮੇਟੀ ਬਣਾ ਕੇ ਇਸ ਵਿਚੋਂ ਸਾਰਥਕ ਗੁਰੂ ਰਚਨਾ ਨੂੰ ਵੱਖ ਕਰ ਲਿਆ ਜਾਵੇ, ਪਰ ਜੇ ਕੋਈ ਪੁਰਾਣੀ ਧਾਰਨਾ ਮੁਤਾਬਕ ਇਸ ਗ੍ਰੰਥ ਨੂੰ ਪੂਜਦਾ ਵੀ ਹੈ ਤਾਂ ਉਸਨੂੰ ਪੂਜਦਾ ਰਹਿਣ ਦਿੱਤਾ ਜਾਵੇ।

ਇਸ ਤਰ੍ਹਾਂ ਸਵਾਲ ਸਿਰਫ ਪ੍ਰੋਫੈਸਰ ਦਰਸ਼ਨ ਸਿੰਘ ਦੀ ਪੇਸ਼ੀ ਦਾ ਨਹੀਂ ਰਹਿੰਦਾ, ਮਸਲੇ ਨਾਲ ਜੁੜੇ ਮੂਲ ਵਿਵਾਦ ਦਾ ਹੱਲ ਕੱਢਣ ਦਾ ਹੋਣਾ ਚਾਹੀਦਾ ਹੈ। ਜੇ ਉਹ ਵਿਵਾਦ ਹੀ ਨਹੀਂ ਸੁਲਝਾਇਆ ਜਾਂਦਾ, ਫਿਰ ਏਦਾਂ ਦੇ ਝਮੇਲੇ ਪੈਂਦੇ ਤੇ ਬਖੇੜੇ ਖੜੇ ਹੁੰਦੇ ਰਹਿਣਗੇ, ਜਿਨ੍ਹਾਂ ਨਾਲ ਪਹਿਲਾਂ ਹੀ ਭੰਬਲ ਭੂਸਿਆਂ ਵਿਚ ਫਸਿਆ ਪਿਆ ਸਿੱਖ ਸਮਾਜ ਹੋਰ ਉਲਝਦਾ ਜਾਵੇਗਾ ਤੇ ਇਸ ਦਾ ਲਾਹਾ ਉਹ ਲਾਲ ਬੱਤੀਆਂ ਵਾਲੀਆਂ ਕਾਰਾਂ ਵਾਲੇ ਬਾਬੇ ਲੈ ਜਾਣਗੇ, ਜਿਹੜੇ ਇੱਲ੍ਹ ਦਾ ਨਾਂਅ ਕੋਕੋ ਨਹੀਂ ਜਾਣਦੇ।

## ਪੰਜਾਬ 'ਚ ਬਲਾਤਕਾਰ/ਹੱਤਿਆਵਾਂ 'ਚ ਭਾਰੀ ਵਾਧਾ

**ਚੰਡੀਗੜ੍ਹ:** ਪੰਜਾਬ ਵਿਚ ਔਰਤਾਂ ਦੇ ਅਗਵਾਂ, ਬਲਾਤਕਾਰ ਅਤੇ ਹੱਤਿਆਵਾਂ ਦੇ ਕੇਸਾਂ ਵਿਚ ਸੱਤ ਗੁਣਾਂ ਵਾਧਾ ਹੋਇਆ ਹੈ। ਦਹੇਜ ਨਾ ਲਿਆਉਣ ਕਾਰਨ ਮੌਤ ਦੇ ਮੂੰਹ ਵਿਚ ਗਈਆਂ ਲਾੜੀਆਂ ਦੀਆਂ ਘਟਨਾਵਾਂ ਵੀ ਪਿਛਲੇ ਸਾਲ ਨਾਲੋਂ ਵਧੀਆਂ ਹਨ ਜਦੋਂਕਿ ਦਹੇਜ ਦੇ ਲਾਲਚੀ ਸਹੁਰਿਆਂ ਦੀ ਗਿਣਤੀ ਵਿਚ ਤਾਂ ਵੱਡਾ ਵਾਧਾ ਹੋਇਆ ਹੀ ਹੈ। ਇਹ ਅੰਕੜੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸੁਣਵਾਈ ਲਈ ਆਏ ਕੇਸਾਂ ਤੋਂ ਪ੍ਰਾਪਤ ਹੋਏ ਹਨ। ਔਰਤਾਂ ਦੀ ਕੁੱਟਮਾਰ, ਸਰੀਰਕ ਸ਼ੋਸ਼ਣ ਅਤੇ ਕਾਮਵਾਸਨਾ ਲਈ ਮਜਬੂਰ ਕਰਨ ਦੇ ਕੇਸਾਂ ਦੀ ਗਿਣਤੀ ਵੀ ਪਿਛਲੇ ਸਾਲਾਂ ਨਾਲੋਂ ਵਧੀ ਹੈ।

ਕਮਿਸ਼ਨ ਕੋਲ 31 ਅਕਤੂਬਰ ਤਕ ਸੁਣਵਾਈ ਲਈ ਦਾਇਰ ਪਟੀਸ਼ਨਾਂ ਅਨੁਸਾਰ ਇਸ ਸਾਲ ਅਗਵਾ, ਬਲਾਤਕਾਰ ਅਤੇ ਹੱਤਿਆਵਾਂ ਦੇ 44 ਕੇਸ ਆ ਚੁੱਕੇ ਹਨ, ਜਦੋਂਕਿ ਪਿਛਲੇ ਸਾਲ ਅਜਿਹੀਆਂ ਸ਼ਿਕਾਇਤਾਂ ਦੀ ਗਿਣਤੀ ਕੇਵਲ 7 ਸੀ। ਉਸਤੋਂ ਪਿਛਲੇ ਸਾਲ ਭਾਵ 2007 ਦੌਰਾਨ ਇਸ ਕਿਸਮ ਦੇ 50, 2002 ਵਿਚ 17 ਅਤੇ 2004 ਵਿਚ ਕੇਵਲ 29 ਕੇਸ ਆਏ।

ਦਹੇਜ ਨਾ ਲਿਆਉਣ ਕਾਰਨ 38 ਔਰਤਾਂ ਨੂੰ ਆਪਣੀ ਬਲੀ ਦੇਣੀ ਪਈ ਜਦਕਿ ਪਿਛਲੇ ਪੂਰੇ ਸਾਲ ਦੌਰਾਨ 23 ਔਰਤਾਂ ਨੇ ਜਾਨ ਦਿੱਤੀ। ਦਹੇਜ ਮੰਗਣ ਦੇ ਕੇਸਾਂ ਵਿਚ ਭਾਰੀ ਵਾਧਾ ਹੋਇਆ ਹੈ। ਚਾਲੂ ਸਾਲ ਦੇ ਪਹਿਲੇ 10 ਮਹੀਨਿਆਂ ਵਿਚ ਇਸ ਕਿਸਮ ਦੇ 315 ਕੇਸ ਸੁਣਵਾਈ ਲਈ ਆ ਚੁੱਕੇ ਹਨ ਜਦਕਿ ਪਿਛਲੇ ਸਾਲ 281 ਕੇਸ ਸੁਣਵਾਈ ਲਈ ਪੁੱਜੇ ਸਨ। ਸਾਲ 1998 'ਚ ਪਹਿਲੀ ਵਾਰ ਛੇ ਕੇਸ ਸੁਣਵਾਈ ਲਈ ਆਏ ਸਨ। ਕਮਿਸ਼ਨ ਦੇ ਹੋਂਦ 'ਚ ਆਉਣ ਤੋਂ ਲੈ ਕੇ ਹੁਣ ਤਕ ਦਹੇਜ ਮੰਗਣ ਦੇ ਸਭ ਤੋਂ ਵਧ ਕੇਸ ਚਾਲੂ ਸਾਲ ਦੌਰਾਨ ਹੀ ਆਏ ਹਨ।

ਸਰਕਾਰੀ ਦਫਤਰਾਂ ਵਿਚ ਜਿਸਮਾਨੀ ਛੇੜਛਾੜ ਦੀਆਂ ਘਟਨਾਵਾਂ ਅਜੇ ਵੀ ਜਾਰੀ ਹਨ ਜਦਕਿ ਦੂਜੀਆਂ ਥਾਵਾਂ 'ਤੇ ਅਜਿਹੇ ਕੇਸ ਪਿਛਲੇ ਸਾਲ ਨਾਲੋਂ ਦੁੱਗਣੇ ਤੋਂ ਵੀ ਵਧ ਹੋਏ ਹਨ। ਸਰਕਾਰੀ ਦਫਤਰਾਂ ਵਿਚ ਸਰੀਰਕ ਛੇੜਛਾੜ ਦੇ 6 ਕੇਸ ਸਾਹਮਣੇ ਆਏ ਸਨ ਜਦੋਂਕਿ ਚਾਲੂ ਸਾਲ ਦੇ ਦਸ ਮਹੀਨਿਆਂ ਵਿਚ ਹੀ ਇਹ ਗਿਣਤੀ ਬਰਾਬਰ ਹੋ ਗਈ ਹੈ। ਸਾਲ 1997 ਤੋਂ 1999 ਤਕ ਕਮਿਸ਼ਨ ਕੋਲ ਸੁਣਵਾਈ ਲਈ ਇਸ ਕਿਸਮ ਦਾ ਕੋਈ ਕੇਸ ਸਾਹਮਣੇ ਨਹੀਂ ਆਇਆ ਜਦੋਂਕਿ ਸਾਲ 2004 ਨੂੰ ਛੱਡ ਕੇ 2000 ਤੋਂ 2006 ਤਕ ਇਹ ਗਿਣਤੀ ਪੰਜ ਤਕ ਪੁੱਜਦੀ ਰਹੀ ਹੈ। ਔਰਤਾਂ ਨਾਲ ਜਿਸਮਾਨੀ ਛੇੜਛਾੜ ਦੇ ਕੇਸ ਪਿਛਲੇ ਸਾਲ ਦੀ ਨਿਸਬਤ ਦੁੱਗਣੇ ਤੋਂ ਵੀ ਵਧ ਗਏ ਹਨ। ਪਿਛਲੇ ਸਾਲ ਇਹ ਗਿਣਤੀ 7 ਸੀ ਜਦੋਂ ਕਿ ਚਾਲੂ ਸਾਲ ਦੌਰਾਨ ਹੁਣ ਤਕ 16 ਕੇਸ ਆ ਵੀ ਚੁੱਕੇ ਹਨ। ਚਾਲੂ ਸਾਲ ਦੇ ਪਹਿਲੇ ਦਸ ਮਹੀਨਿਆਂ ਦੌਰਾਨ ਬਲਾਤਕਾਰ ਦੇ 56 ਕੇਸ ਸੁਣਵਾਈ ਲਈ ਆ ਚੁੱਕੇ ਹਨ। ਜਦੋਂ ਕਿ ਪਿਛਲੇ ਸਾਲ ਦੌਰਾਨ ਅਜਿਹੇ ਕੇਸਾਂ ਦੀ ਗਿਣਤੀ 44 ਸੀ। ਉਸ ਤੋਂ ਪਹਿਲਾਂ ਸਾਲ 1999 'ਚ ਸੁਣਵਾਈ ਲਈ ਇਕ ਕੇਸ ਹੀ ਆਇਆ ਸੀ। ਜਦੋਂਕਿ 2000 'ਚ ਇਹ ਗਿਣਤੀ 19 ਹੋ ਗਈ। ਸਾਲ 2006 'ਚ ਅਜਿਹੇ 21 ਅਤੇ ਸਾਲ 2007 'ਚ 16 ਕੇਸ ਸੁਣਵਾਈ ਲਈ ਆਏ। ਔਰਤਾਂ ਤੋਂ ਧੰਦਾ ਕਰਵਾਉਣ ਦੇ ਚਾਰ ਕੇਸ ਵੀ ਸਾਹਮਣੇ ਆ ਚੁੱਕੇ ਸਨ ਜਦੋਂਕਿ ਪਿਛਲੇ ਸਾਲ ਇਹ ਗਿਣਤੀ ਚਾਰ ਸੀ। ਉਸਤੋਂ ਪਹਿਲਾਂ ਸਾਲ 2007 ਦੌਰਾਨ ਅਜਿਹੀਆਂ ਵਾਰਦਾਤਾਂ ਤੋਂ ਬਚਾਅ ਰਿਹਾ। ਔਰਤਾਂ ਨੂੰ ਬੇਇੱਜ਼ਤ ਕਰਨ ਦੇ ਮਾਮਲੇ ਵੀ ਲਗਾਤਾਰ ਵਧੇ ਹਨ। ਇਸ ਸਾਲ ਇਸ ਕਿਸਮ ਦੇ 71 ਕੇਸ ਸਾਹਮਣੇ ਆ ਚੁੱਕੇ ਹਨ। ਜਦੋਂਕਿ ਸਾਲ 2008 'ਚ 79 ਅਤੇ ਸਾਲ 2007 ਵਿਚ ਅਜਿਹੇ ਕੇਸਾਂ ਦੀ ਗਿਣਤੀ 12 ਸੀ। ਕਮਿਸ਼ਨ ਦੇ ਰਜਿਸਟਰਾਰ ਰੋਹਿਤ ਚਤਰਥ ਨੇ ਕਿਹਾ ਹੈ ਕਿ ਔਰਤਾਂ ਨਾਲ ਵਧੀਕੀਆਂ ਦੇ ਕੇਸਾਂ ਦੀ ਗਿਣਤੀ ਇਸਤੋਂ ਵੀ ਵਧ ਹੋ ਸਕਦੀ ਹੈ ਕਿਉਂਕਿ ਘਟਨਾਵਾਂ ਦਾ ਵੱਡਾ ਹਿੱਸਾ ਤਾਂ ਸਾਹਮਣੇ ਆਉਣ ਤੋਂ ਹੀ ਰਹਿ ਜਾਂਦਾ ਹੈ। ਉਨ੍ਹਾਂ ਨੇ ਦੱਸਿਆ ਕਿ ਪਿਛਲੇ ਸਾਲ ਔਰਤਾਂ ਨਾਲ ਵਧੀਕੀ ਦੇ 518 ਕੇਸ ਆਏ ਸਨ ਜਦੋਂਕਿ ਇਸ ਸਾਲ 31 ਅਕਤੂਬਰ ਤਕ ਕੇਸਾਂ ਦੀ ਗਿਣਤੀ 608 ਨੂੰ ਪੁੱਜ ਚੁੱਕੀ ਹੈ।

# FAST OIL CHANGE

**BRAKES & ALL KINDS OF REPAIRS**



ਅਸੀਂ ਹਰ ਤਰਾਂ ਦੀਆਂ ਕਾਰਾਂ ਦਾ ਤੇਲ ਬਦਲਦੇ ਹਾਂ
ਅਤੇ ਉਹਨਾਂ ਦੀ ਮੁਰੰਮਤ ਦਾ ਕੰਮ ਤਸੱਲੀਬਖਸ਼
ਤੇ ਸਭ ਤੋਂ ਸਸਤੇ ਰੇਟਾਂ ਤੇ ਕਰਦੇ ਹਾਂ



**ਅਸੀਂ ਇਸ ਕੰਮ ਵਿੱਚ 20 ਸਾਲਾਂ ਤੋਂ ਵੱਧ ਦਾ ਤਜ਼ਰਬਾ ਰੱਖਦੇ ਹਾਂ**

Special Oil Change & Filter

**$21.95 & UP**



HONDA MITSUBISHI NISSAN



**4300 Wible Road, Ste. C**
**(Next to Urner's)**
**Bakersfield CA 93313**

ਫੋਨ : 661.834.3012
ਸੈਲ : 661.304.9141
ਫੈਕਸ : 661.834.3709

**ਮਹਿੰਦਰ ਸਿੰਘ**




ਆਪਣੇ ਅਤੇ ਆਪਣੇ ਪਰਿਵਾਰ ਲਈ
ਵਧੀਆ ਕੁਆਲਿਟੀ ਅਤੇ ਸਸਤੀਆਂ ਦਰਾਂ ਤੇ

# ਮੈਡੀਕਲ ਇੰਸ਼ੋਰੈਂਸ

ਲੈਣ ਲਈ ਇਕੋ ਇਕ ਭਰੋਸੇਮੰਦ ਨਾਮ

ਹਮੇਸ਼ਾ ਯਾਦ ਰੱਖੋ

**ਮੇਜਰ ਸਿੰਘ ਚੌਹਾਨ**



*Major Singh Chauhan*
AGENT
CA Ins. Lic #0D36632
New York Life Insurance Company

**Sacramento Office :**
120 Hoxsie Ct,
Folsom CA 95630

**Fremont Office :**
39650 Liberty St. #200
Fremont CA 94538

**Bakersfield Office :**
PO Box 40728
Bakersfield CA 93384

**Cell : 916-337-1683**
**Off : 916-983-4890**
**Off : 510-624-4190**
**Fax : 916-984-0110**

mc101048@gmail.com

THE COMPANY YOU KEEP



# CALL INDIA 6000 MINUTES FREE

**LIMITED TIME OFFER**
**CALL FOR MORE INFORMATION**

## TRUE ALL IN ONE MACHINE

SMART MONEY EPS

FREE TERMINAL INSTALLATION PROGRAMMING 24/7 SUPPORT

INTRODUCING CONTACTLESS PIN PAD






**BILL PAYMENT CENTER**

PG&E, dish NETWORK, Southern California Gas Company, at&t, bright house, Southern California EDISON, Comcast, T-Mobile

**PREPAID CELLULAR CARD**

at&t, Virgin mobile, verizon wireless, Mobile, TracFone, boost mobile, O2, túyo

Agents Wanted




PREPAID MASTER CARD

GIFT AND LOYALTY CARD



## CREDIT & DEBIT CARD, FOOD STAMP PROCESSING & CASH BACK OPTION

# SMART MONEY EPS.

**Cell: 661-364-1942, 661-374-0618, 661-873-8063 Fax: 661-873-8063**

sean@smartmoneyeps.com

VISA MasterCard **BAKERSFIELD CA 93306** DISCOVER AMERICAN EXPRESS

www.smartmoneyeps.com

# ਪੰਜਾਬ ਟਾਈਮਜ਼

ਸਨਿਚਰਵਾਰ, 28 ਨਵੰਬਰ, 2009

*ਰਾਜਨੀਤਕ ਆਜ਼ਾਦੀ ਭੁੱਖੀ ਜਨਤਾ ਨੂੰ ਰਾਹਤ ਨਹੀਂ ਦੇ ਸਕਦੀ-ਲੈਨਿਨ*


## ਸੰਪਾਦਕੀ

## *ਗੰਨੇ ਦੇ ਮੁੱਲ 'ਤੇ ਸਿਆਸਤ*

ਗੰਨੇ ਦੀ ਕੀਮਤ ਮਿੱਥਣ ਸੰਬੰਧੀ ਜਾਰੀ ਕੀਤੇ ਗਏ ਇਕ ਵਿਵਾਦਗ੍ਰਸਤ ਆਰਡੀਨੈਂਸ ਨੂੰ ਲੈ ਕੇ ਨਾ ਸਿਰਫ ਪਿਛਲੇ ਦਿਨੀਂ ਕਿਸਾਨਾਂ ਨੇ ਰਾਜਧਾਨੀ ਦਿੱਲੀ ਵਿਚ ਵਿਆਪਕ ਪੱਧਰ 'ਤੇ ਪ੍ਰਦਰਸ਼ਨ ਕੀਤੇ ਸਗੋਂ ਪਾਰਲੀਮੈਂਟ ਦੇ ਅੰਦਰ ਵੀ ਇਸ ਮੁੱਦੇ ਨੂੰ ਲੈ ਕੇ ਸਰਕਾਰ ਦੇ ਖਿਲਾਫ਼ ਕਾਫੀ ਰੌਲਾ-ਰੱਪਾ ਪਿਆ। ਇਥੋਂ ਤਕ ਕਿ ਯੂ. ਪੀ. ਏ. ਸਰਕਾਰ ਵਿਚ ਭਾਈਵਾਲ ਅੰਨਾ ਡੀ. ਐਮ. ਕੇ. ਨੇ ਵੀ ਸਰਕਾਰੀ ਆਰਡੀਨੈਂਸ ਦੇ ਖਿਲਾਫ਼ ਆਵਾਜ਼ ਉਠਾਈ। ਵਿਰੋਧੀ ਪਾਰਟੀਆਂ ਨੇ ਇਕਜੁਟ ਹੋ ਕੇ ਇਸ ਮੁੱਦੇ 'ਤੇ ਕੇਂਦਰ ਸਰਕਾਰ ਦਾ ਵਿਰੋਧ ਕੀਤਾ। ਇਸ ਜ਼ੋਰਦਾਰ ਵਿਰੋਧ ਨੂੰ ਵੇਖਦਿਆਂ ਭਾਵੇਂ ਕੇਂਦਰ ਸਰਕਾਰ ਨੇ ਆਪਣਾ ਵਿਵਾਦਗ੍ਰਸਤ ਆਰਡੀਨੈਂਸ ਵਾਪਸ ਲੈ ਲਿਆ ਪਰ ਫਿਰ ਵੀ ਇਸ ਮਾਮਲੇ ਵਿਚ ਵਿਵਾਦ ਹਾਲੇ ਜਾਰੀ ਹੈ।

ਲੰਘੀ 20 ਨਵੰਬਰ ਨੂੰ ਜਦੋਂ ਪਾਰਲੀਮੈਂਟ ਵਿਚ ਰੌਲਾ-ਰੱਪਾ ਨਾ ਹਟਿਆ ਤਾਂ ਦੋਨੋਂ ਸਦਨ ਉਠਾ ਦਿੱਤੇ ਗਏ। ਇਹ ਕਿਆਫੇ ਲਗਾਏ ਜਾ ਰਹੇ ਹਨ ਕਿ ਭਾਵੇਂ ਸਰਕਾਰ ਕਿਸਾਨੀ ਅਤੇ ਵਿਰੋਧੀ ਸਿਆਸੀ ਪਾਰਟੀਆਂ ਦੇ ਵਿਰੋਧ ਸਾਹਮਣੇ ਝੁਕ ਗਈ ਹੈ, ਪਰ ਆਉਂਦੇ ਦਿਨਾਂ ਵਿਚ ਵੀ ਇਸ ਮਾਮਲੇ ਦੇ ਜਾਰੀ ਰਹਿਣ ਦੇ ਆਸਾਰ ਹਨ। ਯਾਦ ਰਹੇ ਕਿ ਹਾਲ ਹੀ ਵਿਚ ਸਰਕਾਰ ਨੇ ਗੰਨੇ ਦੀ ਅਦਾਇਗੀ ਸੰਬੰਧੀ 'ਸ਼ੂਗਰਕੇਨ ਕੰਟਰੋਲ ਆਰਡਰ' ਨਾਂ ਦਾ ਇਕ ਆਰਡੀਨੈਂਸ ਜਾਰੀ ਕੀਤਾ ਸੀ। ਇਸ ਆਰਡੀਨੈਂਸ ਰਾਹੀਂ ਸਰਕਾਰ ਨੇ ਰਾਜ ਵਲੋਂ ਸੁਝਾਏ ਗਏ ਗੰਨੇ ਦੇ ਭਾਅ ਅਤੇ ਕੇਂਦਰ ਵਲੋਂ ਐਲਾਨੇ ਜਾਣ ਵਾਲੇ ਲਾਹੇਵੰਦ ਮੁੱਲ (ਐਫ.ਆਰ.ਪੀ.) ਵਿਚ ਜਿਹੜਾ ਅੰਤਰ ਹੈ, ਉਸ ਨੂੰ ਰਾਜ ਸਰਕਾਰਾਂ ਨੂੰ ਅਦਾ ਕਰਨ ਲਈ ਕਿਹਾ ਸੀ। ਸਰਕਾਰ ਦੇ ਇਸ ਆਰਡੀਨੈਂਸ ਦਾ ਯੂ.ਪੀ.ਏ. ਸਰਕਾਰ ਵਿਚ ਭਾਈਵਾਲ ਡੀ.ਐਮ.ਕੇ. ਨੇ ਜ਼ੋਰਦਾਰ ਵਿਰੋਧ ਕੀਤਾ। ਇਸ ਦੇ ਨਾਲ ਹੀ ਭਾਰਤੀ ਜਨਤਾ ਪਾਰਟੀ ਸਮੇਤ ਤਕਰੀਬਨ ਸਮੁੱਚੀਆਂ ਵਿਰੋਧੀ ਧਿਰਾਂ ਨੇ ਵੀ ਸਰਕਾਰ ਦੇ ਖਿਲਾਫ਼ ਆਵਾਜ਼ ਚੁੱਕਣੀ ਸ਼ੁਰੂ ਕਰ ਦਿੱਤੀ। ਪਾਰਲੀਮੈਂਟ ਦੇ ਅੰਦਰ ਵੀ ਸਰਕਾਰ ਦੇ ਕਿਸਾਨ ਵਿਰੋਧੀ ਹੋਣ ਦੇ ਨਾਅਰੇ ਲਗਾਏ ਗਏ।

ਇਸ ਸਾਰੀ ਸਥਿਤੀ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੇ ਸਾਰੀਆਂ ਸਿਆਸੀ ਪਾਰਟੀਆਂ ਦੀ ਇਕ ਮੀਟਿੰਗ ਸੱਦੀ ਅਤੇ ਉਪਰੋਕਤ ਆਰਡੀਨੈਂਸ ਵਾਪਸ ਲੈ ਲਿਆ। ਕੇਂਦਰ ਸਰਕਾਰ ਨੇ ਰਾਜ ਸਰਕਾਰਾਂ ਵਲੋਂ ਸੁਝਾਏ ਮੁੱਲ ਅਤੇ ਕੇਂਦਰ ਸਰਕਾਰ ਵਲੋਂ ਦਿੱਤੇ ਜਾਣ ਵਾਲੇ ਲਾਹੇਵੰਦ ਮੁੱਲ ਵਿਚਕਾਰਲੇ ਫਰਕ ਦਾ ਜਿਹੜਾ ਭਾਰ ਰਾਜ ਸਰਕਾਰਾਂ ਉਪਰ ਪਾਇਆ ਸੀ, ਉਹ ਹੁਣ ਪੁਰਾਣੀ ਨੀਤੀ ਮੁਤਾਬਕ ਸੰਬੰਧਤ ਮਿੱਲ ਮਾਲਕਾਂ ਉਪਰ ਪਾਉਣ ਦਾ ਫੈਸਲਾ ਕਰ ਲਿਆ ਹੈ। ਕਿਹਾ ਜਾ ਰਿਹਾ ਹੈ ਕਿ ਇਸ ਸੰਬੰਧੀ ਬਾਕਾਇਦਾ ਆਰਡੀਨੈਂਸ ਜਲਦੀ ਜਾਰੀ ਕਰ ਦਿੱਤਾ ਜਾਵੇਗਾ। ਸਿਆਸੀ ਹਾਲਾਤ ਉਪਰ ਨਜ਼ਦੀਕ ਤੋਂ ਨਜ਼ਰ ਰੱਖਣ ਵਾਲੇ ਆਖ ਰਹੇ ਹਨ ਕਿ ਮਾਮਲਾ ਹਾਲੇ ਖ਼ਤਮ ਨਹੀਂ ਹੋਇਆ, ਕਿਉਂਕਿ ਮਿੱਲ ਮਾਲਕਾਂ ਵਲੋਂ ਵੀ ਵਿਰੋਧ ਸਾਹਮਣੇ ਆ ਸਕਦਾ ਹੈ। ਇਸ ਸਥਿਤੀ ਵਿਚ ਸਰਕਾਰ ਕਿਸ ਪਾਸੇ ਜਾਵੇਗੀ, ਇਹ ਵੇਖਣ ਵਾਲਾ ਮਾਮਲਾ ਹੋਵੇਗਾ। ਉਂਜ ਸਾਰੀ ਸਥਿਤੀ ਤੋਂ ਲਗਦਾ ਇਹ ਹੈ ਕਿ ਕਿਸਾਨਾਂ ਲਈ ਲਾਹੇਵੰਦ ਭਾਅ ਦੇ ਮਾਮਲੇ ਵਿਚ ਕੇਂਦਰ ਅਤੇ ਰਾਜ ਸਰਕਾਰਾਂ ਇਕ-ਦੂਜੇ ਨਾਲ ਰਾਜਨੀਤੀ ਖੇਡ ਰਹੀਆਂ ਹਨ।

ਇਕ ਪਾਸੇ ਤਾਂ ਖੇਤਰੀ ਪਾਰਟੀਆਂ ਅਤੇ ਰਾਜ ਸਰਕਾਰਾਂ ਅਕਸਰ ਹੀ ਆਪਣੀ ਕਿਸਾਨੀ ਅਤੇ ਵੋਟ ਬੈਂਕ ਨੂੰ ਖੁਸ਼ ਕਰਨ ਲਈ ਕਿਸਾਨਾਂ ਦੀਆਂ ਫਸਲਾਂ ਲਈ ਰਵਾਇਤੀ ਰੂਪ ਵਿਚ ਵਾਧੂ ਭਾਅ ਮੰਗਦੀਆਂ ਹਨ ਅਤੇ ਦੂਜੇ ਪਾਸੇ ਕੇਂਦਰ ਸਰਕਾਰ ਆਪਣੀਆਂ ਗਿਣਤੀਆਂ-ਮਿਣਤੀਆਂ ਅਤੇ ਲੋੜਾਂ ਵਿਚੋਂ ਘੱਟ ਭਾਅ ਮਿੱਥਣ ਨੂੰ ਤਰਜੀਹ ਦਿੰਦੀ ਹੈ। ਇਸ ਸਥਿਤੀ ਵਿਚ ਖੇਤਰੀ ਪਾਰਟੀਆਂ ਕਿਸਾਨ ਹਿਤੈਸ਼ੀ ਅਕਸ ਬਣਾ ਕੇ ਆਪਣਾ ਵੋਟ ਬੈਂਕ ਪੱਕਾ ਕਰਨ ਦਾ ਯਤਨ ਕਰਦੀਆਂ ਹਨ। ਦੂਜੇ ਪਾਸੇ ਕਾਂਗਰਸ ਪਾਰਟੀ ਕਿਉਂਕਿ ਕੌਮੀ ਪੱਧਰ ਦੀ ਰਾਜਨੀਤਕ ਪਾਰਟੀ ਹੈ ਅਤੇ ਸਾਰੇ ਦੇਸ਼ ਦੇ ਵੱਖ-ਵੱਖ ਤਬਕਿਆਂ ਵਿਚ ਆਪਣਾ ਮੁੜ ਤੋਂ ਪਸਾਰਾ ਕਰਨ ਲਈ ਯਤਨਸ਼ੀਲ ਹੈ, ਇਸ ਲਈ ਉਸ ਦੀ ਵੀ ਇਹ ਇੱਛਾ ਹੋਵੇਗੀ ਕਿ ਕਿਸਾਨੀ ਲਈ ਜਿਹੜਾ ਘਾਟੇਵੰਦ ਭਾਅ ਮਿੱਥਿਆ ਜਾਂਦਾ ਹੈ, ਉਸ ਦਾ ਰਾਜਨੀਤਕ ਨੁਕਸਾਨ ਖੇਤਰੀ ਪਾਰਟੀਆਂ ਅਤੇ ਰਾਜ ਸਰਕਾਰਾਂ ਨੂੰ ਹੋਵੇ। ਅਜਿਹੀ ਖਿੱਚੋਤਾਣ ਵਿਚੋਂ ਹੀ ਕੇਂਦਰ ਸਰਕਾਰ ਨੇ ਨਵਾਂ ਆਰਡੀਨੈਂਸ ਜਾਰੀ ਕੀਤਾ ਸੀ ਅਤੇ ਅਜਿਹਾ ਕਰਦਿਆਂ ਜਾਪਦਾ ਹੈ ਕਿ ਕੇਂਦਰ ਸਰਕਾਰ ਉਪਰ ਭਾਰੂ ਕਾਂਗਰਸ ਪਾਰਟੀ ਇਹ ਭੁੱਲ ਹੀ ਗਈ ਕਿ ਭਾਵੇਂ ਪਿਛਲੇ ਸਮਿਆਂ ਨਾਲੋਂ ਲੋਕ ਸਭਾ ਵਿਚ ਉਸਦੀ ਹਾਲਤ ਸੁਧਰੀ ਹੈ ਪਰ ਹਾਲੇ ਵੀ ਉਹ ਕੁਝ ਖੇਤਰੀ ਪਾਰਟੀਆਂ ਉਪਰ ਮੁਨੱਸਰ ਹੈ। ਜਿਨ੍ਹਾਂ ਵਿਚੋਂ ਡੀ. ਐਮ. ਕੇ. ਪ੍ਰਮੁਖ ਹੈ ਅਤੇ ਇਸੇ ਪਾਰਟੀ ਨੇ ਜਾਰੀ ਹੋਏ ਉਪਰੋਕਤ ਆਰਡੀਨੈਂਸ ਦਾ ਸਭ ਤੋਂ ਤਿੱਖਾ ਵਿਰੋਧ ਕੀਤਾ। ਡੀ. ਐਮ. ਕੇ. ਲਈ ਇਹ ਵਿਰੋਧ ਕਰਨਾ ਜ਼ਰੂਰੀ ਵੀ ਹੋ ਗਿਆ ਸੀ ਕਿਉਂਕਿ ਅਜਿਹਾ ਨਾ ਕਰਨ ਦੀ ਸੂਰਤ ਵਿਚ ਡੀ. ਐਮ. ਕੇ. ਨੂੰ ਤਾਮਿਲਨਾਡੂ ਦੇ ਕਿਸਾਨਾਂ ਦੇ ਰੋਸ ਦਾ ਸਾਹਮਣਾ ਕਰਨਾ ਪੈਣਾ ਸੀ। ਉਂਜ ਇਸ ਸੰਬੰਧ ਵਿਚ ਡੀ. ਐਮ. ਕੇ. ਅਤੇ ਅਕਾਲੀਆਂ ਦੀ ਤੁਲਨਾ ਜ਼ਰੂਰ ਕਰਨੀ ਚਾਹੀਦੀ ਹੈ।

ਇਹ ਤੱਥ ਦਿਲਚਸਪੀ ਤੋਂ ਘੱਟ ਨਹੀਂ ਹੋਵੇਗਾ ਕਿ ਐਨ. ਡੀ. ਏ. ਦੀ ਸਰਕਾਰ ਸਮੇਂ ਅਕਾਲੀ ਕੇਂਦਰ ਸਰਕਾਰ ਵਿਚ ਭਾਈਵਾਲ ਸਨ ਅਤੇ ਉਨ੍ਹਾਂ ਨੇ ਕਦੀ ਅਜਿਹੇ ਆਰਡੀਨੈਂਸ ਜਾਂ ਕਾਨੂੰਨ ਦਾ ਵਿਰੋਧ ਨਹੀਂ ਕੀਤਾ ਜਿਹੜਾ ਪੰਜਾਬ ਦੀ ਕਿਸਾਨੀ ਜਾਂ ਇਥੋਂ ਦੇ ਲੋਕਾਂ ਦੇ ਸਮੂਹਿਕ ਰੂਪ ਵਿਚ ਖਿਲਾਫ਼ ਜਾਂਦਾ ਹੋਵੇ। ਇਥੋਂ ਤਕ ਕਿ ਪੋਟਾ ਦੀ ਥਾਂ 'ਤੇ ਬਣਨ ਵਾਲੇ ਇਕ ਦਹਿਸ਼ਤਵਾਦ ਵਿਰੋਧੀ ਕਾਨੂੰਨ ਦਾ ਵੀ ਅਕਾਲੀਆਂ ਨੇ ਅੱਖਾਂ ਮੀਚ ਕੇ ਪੱਖ ਪੂਰਿਆ ਸੀ। ਇਸੇ ਤਰ੍ਹਾਂ ਹੋਰ ਬਹੁਤ ਸਾਰੇ ਪ੍ਰਸ਼ਾਸਨਿਕ ਅਤੇ ਕਾਨੂੰਨੀ ਫੈਸਲਿਆਂ ਦੇ ਮਾਮਲੇ ਵਿਚ ਅਕਾਲੀ ਬਿਨਾ ਕਿਸੇ ਵਿਚਾਰ ਦੇ ਹੀ ਕੇਂਦਰ ਸਰਕਾਰ ਦਾ ਸਾਥ ਦਿੰਦੇ ਰਹੇ। ਕਿਸੇ ਵੀ ਲੋਕ ਹੇਤੂ ਜਾਂ ਠੀਕ ਪੈਂਤੜੇ ਉਪਰ ਕਿਸੇ ਕੇਂਦਰ ਸਰਕਾਰ ਦਾ ਸਾਥ ਦੇਣ ਵਿਚ ਕੋਈ ਵੀ ਬੁਰਾਈ ਨਹੀਂ ਹੈ ਪਰ ਜਦੋਂ ਤੁਹਾਡੀ ਸਰਕਾਰ ਵਿਚ ਕੀਤੇ ਜਾਣ ਵਾਲੇ ਫੈਸਲੇ ਉਸ ਲੋਕ ਸਮੂਹ ਦੇ ਹਿਤਾਂ ਦੇ ਖਿਲਾਫ਼ ਭੁਗਤਣ, ਜਿਨ੍ਹਾਂ ਦੀ ਤੁਸੀਂ ਨੁਮਾਇੰਦਗੀ ਕਰਨ ਦਾ ਦਾਅਵਾ ਕਰਦੇ ਹੋ, ਤਦ ਤੁਹਾਡਾ ਇਹ ਫਰਜ਼ ਜ਼ਰੂਰ ਬਣ ਜਾਂਦਾ ਹੈ ਕਿ ਅਜਿਹੇ ਫੈਸਲਿਆਂ ਦਾ ਵਿਰੋਧ ਕੀਤਾ ਜਾਵੇ। ਇਸ ਮਾਮਲੇ ਵਿਚ ਅਕਾਲੀਆਂ ਦੇ ਮੁਕਾਬਲੇ ਦੂਜੀਆਂ ਖੇਤਰੀ ਪਾਰਟੀਆਂ ਦੇ ਆਗੂ ਕਿਤੇ ਅੱਗੇ ਹਨ। ਅਕਾਲੀ ਅਸਲ ਵਿਚ ਉਸ ਜਨਤਕ ਸਮੂਹ ਤੋਂ ਬਹੁਤ ਦੂਰ ਚਲੇ ਗਏ ਹਨ, ਜਿਸ ਦੀ ਉਹ ਅਗਵਾਈ ਕਰਨ ਦਾ ਦਾਅਵਾ ਕਰਦੇ ਹਨ। ਉਨ੍ਹਾਂ ਦੇ ਖਿਲਾਫ਼ ਜਨਤਕ ਵਿਰੋਧ ਉਠਣ ਦੀਆਂ ਸੰਭਾਵਨਾਵਾਂ ਮੌਜੂਦ ਹਨ ਅਤੇ ਇਹ ਸਮੇਂ ਦਾ ਇਤਫ਼ਾਕ ਹੀ ਹੈ ਕਿ ਅਜਿਹਾ ਵਿਰੋਧ ਹਾਲੇ ਨਹੀਂ ਉਠਿਆ। ਇਹ ਕਿਸੇ ਵੀ ਸਮੇਂ ਉਠ ਸਕਦਾ ਹੈ। ਖਾਸ ਕਰਕੇ ਜੇ ਅਕਾਲੀਆਂ ਵਲੋਂ ਖੰਨਾ-ਚਮਿਆਰਾ ਵਰਗੇ ਕਾਂਡ ਜਾਰੀ ਰਹਿੰਦੇ ਹਨ ਤਾਂ ਉਨ੍ਹਾਂ ਖਿਲਾਫ਼ ਲਾਜ਼ਮੀ ਇਕ ਜਨਤਕ ਵਿਰੋਧ ਜਨਮ ਲਵੇਗਾ ਅਤੇ ਇਸ ਨੇ ਕਿਸਾਨ ਵਿਰੋਧ ਦੇ ਰੂਪ ਵਿਚ ਹੌਲੀ-ਹੌਲੀ ਪਨਪਣਾ ਵੀ ਸ਼ੁਰੂ ਕਰ ਦਿੱਤਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸਮੁੰਦਰੀ ਹਾਲ ਦਾ ਨਾਟਕ?

*ਆਗੂ ਚੁਣਨ ਦਾ ਸਿੱਖੀ ਵਿਧਾਨ ਕਿਹੜਾ? ਨਹੀਓਂ ਜ਼ਰਾ ਵੀ ਰੱਖਦੇ ਖਿਆਲ ਅੰਦਰ।*
*ਦਿਓ ਅਧਿਕਾਰ 'ਪ੍ਰਧਾਨ ਜੀ' ਨੂੰ, ਮੈਂਬਰ ਬੋਲਦੇ ਇਕੋ ਹੀ ਤਾਲ ਅੰਦਰ।*
*'ਜਥੇਦਾਰ' ਬਣ ਜਾਂਦੇ ਨੇ ਮੂਕ ਦਰਸ਼ਕ, ਰਹਿ ਗਏ ਉਲਝ ਕੇ ਮਾਇਆ-ਜਾਲ਼ ਅੰਦਰ।*
*ਸਿਸਟਮ ਦੇਖ ਕੇ ਹੁੰਦੇ ਖਾਮੋਸ਼ ਜਿਹੜੇ, ਜੀਊਣਾ ਉਨ੍ਹਾਂ ਦਾ ਹੁੰਦਾ ਮੁਹਾਲ ਅੰਦਰ।*
*ਹੱਥ ਮਲ਼ਦਿਆਂ ਦੇਖਦਾ ਪੰਥ ਸਾਰਾ, ਤਾਨਾਸ਼ਾਹਾਂ ਦੀ ਫਸ ਗਿਆ ਚਾਲ ਅੰਦਰ।*
*ਪਿਛਲੇ ਸਾਲ ਵਾਂਗੂੰ 'ਨਾਟਕ' ਫੇਰ ਹੋਇਆ, ਤੇਜਾ ਸਿੰਘ ਸਮੁੰਦਰੀ ਹਾਲ ਅੰਦਰ!*

# ਤਿੰਨ ਵਿਧਾਨ ਸਭਾ ਚੋਣਾਂ ਦਾ ਸਿਆਸੀ ਪ੍ਰਸੰਗ

**-ਬੀ.ਐਸ. ਥੌਰ**

ਪਿਛਲੇ ਦਿਨੀਂ ਹੋਈਆਂ ਤਿੰਨ ਵਿਧਾਨ ਸਭਾਵਾਂ, ਮਹਾਰਾਸ਼ਟਰ, ਅਰੁਣਾਚਲ ਪ੍ਰਦੇਸ਼ ਅਤੇ ਹਰਿਆਣਾ ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਦਾ ਹੱਥ ਉਪਰ ਰਿਹਾ ਹੈ। ਕੀ ਇਸ ਨੂੰ ਕਾਂਗਰਸ ਪਾਰਟੀ ਦੀ ਲੋਕਪ੍ਰਿਅਤਾ ਸਮਝਿਆ ਜਾਏ ਜਾਂ ਵਿਰੋਧੀ ਖੇਮਿਆਂ 'ਚ ਆਪਹੁਦਰੀ, ਹਉਮੈ ਅਤੇ ਪਾਟੋਧਾੜ? ਸਰਸਰੀ ਨਜ਼ਰ ਦੇਖਣ ਨੂੰ ਕਾਂਗਰਸ ਦਾ ਕੋਈ ਅਜਿਹਾ ਕਾਰਜ ਅਲੋਕਾਰੀ ਨਹੀਂ ਦਿਸਦਾ ਜਿਸ ਤੋਂ ਪਤਾ ਲੱਗੇ ਕਿ ਜਨਤਾ ਜਾਂ ''ਕਾਂਗਰਸ ਦੇ ਆਮ ਆਦਮੀ'' ਦਾ ਉਚੇਚਾ ਭਲਾ ਹੋਇਆ ਹੈ। ਰੋਜ਼ੀ-ਰੋਟੀ ਆਮ ਆਦਮੀ ਦੇ ਮੁੱਢਲੇ ਮਸਲੇ ਹਨ। ਜੇ ਰੋਜ਼ੀ ਦੀ ਗੱਲ ਕਰੀਏ ਤਾਂ ਬੇਰੁਜ਼ਗਾਰੀ ਇਕ ਦੇਸ਼ ਵਿਆਪੀ ਬਹੁਤ ਵੱਡੀ ਸਮੱਸਿਆ ਬਣ ਚੁੱਕੀ ਹੈ ਅਤੇ ਵਧਦੀ ਹੀ ਜਾ ਰਹੀ ਹੈ ਜੋ ਸਮਾਜ ਵਿਚ ਗੰਭੀਰ ਵਿਕਾਰਾਂ ਦਾ ਕਾਰਨ ਬਣ ਰਹੀ ਹੈ।

ਇਕ ਰਿਪੋਰਟ ਅਨੁਸਾਰ ਇਸ ਸਮੇਂ ਭਾਰਤ ਦੇ 40 ਕਰੋੜ ਕਰਮਯੋਗ ਲੋਕਾਂ 'ਚੋਂ 17 ਕਰੋੜ ਬੇਰੁਜ਼ਗਾਰ ਹਨ। ਬੇਰੁਜ਼ਗਾਰੀ ਦੀ ਦਰ 9% ਪਹੁੰਚ ਗਈ ਹੈ। 15-25 ਸਾਲ ਦੀ ਉਮਰ ਵਾਲੇ 25% ਜੁਆਨ ਕੰਮ ਖੁਣੋਂ ਅਵੱਲੇ ਪਾਸੇ ਲੱਗ ਰਹੇ ਹਨ। ਇਨ੍ਹਾਂ ਬੇਰੁਜ਼ਗਾਰਾਂ 'ਚ ਪੜ੍ਹਿਆਂ ਲਿਖਿਆਂ ਦੀ ਵਧਦੀ ਗਿਣਤੀ ਹੋਰ ਵੀ ਚਿੰਤਾ ਦਾ ਵਿਸ਼ਾ ਹੈ। ਕੰਮਕਾਰ ਦੇ ਨਵੇਂ ਵਸੀਲੇ ਬਣ ਨਹੀ ਰਹੇ ਜੋ ਇਨ੍ਹਾਂ ਬੇਰੁਜ਼ਗਾਰਾਂ ਨੂੰ ਆਹਰੇ ਲਾ ਲੈਣ। ਉਪਰੋਂ ਹਰ ਪਾਸੇ ਮਸ਼ੀਨੀ ਤੇ ਕੰਪਿਊਟਰੀਕਰਨ ਨਾਲ ਰੁਜ਼ਗਾਰ ਦੇ ਠਿਕਾਣੇ ਸੌੜੇ ਹੋ ਰਹੇ ਹਨ। ਮੋਟੀ ਜਿਹੀ ਗੱਲ ਇਹ ਕਿ ਜੇ ਦਸ ਬੰਦਿਆਂ ਦਾ ਕੰਮ ਮਸ਼ੀਨ ਨਾਲ ਇਕ ਬੰਦੇ ਨੇ ਕਰ ਦੇਣਾ ਹੈ ਤਾਂ 9 ਬੰਦਿਆਂ ਲਈ ਰੁਜ਼ਗਾਰ ਦਾ ਵਸੀਲਾ ਬੰਦ ਹੋ ਗਿਆ। ਭਾਵੇਂ ਮਾਡਰਨ ਤਕਨਾਲੋਜੀ ਦੇ ਸਮਰਥਕ ਇਸ ਸੋਚ ਦੇ ਵਿਰੁਧ ਹਨ।

> ***ਲੋਕ ਸਭਾ ਚੋਣਾਂ 'ਚ ਤਾਂ ਮਨਮੋਹਨ ਸਿੰਘ ਦੇ ਈਮਾਨਦਾਰ ਵਿਅਕਤੀਤਤਵ ਦਾ ਲਾਭ ਕਾਂਗਰਸ ਨੂੰ ਮਿਲਿਆ ਪ੍ਰਤੱਖ ਦਿਸਿਆ ਹੈ। ਵਿਧਾਨ ਸਭਾ 'ਚ ਵੀ ਇਸ ਦਾ ਪ੍ਰਭਾਵ ਸੁਤੇ ਸਿੱਧ ਹੋਇਆ ਹੈ। ਕਾਂਗਰਸ 'ਤੇ ਸੋਨੀਆ ਦੀ ਪੂਰੀ ਗਰਿਪ ਹੈ। ਹੋਰ ਤਾਂ ਹੋਰ ਸੋਨੀਆ ਦਾ ਬੇਟਾ ਰਾਹੁਲ ਗਾਂਧੀ ਵੀ ਲੀਡਰ ਵਜੋਂ ਸਥਾਪਤ ਹੋ ਗਿਆ ਹੈ ਅਤੇ ਲੋਕੀਂ ਉਸ ਨੂੰ ਭਾਵੀ ਪ੍ਰਧਾਨ ਮੰਤਰੀ ਵਜੋਂ ਦੇਖ ਰਹੇ ਹਨ। ਮਾਂ-ਬੇਟਾ ਪਾਰਟੀ ਨੂੰ ਮਜਬੂਤ ਕਰਨ 'ਚ ਲੱਗੇ ਹਨ। ਇਸ ਦੇ ਮੁਕਾਬਲੇ ਭਾਜਪਾ ਦੇ ਉਪਰਲੇ ਨੇਤਾ ਆਪੋ ਵਿਚ ਖਹਿ ਕੇ ਪਾਰਟੀ ਨੂੰ ਕਮਜ਼ੋਰ ਕਰਨ 'ਤੇ ਲੱਗੇ ਹੋਏ ਹਨ।***

ਖੈਰ, ਇਹ ਇਕ ਵੱਖਰਾ ਤੇ ਜਟਿਲ ਵਿਸ਼ਾ ਹੈ ਜਿਸ 'ਤੇ ਵਿਆਪਕ ਚਰਚਾ ਦੀ ਲੋੜ ਹੈ। ਦੂਜਾ ਵੱਡਾ ਅਤੇ ਭਖਵਾਂ ਮਸਲਾ ਮਹਿੰਗਾਈ ਦਾ ਹੈ। ਇਸ ਮੁੱਦੇ 'ਤੇ ਸਰਕਾਰ ਬਾਰੇ ਜਿੰਨੇ ਕਰੜੇ ਅਤੇ ਕੌੜੇ ਸ਼ਬਦ ਵਰਤੇ ਜਾਣ ਤਾਂ ਵੀ ਅਸਲੀ ਦਸ਼ਾ ਨਹੀਂ ਬਿਆਨੀ ਜਾ ਸਕਦੀ। ਕੀ ਇਹ ਜ਼ੁਲਮ ਨਹੀਂ ਕਿ ਦਾਲ 80 ਰੁਪਏ ਕਿਲੋ, ਚੀਨੀ 40 ਰੁਪਏ ਕਿਲੋ, ਆਲੂ 30 ਰੁਪਏ ਕਿਲੋ, ਆਟਾ 18 ਰੁਪਏ ਕਿਲੋ, ਦਿਹਾੜੀ ਦੱਪਾ ਕਰਨ ਵਾਲਾ ਮਜ਼ਦੂਰ ਕਾਹਦੇ ਨਾਲ ਢਿੱਡ ਭਰੇਗਾ?

ਕਿਸਾਨ ਆਰਥਿਕ ਤੰਗੀ ਦਾ ਮਾਰਾ ਖੁਦਕੁਸ਼ੀਆਂ ਕਰ ਰਿਹਾ ਹੈ। ਮਹਾਰਾਸ਼ਟਰ 'ਚ ਵਿਦਰਭਾ, ਉੜੀਸਾ ਦੇ ਕਾਲਾਹਾਂਡੀ, ਪੰਜਾਬ ਦੇ ਮਾਲਵਾ ਅਤੇ ਆਂਧਰਾ, ਕਰਨਾਟਕ ਦੇ ਕਿੰਨੇ ਖੇਤਰਾਂ ਵਿਚ ਹਜ਼ਾਰਾਂ ਕਿਸਾਨਾਂ ਨੇ ਖੁਦਕੁਸ਼ੀਆਂ ਕਰ ਲਈਆਂ ਹਨ ਅਤੇ ਹੋਈ ਜਾ ਰਹੀਆਂ ਹਨ। ਕਿਸਾਨਾਂ ਦੇ ਕਰਜ਼ੇ ਮੁਆਫ ਕਰ ਦੇਣ ਨੂੰ ਸਰਕਾਰ ਸਮਝਦੀ ਹੈ ਕਿ ਕਿਸਾਨਾਂ ਦੀ ਤੰਗੀ ਦਾ ਮਸਲਾ ਹੱਲ ਕਰ ਦਿੱਤਾ ਹੈ। ਕਰਜ਼ਾ ਮੁਆਫੀ ਦਾ ਐਲਾਨ ਵੀ ਲੋਕ ਸਭਾ ਚੋਣਾਂ ਤੋਂ ਜ਼ਰਾ ਕੁ ਪਹਿਲਾਂ ਕਰਕੇ ਚੋਣਾਂ 'ਚ ਸਿਆਸੀ ਚਲਾਕੀ ਕੀਤੀ ਗਈ ਕਿ ਲਾਹਾ ਮਿਲ ਸਕੇ। ਇਸ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਨੂੰ ਕਿਸਾਨਾਂ ਦਾ ਕਿੰਨਾ ਕੁ ਦਰਦ ਹੈ। ਇਵੇਂ ਦੀਆਂ ਹੋਰ ਸਮੱਸਿਆਵਾਂ ਜਿਵੇਂ ਦੇਸ਼ ਦੀ ਅੰਦਰਲੀ ਅਤੇ ਬਾਹਰਲੀ ਸੁਰੱਖਿਆ, ਪਾਕਿਸਤਾਨ ਤਾਂ ਦਾਇਮੀ ਸਿਰਦਰਦੀ ਹੈ ਹੀ ਚੀਨ ਨਵੀਂ ਚੁਣੌਤੀ ਬਣ ਰਿਹਾ ਹੈ। ਭ੍ਰਿਸ਼ਟਾਚਾਰ ਹੱਦਾਂ ਬੰਨੇ ਟੱਪ ਗਿਆ ਹੈ। ਨਿੱਤ ਵਧਦੀ ਆਬਾਦੀ ਸਭ ਤੋਂ ਗੰਭੀਰ ਸਮੱਸਿਆ ਹੈ। ਸਾਰੀਆਂ ਸਮੱਸਿਆਵਾਂ ਵੱਖਰੀ ਵੱਖਰੀ ਚਰਚਾ ਦਾ ਵਿਸ਼ਾ ਹਨ। ਇਨ੍ਹਾਂ 'ਚੋਂ ਕੋਈ ਸੁਲਝਦੀ ਨਹੀਂ ਦਿਸਦੀ, ਸਗੋਂ ਜਟਿਲ ਹੁੰਦੀਆਂ ਜਾ ਰਹੀਆਂ ਹਨ। ਇਸ ਲਈ ਕਿਵੇਂ ਵੀ ਕਿਹਾ ਨਹੀਂ ਜਾ ਸਕਦਾ ਕਿ ਤਿੰਨੇ ਵਿਧਾਨ ਸਭਾਵਾਂ 'ਚ ਕਾਂਗਰਸ ਆਪਣੀ ਚੰਗੀ ਕਾਰਗੁਜਾਰੀ ਸਦਕਾ ਉਪਰ ਰਹੀ ਹੈ ਅਤੇ ਲੋਕਪ੍ਰਿਅ ਹੋਈ ਹੈ।

ਕਾਂਗਰਸ ਦੀ ਜਿੱਤ ਦੇ ਮੋਟੇ ਮੋਟੇ ਫੈਕਟਰ ਇਉਂ ਬਿਆਨੇ ਜਾ ਸਕਦੇ ਹਨ। ਸਭ ਤੋਂ ਪਹਿਲਾ ਤੇ ਵੱਡਾ ਕਾਰਨ, ਬਰਾਬਰ ਦੀ ਵਿਰੋਧੀ ਪਾਰਟੀ ਦੀ ਅਣਹੋਂਦ ਹੈ। ਕਾਂਗਰਸ ਦੇਸ਼ ਵਿਆਪੀ ਪਾਰਟੀ ਹੈ। ਹਰ ਸੂਬੇ 'ਚ ਇਸ ਦੇ ਨਾਮਲੇਵਾ ਹਨ। ਕਈ ਖਿੱਤਿਆਂ 'ਚ ਤਾਂ ਲੋਕੀ ਸਿਆਸੀ ਅਤੇ ਹੁਕਮਰਾਨ ਪਾਰਟੀ ਵਜੋਂ ਜਾਣਦੇ ਹੀ ਕਾਂਗਰਸ ਦਾ ਨਾਉਂ ਹਨ। ਦੇਸ਼ ਨੂੰ ਆਜ਼ਾਦ ਹੋਇਆਂ 62 ਸਾਲ ਹੋ ਚੁੱਕੇ ਹਨ ਪਰ ਕੋਈ ਅਜਿਹੀ ਪਾਰਟੀ ਨਹੀਂ ਉਭਰ ਸਕੀ ਜੋ ਕਾਂਗਰਸ ਦਾ ਤੋੜ ਹੋਵੇ। ਹੋਰ ਤਾਂ ਹੋਰ ਅੱਜ ਵਿਰੋਧੀ ਖੇਮਿਆਂ 'ਚ ਕੋਈ ਅਜਿਹਾ ਨੇਤਾ ਨਹੀਂ ਜਿਸ ਦੀ ਅਪੀਲ ਕੌਮੀ ਪੱਧਰ 'ਤੇ ਹੋਏ। ਅਸਲ 'ਚ ਤਾਂ ਇੰਦਰਾ ਗਾਂਧੀ ਤੋ ਬਾਅਦ (ਕੁਝ ਕੁ ਅਟਲ ਬਿਹਾਰੀ ਵਾਜਪਾਈ ਤੋਂ ਬਿਨਾ) ਕੋਈ ਨੇਤਾ ਰਾਸ਼ਟਰੀ ਛਵੀ ਵਾਲਾ ਸਥਾਪਤ ਨਹੀਂ ਹੋ ਸਕਿਆ। ਰਾਸ਼ਟਰਵਾਦੀ ਰੁਚੀ ਵਾਲੇ ਨੇਤਾ ਤਾਂ ਹਨ ਪਰ ਰਾਸ਼ਟਰੀ ਪੱਧਰ ਦਾ ਕੋਈ ਨੇਤਾ ਨਹੀਂ ਹੈ। ਸਾਰੇ ਹਲਕੀ ਪਤਲੀ ਛਵੀ ਵਾਲੇ ਹਨ। ਕੋਈ ਅਜਿਹਾ ਨਹੀਂ ਹੈ, ਜੋ ਵਿਰੋਧੀ ਪਾਰਟੀਆਂ/ਦਲਾਂ ਨੂੰ ਇਕ ਮੰਚ 'ਤੇ ਇਕੱਠਾ ਕਰ ਸਕੇ। ਚਰਚਾ ਅਧੀਨ ਤਿੰਨ ਵਿਧਾਨ ਸਭਾਵਾਂ ਦੀਆਂ ਚੋਣਾਂ 'ਚ ਕਾਂਗਰਸ ਵਿਰੁਧ ਇਕੱਠੇ ਤਾਂ ਕੀ ਹੋਣਾ ਸੀ। ਸਗੋਂ ਪਹਿਲੋਂ ਬਣੇ ਗੱਠਜੋੜ ਵੀ ਟੁੱਟ ਗਏ। ਮਹਾਰਾਸ਼ਟਰ ਵਿਚ ਸ਼ਿਵ ਸੈਨਾ, ਸੈਨਾ ਵਿਰੁਧ ਹੀ ਲੜੀ। ਹਰਿਆਣਾ 'ਚ ਭਾਜਪਾ ਤੇ ਇਨੈਲੋ ਦਾ ਪੁਰਾਣਾ ਗੱਠਜੋੜ ਨਾ ਰਹਿ ਸਕਿਆ। ਨਵੇਂ ਸਮੀਕਰਨ ਬਣਦੇ ਬਣਦੇ ਸਿਰੇ ਨਹੀਂ ਚੜ੍ਹੇ। ਬਹੁਜਨ ਸਮਾਜ ਪਾਰਟੀ ਅਤੇ ਜਨਹਿੱਤ ਕਾਂਗਰਸ ਦਾ ਸਮਝੌਤਾ ਨਹੀਂ ਹੋ ਸਕਿਆ। ਜੇ ਭਾਜਪਾ, ਇਨੈਲੋ, ਬੀ.ਐਸ.ਪੀ. ਅਤੇ ਜਨਹਿੱਤ 'ਚੋਂ ਕਿਸੇ ਵੀ ਦੋ ਜਾਂ ਤਿੰਨ ਪਾਰਟੀਆਂ ਦਾ, ਗੱਠਜੋੜ ਹੋ ਜਾਂਦਾ ਤਾਂ ਹਰਿਆਣਾ ਵਿਧਾਨਕਾਰ ਪਾਰਟੀ ਦਾ ਨਕਸ਼ਾ ਹੀ ਹੋਰ ਹੋਣਾ ਸੀ। ਕਾਂਗਰਸ ਲੁੜਕ ਸਕਦੀ ਸੀ। ਇਸ ਪਾਟੋਧਾੜ ਦਾ ਸਮੁੱਚਾ ਲਾਭ ਕਾਂਗਰਸ ਨੂੰ ਹੋਇਆ। ਕਾਂਗਰਸ ਨੂੰ ਸਪੱਸ਼ਟ ਬਹੁਮਤ ਨਾ ਮਿਲਣ ਦਾ ਕਾਰਨ ਵੀ ਇਕ ਤਰ੍ਹਾਂ ਨਾਲ ਵਿਰੋਧੀਆਂ ਦੀ ਫੁੱਟ ਹੀ ਬਣੀ। ਕਾਂਗਰਸੀ ਵਿਰੋਧੀਆਂ ਦੇ ਵਖਰੇਵਿਆਂ ਨੂੰ ਦੇਖ ਕੇ ਅਵੇਸਲੇ ਹੋ ਗਏ ਕਿ ਜਿੱਤੇ ਹੀ ਪਏ ਹਾਂ, ਬਹੁਤੇ ਭੱਜਣ ਦੀ ਲੋੜ ਨਹੀਂ। ਫੇਰ ਵੀ ਵਿਧਾਨ ਸਭਾ 'ਚ ਵੱਡੀ ਪਾਰਟੀ ਹੋਣ ਸਦਕਾ ਕਾਂਗਰਸ ਸਰਕਾਰ ਬਣਾ ਹੀ ਗਈ।

ਕਾਂਗਰਸ ਦੀ ਜਿੱਤ ਦਾ ਇਕ ਤੱਥ ਇਹ ਵੀ ਹੈ ਕਿ ਇਸ ਦੀ ਪ੍ਰਧਾਨ ਸੋਨੀਆਂ ਗਾਂਧੀ ਅਜਿਹੀ ਲੀਡਰ ਉਭਰੀ ਹੈ ਜਿਸ ਨੇ ਪਾਰਟੀ ਸਫਾਂ 'ਚ ਅਨੁਸ਼ਾਸਨ ਅਤੇ ਏਕਤਾ ਬਹਾਲ ਕਰ ਦਿੱਤੀ ਹੈ। ਖੇਰੂੰ-ਖੇਰੂੰ ਹੋ ਰਹੀ ਪਾਰਟੀ ਨੂੰ ਸੰਭਾਲਾ ਦਿੱਤਾ ਹੈ। ਪਾਰਟੀ ਦੀ ਇਕੋ ਇਕ ਸੁਪਰੀਮ ਲੀਡਰ ਹੈ। ਸਰਕਾਰੀ ਤਾਕਤ ਪ੍ਰਧਾਨ ਮੰਤਰੀ ਕੋਲ ਹੈ ਪਰ ਅਸਲ ਸਿਆਸੀ ਸੱਤਾ ਸੋਨੀਆ ਗਾਂਧੀ ਕੋਲ ਹੈ। ਉਸ ਦੀ ਹਾਂ ਤੋਂ ਬਿਨਾ ਹਕੂਮਤ 'ਚ ਪਤਾ ਵੀ ਨਹੀਂ ਹਿਲਦਾ। ਉਧਰ ਵੱਡੀ ਵਿਰੋਧੀ ਪਾਰਟੀ ਭਾਜਪਾ ਦੇ ਉਪਰਲੇ ਨੇਤਾ ਆਪੋ ਵਿਚ ਖਹਿ ਰਹੇ ਹਨ। ਅਟਲ ਬਿਹਾਰੀ ਵਾਜਪਾਈ ਦੇ ਬੀਮਾਰੀ ਕਾਰਨ ਲਾਂਭੇ ਹੋਣ ਨਾਲ ਭਾਜਪਾ 'ਚ ਕੋਈ ਉੱਚ ਪੱਧਰ ਦਾ ਨੇਤਾ ਨਹੀਂ ਰਿਹਾ। ਕੇਂਦਰੀ ਲੀਡਰਸ਼ਿਪ ਨੇ ਅਨੁਸ਼ਾਸਨ ਤਾਂ ਕੀ ਲੈ ਆਉਣਾ ਸੀ, ਕਰਨਾਟਕ, ਰਾਜਸਥਾਨ ਅਤੇ ਉਤਰਾਖੰਡ ਦੀਆਂ ਮਿਸਾਲਾਂ ਸਾਹਮਣੇ ਹਨ, ਸੂਬਾ ਪਾਰਟੀਆਂ ਵਾਲੇ ਖੁੱਲ੍ਹੀ ਬਗਾਵਤ 'ਤੇ ਉਤਰੇ ਹਨ। ਕੇਂਦਰੀ ਲੀਡਰਸ਼ਿਪ ਕੁਝ ਨਹੀਂ ਕਰ ਸਕਦੀ, ਨਾਕਾਰਾ ਸਾਬਤ ਹੋ ਰਹੀ ਹੈ। ਹਾਂ, ਅਜਿਹਾ ਨਹੀਂ ਕਿ ਕਾਂਗਰਸ ਪਾਰਟੀ ਦਾ ਵਿਰੋਧ ਨਹੀਂ ਜਾਂ ਤਕੜੇ ਵਿਰੋਧੀ ਨੇਤਾ ਨਹੀਂ ਹਨ। ਹੈਣ, ਪਰ ਰੀਜਨਲ ਪੱਧਰ ਦੇ ਹਨ। ਜਿਵੇਂ ਬਿਹਾਰ ਦੇ ਨਿਤੀਸ਼ ਕੁਮਾਰ, ਉੱਤਰ ਪ੍ਰਦੇਸ਼ ਦੇ ਮੁਲਾਇਮ ਸਿੰਘ ਯਾਦਵ, ਗੁਜਰਾਤ ਦੇ ਨਰਿੰਦਰ ਮੋਦੀ, ਆਂਧਰਾ ਦੇ ਚੰਦਰਬਾਬੂ ਨਾਇਡੂ, ਤਾਮਿਲਨਾਡੂ ਦੇ ਕਰੁਣਾਨਿਧੀ। ਪਰ ਇਨ੍ਹਾਂ 'ਚੋਂ ਕਿਸੇ ਦੀ ਵੀ ਛਵੀ ਰਾਸ਼ਟਰੀ ਪੱਧਰ ਦੀ ਨਹੀਂ, ਜੋ ਆਪਣੀਆਂ ਪਾਰਟੀਆਂ ਨੂੰ ਦੇਸ਼ ਵਿਆਪੀ ਭੱਲ ਦੇ ਸਕਣ। ਇਹ ਆਪਣੇ ਆਪਣੇ ਸੂਬਿਆਂ 'ਚ ਤਕੜੇ ਜਨਤਕ ਲੀਡਰ ਹਨ। ਨੇੜ ਭਵਿੱਖ ਵਿਚ ਕੋਈ ਅਜਿਹਾ ਨੇਤਾ ਉਭਰਦਾ ਵੀ ਨਹੀਂ ਦਿਸਦਾ ਜਿਸ ਦੀ ਗੱਲ ਸਾਰਾ ਦੇਸ਼ ਸੁਣੇ। ਸਾਰੇ ਨਿੱਜਪ੍ਰਸਤੀ, ਹਉਮੈ ਅਤੇ ਮਾਇਆ ਦੇ ਭੁੱਖੇ ਹਨ। ਸ਼ਾਇਦ ਹੀ ਕੋਈ ਪਲ ਕਿਸੇ ਨੇਤਾ ਕੋਲ ਹੋਏ ਜਦੋਂ ਦੇਸ਼ ਅਤੇ ਲੋਕਾਂ ਬਾਰੇ ਸੋਚਦਾ ਹੋਵੇ।

ਗੌਰਤਲਬ ਹੈ ਕਿ ਕਿਸੇ ਵੀ ਵੱਡੇ ਸੂਬੇ 'ਚ ਕਾਂਗਰਸ ਦੀ ਸਰਕਾਰ ਨਹੀਂ ਹੈ। ਬਿਨਾ ਰਾਜਸਥਾਨ ਜਿਹੇ ਇਕ ਸੂਬੇ ਦੇ ਅਤੇ ਮਹਾਰਾਸ਼ਟਰ ਵਿਚ ਪਵਾਰ ਦੀ ਪਾਰਟੀ ਨਾਲ ਗੱਠਜੋੜ ਕਰਕੇ। ਇਸ ਹਿਸਾਬ ਤਾਂ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਹੋਣੀ ਨਹੀਂ ਬਣਦੀ, ਪਰ ਹੈ। ਕਿਉਂਕਿ ਕਾਂਗਰਸ ਦੀ ਥਾਂ ਕੋਈ ਪਾਰਟੀ ਨਹੀਂ ਲੈ ਸਕੀ। ਲੋਕਾਂ ਨੇ ਅਖੀਰ ਇਹ ਧਾਰ ਲਿਆ ਹੈ ਕਿ ਦੇਸ਼ ਦੀ ਸਰਕਾਰ ਕਾਂਗਰਸ ਤੋਂ ਬਿਨਾ ਕੋਈ ਹੋਰ ਪਾਰਟੀ ਨਹੀਂ ਚਲਾ ਸਕਦੀ। ਜਿਹੋ ਜਿਹੀ ਹੈ ਕਾਂਗਰਸ ਨਾਲ ਹੀ ਨਿਭਿਆ ਜਾਏ। ਅਸਲ ਵਿਚ ਰਾਸ਼ਟਰਵਾਦੀ ਪਾਰਟੀ ਮੁੱਢ ਤੋਂ ਕਾਂਗਰਸ ਹੀ ਹੈ। ਦਾਅਵਾ ਤਾਂ ਭਾਜਪਾ ਵਧੇਰੇ ਰਾਸ਼ਟਰਵਾਦੀ ਹੋਣ ਦਾ ਕਰਦੀ ਹੈ। ਦੇਸ਼ ਦੀ ਆਜ਼ਾਦੀ ਦੇ ਸੰਗਰਾਮ 'ਚ ਕਾਂਗਰਸ ਨੇ ਇਕ ਤਰ੍ਹਾਂ ਸਾਰਾ ਦੇਸ਼ ਨਾਲ ਲਾਇਆ ਸੀ। ਆਜ਼ਾਦੀ ਪ੍ਰਾਪਤੀ ਦਾ ਸਿਹਰਾ ਵੀ ਕਾਂਗਰਸ ਪਾਰਟੀ ਨੂੰ ਹੀ ਮਿਲਿਆ ਜਿਸ ਦਾ ਖੱਟਿਆ ਕਾਂਗਰਸ ਪਾਰਟੀ ਅੱਜ ਵੀ ਖਾ ਰਹੀ ਹੈ।

ਸਬੱਬ ਨਾਲ ਕਾਂਗਰਸ ਪਾਰਟੀ ਕੋਲ ਇਕ ਅਜਿਹੀ ਸ਼ਖਸੀਅਤ ਹੈ ਜਿਸ ਦੇ ਵਿਰੋਧੀ ਵੀ ਕਾਇਲ ਹਨ। ਉਹ ਹੈ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਜੋ ਬੇਦਾਗ, ਬੇਲਾਗ, ਸਾਦਾ ਅਤੇ ਈਮਾਨਦਾਰ ਇਨਸਾਨ ਅਤੇ ਉੱਚ ਕੋਟੀ ਦੇ ਆਰਥਿਕ ਮਾਹਿਰ ਹਨ। ਲੋਕ ਮਨਾਂ 'ਚ ਸਹਿਜੇ ਹੀ ਉਨ੍ਹਾਂ ਦਾ ਸਤਿਕਾਰ ਘਰ ਕਰ ਗਿਆ ਹੈ। ਲੋਕ ਸਭਾ ਚੋਣਾਂ 'ਚ ਤਾਂ ਡਾ. ਮਨਮੋਹਨ ਸਿੰਘ ਦੇ ਈਮਾਨਦਾਰ ਵਿਅਕਤੀਤਤਵ ਦਾ ਲਾਭ ਕਾਂਗਰਸ ਨੂੰ ਮਿਲਿਆ ਪ੍ਰਤੱਖ ਦਿਸਿਆ ਹੈ। ਵਿਧਾਨ ਸਭਾ 'ਚ ਵੀ ਇਸ ਦਾ ਪ੍ਰਭਾਵ ਸੁਤੇ ਸਿੱਧ ਹੋਇਆ ਹੈ। ਕਾਂਗਰਸ 'ਤੇ ਸੋਨੀਆ ਦੀ ਪੂਰੀ ਗਰਿਪ ਹੈ। ਹੋਰ ਤਾਂ ਹੋਰ ਸੋਨੀਆ ਦਾ ਬੇਟਾ ਰਾਹੁਲ ਗਾਂਧੀ ਵੀ ਲੀਡਰ ਵਜੋਂ ਸਥਾਪਤ ਹੋ ਗਿਆ ਹੈ ਅਤੇ ਲੋਕੀਂ ਉਸ ਨੂੰ ਭਾਵੀ ਪ੍ਰਧਾਨ ਮੰਤਰੀ ਵਜੋਂ ਦੇਖ ਰਹੇ ਹਨ। ਮਾਂ-ਬੇਟਾ ਪਾਰਟੀ ਨੂੰ ਮਜਬੂਤ ਕਰਨ 'ਚ ਲੱਗੇ ਹਨ। ਇਸ ਦੇ ਮੁਕਾਬਲੇ ਭਾਜਪਾ ਦੇ ਉਪਰਲੇ ਨੇਤਾ ਆਪੋ ਵਿਚ ਖਹਿ ਕੇ ਪਾਰਟੀ ਨੂੰ ਕਮਜ਼ੋਰ ਕਰਨ 'ਤੇ ਲੱਗੇ ਹੋਏ ਹਨ।



# ਭਾਰਤ-ਚੀਨ ਸੀਮਾ ਵਿਵਾਦ

**ਡਾ. ਸੁਵੀਰ ਸਿੰਘ**

ਪਿਛਲੇ ਕੁਝ ਮਹੀਨਿਆਂ ਵਿਚ ਭਾਰਤ-ਚੀਨ ਸੀਮਾ ਵਿਵਾਦ ਕਾਫੀ ਸੁਰਖੀਆਂ ਵਿਚ ਰਿਹਾ, ਕਿਉਂਕਿ ਚੀਨੀ ਫੌਜ ਲਦਾਖ ਖੇਤਰ ਵਿਚ ਡੇਢ ਕਿਲੋਮੀਟਰ ਤਕ ਭਾਰਤ ਦੀ ਸੀਮਾ ਵਿਚ ਆ ਕੇ ਵੱਡੇ ਪੱਥਰਾਂ 'ਤੇ ਲਾਲ ਰੰਗ ਨਾਲ ਚੀਨ ਲਿਖ ਕੇ ਚਲੀ ਗਈ। ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਐਸ.ਐਮ. ਕ੍ਰਿਸ਼ਨਾ ਨੇ ਬਿਆਨ ਦਿੱਤਾ ਸੀ, "ਜਦੋਂ ਕਦੇ ਵੀ ਇਸ ਤਰ੍ਹਾਂ ਦੀ ਘੁਸਪੈਠ ਹੁੰਦੀ ਹੈ ਤਾਂ ਦੋਵੇਂ ਦੇਸ਼ਾਂ ਵਿਚ ਇਸ ਸਮੱਸਿਆ ਨੂੰ ਸੁਲਝਾਣ ਦੀ ਵਿਵਸਥਾ ਹੈ। ਹੋਰ ਦੇਸ਼ਾਂ ਦੇ ਮੁਕਾਬਲੇ ਭਾਰਤ-ਚੀਨ ਸ਼ਾਂਤੀਪੂਰਨ ਹੈ ਅਤੇ ਇਸ ਘੁਸਪੈਠ ਦੀ ਸਮੱਸਿਆ ਨੂੰ ਸੁਲਝਾ ਲਿਆ ਜਾਵੇਗਾ।" ਵਿਰੋਧੀ ਪਾਰਟੀਆਂ ਨੇ ਗ੍ਰਹਿ ਮੰਤਰੀ ਦੇ ਨਰਮ ਰੁਖ਼ ਅਪਨਾਉਣ ਦੀ ਨਿੰਦਾ ਕੀਤੀ ਹੈ।

ਜੇਕਰ ਭਾਰਤ-ਚੀਨ ਸੀਮਾ ਵਿਵਾਦ ਦੀ ਗੱਲ ਕੀਤੀ ਜਾਵੇ ਤਾਂ ਇਹ ਸਮੱਸਿਆ ਭਾਰਤ ਦੀ ਆਜ਼ਾਦੀ ਤੋਂ ਵੀ ਪਹਿਲਾਂ ਦੀ ਹੈ। ਅੰਗਰੇਜ਼ਾਂ ਨੇ ਸੀਮਾ ਦੇ ਇਸ ਮਸਲੇ ਨੂੰ ਸੁਲਝਾਣ ਦੇ ਲਈ 1913 ਵਿਚ ਚੀਨ ਨਾਲ ਗੱਲਬਾਤ ਸ਼ੁਰੂ ਕੀਤੀ। ਇਸ ਵਿਚ ਉਸ ਸਮੇਂ ਦੇ ਅੰਗਰੇਜ਼ ਵਿਦੇਸ਼ ਮੰਤਰੀ ਹੈਨਰੀ ਮੈਕਮੋਹਨ ਨੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ। 1914 ਵਿਚ ਸ਼ਿਮਲਾ ਵਿਚ ਭਾਰਤ, ਚੀਨ ਅਤੇ ਤਿੱਬਤ ਦੇ ਨੁਮਾਇੰਦਿਆਂ ਦੀ ਇੱਕ ਇਕੱਤਰਤਾ ਹੋਈ ਅਤੇ ਸਮਝੌਤੇ 'ਤੇ ਹਸਤਾਖਰ ਹੋਏ। ਇਸ ਸਮਝੌਤੇ ਵਿਚ ਇਕ ਸੀਮਾ ਰੇਖਾ ਖਿੱਚੀ ਗਈ, ਜਿਸ ਨੂੰ ਮੈਕਮੋਹਨ ਲਾਈਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਸ ਸਮੇਂ ਤਿੱਬਤ ਚੀਨ ਵਿਚ ਇਕ ਆਜ਼ਾਦ ਖੇਤਰ ਸੀ। ਇਸ ਕਰਕੇ ਇਸ ਦੇ ਨੁਮਾਇੰਦਿਆਂ ਨੂੰ ਗੱਲਬਾਤ ਲਈ ਬੁਲਾਇਆ ਗਿਆ ਸੀ ਤਾਂ ਜੋ ਤਿੱਬਤ ਦਾ ਜੋ ਖੇਤਰ ਭਾਰਤ ਦੀ ਸੀਮਾ ਨਾਲ ਉਸ ਸਮੇਂ ਲੱਗਦਾ ਸੀ, ਉਸਦਾ ਫੈਸਲਾ ਕੀਤਾ ਜਾਵੇ। ਉਸ ਸਮੇਂ ਚੀਨ ਨੇ ਇਸ ਸਮਝੌਤੇ ਵਿਚ ਕਈ ਗੱਲਾਂ 'ਤੇ ਇਤਰਾਜ਼ ਕੀਤਾ ਸੀ ਪਰ ਇਸ ਸਮਝੌਤੇ ਨੂੰ ਉਨ੍ਹਾਂ ਨੇ ਕਦੇ ਵੀ ਨਕਾਰਿਆ ਨਹੀਂ ਸੀ। 1937 ਵਿਚ ਭਾਰਤ ਦੇ ਸਰਵੇਖਣ ਵਿਭਾਗ ਨੇ ਮੈਕਮੋਹਨ ਲਾਈਨ ਦੇ ਨਾਲ ਨਕਸ਼ੇ ਪ੍ਰਕਾਸ਼ਤ ਕੀਤੇ ਉਸ ਸਮੇਂ ਵੀ ਕੋਈ ਮੁੱਦਾ ਨਹੀਂ ਉੱਠਿਆ। ਮਾਓ ਦੇ 1949 ਵਿਚ ਵਿਦਰੋਹ ਤੋਂ ਬਾਅਦ ਸੱਤਾ ਹੱਥ ਲੈਣ 'ਤੇ ਚੀਨ ਨੇ ਭਾਰਤ ਦੇ ਬਹੁਤ ਵੱਡੇ ਖੇਤਰ 'ਤੇ ਅਧਿਕਾਰ ਜਮਾਉਣਾ ਸ਼ੁਰੂ ਕਰ ਦਿੱਤਾ। 1950 ਵਿਚ ਚੀਨ ਨੇ ਤਿੱਬਤ 'ਤੇ ਦਬਾਅ ਪਾ ਕੇ ਇਸ ਨੂੰ ਚੀਨ ਦਾ ਹਿੱਸਾ ਬਣਾ ਲਿਆ ਅਤੇ ਤਿੱਬਤ ਨੂੰ ਚੀਨ ਵਿਚ ਹੀ ਆਜ਼ਾਦ ਖੇਤਰ ਬਣਾ ਦਿੱਤਾ। 1959 ਵਿਚ ਚੀਨ ਨੇ ਭਾਰਤ ਦੇ ਬਹੁਤ ਵੱਡੇ ਖੇਤਰ ਨੂੰ ਆਪਣੇ ਨਕਸ਼ਿਆਂ ਵਿਚ ਵਿਖਾਉਣਾ ਸ਼ੁਰੂ ਕਰ ਦਿੱਤਾ, ਜਿਸ ਕਾਰਨ 1962 ਦੀ ਭਾਰਤ-ਚੀਨ ਜੰਗ ਹੋਈ, ਜਿਸ ਵਿਚ ਚੀਨ ਨੇ ਅਕਸਾਈ ਚਿੰਨ ਦੇ ਵੱਡੇ ਖੇਤਰ 'ਤੇ ਆਪਣਾ ਨਾਜਾਇਜ਼ ਕਬਜ਼ਾ ਜਮਾ ਲਿਆ। ਚੀਨ ਅੱਜ ਵੀ 90,000 ਵਰਗ ਮੀਲ ਇਲਾਕੇ 'ਤੇ ਆਪਣਾ ਅਧਿਕਾਰ ਜਮਾਉਂਦਾ ਹੈ, ਜਿਸ ਵਿਚ ਭਾਰਤ ਦੇ ਸਿੱਕਮ ਅਤੇ ਅਰੁਨਾਚਲ ਪ੍ਰਦੇਸ਼ ਰਾਜਾਂ ਤੋਂ ਇਲਾਵਾ ਭੂਟਾਨ ਵੀ ਸ਼ਾਮਲ ਹੈ। ਚੀਨ ਦਾ ਇਹ ਕਹਿਣਾ ਹੈ ਕਿ ਇਹ ਸਾਰੇ ਖੇਤਰ ਤਿੱਬਤ ਦਾ ਹਿੱਸਾ ਸਨ ਜਿਵੇਂ ਅਰੁਨਾਚਲ ਪ੍ਰਦੇਸ਼ ਵਿਚ ਸਥਿਤ ਤਵਾਂਗ ਖੇਤਰ ਹੈ। ਤਵਾਂਗ ਵਿਚ ਬੋਧੀ ਮੱਠ ਵੀ ਹੈ ਅਤੇ ਇੱਥੇ ਬੁੱਧ ਧਰਮ ਦੇ ਛੇਵੇਂ ਦਲਾਈਲਾਮਾ ਪੈਦਾ ਹੋਏ ਸਨ। ਜਦਕਿ ਭਾਰਤ ਦਾ ਇਹ ਕਹਿਣਾ ਹੈ ਕਿ ਤਿੱਬਤ ਸਦੀਆਂ ਤਕ ਆਜ਼ਾਦ ਖੇਤਰ ਰਿਹਾ ਹੈ ਅਤੇ ਕਦੇ ਵੀ ਚੀਨ ਦਾ ਹਿੱਸਾ ਨਹੀਂ ਸੀ। ਭਾਰਤ ਅਤੇ ਚੀਨ ਦੇ 1987 ਤੋਂ ਬਾਅਦ ਆਪਸੀ ਸਬੰਧਾਂ ਵਿਚ ਕੁਝ ਨਰਮੀ ਆਈ ਅਤੇ 1988 ਵਿਚ ਪਹਿਲਾ ਸਾਂਝਾ ਕਾਰਜਕਾਰੀ ਗਰੁੱਪ (ਜੁਆਇੰਟ ਵਰਕਿੰਗ ਗਰੁੱਪ) ਸਥਾਪਤ ਹੋਇਆ ਅਤੇ ਸੀਮਾ ਵਿਵਾਦ 'ਤੇ ਗੱਲਬਾਤ ਸ਼ੁਰੂ ਹੋਈ। ਪਿਛਲੇ ਵੀਹ ਸਾਲ ਵਿਚ ਜੇਕਰ ਵੇਖਿਆ ਜਾਵੇ ਤਾਂ ਵਪਾਰਕ ਅਤੇ ਹੋਰ ਖੇਤਰਾਂ ਵਿਚ ਭਾਰਤ ਅਤੇ ਚੀਨ ਵਿਚ ਆਪਸੀ ਭਰੋਸਾ ਬਣਿਆ ਹੈ, ਪਰ ਜੇਕਰ ਸੀਮਾ ਵਿਵਾਦ ਦੀ ਗੱਲ ਕੀਤੀ ਜਾਵੇ ਤਾਂ ਹੁਣ ਤਕ ਤਕਰੀਬਨ 12 ਵਾਰ ਸਾਂਝੇ ਕਾਰਜਕਾਰੀ ਗਰੁੱਪ ਦੀਆਂ ਬੈਠਕਾਂ ਤੋਂ ਬਾਅਦ ਵੀ ਸੀਮਾ ਵਿਵਾਦ 'ਤੇ ਕੋਈ ਸਹਿਮਤੀ ਨਹੀਂ ਬਣ ਸਕੀ। ਚੀਨ ਦੀ ਇਹ ਸ਼ਰਤ ਹੈ ਕਿ ਭਾਰਤ, ਤਵਾਂਗ ਨੂੰ ਚੀਨ ਨੂੰ ਦੇਵੇ ਉਸਦੇ ਬਦਲੇ ਚੀਨ, ਭਾਰਤ ਨੂੰ ਅਕਸਾਈ ਚਿਨ ਦੇ ਦੇਵੇਗਾ। ਦੂਸਰੇ ਪਾਸੇ ਭਾਰਤ ਦਾ ਇਹ ਕਹਿਣਾ ਹੈ ਕਿ ਤਵਾਂਗ ਭਾਰਤ ਦਾ ਅਨਿੱਖੜਵਾਂ ਅੰਗ ਹੈ ਅਤੇ ਜੇਕਰ ਕੋਈ ਸਮਝੌਤਾ ਹੋ ਸਕਦਾ ਹੈ ਉਹ ਅਕਸਾਈ ਚਿਨ ਖੇਤਰ ਵਿਚ ਹੀ ਹੋ ਸਕਦਾ ਹੈ।

ਜੇਕਰ ਤਵਾਂਗ ਦੀ ਗੱਲ ਕੀਤੀ ਜਾਵੇ ਤਾਂ ਤਵਾਂਗ ਭਾਰਤ ਲਈ ਯੁੱਧ ਨੀਤੀ ਪੱਖ ਤੋਂ ਬਹੁਤ ਮਹੱਤਵਪੂਰਨ ਹੈ। ਪਹਿਲਾ, ਇਸ ਖੇਤਰ ਵਿਚ ਦੂਸਰੇ ਮਹਾਂਯੁੱਧ ਸਮੇਂ ਅੰਗਰੇਜ਼ਾਂ ਨੇ ਜਪਾਨੀਆਂ ਦੇ ਇਸ ਪਾਸੋਂ ਭਾਰਤ ਤੇ ਹਮਲੇ ਦੇ ਖਤਰੇ ਨੂੰ ਧਿਆਨ ਵਿਚ ਰੱਖ ਕੇ ਸੰਚਾਰ ਅਤੇ ਆਵਾਜਾਈ ਲਈ ਸੜਕਾਂ ਕਾਫੀ ਵਿਕਸਤ ਕੀਤੀਆਂ ਸਨ, ਜੋ ਅੱਜ ਵੀ ਯੁੱਧਨੀਤੀ ਦੇ ਨਜ਼ਰੀਏ ਤੋਂ ਕਾਫੀ ਮਹੱਤਵਪੂਰਨ ਹਨ। ਦੂਸਰਾ, ਅਰੁਨਾਚਲ ਪ੍ਰਦੇਸ਼ ਜਿੱਥੇ ਇਕ ਪਾਸੇ ਭੂਟਾਨ ਦੇ ਪੂਰਬੀ ਹਿੱਸੇ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ, ਉੱਥੇ ਬ੍ਰਹਮਪੁੱਤਰ ਘਾਟੀ ਵਿਚ ਜਾਣ ਦਾ ਇਹ ਰਸਤਾ ਵੀ ਹੈ। ਤੀਸਰਾ, ਅਰੁਨਾਚਲ ਪ੍ਰਦੇਸ਼ ਵਿਚ ਖਣਿਜ ਪਦਾਰਥ ਅਤੇ ਕੁਦਰਤੀ ਸੋਮੇ ਵੀ ਹਨ। ਇਸ ਕਰਕੇ ਭਾਰਤ ਕਿਸੇ ਵੀ ਹਾਲਤ ਵਿਚ ਅਰੁਨਾਚਲ ਪ੍ਰਦੇਸ਼ ਨੂੰ ਗੁਵਾਉਣਾ ਨਹੀਂ ਚਾਹੁੰਦਾ।

ਪਿਛਲੇ ਮਹੀਨਿਆਂ ਵਿਚ ਜੋ ਚੀਨ ਦੁਆਰਾ ਘੁਸਪੈਠ ਹੋਈ ਹੈ, ਉਸ ਦੇ ਸੁਰਖਿਆ ਮਾਹਿਰਾਂ ਦੁਆਰਾ ਕਈ ਕਾਰਨ ਦੱਸੇ ਜਾ ਰਹੇ ਹਨ। ਇਸ ਦਾ ਪਹਿਲਾ ਕਾਰਨ ਇਹ ਕਿਹਾ ਜਾਂਦਾ ਹੈ ਕਿ ਜੋ ਅਮਰੀਕਾ ਅਤੇ ਭਾਰਤ ਦੀ ਨੇੜਤਾ ਵਧ ਰਹੀ ਹੈ ਉਸਨੂੰ ਚੀਨ ਸ਼ੱਕ ਦੀ ਨਜ਼ਰ ਨਾਲ ਵੇਖ ਰਿਹਾ ਹੈ। ਕਿਉਂਕਿ ਭਾਰਤ ਹੀ ਏਸ਼ੀਆ ਵਿਚ ਅਜਿਹੀ ਸ਼ਕਤੀ ਹੈ ਜੋ ਭਵਿੱਖ ਵਿਚ ਚੀਨ ਦੀ ਵਧ ਰਹੀ ਸ਼ਕਤੀ ਦਾ ਮੁਕਾਬਲਾ ਕਰ ਸਕਦੀ ਹੈ। ਇਸੇ ਕਰਕੇ ਚੀਨ ਭਾਰਤ ਦੇ ਗੁਆਂਢੀ ਦੇਸ਼ਾਂ ਵਿਚ ਆਰਥਿਕ ਅਤੇ ਫੌਜੀ ਮਿਲਵਰਤਣ ਵਧਾ ਰਿਹਾ ਹੈ। ਚੀਨ ਸ੍ਰੀਲੰਕਾ ਦੀ ਹਬਨਤੋਤਾ ਬੰਦਰਗਾਹ ਨੂੰ ਵਿਕਸਤ ਕਰ ਰਿਹਾ ਹੈ, ਸ੍ਰੀਲੰਕਾ ਵਿਚ ਹੀ ਕੋਲੰਬੋ ਤੋਂ ਕਲੂਤਾਰ ਸੜਕ ਬਣਾ ਰਿਹਾ ਹੈ। ਮਿਆਂਮਾਰ ਵਿਚ ਕਿਆਕਪੂ ਬੰਦਰਗਾਹ ਵਿਕਸਤ ਕਰ ਰਿਹਾ ਹੈ। ਬੰਗਲਾਦੇਸ਼ ਅਤੇ ਮੀਆਂਮਾਰ ਨਾਲ ਆਯਾਤ ਕਰਨ ਲਈ ਗੈਸ ਪਾਈਪਲਾਈਨ ਵਿਛਾਉਣ ਦੀ ਗੱਲਬਾਤ ਚੱਲ ਰਹੀ ਹੈ। ਇਰਾਨ ਨਾਲ ਵੀ ਗੈਸ ਪਾਈਪਲਾਈਨ ਦੀ ਗੱਲ ਚੱਲ ਰਹੀ ਹੈ ਅਤੇ ਪਾਕਿਸਤਾਨ ਵਿਚ ਗਵਾਦਰਾ ਪੋਰਟ ਨੂੰ ਚੀਨ ਦੁਆਰਾ ਵਿਕਸਤ ਕੀਤਾ ਜਾ ਰਿਹਾ ਹੈ। ਚੀਨ ਦਾ ਭਾਰਤ ਦੇ ਗੁਆਂਢੀ ਦੇਸ਼ਾਂ ਵਿਚ ਵਧ ਰਿਹਾ ਮਿਲਵਰਤਣ ਭਵਿੱਖ ਵਿਚ ਭਾਰਤ ਦੀ ਸੁਰਖਿਆ ਨੂੰ ਖਤਰਾ ਪੈਦਾ ਕਰ ਸਕਦਾ ਹੈ।

ਦੂਸਰਾ ਕਾਰਨ ਇਹ ਹੈ ਕਿ ਚੀਨ ਨੂੰ ਅੰਦਰੂਨੀ ਸੁਰੱਖਿਆ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਵੇਂ ਤਿੱਬਤ ਵਿਚ ਕਈ ਵਾਰ ਸਰਕਾਰ ਖਿਲਾਫ ਵਿਦਰੋਹ ਹੋ ਚੁੱਕੇ ਹਨ, ਮਾਰਚ 2008 ਵਿਚ ਤਿੱਬਤੀਆਂ ਦੁਆਰਾ ਲ੍ਹਾਸਾ ਵਿਚ ਬਹੁਤ ਵੱਡਾ ਪ੍ਰਦਰਸ਼ਨ ਕੀਤਾ ਗਿਆ। ਇਸ ਤਰ੍ਹਾਂ ਦੇ ਪ੍ਰਦਰਸ਼ਨਾਂ ਦੇ ਖਿਲਾਫ ਚੀਨ ਦੀ ਸਰਕਾਰ ਬੜੀ ਸਖਤੀ ਨਾਲ ਪੇਸ਼ ਆਉਂਦੀ ਹੈ। ਚੀਨ ਨੇ ਤਿੱਬਤ ਨੂੰ ਸਮਝੌਤੇ ਦੇ ਤਹਿਤ ਇਕ ਆਜ਼ਾਦ ਖੇਤਰ ਘੋਸ਼ਿਤ ਕੀਤਾ ਹੋਇਆ ਹੈ ਪਰ ਚੀਨ ਨੇ ਪਿਛਲੇ ਪੰਜਾਹ ਸਾਲਾਂ ਵਿਚ ਇੱਥੇ ਹੈਨ ਚੀਨੀਆਂ ਨੂੰ ਵਸਾ ਕੇ ਤਿੱਬਤੀਆਂ ਨੂੰ ਘੱਟ ਗਿਣਤੀ ਵਿਚ ਕਰ ਦਿੱਤਾ ਹੈ। ਇੱਥੇ ਚੀਨ ਦੀ ਫੌਜ ਦੁਆਰਾ ਪੂਰੀ ਦਖਲਅੰਦਾਜ਼ੀ ਕੀਤੀ ਜਾ ਰਹੀ ਹੈ ਅਤੇ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਜਾ ਰਿਹਾ ਹੈ। ਸ੍ਰੀ ਦਲਾਈਲਾਮਾ ਨੇ 1959 ਵਿਚ ਤਿੱਬਤ ਛੱਡਿਆ ਸੀ ਅਤੇ ਭਾਰਤ ਵਿਚ ਸ਼ਰਨ ਲੈ ਲਈ ਸੀ। ਇਸ ਕਰਕੇ ਚੀਨ ਭਾਰਤ ਤੋਂ ਬਹੁਤ ਔਖਾ ਹੈ। ਦੂਸਰਾ, ਤਿੱਬਤ ਯੂਥ ਕਾਂਗਰਸ ਭਾਰਤ ਵਿਚ ਸਰਗਰਮ ਹੈ ਅਤੇ ਉਹ ਤਿੱਬਤ ਵਿਚ ਹੋ ਰਹੇ ਮਾਨਵ ਅਧਿਕਾਰਾਂ ਦੇ ਘਾਣ ਵਿਰੁਧ ਅਤੇ ਉਨ੍ਹਾਂ ਦੇ ਅਧਿਕਾਰਾਂ ਲਈ ਆਵਾਜ਼ ਬੁਲੰਦ ਕਰ ਰਹੇ ਹਨ ਜਿਸ ਕਰਕੇ ਚੀਨ ਭਾਰਤ-ਚੀਨ ਸੀਮਾ ਵਿਵਾਦ ਨੂੰ ਸੁਲਝਾਉਣ ਦਾ ਕੋਈ ਖਾਸ ਇਛੁੱਕ ਨਹੀਂ ਹੈ। ਕਿਉਂਕਿ ਉਹ ਭਾਰਤ ਵਿਚ ਘੁਸਪੈਠ ਕਰਕੇ ਭਾਰਤ 'ਤੇ ਆਪਣੀ ਗੱਲ ਮਨਵਾਉਣ ਲਈ ਦਬਾਅ ਬਣਾ ਸਕਦੇ ਹਨ। ਪਿਛਲੇ ਕੁਝ ਮਹੀਨਿਆਂ ਵਿਚ ਚੀਨ ਦੀ ਵਧ ਰਹੀ ਘੁਸਪੈਠ ਦਾ ਮੁੱਖ ਕਾਰਨ ਇਹ ਸੀ ਕਿ ਸ੍ਰੀ ਦਲਾਈਲਾਮਾ ਨੇ 8 ਨਵੰਬਰ 2009 ਨੂੰ ਤਵਾਂਗ ਵਿਚ ਆਪਣੀ ਫੇਰੀ ਪਾਉਣੀ ਸੀ।

ਭਾਰਤ ਅਤੇ ਚੀਨ ਵਿਚ ਜੋ ਸਥਿਤੀ ਚੱਲ ਰਹੀ ਹੈ ਉਸ ਵਿਚ ਭਾਰਤ ਨੂੰ ਕਈ ਕਦਮ ਚੁੱਕਣੇ ਚਾਹੀਦੇ ਹਨ। ਪਹਿਲਾ, ਭਾਰਤ ਵਲੋਂ ਕੂਟਨੀਤੀ ਦੇ ਖੇਤਰ ਵਿਚ ਕੋਈ ਖਾਸ ਧਿਆਨ ਨਹੀਂ ਦਿੱਤਾ ਜਾ ਰਿਹਾ, ਜਿਵੇਂ ਚੀਨ ਭਾਰਤ ਦੇ ਗੁਆਂਢੀ ਦੇਸ਼ਾਂ ਵਿਚ ਰਾਜਨੀਤਕ, ਫੌਜੀ ਅਤੇ ਆਰਥਿਕ ਖੇਤਰ ਵਿਚ ਆਪਣਾ ਮਿਲਵਰਤਣ ਵਧਾ ਰਿਹਾ ਹੈ। ਭਾਰਤ ਨੂੰ ਚਾਹੀਦਾ ਹੈ ਕਿ ਕੂਟਨੀਤੀ ਦੀ ਸਹੀ ਵਰਤੋਂ ਕਰਕੇ ਇਨ੍ਹਾਂ ਗੁਆਂਢੀ ਦੇਸ਼ਾਂ ਨਾਲ ਮਿਲਵਰਤਣ ਹੋਰ ਵਧਾਏ, ਇਸ ਨਾਲ ਜਿੱਥੇ ਇਨ੍ਹਾਂ ਦੇਸ਼ਾਂ ਨਾਲ ਸਬੰਧ ਹੋਰ ਚੰਗੇ ਹੋਣਗੇ, ਉੱਥੇ ਇਨ੍ਹਾਂ ਦੇਸ਼ਾਂ ਤੋਂ ਤੇਲ ਅਤੇ ਗੈਸ ਆਯਾਤ ਕੀਤੀ ਜਾ ਸਕਦੀ ਹੈ ਅਤੇ ਨਾਲ ਹੀ ਚੀਨ ਦੇ ਪ੍ਰਭਾਵ ਨੂੰ ਵੀ ਘੱਟ ਕੀਤਾ ਜਾ ਸਕਦਾ ਹੈ। ਦੂਸਰਾ ਭਾਰਤ ਵਿਚ ਤਿੱਬਤ ਦੇ ਬਹੁਤ ਸਾਰੇ ਸ਼ਰਨਾਰਥੀ ਵਸੇ ਹੋਏ ਹਨ, ਉਨ੍ਹਾਂ ਨੂੰ ਇਥੇ ਸ਼ਾਂਤੀ ਨਾਲ ਰਹਿਣ ਦਾ ਅਧਿਕਾਰ ਹੈ, ਪਰ ਤਿੱਬਤ ਵਿਚ ਜੇਕਰ ਕੋਈ ਵਿਦਰੋਹ ਹੁੰਦਾ ਹੈ ਤਾਂ ਇਨ੍ਹਾਂ ਨੂੰ ਭਾਰਤ ਦੁਆਰਾ ਹੱਲਾਸ਼ੇਰੀ ਜਾਂ ਮਦਦ ਨਹੀਂ ਦੇਣੀ ਚਾਹੀਦੀ। ਇਹ ਚੀਨ ਦੇ ਅੰਦਰੂਨੀ ਮਾਮਲੇ ਵਿਚ ਦਖਲਅੰਦਾਜ਼ੀ ਹੋਵੇਗੀ ਅਤੇ ਭਾਰਤ ਅਤੇ ਚੀਨ ਦੇ ਸਬੰਧ ਇਕ ਵਾਰ ਫੇਰ ਵਿਗੜ ਜਾਣਗੇ।

ਤੀਸਰਾ ਅੰਤਰਰਾਸ਼ਟਰੀ ਪੱਧਰ 'ਤੇ ਤਕਰੀਬਨ ਸਾਰੇ ਵੱਡੇ ਦੇਸ਼ਾਂ ਨੇ ਇਹ ਮੰਨ ਲਿਆ ਹੈ ਕਿ ਤਿੱਬਤ ਚੀਨ ਦਾ ਹਿੱਸਾ ਹੈ ਅਰੁਨਾਚਲ ਪ੍ਰਦੇਸ਼ ਅਤੇ ਸਿੱਕਮ ਭਾਰਤ ਦਾ ਹਿੱਸਾ ਹਨ। ਤਿੱਬਤ ਵਿਚ ਜੇਕਰ ਕੋਈ ਵਿਦਰੋਹ ਹੁੰਦਾ ਹੈ ਤਾਂ ਇਹ ਉਨ੍ਹਾਂ ਦਾ ਅੰਦਰੂਨੀ ਮਾਮਲਾ ਹੈ। ਹਾਲ ਹੀ ਵਿਚ ਅਮਰੀਕਾ ਦੇ ਰਾਸ਼ਟਰਪਤੀ ਨੇ ਵੀ ਇਹ ਗੱਲ ਸਵੀਕਾਰ ਕੀਤੀ ਹੈ ਕਿ ਤਿੱਬਤ ਚੀਨ ਦਾ ਹਿੱਸਾ ਹੈ।



# ਜਰਮਨੀ ਦੀ ਕੰਧ ਦਾ ਅੰਤ

**ਰਾਜਿੰਦਰ ਪ੍ਰਭੂ**

ਜਦੋਂ 1987 ਵਿਚ ਬਰਲਿਨ ਵਰਗੇ ਮਾਣ ਮੱਤੇ ਸ਼ਹਿਰ ਵਿਚ ਉਸਰੀ ਕੰਧ ਦੇਖੀ ਸੀ ਤਾਂ ਮੇਰੇ ਮਨ ਵਿਚ ਸਵਾਲ ਆਇਆ ਸੀ ਕਿ ਸ਼ਾਇਦ ਕਦੇ ਲੋਹੇ, ਕੰਕਰੀਟ ਅਤੇ ਕੰਡਿਆਲੀ ਤਾਰ ਦੀ ਇਹ ਕੰਧ ਵੀ ਗਿਰ ਸਕੇਗੀ? ਜਦੋਂ ਮੈਂ ਤਿੰਨ ਸਾਲ ਬਾਅਦ ਦੁਬਾਰਾ ਗਿਆ ਤਾਂ ਇਹ ਕੰਧ ਉੱਥੇ ਨਹੀਂ ਸੀ। ਇਸ ਕੰਧ ਨੂੰ ਉਸਾਰਨਾ ਅਤੇ ਢਾਹੁਣਾ ਆਲਮੀ ਇਤਿਹਾਸ ਦੀਆਂ ਦੋ ਅਹਿਮ ਘਟਨਾਵਾਂ ਹਨ।

ਜਦੋਂ ਏਕੀਕਰਨ ਤੋਂ ਬਾਅਦ ਜਰਮਨ ਵਿਚ ਪਹਿਲੀ ਚੋਣ ਹੋਈ ਤਾਂ ਚੋਣ ਮੁਹਿੰਮ ਦੇ ਆਖਰੀ ਗੇੜ ਵਿਚ ਮੈਂ ਉੱਥੇ ਸਾਂ। ਮੈਨੂੰ ਚਾਂਸਲਰ ਕੋਹਲ ਵਲੋਂ ਦੁਬਾਰਾ ਚੁਣੇ ਜਾਣ ਤੋਂ ਬਾਅਦ ਜਰਮਨ ਡੈਮੋਕਰੇਟ ਦੇ ਦਫ਼ਤਰ ਵਿਚ ਦਿੱਤੀ ਜੇਤੂ ਤਕਰੀਰ ਦਾ ਦ੍ਰਿਸ਼ ਹਾਲੇ ਵੀ ਯਾਦ ਹੈ। ਸੋਸ਼ਲਿਸਟ ਡੈਮੋਕਰੇਟਾਂ ਦੇ ਉਮੀਦਵਾਰ ਨੇ ਹਾਰ 'ਤੇ ਮਾਯੂਸੀ ਦਾ ਇਜ਼ਹਾਰ ਕੀਤਾ ਸੀ। ਪੂਰਵੀ ਜਰਮਨ ਦੇ ਲੋਕਾਂ ਨੇ ਇਸ ਕੰਧ ਨੂੰ ਚੀਰ ਕੇ ਕਮਿਊਨਿਸਟ ਪ੍ਰਬੰਧ ਨੂੰ ਰੱਦ ਕੀਤਾ ਸੀ। ਇਹੋ ਪ੍ਰਬੰਧ ਪੂਰਵੀ ਜਰਮਨ ਦੇ ਲੋਕਾਂ ਨੂੰ ਯੂਰਪੀ ਸਰਮਾਏਦਾਰੀ ਦੇ ਮਾੜੇ ਅਸਰਾਤ ਤੋਂ ਬਚਾਉਣ ਲਈ ਇਹ ਕੰਧ ਬਚਾਉਣਾ ਚਾਹੁੰਦਾ ਸੀ। ਇਸ ਕੰਧ ਨੂੰ ਢਾਹੁਣ ਦੀ ਕਾਰਵਾਈ ਉਸ ਪ੍ਰਬੰਧ ਦਾ ਖੰਡਨ ਹੈ ਜੋ ਧਰਤੀ ਉੱਤੇ ਕਾਮਾ-ਮੇਲ ਲਈ ਸਵਰਗ ਉਸਾਰਨ ਦੇ ਦਾਅਵੇ ਨਾਲ ਬੁੱਧੀਜੀਵੀਆਂ, ਵਿਦਿਆਰਥੀਆਂ ਅਤੇ ਕ੍ਰਿਆਸ਼ੀਲ ਮਨੁੱਖ ਨੂੰ ਟੁੰਬਣ ਵਿਚ ਕਾਮਯਾਬ ਹੋਇਆ ਸੀ। ਕਿਸੇ ਸੁਪਨਮਈ ਦੁਨੀਆਂ ਦੀ ਥਾਂ ਪੂਰਬੀ ਜਰਮਨੀ ਦੇ ਲੋਕਾਂ ਦਾ ਵਾਹ ਅੰਤਾਂ ਦੀ ਗਰੀਬੀ ਤੇ ਨਾਕਸ ਪ੍ਰਬੰਧ ਨਾਲ ਪਿਆ, ਜਿੱਥੇ ਚਾਰੇ ਪਾਸੇ ਬੇਵਸਾਹੀ ਦਾ ਆਲਮ ਸੀ।

ਉਸ ਵੇਲੇ ਪੁਰਾਤਨ ਜਰਮਨ ਰਾਜਧਾਨੀ ਦੇ ਪੱਛਮੀ ਹਿੱਸੇ ਤੋਂ ਪੂਰਬੀ ਹਿੱਸੇ ਵਿਚ ਜਾਣ ਲਈ ਇਸ ਦੈਂਤਾਕਾਰ ਕੰਧ ਵਿਚ ਇਕੋ ਲਾਂਘਾ ਸੀ। ਬਰੈਂਡਨਵਰਗ ਦਰਵਾਜ਼ੇ ਤੋਂ ਦਾਖ਼ਲੇ ਦੀ ਮਨਾਹੀ ਸੀ। ਕੰਕਰੀਟ ਅਤੇ ਲੋਹੇ ਦੇ ਢਾਂਚੇ ਤੋਂ ਬਿਨਾ ਪੂਰਵੀ ਪਾਸੇ ਦੇ ਵਾਸੀਆਂ ਨੂੰ ਪੱਛਮ ਵਲ ਭੱਜਣ ਤੋਂ ਰੋਕਣ ਲਈ ਡਰੇਨ ਪੱਟੀ ਹੋਈ ਸੀ। ਨਿਗਰਾਨੀ ਬੁਰਜਾਂ ਵਿਚ ਚੱਤੇ-ਪਹਿਰ ਹਥਿਆਰਬੰਦ ਪਹਿਰੇਦਾਰ ਤਾਇਨਾਤ ਰਹਿੰਦੇ ਸਨ। ਰਾਤ ਨੂੰ ਰੌਸ਼ਨੀਆਂ ਦਾ ਪੁਖ਼ਤਾ ਇੰਤਜ਼ਾਮ ਸੀ ਤਾਂ ਕਿ ਕੋਈ ਪੱਛਮ ਵਲ ਖਿਸਕ ਨਾ ਜਾਵੇ। ਕੰਧ ਦੇ ਪੱਛਮੀ ਪਾਸੇ ਕਈ ਅਜਿਹੀਆਂ ਥਾਵਾਂ ਸਨ ਜਿੱਥੇ ਕਮਿਊਨਿਸਟ ਸੁਪਨਸਾਜ਼ੀ ਤੋਂ ਭੱਜਣ ਦੀ ਤਰੱਦਦ ਕਰਦਾ ਕੋਈ ਨਾ ਕੋਈ ਗੋਲੀ ਦਾ ਸ਼ਿਕਾਰ ਹੋਇਆ ਸੀ। ਇਨ੍ਹਾਂ ਥਾਵਾਂ ਉੱਤੇ ਪੱਛਮੀ ਬਰਲਿਨ ਵਾਸੀਆਂ ਨੇ ਤਮਾਮ ਪਾਬੰਦੀਆਂ ਦੇ ਬਾਵਜੂਦ ਆਜ਼ਾਦ ਹੋਣ ਦੀ ਕੋਸ਼ਿਸ਼ ਕਰਨ ਵਾਲੇ ਉਨ੍ਹਾਂ ਬਹਾਦਰਾਂ ਦੀ ਯਾਦ ਵਿਚ ਫੁੱਲ ਲਗਾਏ ਹੋਏ ਸਨ ਅਤੇ ਬਿਜਲਈ ਦੀਵੇ ਬਾਲੇ ਹੋਏ ਸਨ।

ਜਦੋਂ ਪ੍ਰਵਾਨਗੀ ਪ੍ਰਾਪਤ ਯਾਤਰੂ ਬਰੈਂਡਨਵਰਗ ਦਰਵਾਜ਼ੇ ਰਾਹੀਂ ਲੰਘਦੇ ਸਨ ਤਾਂ ਸੈਲਾਨੀ ਬੱਸ ਦੀ ਚੰਗੀ ਤਰ੍ਹਾਂ ਤਲਾਸ਼ੀ ਹੁੰਦੀ ਸੀ ਅਤੇ ਹਰ ਬੰਦੇ ਦਾ ਵੇਰਵਾ ਤਫ਼ਸੀਲ ਨਾਲ ਦਰਜ ਕੀਤਾ ਜਾਂਦਾ ਸੀ। ਵਾਪਸੀ ਉੱਤੇ ਤਲਾਸ਼ੀ ਲੈਣ ਵਾਲੇ ਜ਼ਿਆਦਾ ਮੁਸਤੈਦ ਹੁੰਦੇ ਸਨ। ਉਹ ਸੀਟਾਂ ਹੇਠਾਂ ਝਾਕ ਕੇ ਤਸੱਲੀ ਕਰਦੇ ਸਨ ਕਿ ਕੋਈ ਪੂਰਬੀ ਬਰਲਿਨ ਵਾਸੀ ਲੁਕਿਆ ਹੋਇਆ ਨਹੀਂ ਹੈ। ਪੂਰਬੀ ਬਰਲਿਨ ਵਿਚ ਜਰਮਨ ਦੇ ਇਤਿਹਾਸਕ ਅਜਾਇਬਘਰ ਅਤੇ ਕਲਾ ਭੰਡਾਰ ਸਨ ਜੋ ਸੈਲਾਨੀਆਂ ਲਈ ਖਿੱਚ ਦਾ ਸਬੱਬ ਬਣਦੇ ਸਨ। ਕਮਿਊਨਿਸਟ ਸਰਕਾਰ ਸੈਲਾਨੀਆਂ ਨੂੰ ਪੂਰਬੀ ਬਰਲਿਨ ਵਾਸੀਆਂ ਨਾਲ ਮਿਲਣ ਦਾ ਘੱਟੋ-ਘੱਟ ਮੌਕਾ ਦਿੰਦੀ ਸੀ। ਉਨ੍ਹਾਂ ਨਾਲ ਜੋ ਥੋੜਾ-ਬਹੁਤਾ ਵਾਹ ਪੈਂਦਾ ਸੀ ਉਸ ਵਿਚ ਉਨ੍ਹਾਂ ਦਾ ਰਵੱਈਆ ਬਹੁਤ ਮਸ਼ੀਨੀ ਜਿਹਾ ਹੁੰਦਾ ਸੀ।

ਇਸ ਕੰਧ ਨੂੰ ਪੂਰਬਲੇ ਪਾਸਿਓਂ ਦੇਖਣ ਤੋਂ ਬਾਅਦ ਕੋਈ ਸੋਚ ਨਹੀਂ ਸਕਦਾ ਸੀ ਕਿ ਜਿਸ ਕੰਧ ਉੱਤੇ ਸੁਰਖਿਆ ਦਾ ਏਨਾ ਇੰਤਜ਼ਾਮ ਹੈ ਉਹ ਕਦੇ ਢਹਿ ਵੀ ਸਕਦੀ ਹੈ। ਇਸ ਤੋਂ ਬਾਅਦ 9 ਨਵੰਬਰ 1989 ਨੂੰ ਜੋ ਕੁਝ ਵਾਪਰਿਆ ਉਹ ਮਨੁੱਖੀ ਭਾਵਨਾ ਦੇ ਜਸ਼ਨ ਤੋਂ ਘੱਟ ਨਹੀਂ ਹੈ। ਉਸ ਰਾਤ ਪੂਰਬੀ ਜਰਮਨ ਦੇ ਅਧਿਕਾਰੀਆਂ ਨੇ ਆਪਣੇ ਨਾਗਰਿਕਾਂ ਲਈ ਸਫਰ ਨੀਤੀ ਦਾ ਐਲਾਨ ਕਰਨ ਵਾਸਤੇ ਪ੍ਰੈਸ ਕਾਨਫਰੰਸ ਕੀਤੀ। ਅਧਿਕਾਰੀਆਂ ਨੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਸੀ ਕਿ ਪੱਛਮ ਵਲ ਲਾਂਘਾ ਬਿਨਾ ਕਿਸੇ ਦੇਰ ਤੋਂ ਖੋਲ੍ਹ ਦਿੱਤਾ ਜਾਵੇਗਾ। ਅਗਲੇ ਦਿਨ ਇਹ ਐਲਾਨ ਗਲਤ ਸਾਬਤ ਹੋ ਗਿਆ। ਸਵੇਰ ਤੱਕ ਲਾਂਘਿਆਂ ਲਾਗੇ ਪੂਰਬੀ ਜਰਮਨ ਵਾਸੀਆਂ ਦਾ ਹਜੂਮ ਇਕੱਠਾ ਹੋਇਆ ਖੜ੍ਹਾ ਸੀ। ਇਸ ਹਜੂਮ ਨੂੰ ਕਾਬੂ ਕਰਨਾ ਔਖਾ ਸੀ। ਗੋਲੀਆਂ ਦੇ ਖ਼ਦਸ਼ਿਆਂ ਨੂੰ ਨਜ਼ਰਅੰਦਾਜ਼ ਕਰਦਾ ਹੋਇਆ ਮਾਨਵੀ ਹਜੂਮ ਸੁਰਖਿਆ ਗਾਰਦ ਦੀ ਸਖ਼ਤੀ ਤੋਂ ਬੇਪਰਵਾਹ ਸੀ।

ਇਤਿਹਾਸਕਾਰਾਂ ਨੂੰ ਯਾਦ ਹੈ ਕਿ 1987 ਵਿਚ ਇਸ ਕੰਧ ਲਾਗੇ ਖੜੋ ਕੇ ਅਮਰੀਕੀ ਰਾਸ਼ਟਰਪਤੀ ਰੀਗਨ ਨੇ ਤਤਕਾਲੀ ਸੋਵੀਅਤ ਗੋਰਬਾਚੋਵ ਨੂੰ ਲਲਕਾਰਿਆ ਸੀ। ਉਸਦੇ ਸ਼ਬਦ ਸਨ, "ਗੋਰਬਾਚੋਵ, ਇਸ ਕੰਧ ਨੂੰ ਢਾਹ ਦੇ।" ਜਦੋਂ ਪੂਰਬੀ ਜਰਮਨ ਦੇ ਲੋਕਾਂ ਦਾ ਹਜੂਮ ਪੱਛਮ ਵਲ ਉਮਡ ਰਿਹਾ ਸੀ ਤਾਂ ਸੁਰੱਖਿਆ ਗਾਰਦ ਸੁੰਨ ਹੋ ਗਏ ਸਨ। ਅੰਤ ਲੋਕਾਂ ਦੇ ਦਿਲਾਂ ਵਿਚੋਂ ਇਹ ਕੰਧ ਪਹਿਲਾਂ ਹੀ ਢਹਿ ਚੁੱਕੀ ਸੀ। ਭਿਆਨਕ ਕੰਧ ਦੇ ਢਹਿ ਜਾਣ ਦੇ ਨਤੀਜੇ ਭਾਵੇਂ ਕੁਝ ਵੀ ਹੋਣ, ਪਰ ਇਹ ਆਜ਼ਾਦੀ ਦਾ ਜਸ਼ਨ ਸੀ। ਵੱਡੇ ਮਨੁੱਖੀ ਕਹਿਰ ਤੋਂ ਬਿਨਾ ਗੋਰਬਾਚੋਵ ਇਸਨੂੰ ਰੋਕ ਨਹੀਂ ਸਕਦਾ ਸੀ।

ਜਦੋਂ ਮੈਂ 1990 ਵਿਚ ਕੰਧ ਵਾਲੀ ਥਾਂ ਗਿਆ ਤਾਂ ਉੱਥੇ ਸਿਰਫ ਕੰਧ ਦੀਆਂ ਯਾਦਾਂ ਹੀ ਬਾਕੀ ਸਨ। ਇਸ ਕੰਧ ਦੀ ਰਹਿੰਦ-ਖੂੰਹਦ ਦੇ ਟੁਕੜੇ ਸਮਾਰਕ ਵਜੋਂ ਵੇਚੇ ਜਾ ਰਹੇ ਸਨ। ਕੁਝ ਲੋਕਾਂ ਨੇ ਮੈਨੂੰ ਦੱਸਿਆ ਕਿ 1989 ਤੋਂ ਬਾਅਦ ਅਮਰੀਕੀ ਸੈਲਾਨੀ ਕੰਧ ਦੇ ਟੁਕੜੇ ਸਮਾਰਕ ਵਜੋਂ ਖਰੀਦ ਕੇ ਲੈ ਗਏ ਸਨ ਅਤੇ ਹੁਣ ਕੰਧ ਦੇ ਜਾਅਲੀ ਟੁਕੜੇ ਹੀ ਵਿਕਦੇ ਹਨ। ਜਦੋਂ ਪੂਰਬੀ ਜਰਮਨ ਵਿਚ ਕਮਿਊਨਿਸਟ ਰਾਜ ਦੇ ਪਤਨ ਤੋਂ ਬਾਅਦ ਚਾਂਸਲਰ ਕੋਹਲ ਨੇ ਏਕੀਕਰਨ ਦੀ ਤਜਵੀਜ਼ ਪੇਸ਼ ਕੀਤੀ ਤਾਂ ਉਹ ਗਲਤੀ ਦੀ ਹੱਦ ਤੱਕ ਫ਼ਰਾਖ਼-ਦਿਲ ਸੀ। ਕੰਧ ਢੱਠਣ ਤੋਂ ਦੋ ਸਾਲ ਬਾਅਦ ਜਦ ਪੂਰਬੀ ਜਰਮਨ ਵਾਸੀਆਂ ਦਾ ਉਤਸ਼ਾਹ ਮੱਠਾ ਪਿਆ ਤਾਂ ਉਨ੍ਹਾਂ ਨੂੰ ਨਿਰਾਸ਼ਾ ਨੇ ਘੇਰ ਲਿਆ। ਚਾਂਸਲਰ ਕੋਹਲ ਅਤੇ ਉਸ ਦੇ ਸਲਾਹਕਾਰਾਂ ਨੇ ਦੋ ਜਰਮਨਾਂ ਵਿਚਲੇ ਆਰਥਿਕ ਪਾੜੇ ਦਾ ਗ਼ਲਤ ਅੰਦਾਜ਼ਾ ਲਗਾਇਆ ਸੀ। ਹਾਲਾਂਕਿ ਪੂਰਬੀ ਜਰਮਨ ਤਕਨੀਕੀ ਵਿਕਾਸ ਦੇ ਮਾਮਲੇ ਵਿਚ ਤਾਨਾਸ਼ਾਹੀ ਪੂਰਬੀ ਯੂਰਪ ਦੇ ਮੁਲਕਾਂ ਵਿਚ ਸਭ ਤੋਂ ਅੱਗੇ ਸੀ। ਪੱਛਮੀ ਜਰਮਨ ਦੇ ਇਕ ਅਧਿਕਾਰੀ ਨੇ ਏਕੀਕਰਨ ਤੋਂ ਦੋ ਸਾਲ ਬਾਅਦ ਮੈਨੂੰ ਦੱਸਿਆ ਸੀ, "ਸਾਡਾ ਅੰਦਾਜ਼ਾ ਸੀ ਕਿ ਪੂਰਬੀ ਜਰਮਨ ਸਾਥੋਂ ਦਸ ਸਾਲ ਪਿੱਛੇ ਹੈ, ਪਰ ਉਹ ਸਾਥੋਂ ਪੱਚੀ ਸਾਲ ਪਿੱਛੇ ਸੀ।"


ਜਲਦੀ ਹੀ ਪੂਰਬੀ ਜਰਮਨ ਦੇ ਲੋਕਾਂ ਨੂੰ ਅਹਿਸਾਸ ਹੋ ਗਿਆ ਕਿ ਉਨ੍ਹਾਂ ਦਾ ਜੀਵਨ ਪੱਧਰ ਪੱਛਮੀ ਜਰਮਨ ਤੋਂ ਕਿਤੇ ਨੀਵਾਂ ਹੈ। ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕੋਹਲ ਨੇ ਪੂਰਬੀ ਜਰਮਨ ਦੀਆਂ ਉਜ਼ਰਤਾਂ ਨੂੰ ਤਿੰਨ ਸਾਲਾਂ ਵਿਚ ਪੱਛਮੀ ਜਰਮਨ ਦੇ ਬਰਾਬਰ ਕਰਨ ਦਾ ਯਤਨ ਕੀਤਾ। ਮੈਂ 1993 ਵਿਚ ਮਹਿਸੂਸ ਕੀਤਾ ਕਿ ਪੂਰਬੀ ਜਰਮਨ ਵਾਸੀ ਏਕੀਕਰਨ ਤੋਂ ਬਾਅਦ ਵੀ ਆਪਣੇ ਹਾਲਾਤ ਤੋਂ ਨਾਖੁਸ਼ ਸਨ। ਪੱਛਮੀ ਜਰਮਨ ਦੇ ਵਾਸੀ ਆਪਣੇ ਜੀਵਨ ਪੱਧਰ ਵਿਚ ਆਏ ਨਿਘਾਰ ਤੋਂ ਨਾਖੁਸ਼ ਸਨ। ਪੂਰਬੀ ਜਰਮਨ ਦੀ ਸਾਬਕਾ ਕਮਿਊਨਿਸਟ ਰਿਆਇਆ ਦਾ ਜੀਵਨ ਪੱਧਰ ਪੱਛਮੀ ਜਰਮਨ ਦੇ ਬਰਾਬਰ ਕਰਨ ਲਈ ਬਹੁਤ ਸਾਰੀਆਂ ਸਬਸਿਡੀਆਂ ਦਿੱਤੀਆਂ ਗਈਆਂ।

ਪੂਰਬੀ ਜਰਮਨ ਦੀ ਸਨਅਤ ਪੱਛਮੀ ਜਰਮਨ ਦੀ ਸਨਅਤ ਤੋਂ ਤਕਨੀਕੀ ਪੱਖੋਂ ਕਮਜ਼ੋਰ ਸੀ। ਇਸ ਕਾਰਨ ਇਨ੍ਹਾਂ ਨੂੰ ਬੰਦ ਕਰਨ ਤੋਂ ਬਿਨਾ ਕੋਈ ਚਾਰਾ ਨਹੀਂ ਸੀ। ਬੌਨ ਤੋਂ ਕੰਮ ਕਰ ਰਹੀ ਜਰਮਨ ਸਰਕਾਰ ਨੇ ਵਿਸ਼ੇਸ਼ ਮਹਿਕਮਾ ਬਣਾਇਆ ਜਿਸ ਦਾ ਕੰਮ ਇਨ੍ਹਾਂ ਸਨਅਤਾਂ ਦੀ ਨਿਲਾਮੀ ਕਰਨਾ ਸੀ। ਜੋ ਵੀ ਬਿਨਾ ਛਾਂਟੀਆਂ ਕੀਤੇ ਇਨ੍ਹਾਂ ਸਨਅਤੀ ਇਕਾਈਆਂ ਵਿਚ ਨਿਵੇਸ਼ ਕਰਨ ਨੂੰ ਤਿਆਰ ਸੀ ਉਸ ਨੂੰ ਇਹ ਕੌਡੀਆਂ ਦੇ ਭਾਅ ਵੇਚੀਆਂ ਗਈਆਂ।

ਪੂਰਬੀ ਜਰਮਨ ਵਾਸੀਆਂ ਨੂੰ ਪੱਛਮੀ ਜ਼ਿੰਦਗੀ ਦੀ ਰਫ਼ਤਾਰ ਨਾਲ ਚਲਣਾ ਔਖਾ ਹੋ ਰਿਹਾ ਸੀ। ਹੁਣ ਉਨ੍ਹਾਂ ਨੂੰ ਬਾਜ਼ਾਰੀ ਮੁੱਲ ਉੱਤੇ ਘਰਾਂ ਦਾ ਕਿਰਾਇਆ ਦੇਣਾ ਪਿਆ ਜਦੋਂ ਕਿ ਪਹਿਲਾਂ ਉਨ੍ਹਾਂ ਦੀ ਸਰਕਾਰ ਨਿਗੂਣਾ ਜਿਹਾ ਕਿਰਾਇਆ ਤੈਅ ਕਰਦੀ ਸੀ। ਇਕ ਅਧਿਆਪਕ ਜੋੜੇ ਨੇ ਮੈਨੂੰ ਦੱਸਿਆ ਕਿ ਮਹਿੰਗਾਈ ਦੇ ਸਾਹਮਣੇ ਨਵੀਆਂ ਉਜਰਤਾਂ ਘੱਟ ਹਨ। ਇਸ ਦੇ ਬਾਵਜੂਦ ਉਹ ਖੁਸ਼ ਸਨ ਕਿ ਉਹ ਬਿਨਾ ਰੋਕ ਟੋਕ ਤੋਂ ਸ਼ਹਿਰ ਦੇ ਪੱਛਮੀ ਹਿੱਸੇ ਵਿਚ ਜਾ ਸਕਦੇ ਹਨ ਅਤੇ ਰਿਸ਼ਤੇਦਾਰਾਂ ਨੂੰ ਮਨਮਰਜ਼ੀ ਨਾਲ ਮਿਲ ਸਕਦੇ ਹਨ। ਪੂਰਬੀ ਜਰਮਨੀ ਬਾਰੇ ਸੱਚ ਸਾਹਮਣੇ ਆਉਣ ਕਾਰਨ ਹੀ ਲੋਕਾਂ ਨੇ ਕੰਧ ਨੂੰ ਹਟਾਉਣ ਦਾ ਤਹੱਈਆ ਕੀਤਾ। ਸੈਟੇਲਾਇਟ ਟੈਲੀਵਿਜ਼ਨ ਕਾਰਨ ਪੂਰਬੀ ਜਰਮਨੀ ਦਾ ਇਹ ਪ੍ਰਚਾਰ ਜ਼ਿਆਦਾ ਦੇਰ ਨਹੀਂ ਚੱਲ ਸਕਿਆ ਕਿ ਪੱਛਮੀ ਜਰਮਨੀ ਵਿਚ ਮਜ਼ਦੂਰ ਭੁੱਖੇ ਮਰਦੇ ਹਨ। ਚੱਤੇ ਪਹਿਰ ਖੁਫੀਆ ਪੁਲਿਸ ਦੀ ਨਿਗਰਾਨੀ ਦਾ ਭੈਅ ਬਰਦਾਸ਼ਤ ਕਰਨਾ ਔਖਾ ਸੀ। ਜਦੋਂ ਪੱਛਮੀ ਪੂੰਜੀਵਾਦ ਦੀ ਖੁਸ਼ਹਾਲੀ ਬਾਬਤ ਪੂਰਬੀ ਯੂਰਪ ਦੇ ਮੁਲਕਾਂ ਨੂੰ ਪਤਾ ਲੱਗਿਆ ਤਾਂ ਆਜ਼ਾਦੀ ਦੀ ਤਾਂਘ ਤਿੱਖੀ ਹੋ ਗਈ। ਸਾਰੇ ਕਮਿਊਨਿਸਟ ਮੁਲਕ ਇਕ-ਇਕ ਕਰਕੇ ਢਹਿ-ਢੇਰੀ ਹੋ ਗਏ। ਪੂਰਬੀ ਜਰਮਨੀ ਦੇ ਤਾਨਾਸ਼ਾਹ ਹੋਨੇਕਰ ਨੂੰ ਗ੍ਰਿਫਤਾਰ ਕਰਕੇ, ਉਸ ਉੱਤੇ ਮੁਕੱਦਮਾ ਚਲਾਇਆ ਗਿਆ। ਇਨ੍ਹਾਂ ਘਟਨਾਵਾਂ ਤੋਂ ਇਤਿਹਾਸਕ ਸਬਕ ਮਿਲਦਾ ਹੈ ਕਿ ਆਜ਼ਾਦੀ ਦੀ ਭਾਵਨਾ ਨੂੰ ਜ਼ਿਆਦਾ ਦੇਰ ਤੱਕ ਦਬਾਇਆ ਨਹੀਂ ਜਾ ਸਕਦਾ।

# ਸਿੱਖ ਨੂੰ ਸਿੱਖ ਮਾਰੇ, ਯਾ ਮਾਰੇ ਕਰਤਾਰ !

**ਲਿਖਤੁਮ**



ਤਰਲੋਚਨ ਸਿੰਘ ਦੁਪਾਲਪੁਰ

ਥੋੜੇ ਦਿਨਾਂ ਤੱਕ ਇਕ ਹੋਰ ਅੱਲੋਕਾਰੀ ਘਟਨਾ ਸਿੱਖ ਇਤਿਹਾਸ ਦੇ ਪੱਤਰਿਆਂ ਵਿਚ ਦਰਜ ਹੋਣ ਜਾ ਰਹੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋਫੈਸਰ ਦਰਸ਼ਨ ਸਿੰਘ ਬਾ-ਹੈਸੀਅਤ 'ਗੁਨਾਹਗਾਰ' ਮੌਜੂਦਾ ਸਿੰਘ ਸਾਹਿਬਾਨ ਅੱਗੇ ਪੇਸ਼ ਹੋਣਗੇ। ਉਨ੍ਹਾਂ ਉਪਰ ਦੋਸ਼ ਇਹ ਲਾਇਆ ਜਾ ਰਿਹਾ ਹੈ ਕਿ ਉਨ੍ਹਾਂ ਨੇ ਇਕ ਵਿਦੇਸ਼ੀ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਕਰਦਿਆਂ, ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਨ ਦੇ ਬਰਖਿਲਾਫ ਅਪ-ਸ਼ਬਦ ਬੋਲੇ ਹਨ। ਮਿਲੀ ਜਾਣਕਾਰੀ ਮੁਤਾਬਿਕ ਪ੍ਰੋਫੈਸਰ ਸਾਹਿਬ ਵਲੋਂ ਬੋਲੇ ਦੱਸੇ ਜਾਂਦੇ ਇਹ 'ਅਪ-ਸ਼ਬਦ' ਨਾ ਤਾਂ ਉਸ ਗੁਰੂ ਘਰ ਵਿਖੇ ਇਕੱਤਰ ਹੋਈ ਸੰਗਤ ਵਿਚੋਂ ਕਿਸੇ ਨੂੰ ਸੁਣੇ ਅਤੇ ਨਾ ਹੀ ਉਸ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੇ ਕੰਨੀਂ ਪਏ। ਇਥੋਂ ਤੱਕ ਕਿ ਇਸ ਸਮਾਗਮ ਦੀ ਵੀਡੀਓਗ੍ਰਾਫੀ ਕਰ ਰਹੇ ਇਕ ਸਿੱਖ ਕੈਮਰਾਮੈਨ ਨੂੰ ਵੀ ਇਹ 'ਭੈੜੇ ਸ਼ਬਦ' ਸੁਣਾਈ ਨਾ ਦਿੱਤੇ!

ਵੱਡੇ ਸਿਤਮ ਦੀ ਗੱਲ ਹੈ ਕਿ ਇੰਨੀਆਂ ਅੱਖਾਂ ਅਤੇ ਇੰਨੇ ਕੰਨਾਂ ਦੀ ਪਰਖ-ਪੜਚੋਲ ਵਿਚ ਨਾ ਆਉਣ ਵਾਲੇ ਇਹ ਬੁਰੇ ਸ਼ਬਦ ਇਕ ਹੋਰ 'ਪ੍ਰਸਿੱਧ ਸਿੱਖ ਵਿਦਵਾਨ' ਦੇ ਨਜ਼ਰੀਂ ਪੈ ਗਏ। ਦੱਸਿਆ ਜਾਂਦਾ ਹੈ ਕਿ ਇਸ ਬੁੱਧੀਜੀਵੀ ਪ੍ਰਚਾਰਕ ਨੇ 'ਮਹਾਨ ਪਰਉਪਕਾਰ' ਇਹ ਕੀਤਾ ਕਿ ਉਸਨੇ ਕੀਰਤਨ ਸਮਾਗਮ ਦੀ 'ਸੀ.ਡੀ.' ਕੈਮਰਾਮੈਨ ਪਾਸੋਂ ਲੈ ਕੇ, ਇਸਦੀ ਕਾਂਟ-ਛਾਂਟ ਆਪਣੀ 'ਲੋੜ ਅਨੁਸਾਰ' ਕਰ ਲਈ। ਕਿਉਂਕਿ 'ਦਸਮ ਗ੍ਰੰਥ' ਦੇ ਮੁੱਦੇ ਬਾਬਤ ਇਹ ਬੁੱਧੀਜੀਵੀ, ਪ੍ਰੋਫੈਸਰ ਸਾਹਿਬ ਨਾਲੋਂ ਭਿੰਨ ਵਿਚਾਰ ਰੱਖਦਾ ਹੈ। ਸੋ ਇਸ ਸ੍ਰੀਮਾਨ ਨੂੰ 'ਸੁਨਹਿਰੀ ਮੌਕਾ' ਹੱਥ ਲੱਗ ਗਿਆ। ਬਜਾਏ ਇਸਦੇ ਕਿ ਆਪਣੀਆਂ ਸ਼ੰਕਾਵਾਂ ਨੂੰ ਦੂਰ ਕਰਨ ਲਈ ਇਹ ਪ੍ਰਚਾਰਕ ਜੀ, ਪ੍ਰੋਫੈਸਰ ਸਾਹਿਬ ਨਾਲ ਕਿਤੇ ਇਕਾਂਤ ਵਿਚ ਬੈਠ ਕੇ ਪਰਦੇ ਨਾਲ ਗੱਲਬਾਤ ਕਰ ਲੈਂਦਾ, ਇਸਨੇ ਕੀਰਤਨ ਦੀ ਸਮੁੱਚੀ ਸੀ.ਡੀ. 'ਚੋਂ ਕੱਟ ਵੱਢ ਕਰਕੇ ਬਣਾਈ ਹੋਈ ਸੀ.ਡੀ., ਆਪਣੇ ਟੀ.ਵੀ. ਚੈਨਲ 'ਤੇ ਲੋਕਾਂ ਨੂੰ ਦਿਖਾ ਕੇ, ਇਹ ਸਾਬਤ ਕਰਨ ਦਾ ਯਤਨ ਕੀਤਾ ਕਿ ਦਸਮੇਸ਼ ਗੁਰੂ ਜੀ ਦੇ ਅਦਬ ਦਾ ਕੇਵਲ ਮੈਨੂੰ ਹੀ ਪਤਾ ਹੈ, ਸੁਸ਼ੀਲ ਮੁਨੀਆਂ ਅਤੇ ਬਾਬੇ ਆਮਟੇ ਵਰਗਿਆਂ ਨੂੰ ਚੁੱਪ ਕਰਾਉਣ ਵਾਲੇ ਪ੍ਰੋਫੈਸਰ ਦਰਸ਼ਨ ਸਿੰਘ ਨੂੰ ਗੁਰੂ ਸਾਹਿਬ ਦੀ ਅਜ਼ਮਤ ਦਾ ਨਹੀਂ ਪਤਾ।

ਸਿੱਟਾ ਇਹ ਨਿਕਲਿਆ ਕਿ ਟੀ.ਵੀ. ਤੋਂ ਪ੍ਰਸਾਰਿਤ ਹੋਈ ਇਹ ਸੀ.ਡੀ. ਦੇਖ ਸੁਣ ਕੇ, ਪ੍ਰੋਫੈਸਰ ਸਾਹਿਬ ਅਤੇ ਉਕਤ ਪ੍ਰਚਾਰਕ ਦੀ ਵਿਦਵਦਾ ਤੋਂ ਕਾਇਲ ਹੋਏ ਸਰੋਤੇ ਪੈ ਗਏ ਭੰਬਲਭੂਸੇ ਵਿਚ! ਦੋਵੇਂ ਚੋਟੀ ਦੇ ਵਿਦਵਾਨ! ਇੱਕ ਦੀ ਸਾਰੀ ਉਮਰ ਬੀਤ ਚੱਲੀ ਹੈ ਕੀਰਤਨ ਕਰਦਿਆਂ, ਦੁਨੀਆਂ ਭਰ ਵਿਚ ਸਿੱਖ ਫਲਸਫੇ ਦਾ ਪ੍ਰਚਾਰ ਕਰਦਿਆਂ ਅਤੇ ਦੂਸਰਾ ਬੁੱਧੀਜੀਵੀ ਮਹਾਨ ਲੇਖਕ ਅਤੇ ਬਾ-ਦਲੀਲ ਬੁਲਾਰਾ!! ਸਰੋਤੇ ਕਿੱਦਾਂ ਅਤੇ ਕੀ ਨਿਰਣਾ ਕਰਨ? ਕਿਸ ਨੂੰ ਸੱਚਾ ਮੰਨਣ ਤੇ ਕਿਸਨੂੰ ਕਸੂਰਵਾਰ? ਸਿੱਖ ਪੰਥ ਦੀ ਸਰਵ ਉੱਚ ਪਦਵੀ 'ਤੇ ਬਿਰਾਜਮਾਨ ਰਿਹਾ ਕੋਈ ਜਥੇਦਾਰ, ਗੁਰੂ ਸਾਹਿਬ ਪ੍ਰਤੀ ਅਜਿਹੇ ਬਚਨ ਕਿਵੇਂ ਕਹਿ ਸਕਦਾ ਹੈ?

ਅਜਿਹੇ ਸਵਾਲਾਂ ਤੋਂ ਸ਼ਸ਼ੋਪੰਜ ਵਿਚ ਪਏ ਦੋਹਾਂ ਵਿਦਵਾਨਾਂ ਦੇ ਉਪਾਸ਼ਕ, ਹਾਲੇ ਅੰਤਰ-ਆਤਮੇ ਵਿਚਾਰ-ਮੰਥਨ ਹੀ ਕਰ ਰਹੇ ਸਨ ਕਿ ਟੀ.ਵੀ. ਪ੍ਰਚਾਰਕ ਨੇ 'ਉਦਮ ਕਰਕੇ' ਇਹ ਮਾਮਲਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਪ੍ਰੁੱਜਦਾ ਕਰ ਦਿੱਤਾ। ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਈ। ਸਿੱਖ ਪੰਥ ਦੀਆਂ ਕੇਂਦਰੀ ਸੰਸਥਾਵਾਂ ਉੱਪਰ ਮਜ਼ਬੂਤ ਪਕੜ ਬਣਾਈ ਬੈਠੀ ਧਿਰ, ਪਹਿਲੋਂ ਹੀ ਪ੍ਰੋਫੈਸਰ ਸਾਹਿਬ ਤੋਂ ਖਫਾ ਹੋਈ ਬੈਠੀ ਸੀ। ਕਿਉਂਕਿ ਪ੍ਰੋਫੈਸਰ ਸਾਹਿਬ, ਦਿੱਲੀ ਵਾਲੇ ਜਥੇਦਾਰ ਸਰਨਾ ਸਾਹਿਬ ਦੇ ਨਿਕਟ ਸਨੇਹੀ ਹਨ। ਜਥੇਦਾਰ ਸਰਨਾ, ਬਾਦਲਸ਼ਾਹੀ ਨੂੰ ਫੁੱਟੀ ਅੱਖ ਨਹੀਂ ਭਾਉਂਦਾ। ਸੋ, ਪ੍ਰੋ. ਦਰਸ਼ਨ ਸਿੰਘ ਵਲੋਂ ਕੀਤੇ ਗਏ ਉਕਤ ਕੀਰਤਨ ਸਮਾਗਮ ਦੀ ਸਹੀ ਅਤੇ ਪੂਰੀ ਸੀ.ਡੀ. ਚੁੱਕੀ ਫਿਰਦੇ ਸਿੱਖ ਪਤਵੰਤਿਆਂ ਦੀ ਕਿਸੇ ਨੇ ਇਕ ਨਹੀਂ ਸੁਣੀ! ਬੜੀ ਸਖ਼ਤ ਭਾਸ਼ਾ ਵਾਲਾ ਹੁਕਮਨਾਮਾ ਜਾਰੀ ਹੋ ਗਿਆ। ਦੂਜੇ ਸ਼ਬਦਾਂ ਵਿਚ ਕਹਿ ਲਓ-ਪ੍ਰੋ. ਦਰਸ਼ਨ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਤਲਬ ਕਰ ਲਿਆ ਗਿਆ।





ਗਿਆਨੀ ਗੁਰਬਚਨ ਸਿੰਘ ਅਤੇ ਪ੍ਰੋ. ਦਰਸ਼ਨ ਸਿੰਘ

ਯਾਦ ਰਹੇ ਇਸ ਤੋਂ ਪਹਿਲਾਂ ਵੀ ਇਕ ਪ੍ਰੋਫੈਸਰ, ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਇਕ, ਪ੍ਰੋ. ਗੁਰਮੁਖ ਸਿੰਘ ਨੂੰ ਹੁਕਮਨਾਮੇ ਦੁਆਰਾ ਸਿੱਖ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ। ਕਈ ਦਹਾਕਿਆਂ ਬਾਅਦ ਵਿਸ਼ਵ ਸਿੱਖ ਸੰਮੇਲਨ ਮੌਕੇ 'ਭੁੱਲ' ਸਵੀਕਾਰਦਿਆਂ ਇਸ ਪ੍ਰੋਫੈਸਰ ਨੂੰ ਤਾਂ ਪੰਥ ਵਿਚ ਮੁੜ ਸ਼ਾਮਲ ਕਰ ਲਿਆ ਗਿਆ ਸੀ। ਪ੍ਰੰਤੂ ਹੁਣ ਵਾਲੇ 'ਪ੍ਰੋਫੈਸਰ' ਨਾਲ ਕੀ, ਕਿਵੇਂ ਅਤੇ ਕਿੱਦਾਂ ਬੀਤਦੀ ਹੈ? ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

ਇਸ ਐਪੀਸੋਡ 'ਤੇ ਸਰਸਰੀ ਨਜ਼ਰ ਮਾਰਿਆਂ ਇਹ ਸਪਸ਼ਟ ਭਾਸਰਦਾ ਹੈ ਕਿ ਸੀ.ਡੀ. ਮਸਲੇ ਨੂੰ ਤੀਲ੍ਹੀ ਲਾ ਕੇ 'ਲਾਂਬੂ ਲਾਉਣ' ਵਾਲੀ ਧਿਰ ਦੇ ਮਨ ਵਿਚ ਕਿਤੇ ਨਾ ਕਿਤੇ 'ਵਿਦਵਤਾ ਦੀ ਹਉਮੈ' ਝਲਕਦੀ ਹੈ। ਕੀ ਕੋਈ ਆਪਣੀਆਂ ਧੀਆਂ-ਭੈਣਾਂ ਜਾਂ ਆਪਣੇ ਪਰਿਵਾਰ ਦੀ ਇੱਜ਼ਤ ਦੀਆਂ ਰਾਜ਼ ਵਾਲੀਆਂ ਗੱਲਾਂ ਨੂੰ ਟੀ.ਵੀ. 'ਤੇ ਨਸ਼ਰ ਕਰੇਗਾ? ਜੇ ਅਜਿਹਾ ਹਰਗਿਜ਼ ਨਹੀਂ ਕੀਤਾ ਜਾ ਸਕਦਾ ਤਾਂ ਫਿਰ ਸਾਡੇ ਦੀਨ ਦੁਨੀ ਦੇ ਵਾਲੀ ਕਲਗੀਆਂ ਵਾਲੇ ਪਾਤਸ਼ਾਹ ਜੀ ਦੇ ਅਦਬ-ਅਦਾਬ ਬਾਰੇ ਜੱਗ-ਹਸਾਈ ਕਿਉਂ ਕੀਤੀ ਗਈ? ਸਿੱਖਾਂ ਦੀ ਕਿਸ਼ਤੀ ਤਾਂ ਪਹਿਲਾਂ ਹੀ ਬਾਹਰੀ ਤੂਫਾਨਾਂ ਨਾਲ ਘਿਰੀ ਹੋਈ ਹੈ, ਹੁਣ ਇਸਦੀ ਹਾਲਤ ਇਸ ਸ਼ਿਅਰ ਵਰਗੀ ਕਿਉਂ ਬਣਾਈ ਜਾ ਰਹੀ ਹੈ;

ਗ਼ਰ ਤੂਫ਼ਾਂ ਹੋ ਦਰੀਆ ਮੇਂ
ਤੋ ਬਨ ਜਾਤੀ ਹੈਂ ਤਦਬੀਰੇਂ।
ਗ਼ਰ ਤੂਫ਼ਾਂ ਹੋ ਕਸ਼ਤੀ ਮੇਂ
ਤੋ ਮਿਟ ਜਾਤੀ ਹੈਂ ਤਕਦੀਰੇਂ!

ਹੋਰਨਾਂ ਨੂੰ ਸਹਿਣਸ਼ੀਲਤਾ, ਪਰਸਪਰ ਪਿਆਰ ਅਤੇ ਏਕਤਾ ਦੇ ਉਪਦੇਸ਼ ਦੇਣ ਵਾਲੇ ਬੁੱਧੀਜੀਵੀ ਪ੍ਰਚਾਰਕ, ਖੁਦ ਇਸ ਹੱਦ ਤੱਕ ਚਲੇ ਜਾਂਦੇ ਹਨ ਕਿ ਉਨ੍ਹਾਂ ਦੇ ਪ੍ਰਸ਼ੰਸਕ ਜਾਂ ਸ਼ੁਭਚਿੰਤਕ ਮੂੰਹ 'ਚ ਉਂਗਲਾਂ ਦੇ ਕੇ ਹੈਰਤ ਨਾਲ ਤੱਕਦੇ ਰਹਿ ਜਾਂਦੇ ਹਨ। ਜਦ ਅੱਗੇ ਹਨੇਰੀ ਰਾਤ ਆ ਰਹੀ ਹੋਵੇ ਤਾਂ ਬੀਤੇ ਦਿਨ ਦੇ ਚਾਨਣ ਵੇਲੇ ਦੀਆਂ ਗੱਲਾਂ ਕਰਨੀਆਂ ਚੰਗੀਆਂ ਲੱਗਦੀਆਂ ਹਨ। ਇੱਥੇ ਮੈਂ ਆਪਣੇ ਇਲਾਕੇ ਦੇ ਤਿੰਨ ਵੱਖ-ਵੱਖ ਭੇਖਾਂ ਦੇ ਸਾਧੂਆਂ ਦੇ ਵਿਹਾਰ ਸਬੰਧੀ ਲਿਖ ਰਿਹਾ ਹਾਂ ਜੋ ਕਿ ਆਪੋ ਵਿਚੀਂ ਵਿਚਾਰਾਂ ਦੀ ਅਸਮਾਨਤਾ ਦੇ ਹੁੰਦਿਆਂ ਵੀ, ਕਦੇ ਲੜ-ਲੜਾਈ ਵਿਚ ਨਹੀਂ ਸਨ ਫਸੇ।

ਸਾਡੇ ਲਾਗਲੇ ਪਿੰਡ ਅਸਮਾਨਪੁਰ ਦੇ ਉਦਾਸੀ ਸਾਧੂ ਸਨ ਸੰਤ ਜਵਾਹਰ ਦਾਸ। ਚਾਰ ਕੁ ਮੀਲਾਂ ਦੀ ਵਿੱਥ 'ਤੇ ਸਥਿੱਤ ਪਿੰਡ ਰਾਮ ਰਾਇਪੁਰ ਦੇ ਨਿਰਮਲੇ ਸੰਤ ਸਨ ਬਾਬਾ ਹਰੀ ਸਿੰਘ। ਤੀਜੇ ਸਨ ਪਿੰਡ ਅਲਾਚੌਰ ਦੇ ਸੰਤ ਬਾਬਾ ਖੇਮ ਸਿੰਘ ਜੋ ਅੰਮ੍ਰਿਤਧਾਰੀ ਰਹਿਤ-ਬਹਿਤ ਵਿਚ ਪੂਰਨ ਪਰਪੱਕ ਜੀਵਨ ਵਾਲੇ ਸਾਧੂ ਸਨ। ਇਨ੍ਹਾਂ ਤਿੰਨਾਂ ਦਾ ਸਾਡੇ ਇਲਾਕੇ ਵਿਚ ਬਹੁਤ ਮਾਣ ਸਤਿਕਾਰ ਸੀ। ਆਲੇ-ਦੁਆਲੇ ਦੇ ਹੋਰਨਾਂ ਪਿੰਡਾਂ ਵਾਂਗ ਇਹ ਸਾਡੇ ਪਿੰਡ ਵਿਚ ਵੀ ਅਕਸਰ ਦੀਵਾਨ ਸਜਾਇਆ ਕਰਦੇ ਸਨ। ਇਸ ਤੋਂ ਇਲਾਵਾ ਇਹ ਸਾਡੇ ਪਿੰਡ ਵਿਚ ਹੁੰਦੇ ਅਖੰਡ ਪਾਠ ਜਾਂ ਸਹਿਜ ਪਾਠ ਦੇ ਭੋਗਾਂ 'ਤੇ ਪਹੁੰਚ ਕੇ ਕਥਾ-ਵਿਖਿਆਨ ਕਰਦੇ ਹੁੰਦੇ ਸਨ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਸੰਤ ਜਵਾਹਰ ਦਾਸ ਤਾਂ ਪੈਦਲ ਤੁਰ ਕੇ ਹੀ ਸਾਡੇ ਪਿੰਡ ਆ ਜਾਂਦੇ ਸਨ। ਜਦਕਿ ਬਾਬਾ ਹਰੀ ਸਿੰਘ ਹਰੇ ਰੰਗ ਦੇ 'ਐਟਲਸ ਸਾਈਕਲ 'ਤੇ। ਅਲਾਚੌਰੀਏ ਸੰਤ ਪਾਠੀ ਸਿੰਘਾਂ ਦੇ ਸਾਈਕਲਾਂ ਪਿੱਛੇ ਬਹਿ ਕੇ ਇੱਧਰ-ਉਧਰ ਆਇਆ-ਜਾਇਆ ਕਰਦੇ ਸਨ।

ਗੇਰੂਏ ਰੰਗ ਦੀ ਪੱਗ, ਚੋਲਾ ਅਤੇ ਧੋਤੀ ਪਹਿਨ ਕੇ ਰੱਖਦੇ ਸੰਤ ਜਵਾਹਰ ਦਾਸ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬਹਿ ਕੇ 'ਹਰੀਓਮ' ਆਖਦਿਆਂ ਕਥਾ ਅਰੰਭ ਕਰਦੇ। ਉਹ ਬਾਣੀ ਪੜ੍ਹਨ ਲੱਗਿਆਂ ਹਮੇਸ਼ਾ 'ਇਕ ਓਂਕਾਰ' ਕਹਿਣ ਦੀ ਥਾਂ ਪੰਡਤਾਊ ਅੰਦਾਜ਼ ਨਾਲ 'ਇਕ ਓਮ' ਹੀ ਕਹਿੰਦੇ ਹੁੰਦੇ ਸਨ। ਇਸ ਤੋਂ ਇਲਾਵਾ ਉਹ ਵਖਿਆਨ ਕਰਦਿਆਂ ਸਦਾ ਹੀ ਮਹਾਂਭਾਰਤ ਜਾਂ ਰਾਮਾਇਣ ਦੀਆਂ ਕਥਾਵਾਂ ਸੁਣਾਉਂਦੇ ਰਹਿੰਦੇ। ਕਦੇ ਕਦਾਈਂ ਕੋਈ ਸਿੱਖ ਇਤਿਹਾਸ ਦੀ ਨਾਂ-ਮਾਤਰ ਗੱਲ ਵੀ ਕਰ ਜਾਂਦੇ। ਕੌਰਵਾਂ-ਪਾਂਡਵਾਂ ਅਤੇ ਹਿੰਦੂ ਮੱਤ ਦੇ ਹੋਰ ਦੇਵੀ ਦੇਵਤਿਆਂ ਦੇ ਨਾਂ ਲੈ ਲੈ ਕੇ, ਉਹ ਕੰਨਰਸ ਭਰਪੂਰ ਕਥਾ ਕਰਦੇ ਹੁੰਦੇ ਸਨ।

ਇਸਦੇ ਉਲਟ ਸੰਤ ਹਰੀ ਸਿੰਘ ਰਲਵੀਂ-ਮਿਲਵੀਂ ਜਿਹੀ ਕਥਾ ਕਰਕੇ ਸਰੋਤਿਆਂ ਨੂੰ ਪ੍ਰਸੰਨ ਕਰਦੇ ਸਨ। ਉਹ ਭਗਵੀਂ ਦਸਤਾਰ ਨਾਲ ਕੁੜਤਾ ਪਜ਼ਾਮਾ ਪਹਿਨ ਕੇ ਰੱਖਦੇ ਸਨ। ਕਥਾ ਇਹ ਵੀ ਗੁਰ ਸ਼ਬਦ ਦੀ ਹੀ ਬੜੇ ਰਸਿਕ ਲਹਿਜ਼ੇ ਵਿਚ ਕਰਦੇ ਹੁੰਦੇ ਸਨ। ਅਲਾਚੌਰ ਵਾਲੇ ਸੰਤ ਖੇਮ ਸਿੰਘ ਹੁਣੀਂ ਬਹੁਤ ਹੀ ਪ੍ਰੇਮ ਭਾਵਨਾ ਨਾਲ ਦਸ ਗੁਰੂ ਸਾਹਿਬਾਨ ਅਤੇ ਹੋਰ ਸਮੂਹ ਸਿੱਖ ਸ਼ਹੀਦਾਂ ਦੀਆਂ ਗਾਥਾਵਾਂ, ਕਥਾ ਦੌਰਾਨ ਸੁਣਾਇਆ ਕਰਦੇ ਸਨ। ਇਹ ਬਾਬਾ ਜੀ ਗੂੜ੍ਹੀ ਨੀਲੀ ਦਸਤਾਰ, ਲੰਬਾ ਚੋਲਾ ਤੇ ਉੱਪਰੋਂ ਦੀ ਸ੍ਰੀ ਸਾਹਿਬ ਪਹਿਨ ਕੇ ਰੱਖਦੇ ਸਨ। ਮੈਨੂੰ ਚੇਤਾ ਹੈ, ਜਦੋਂ ਉਹ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪ੍ਰਸੰਗ ਸੁਣਾਇਆ ਕਰਦੇ ਸਨ ਤਾਂ ਇਨ੍ਹਾਂ ਦਾ ਆਪਣਾ ਵੀ ਗੱਚ ਭਰ ਆਉਂਦਾ ਸੀ ਤੇ ਅੱਗੇ ਬੈਠੀ ਸੰਗਤ ਵਿਚ ਵੀ ਬਹੁਤੇ ਜਣੇ ਅੱਖਾਂ ਪੂੰਝਦੇ ਹੁੰਦੇ ਸਨ। ਕਥਾ ਦੀ ਸਮਾਪਤੀ 'ਤੇ ਗਲ ਵਿਚ ਪੱਲਾ ਪਾ ਕੇ ਬੜੇ ਹੀ ਮਾਰਮਿਕ ਸ਼ਬਦਾਂ ਰਾਹੀਂ ਸਰੋਤਿਆਂ ਨੂੰ ਅੰਮ੍ਰਿਤਪਾਨ ਕਰਨ ਲਈ ਪ੍ਰੇਰਦੇ ਹੁੰਦੇ ਸਨ।

ਪੂਰੇ ਇਲਾਕੇ ਵਾਂਗ ਹੀ ਸਾਡੇ ਪਿੰਡ ਵਿਚ ਵੀ ਇਨ੍ਹਾਂ ਤਿੰਨਾਂ ਦੀ ਮਹਾਨਤਾ ਲੱਗਭਗ ਬਰਾਬਰ ਹੀ ਹੁੰਦੀ ਸੀ। ਪਿੰਡ ਦੇ ਬਜ਼ੁਰਗ ਗੱਲਾਂ ਕਰਦੇ ਹੁੰਦੇ ਸਨ ਕਿ ਸੰਨ 63-64 ਵਿਚ ਸਾਡੇ ਲਾਗਲੇ ਪਿੰਡ ਸਹਾਬਪੁਰ ਵਿਖੇ ਅਲਾਚੌਰੀਏ ਸੰਤਾਂ ਨੇ ਹੋਰ ਪੰਥਕ ਸਾਧੂਆਂ ਸਮੇਤ, ਉਦਾਸੀ ਸੰਤ ਜਵਾਹਰ ਦਾਸ ਨਾਲ ਕਈ ਦਿਨ ਲੰਬੀ ਵਿਚਾਰ-ਗੋਸ਼ਟੀ ਕੀਤੀ ਸੀ ਕਿ 'ਇੱਕ ਓਮ' ਉਚਾਰਣ ਗਲਤ ਹੈ। ਸਹੀ ਉਚਾਰਣ 'ਇੱਕ ਓਅੰਕਾਰ' ਹੀ ਹੈ। ਲੇਕਿਨ ਸੰਤ ਜਵਾਹਰ ਦਾਸ, ਪੰਥਕ ਸਾਧੂਆਂ ਨਾਲ ਸਹਿਮਤ ਨਹੀਂ ਸਨ ਹੋਏ। ਉਹ ਅਖੀਰ ਵੇਲੇ ਤੱਕ 'ਇੱਕ ਓਮ' ਹੀ ਕਹਿੰਦੇ ਰਹੇ। ਇਸਦੇ ਬਾਵਜੂਦ ਇਨ੍ਹਾਂ ਤਿੰਨਾਂ ਬਾਬਿਆਂ ਨੇ ਕਦੇ ਆਪਸੀ ਖਹਿਬਾਜੀ ਦੀ ਗੱਲ ਨਹੀਂ ਸੀ ਕੀਤੀ। ਨਾ ਹੀ ਕਥਾਵਾਰਤਾ ਕਰਦਿਆਂ ਇਨ੍ਹਾਂ ਕਦੇ ਇਕ ਦੂਜੇ ਦਾ ਖੰਡਨ-ਮੰਡਨ ਹੀ ਕੀਤਾ ਸੀ।

ਕੱਟੜ ਸਿੰਘਸਭੀਏ ਵਿਚਾਰਾਂ ਵਾਲੇ ਮੇਰੇ ਪਿਤਾ ਜੀ ਨੇ ਇੱਕ ਦਫਾ ਸਾਡੇ ਗਵਾਂਢ 'ਚ ਹੋਏ ਸਮਾਗਮ ਮੌਕੇ, ਕਥਾ ਸਮਾਪਤ ਕਰ ਹਟੇ ਅੰਮ੍ਰਿਤਧਾਰੀ ਸੰਤ ਖੇਮ ਸਿੰਘ ਅਲਾਚੌਰ ਵਾਲਿਆਂ ਨੂੰ ਆਖਿਆ- ''ਬਾਬਾ ਜੀ ਤੁਸੀਂ ਹਮੇਸ਼ਾ ਗੁਰਮਤਿ ਦੇ ਅਸੂਲਾਂ ਦੀ ਕਥਾ-ਵਿਆਖਿਆ ਹੀ ਕਰਦੇ ਹੋ। ਪਰ ਸੰਤ ਜਵਾਹਰ ਦਾਸ, ਗੁਰਮਤਿ ਘੱਟ 'ਤੇ ਹਿੰਦੂ ਮਤਿ ਜ਼ਿਆਦਾ ਸੁਣਾਉਂਦੇ ਰਹਿੰਦੇ ਹਨ।'' ਇਹ ਗੱਲ ਸੁਣ ਕੇ ਬਾਬਾ ਖੇਮ ਸਿੰਘ ਨੇ ਅਤਿ-ਹਲੀਮੀ ਨਾਲ ਜਿਹੜਾ ਉੱਤਰ ਦਿੱਤਾ ਉਹ ਮੇਰੇ ਦਿਲ 'ਤੇ ਉੱਕਰਿਆ ਪਿਆ ਹੈ! ਮੇਰੇ ਬਾਪ ਦੇ ਦੋਵੇਂ ਹੱਥ ਆਪਣੇ ਹੱਥਾਂ ਵਿਚ ਲੈ ਕੇ ਉਹ ਆਜਜ਼ੀ ਨਾਲ ਬੋਲੇ- ''ਗਿਆਨੀ ਜੀ, ਉਹ ਮਹਾਂ-ਪੁਰਖ ਜਿੰਨੀ ਕੁ ਵੀ ਗੁਰਮਤਿ ਦੀ ਗੱਲ ਕਰਨ, ਉਹ ਪੱਲੇ ਬੰਨ੍ਹ ਲਿਆ ਕਰੋ, ਬਾਕੀ ਦੀ ਭਾਈ ਉਥੇ ਹੀ ਛੱਡ ਦਿਆ ਕਰੋ!''

ਸੀਨੇ ਵਿਚ ਸਾਂਭੀ ਪਈ ਇਸ ਅਰਥ-ਭਰਪੂਰ ਵਾਰਤਾ ਨੂੰ ਜਦ ਮੈਂ ਅੱਜ ਦੇ ਪ੍ਰਸੰਗ ਵਿਚ ਕਿਆਸਦਾ ਹਾਂ, ਤਾਂ ਮੈਂ ਸੋਚਦਾਂ ਕਿ ਜੇ ਬਾਬਾ ਖੇਮ ਸਿੰਘ ਹੁਣ ਦੇ ਸੰਤਾਂ-ਪ੍ਰਚਾਰਕਾਂ ਜਿਹੇ ਹੁੰਦੇ ਤਾਂ ਮੇਰੇ ਬਾਪ ਨੂੰ ਜਰੂਰ ਇੰਜ ਕਹਿੰਦੇ- ''ਗਿਆਨੀ, ਮੈਨੂੰ ਉਸ ਪਖੰਡੀ ਸਾਧ ਦੀ ਕਥਾ ਦੀ ਕੋਈ ਸੀ.ਡੀ. ਲਿਆ ਦੇ, ਬੱਸ ਫਿਰ ਮੈਂ ਜਾਣਾ ਮੇਰੇ ਕੰਮ ਜਾਣੇ!...ਉਹਦਾ ਤਾਂ ਐਸਾ 'ਮੱਕੂ ਠੱਪਾਂਗਾ ਕਿ ਤੁਹਾਡੇ ਪਿੰਡ ਵਲ ਨੂੰ ਮੂੰਹ ਨਹੀਂ ਕਰ ਸਕੇਗਾ!!'' ...ਜ਼ਿਕਰ ਆਉਂਦੈ ਕਿ ਇਕ ਪੰਜਾਬੀ ਕਿੱਸੇ ਦੀ ਨਾਇਕਾ 'ਸਾਹਿਬਾਂ' ਨੇ ਕਿਸੇ ਪੀਰ ਪਾਸੋਂ ਮੰਗ ਮੰਗੀ ਸੀ, ਅਖੇ ਗਲੀਆਂ ਹੋਵਣ ਸੁੰਨੀਆਂ ਵਿਚ ਮਿਰਜ਼ਾ ਯਾਰ ਫਿਰੇ!' ਵੈਸੇ ਤਾਂ ਸਮੇਂ ਦੀ 'ਵਾ ਹੀ ਐਸੀ ਵਗ ਰਹੀ ਹੈ ਕਿ ਹਰ ਕੋਈ ਈਰਖਾ ਸਾੜੇ ਨਾਲ ਗ੍ਰਸਿਆ ਫਿਰਦਾ ਹੈ। ਪਰ ਸਿੱਖ ਵਿਦਵਾਨਾਂ, ਲੇਖਕਾਂ ਪ੍ਰਚਾਰਕਾਂ ਅਤੇ ਰਾਗੀਆਂ ਦੀ ਸ਼੍ਰੇਣੀ, ਹਉਮੈ ਅਤੇ ਖੁਦਗਰਜ਼ੀ ਨਾਲ ਵਧੇਰੇ ਹੀ ਮਦਮਸਤ ਹੋਈ ਪਈ ਹੈ। ਕਿਸੇ ਬਾਹਰਲੇ ਦੁਸ਼ਮਣ ਦੀ ਕੋਈ ਲੋੜ ਹੀ ਨਹੀਂ ਪੈਂਦੀ, ਅਸੀਂ ਆਪੇ ਹੀ ਇਕ ਦੂਸਰੇ ਵਲ ਤੀਰ ਚਿਲੇ ਚਾੜ੍ਹੇ ਹੋਏ ਹਨ।

ਹੁਣ ਦੀ ਪ੍ਰੋ. ਦਰਸ਼ਨ ਸਿੰਘ ਵਾਲੀ ਮਿਸਾਲ ਹੀ ਲੈ ਲਉ, ਉਨ੍ਹਾਂ ਦੀ ਜ਼ੁਬਾਨਬੰਦੀ ਕਰਾਉਣ ਲਈ, ਅੱਡੀ ਚੋਟੀ ਦਾ ਜੋਰ ਲਾਉਣ ਵਾਲੇ, ਕੋਈ ਬੋਧੀ, ਮੁਸਲਮਾਨ ਜਾਂ ਇਸਾਈ ਨਹੀਂ ਹਨ, ਸਗੋਂ ਸਾਡੇ 'ਆਪਣੇ' ਹੀ ਕਿਸੇ ਦੇ ਹੱਥ-ਠੋਕੇ ਬਣ ਕੇ ਸਿੱਖ ਕੌਮ ਦੀਆਂ ਗਲੀਆਂ ਸੁੰਨੀਆਂ ਕਰਨ ਦੀ 'ਸੇਵਾ' ਵਿਚ ਜੁਟੇ ਹੋਏ ਹਨ। ਅਕਸਰ ਬਜ਼ੁਰਗ ਕਿਹਾ ਕਰਦੇ ਨੇ-'ਸਿੱਖ ਨੂੰ ਸਿੱਖ ਮਾਰੇ, ਯਾ ਮਾਰੇ ਕਰਤਾਰ!' ਸਾਡੇ ਕਾਰੇ ਦੇਖ ਕੇ ਕਰਤਾਰ ਵੀ ਰੁੱਸ ਗਿਆ ਜਾਪਦਾ ਹੈ!!

## ਖੁਸ਼ਮਿਜਾਜ਼ੀ ਤੁਹਾਡੇ ਅੰਦਰੋਂ ਉਪਜਦੀ

ਖੁਸ਼ਵੰਤ ਸਿੰਘ

ਵਾਜਬ ਜਿਹੀ ਤ੍ਰਿਪਤ ਜ਼ਿੰਦਗੀ ਜਿਉਣ ਤੋਂ ਬਾਅਦ ਮੈਂ ਸੋਚ ਰਿਹਾ ਸੀ ਕਿ ਆਦਮੀ ਨੂੰ ਖੁਸ਼ੀ ਹਾਸਲ ਕਰਨ ਲਈ ਕੀ ਕੁਝ ਲੋੜੀਂਦਾ ਹੈ। ਮੈਂ ਕੁਝ ਨੁਕਤੇ ਪਾਠਕਾਂ ਦੇ ਵਿਚਾਰ ਹਿੱਤ ਪੇਸ਼ ਕਰ ਰਿਹਾ ਹਾਂ। ਸਭ ਤੋਂ ਅਹਿਮ ਚੰਗੀ ਸਿਹਤ ਹੈ। ਜੇ ਤੁਹਾਡੀ ਸਿਹਤ ਚੰਗੀ ਨਹੀਂ ਹੈ ਤਾਂ ਤੁਸੀਂ ਕਦੇ ਵੀ ਖੁਸ਼ ਨਹੀਂ ਹੋ ਸਕਦੇ। ਬੀਮਾਰੀ ਚਾਹੇ ਜਿੰਨੀ ਵੀ ਛੋਟੀ ਹੋਵੇ, ਉਹ ਤੁਹਾਡੀਆਂ ਖੁਸ਼ੀਆਂ ਨੂੰ ਖ਼ੋਰਾ ਲਾਉਂਦੀ ਹੈ।

ਦੂਜੇ ਨੰਬਰ 'ਤੇ ਬੰਦੇ ਕੋਲ ਬੈਂਕ ਵਿਚ ਚੰਗਾ ਸਰਮਾਇਆ ਹੋਣਾ ਚਾਹੀਦਾ ਹੈ। ਇਹ ਸਰਮਾਇਆ ਭਾਵੇਂ ਕਰੋੜਾਂ ਵਿਚ ਨਾ ਹੋਵੇ ਪਰ ਏਨਾ ਕੁ ਹੋਣਾ ਚਾਹੀਦਾ ਕਿ ਬੰਦਾ ਆਪਣੀਆਂ ਸੁਖ ਸਹੂਲਤਾਂ ਤੇ ਸ਼ੌਕਾਂ ਦਾ ਧਿਆਨ ਰੱਖ ਸਕੇ। ਮਿਸਾਲ ਵਜੋਂ ਘਰ ਤੋਂ ਬਾਹਰ ਜਾ ਕੇ ਮਰਜ਼ੀ ਨਾਲ ਖਾਣ, ਰਮਣੀਕ ਥਾਵਾਂ ਦੀ ਸੈਰ ਕਰਨ, ਸਫਰ ਕਰਨ, ਛੁੱਟੀਆਂ ਵਿਚ ਪਹਾੜਾਂ ਜਾਂ ਸਮੁੰਦਰ ਕੰਢੇ ਜਾ ਕੇ ਰਹਿਣ ਜੋਗਾ ਸਰਮਾਇਆ ਤਾਂ ਹੋਣਾ ਹੀ ਚਾਹੀਦਾ ਹੈ। ਪੈਸੇ ਦੀ ਕਮੀ ਬੰਦੇ ਨੂੰ ਨਿਰਾਸ਼ ਕਰ ਸਕਦੀ ਹੈ। ਉਧਾਰ ਜਾਂ ਕਰਜ਼ੇ ਉਤੇ ਜਿਉਣਾ ਅਪਮਾਨਜਨਕ ਹੈ ਅਤੇ ਬੰਦੇ ਨੂੰ ਆਪਣੀਆਂ ਅੱਖਾਂ ਵਿਚ ਹੀ ਗਿਰਾ ਦਿੰਦਾ ਹੈ।

ਤੀਜਾ, ਤੁਹਾਡੇ ਕੋਲ ਆਪਣਾ ਘਰ ਹੋਣਾ ਚਾਹੀਦਾ ਹੈ। ਕਿਰਾਏ ਦੇ ਮਕਾਨ ਵਿਚ ਬੰਦੇ ਨੂੰ ਸੁਰੱਖਿਅਤ ਆਲ੍ਹਣੇ ਵਰਗਾ ਅਹਿਸਾਸ ਕਦੇ ਨਹੀਂ ਹੋ ਸਕਦਾ। ਜੇ ਘਰ ਵਿਚ ਬਗੀਚੇ ਜੋਗੀ ਥਾਂ ਹੋਵੇ ਤਾਂ ਬਿਹਤਰ ਹੈ। ਆਪਣੇ ਹੱਥੀਂ ਲਾਏ ਰੁੱਖਾਂ, ਫੁੱਲਾਂ ਨੂੰ ਵਧਦਿਆਂ ਫੁੱਲਦਿਆਂ ਦੇਖਣਾ ਬਹੁਤ ਖੁਸ਼ਗਵਾਰ ਅਹਿਸਾਸ ਹੈ। ਇਸ ਤਰ੍ਹਾਂ ਦਰਖਤਾਂ ਨਾਲ ਰਿਸ਼ਤੇਦਾਰੀ ਹੋਣ ਦੀ ਭਾਵਨਾ ਉਜਾਗਰ ਹੁੰਦੀ ਹੈ।

ਚੌਥਾ, ਤੁਹਾਡਾ ਜੀਵਨ ਸਾਥੀ ਜਾਂ ਨਾਲ ਵਸਦਾ ਦੋਸਤ ਹਮਦਰਦ ਹੋਣਾ ਚਾਹੀਦਾ ਹੈ। ਜੇ ਤੁਹਾਡੀ ਆਪਸ ਵਿਚ ਨਹੀਂ ਬਣਦੀ ਤਾਂ ਇਸ ਨਾਲ ਮਨ ਬੇਚੈਨ ਰਹਿੰਦਾ ਹੈ। ਆਪਸ ਵਿਚ ਨਿੱਤ ਦੇ ਬੋਲ ਬੁਲਾਰੇ ਨਾਲੋਂ ਤਲਾਕ ਲੈਣਾ ਬਿਹਤਰ ਹੈ। ਪੰਜਵਾਂ, ਜ਼ਿਆਦਾ ਉੱਚੀਆਂ ਪਦਵੀਆਂ ਅਤੇ ਰੁਤਬਿਆਂ ਤੱਕ ਪਹੁੰਚ ਜਾਂ ਜ਼ਿਆਦਾ ਪੈਸੇ ਅਤੇ ਸ਼ੋਹਰਤ ਵਾਲੇ ਲੋਕਾਂ ਨਾਲ ਈਰਖਾ ਨਹੀਂ ਪਾਲਣੀ ਚਾਹੀਦੀ। ਈਰਖਾ ਬੰਦੇ ਨੂੰ ਅੰਦਰੋਂ ਖੋਰਦੀ ਹੈ। ਸਾਨੂੰ ਦੂਜਿਆਂ ਨਾਲ ਆਪਣੀ ਤੁਲਨਾ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।

ਛੇਵਾਂ, ਵਾਧੂ ਗੱਪ ਸ਼ੱਪ ਮਾਰਨ ਵਾਲੇ ਲੋਕਾਂ ਨੂੰ ਆਪਣੀ ਜ਼ਿੰਦਗੀ ਵਿਚ ਦਖਲ ਦੇਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਜਦੋਂ ਤੱਕ ਬੰਦੇ ਦਾ ਇਨ੍ਹਾਂ ਤੋਂ ਖਹਿੜਾ ਛੁੱਟਦਾ ਹੈ, ਉਦੋਂ ਤੱਕ ਥਕੇਵੇਂ ਦਾ ਅਹਿਸਾਸ ਹੋਣ ਲੱਗਦਾ ਹੈ ਅਤੇ ਗੱਪਾਂ ਦਾ ਵਿੱਸ ਬੰਦੇ ਅੰਦਰ ਘੁਲਣ ਲੱਗਦਾ ਹੈ।

ਸੱਤਵਾਂ, ਬੰਦੇ ਨੂੰ ਅਜਿਹੇ ਸ਼ੌਕ ਪਾਲਣੇ ਚਾਹੀਦੇ ਹਨ ਜੋ ਸੰਤੁਸ਼ਟੀ ਦਾ ਸਬੱਬ ਬਣਨ। ਬਗੀਚੇ ਦੀ ਦੇਖਭਾਲ, ਪੜ੍ਹਾਈ ਲਿਖਾਈ, ਚਿੱਤਰਕਾਰੀ, ਖੇਡਾਂ ਅਤੇ ਸੰਗੀਤ ਅਜਿਹੇ ਸ਼ੌਕ ਹਨ। ਕਲੱਬਾਂ ਅਤੇ ਪਾਰਟੀਆਂ ਵਿਚ ਜਾ ਕੇ ਮੁਫ਼ਤ ਦੀ ਸ਼ਰਾਬ ਪੀਣਾ ਅਤੇ ਪ੍ਰਸਿੱਧ ਸ਼ਖਸੀਅਤਾਂ ਨੂੰ ਮਿਲਣ ਦੀ ਲਾਲਸਾ ਪਾਲਣਾ ਸਮੇਂ ਦੀ ਬਰਬਾਦੀ ਹੈ।

ਅੱਠਵਾਂ, ਆਥਣ ਸਵੇਰੇ ਪੰਦਰਾਂ ਮਿੰਟ ਆਤਮ ਚਿੰਤਨ ਉਤੇ ਲਾਉਣੇ ਚਾਹੀਦੇ ਹਨ। ਸਵੇਰੇ ਦਸ ਮਿੰਟ ਦਿਮਾਗ ਨੂੰ ਸਥਿਰ ਕਰਨ ਉਤੇ ਅਤੇ ਪੰਜ ਮਿੰਟ ਸਾਰੇ ਦਿਨ ਦੀ ਸਰਗਰਮੀ ਦੀ ਵਿਉਂਤਬੰਦੀ ਕਰਨ ਉਤੇ ਲਾਉਣੇ ਚਾਹੀਦੇ ਹਨ। ਇਸ ਵਿਸ਼ੇ ਉਤੇ ਮੇਰੇ ਵਿਚਾਰਾਂ ਦਾ ਨਿਚੋੜ ਨਥੀਨੀਅਨ ਕੋਟਨ (1721-1788) ਨੇ ਇਕੋ ਤੁਕ ਵਿਚ ਪੇਸ਼ ਕੀਤਾ ਹੈ;

ਖੁਸ਼ੀ ਦਾ ਗਹਿਣਾ ਸਾਡੀ ਹਿੱਕ ਵਿਚ ਸਜਿਆ ਹੈ
ਮੂਰਖ ਬਾਹਰ ਘੁੰਮ ਰਹੇ ਹਨ
ਦੁਨੀਆਂ ਕੋਲ ਦੇਣ ਲਈ ਕੁਝ ਨਹੀਂ ਹੈ
ਹੁਲਾਸ ਸਾਡੇ ਅੰਦਰੋਂ ਫੁੱਟਦਾ ਹੈ ਜਿਸ ਦੀ ਕੁਟੀਆ ਸਾਡਾ ਘਰ ਹੈ।

ਮੈਂ ਕੋਈ ਨਿਮਾਣਾ ਆਦਮੀ ਨਹੀਂ ਹਾਂ। ਮੈਂ ਉੱਚੇ ਰੁਤਬਿਆਂ ਅਤੇ ਧਨ ਕੁਬੇਰਾਂ ਨੂੰ ਨਹੀਂ ਮੰਨਦਾ। ਜਦੋਂ ਮੈਨੂੰ ਜ਼ਰੂਰਤਮੰਦਾਂ, ਬੀਮਾਰਾਂ ਅਤੇ ਪਸ਼ੂਆਂ ਦੀ ਸੇਵਾ ਵਿਚ ਲੱਗੇ ਲੋਕ ਮਿਲਦੇ ਹਨ ਤਾਂ ਮੈਨੂੰ ਨਿਮਾਣੇ ਹੋਣ ਦਾ ਅਹਿਸਾਸ ਹੁੰਦਾ ਹੈ। ਮਦਰ ਟੈਰੇਸਾ ਦੀ ਬਰਸੀ (31 ਅਗਸਤ) ਮੌਕੇ ਮੈਨੂੰ 40 ਸਾਲ ਪਹਿਲਾਂ ਕਲਕੱਤੇ ਵਿਚ ਉਸ ਨਾਲ ਗੁਜ਼ਾਰੇ ਤਿੰਨ ਦਿਨ ਯਾਦ ਆਏ। ਅਸੀਂ ਭੀੜੀਆਂ ਗਲੀਆਂ ਵਿਚ ਇਕੱਠੇ ਤੁਰੇ ਸਾਂ। ਟਰਾਮ ਵਿਚ ਚੜ੍ਹ ਕੇ ਉਸ ਵਲੋਂ ਚਲਾਏ ਜਾਂਦੇ ਕਈ ਹਸਪਤਾਲਾਂ ਦਾ ਦੌਰਾ ਕੀਤਾ ਸੀ।

ਅਨਾਥ ਬੱਚਿਆਂ ਅਤੇ ਬੇਘਰ ਬਿਰਧਾਂ ਦੀ ਸੇਵਾ ਵਿਚ ਲੱਗੀਆਂ ਸੰਸਥਾਵਾਂ ਵਿਚ ਗਏ ਸਾਂ। ਮੈਂ ਨਿਊ ਯਾਰਕ ਟਾਈਮਜ਼ ਵਿਚ ਉਸ ਬਾਰੇ ਲਿਖਿਆ ਸੀ ਅਤੇ ਇਲਸਟਰੇਟਿਡ ਵੀਕਲੀ ਦੇ ਮੁੱਖ ਪੰਨੇ ਉਤੇ ਉਸ ਦੀ ਤਸਵੀਰ ਛਾਪੀ, ਉਦੋਂ ਤੱਕ ਕਲਕੱਤੇ ਤੋਂ ਬਾਹਰ ਘੱਟ ਲੋਕ ਹੀ ਉਸ ਨੂੰ ਅਤੇ ਉਸਦੇ ਕੰਮ ਨੂੰ ਜਾਣਦੇ ਸਨ। ਇਸ ਤੋਂ ਬਾਅਦ ਉਸਦੇ ਜਾਨਣ ਵਾਲਿਆਂ ਦਾ ਘੇਰਾ ਮੋਕਲਾ ਹੋਇਆ। ਉਸਨੇ ਕੁਝ ਸਤਰਾਂ ਵਿਚ ਧੰਨਵਾਦੀ ਸ਼ਬਦ ਲਿਖ ਕੇ ਘੱਲੇ ਸਨ। ਮੈਂ ਉਹ ਕਾਗਜ਼ ਆਪਣੇ ਕਸੌਲੀ ਵਾਲੇ ਘਰ ਚਾਂਦੀ ਦੀ ਚੁਗਾਠ ਵਿਚ ਜੜਾ ਕੇ ਰੱਖਿਆ ਹੋਇਆ ਹੈ। ਇਸੇ ਤਰ੍ਹਾਂ ਭਗਤ ਪੂਰਨ ਸਿੰਘ ਸਨ। ਭਗਤ ਪੂਰਨ ਸਿੰਘ ਬਾਰੇ ਸੋਚ ਕੇ ਮੈਨੂੰ ਹਮੇਸ਼ਾ ਨਿਮਾਣੇ ਹੋਣ ਦਾ ਅਹਿਸਾਸ ਹੁੰਦਾ ਹੈ।

# ਇੰਦਰਾ ਗਾਂਧੀ ਇਤਿਹਾਸ ਦੇ ਫੁੱਟ ਨੋਟਾਂ 'ਚ ਸਿਮਟ ਜਾਏਗੀ

**ਕੁਲਦੀਪ ਨਈਅਰ**

***ਬੀਤੇ ਦਿਨੀਂ ਦੇਸ਼ ਭਰ ਵਿਚ ਮਰਹੂਮ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦਾ ਜਨਮ ਦਿਨ ਮਨਾਇਆ ਗਿਆ। ਇਸ ਦੌਰਾਨ ਦੇਸ਼ ਦੇ ਬਹੁਗਿਣਤੀ ਮੀਡੀਏ ਨੇ ਇੰਦਰਾ ਗਾਂਧੀ ਨੂੰ ਦੇਸ਼ ਦੀ ਇਕ ਮਹਾਨ ਨੇਤਾ ਸਿੱਧ ਕਰਨ ਦੀ ਕੋਸ਼ਿਸ਼ ਕੀਤੀ। ਦੇਸ਼ ਦੇ ਸੀਨੀਅਰ ਪੱਤਰਕਾਰ ਸ਼੍ਰੀ ਕੁਲਦੀਪ ਨੱਈਅਰ ਨੇ ਇਸ ਲਿਖਤ ਵਿਚ ਇੰਦਰਾ ਗਾਂਧੀ ਦੀਆਂ ਗੰਭੀਰ ਸਿਆਸੀ ਗਲਤੀਆਂ ਵਲ ਧਿਆਨ ਦਿਵਾਇਆ ਹੈ। -ਸੰਪਾਦਕ***

ਜੇ ਕੇਂਦਰ ਤੇ ਰਾਜਾਂ ਦੀਆਂ ਕਾਂਗਰਸੀ ਸਰਕਾਰਾਂ ਵਲੋਂ ਪਿੱਛੇ ਜਿਹੇ ਪ੍ਰਾਯੋਜਿਤ ਸਮੁੱਚੇ ਪ੍ਰਚਾਰ ਨਾਲ ਸ਼੍ਰੀਮਤੀ ਇੰਦਰਾ ਗਾਂਧੀ 'ਤੇ ਲੱਗਾ ਕੁਸ਼ਾਸਨ ਦਾ ਕਲੰਕ ਮਿਟਣਾ ਹੁੰਦਾ ਤਾਂ ਬਹੁਤ ਸਮਾਂ ਪਹਿਲਾਂ ਮਿਟ ਗਿਆ ਹੁੰਦਾ। ਉਨ੍ਹਾਂ ਦੀ ਮੌਤ ਤੋਂ 25 ਸਾਲਾਂ ਬਾਅਦ ਉਨ੍ਹਾਂ ਹੀ ਸੂਤਰਾਂ ਵਲੋਂ ਉਹੀ ਕਸਰਤ ਕਰਨ ਦੀ ਲੋੜ ਨਾ ਪੈਂਦੀ ਤੇ ਨਾ ਕਰੋੜਾਂ ਰੁਪਏ ਪਾਣੀ ਵਾਂਗ ਰੋੜ੍ਹਨੇ ਪੈਂਦੇ। ਇਹ ਸਾਰੇ ਯਤਨ ਅਸਫਲ ਰਹੇ ਕਿਉਂਕਿ ਨਾ ਤਾਂ ਸਵੈ-ਵਿਸ਼ਲੇਸ਼ਣ ਕੀਤਾ ਗਿਆ ਤੇ ਨਾ ਹੀ ਅਫਸੋਸ ਪ੍ਰਗਟਾਇਆ ਗਿਆ। ਸ਼੍ਰੀਮਤੀ ਇੰਦਰਾ ਗਾਂਧੀ ਦਾ ਬੁਨਿਆਦੀ ਪਾਪ ਐਮਰਜੈਂਸੀ ਥੋਪਣਾ ਨਹੀਂ, ਸਗੋਂ ਨੈਤਿਕਤਾ ਦਾ ਸਿਆਸਤ 'ਚੋਂ ਖਾਤਮਾ ਕਰਨਾ ਸੀ। ਉਨ੍ਹਾਂ ਨੇ ਉਹ ਪਤਲੀ ਜਿਹੀ ਰੇਖਾ ਵੀ ਮਿਟਾ ਦਿੱਤੀ ਸੀ, ਜੋ ਸਿਆਸਤ ਵਿਚ ਸਹੀ ਅਤੇ ਗਲਤ, ਨੈਤਿਕ ਅਤੇ ਅਨੈਤਿਕ ਦਰਮਿਆਨ ਫ਼ਰਕ ਕਰਦੀ ਹੈ। ਉਨ੍ਹਾਂ ਵਲੋਂ ਕਦਰਾਂ-ਕੀਮਤਾਂ ਦਾ ਖਾਤਮਾ ਇੰਨੀ ਡੂੰਘਾਈ ਨਾਲ ਕੀਤਾ ਗਿਆ ਸੀ ਕਿ ਉਹ ਰੇਖਾ ਅੱਜ ਵੀ ਮਿਟੀ ਹੋਈ ਹੈ।

ਆਜ਼ਾਦੀ ਤੋਂ ਬਾਅਦ ਪਹਿਲੇ 19 ਸਾਲਾਂ ਵਿਚ ਪੰਡਿਤ ਨਹਿਰੂ ਤੇ ਉਨ੍ਹਾਂ ਦੇ ਉਤਰਾਧਿਕਾਰੀ ਲਾਲ ਬਹਾਦੁਰ ਸ਼ਾਸਤਰੀ ਨੇ ਰਾਸ਼ਟਰ ਨੂੰ ਸੱਤਾ-ਸਿਆਸਤ ਦੀ ਬਲੀ ਚੜ੍ਹਨ ਤੋਂ ਬਚਾਈ ਰੱਖਿਆ ਸੀ। ਉਨ੍ਹਾਂ ਨੇ ਆਪਣੇ ਅਹੁਦੇ ਦੀ ਵਰਤੋਂ ਰਾਸ਼ਟਰ ਸੇਵਾ ਲਈ ਕੀਤੀ ਸੀ। ਉਨ੍ਹਾਂ ਨੇ ਬਦਲੇ ਦੀ ਭਾਵਨਾ ਨੂੰ ਆਪਣੇ ਦਿਮਾਗ 'ਤੇ ਹਾਵੀ ਨਹੀਂ ਹੋਣ ਦਿੱਤਾ ਪਰ ਇੰਦਰਾ ਗਾਂਧੀ ਤਾਂ ਵੱਖਰੇ ਹੀ ਸੁਭਾਅ ਦੀ ਸੀ। ਉਨ੍ਹਾਂ ਨੂੰ ਸੱਤਾ ਨੂੰ ਹੀ ਸਾਧਕ ਮੰਨ ਲੈਣ ਤੋਂ ਕੋਈ ਝਿਜਕ ਨਹੀਂ ਸੀ।

ਸ਼੍ਰੀਮਤੀ ਇੰਦਰਾ ਗਾਂਧੀ ਖੁਦ ਨੂੰ ਹੀ ਕਾਨੂੰਨ ਮੰਨ ਬੈਠੀ ਸੀ ਤਾਂ ਉਹ ਕਾਨੂੰਨ ਦੇ ਸ਼ਾਸਨ ਦੇ ਨਿਯਮ ਦੀ ਪਾਲਣਾ ਕਿਉਂ ਕਰਦੀ? ਅਸਤੀਫ਼ਾ ਦੇਣ ਦੀ ਬਜਾਏ ਆਪਣੀ ਖੱਲ ਬਚਾਉਣ ਲਈ ਇੰਦਰਾ ਗਾਂਧੀ ਨੇ ਐਮਰਜੈਂਸੀ ਥੋਪ ਕੇ ਸਮੁੱਚੀ ਪ੍ਰਣਾਲੀ ਹੀ ਠੱਪ ਕਰਕੇ ਰੱਖ ਦਿੱਤੀ। ਉਨ੍ਹਾਂ ਦੀ ਅਯੋਗਤਾ ਦੇ ਅੜਿੱਕਿਆਂ ਨੂੰ ਹਟਾਉਣ ਲਈ ਸੰਸਦ ਉਨ੍ਹਾਂ ਦੇ ਪ੍ਰਭਾਵ ਹੇਠ ਸੀ। ਉਨ੍ਹਾਂ ਨੇ ਇਹ ਵੀ ਠੀਕ ਨਹੀਂ ਸਮਝਿਆ ਕਿ ਘੱਟੋ ਘੱਟ ਮੰਤਰੀ ਮੰਡਲ ਨਾਲ ਤਾਂ ਸਲਾਹ ਕਰ ਲਈ ਜਾਵੇ, ਜਿਸ ਦੀ ਮੀਟਿੰਗ ਸਵੇਰ ਨੂੰ ਐਮਰਜੈਂਸੀ ਦੇ ਉਸ ਐਲਾਨ ਦੀ ਪੁਸ਼ਟੀ ਲਈ ਸੱਦੀ ਗਈ ਸੀ ਜਿਸ 'ਤੇ ਰਾਸ਼ਟਰਪਤੀ ਨੇ ਰਾਤ ਨੂੰ ਹੀ ਦਸਤਖ਼ਤ ਕਰ ਦਿੱਤੇ ਸਨ। ਕਾਨੂੰਨ ਵਿਵਸਥਾ ਦੀ ਸਥਿਤੀ ਭੰਗ ਹੋਣ ਦੇ ਕੋਈ ਸਬੂਤ ਨਹੀਂ ਸਨ ਅਤੇ ਨਾ ਹੀ ਆਰਥਿਕ ਸਥਿਤੀਆਂ 'ਚ ਗਿਰਾਵਟ ਦੇ, ਜੋ ਕਿ ਐਮਰਜੈਂਸੀ ਲਾਗੂ ਕਰਨ ਅਤੇ ਮੌਲਿਕ ਅਧਿਕਾਰਾਂ ਦੀ ਮੁਅੱਤਲੀ ਲਈ ਜ਼ਰੂਰੀ ਹੁੰਦੇ ਹਨ। ਇੰਦਰਾ ਗਾਂਧੀ 'ਪ੍ਰੈੱਸ' ਤੋਂ ਵੀ ਕਦੇ ਖੁਸ਼ ਨਹੀਂ ਰਹੀ ਸੀ। ਉਨ੍ਹਾਂ ਦਾ ਪਹਿਲਾ ਹੁਕਮ ਸੀ ਪ੍ਰੈਸ ਦਾ ਗਲਾ ਘੁੱਟਣਾ। ਮੀਡੀਆ ਨੇ 34 ਸਾਲਾਂ ਬਾਅਦ ਵੀ ਅਜੇ ਤਕ ਆਪਣਾ ਪੁਰਾਣਾ ਸੰਤੁਲਨ ਮੁੜ ਹਾਸਿਲ ਨਹੀਂ ਕੀਤਾ ਹੈ। ਹੁਣ ਉਸਨੇ ਸੱਤਾ 'ਚ ਰਹਿਣ ਵਾਲੀ ਹਰੇਕ ਸਿਆਸੀ ਪਾਰਟੀ ਦੇ ਦੱਖਣ ਵਲ ਖੜ੍ਹੇ ਰਹਿਣ ਦਾ ਗੁਣ ਵਿਕਸਿਤ ਕਰ ਲਿਆ ਹੈ। ਇਹੀ ਕਾਰਨ ਸੀ ਕਿ ਉਨ੍ਹਾਂ ਦੀ 25ਵੀਂ ਬਰਸੀ ਦੇ ਮੌਕੇ ਅਖ਼ਬਾਰਾਂ ਵਿਚ ਜੋ ਲੇਖ ਛਪੇ ਹਨ, ਸ਼ਾਇਦ ਹੀ ਕਿਤੇ ਉਨ੍ਹਾਂ 'ਚ ਐਮਰਜੈਂਸੀ ਦੇ ਦੌਰ ਜਾਂ ਉਸਤੋਂ ਪਹਿਲਾਂ ਕੀਤੇ ਗਏ ਉਨ੍ਹਾਂ ਦੇ ਗਲਤ ਕੰਮਾਂ ਦਾ ਜ਼ਿਕਰ ਹੋਇਆ ਹੋਵੇ। ਉਹ ਸਾਰੇ ਇੰਦਰਾ ਗਾਂਧੀ ਦੀ ਸ਼ਲਾਘਾ ਨਾਲ ਇੰਨੇ ਭਰੇ ਪਏ ਸਨ ਕਿ ਉਨ੍ਹਾਂ ਦੇ ਚਮਚੇ ਵੀ ਸ਼ਰਮਾ ਜਾਣ।ਮਹਾਤਮਾ ਗਾਂਧੀ ਨੇ ਰਾਸ਼ਟਰ ਨੂੰ ਨਿਡਰ ਬਣਨ ਦੀ ਸਿੱਖਿਆ ਦਿੱਤੀ ਸੀ ਪਰ ਇੰਦਰਾ ਗਾਂਧੀ ਨੇ ਫਿਰ ਲੋਕਾਂ ਦੇ ਮਨ ਵਿਚ ਡਰ ਭਰ ਦਿੱਤਾ।ਚਾਹੇ ਪ੍ਰੈੱਸ ਸੀ ਜਾਂ ਨਿਆਂ ਪਾਲਿਕਾ ਜਾਂ ਨੌਕਰਸ਼ਾਹੀ, ਸਾਰੇ ਡਰ ਕਾਰਨ ਝੁਕ ਗਏ ਸਨ। ਰਾਸ਼ਟਰ ਨੇ ਉਨ੍ਹਾਂ ਦੇ ਕਾਰਿਆਂ ਨਾਲ ਖੁਦ 'ਤੇ ਸੱਟ ਮਹਿਸੂਸ ਕੀਤੀ ਸੀ।

ਜਦੋਂ ਉਨ੍ਹਾਂ ਨੇ 1969 ਵਿਚ ਕਾਂਗਰਸ ਨੂੰ, ਜੋ ਰਾਸ਼ਟਰ ਨੂੰ ਏਕਤਾ ਦਾ ਅਹਿਸਾਸ ਕਰਵਾਉਂਦੀ ਸੀ, ਵੰਡਿਆ ਤਾਂ ਲੋਕਾਂ ਨੇ ਉਸ ਦੇ ਕਾਰਿਆਂ ਦੀਆਂ ਦਿਸ਼ਾਵਾਂ ਤੇ ਸਿੱਟਿਆਂ ਨੂੰ ਮਹਿਸੂਸ ਨਹੀਂ ਕੀਤਾ।

ਜਦੋਂ ਤਕ ਰਾਸ਼ਟਰ ਉਨ੍ਹਾਂ ਦੀਆਂ ਘਿਨੌਣੀਆਂ ਨੀਤੀਆਂ ਪ੍ਰਤੀ ਚੌਕਸ ਹੋਇਆ, ਉਦੋਂ ਤਕ ਤਾਂ ਰੋਗਾਣੂ ਸਿਆਸਤ ਦੀ ਕਾਇਆ ਵਿਚ ਫੈਲ ਕੇ ਲੋਕਾਂ ਨੂੰ ਆਜ਼ਾਦੀ ਤੋਂ ਵਾਂਝਾ ਕਰ ਚੁੱਕਾ ਸੀ ਪਰ ਜਿਸਨੂੰ ਨਿਰਪੱਖ ਨੌਕਰਸ਼ਾਹੀ ਕਿਹਾ ਜਾਂਦਾ ਸੀ, ਉਸਨੂੰ ਸ਼੍ਰੀਮਤੀ ਇੰਦਰਾ ਗਾਂਧੀ ਨੇ ਮਾਨਸਿਕ ਠੇਸ ਪਹੁੰਚਾਈ ਸੀ।ਸਵੈ-ਰੱਖਿਆ ਦੀ ਇੱਛਾ ਹੀ ਸਰਕਾਰੀ ਮੁਲਾਜ਼ਮਾਂ ਦੇ ਕਾਰਜ ਵਿਹਾਰ ਦਾ ਇਕੋ ਇਕ ਪ੍ਰੇਰਕ ਸੂਤਰ ਰਹਿ ਗਿਆ ਸੀ।



ਸਿਰਫ਼ ਧਮਕੀ ਨਾਲ ਹੀ ਪੈਦਾ ਹੋਏ ਡਰ ਕਾਰਨ ਉਹ ਆਪਣੀ ਰਾਏ ਬਦਲ ਲੈਂਦੇ ਸਨ। ਸ਼੍ਰੀਮਤੀ ਇੰਦਰਾ ਗਾਂਧੀ ਦੇ ਹੁਕਮਾਂ ਦੀ ਉਹ ਸ਼ਰੇਆਮ ਪਾਲਣਾ ਕਰ ਰਹੇ ਸਨ। ਨੈਤਿਕ ਵਿਚਾਰ ਦਰਸ਼ਨ ਜਾਂ ਰਵਾਇਤੀ ਕਦਰਾਂ-ਕੀਮਤਾਂ ਨੌਕਰਸ਼ਾਹਾਂ ਦੀ ਮਾਨਸਿਕ ਪਕੜ ਤੋਂ ਬਾਹਰ ਹੋ ਗਈਆਂ ਸਨ। ਉਹ ਤਾਂ ਇੰਦਰਾ ਗਾਂਧੀ ਦੇ ਹੱਥਾਂ ਵਿਚ 'ਤਾਨਾਸ਼ਾਹੀ ਦਾ ਭੋਂਪੂ' ਬਣ ਗਏ ਸਨ। ਇੰਦਰਾ ਗਾਂਧੀ ਨੇ ਐਮਰਜੈਂਸੀ ਲਾਗੂ ਕਰਨ ਤੋਂ ਕਾਫੀ ਪਹਿਲਾਂ ਇਕ ਸ਼ਬਦ ਘੜਿਆ ਸੀ 'ਕਮਿਟਮੈਂਟ' (ਵਚਨਬੱਧਤਾ) ਤਾਂ ਕਿ ਉਹ ਨੌਕਰਸ਼ਾਹਾਂ ਦੀ ਆਪਣੇ ਪ੍ਰਤੀ ਵਫ਼ਾਦਾਰੀ ਦਾ ਅੰਦਾਜ਼ਾ ਲਗਾ ਸਕੇ। ਕੁਝ ਨੇ ਇਹ ਕਹਿ ਕੇ ਆਪਣੀ ਵੱਖਰੀ ਸੋਚ ਦਾ ਪ੍ਰਗਟਾਵਾ ਕੀਤਾ ਕਿ ਉਨ੍ਹਾਂ ਦੀ ਵਚਨਬੱਧਤਾ ਤਾਂ ਭਾਰਤੀ ਸੰਵਿਧਾਨ ਦੇ ਪ੍ਰਤੀ ਹੈ। ਅਜਿਹੇ ਲੋਕਾਂ ਦੀ ਤਰੱਕੀ ਦੇ ਸਮੇਂ ਜਾਂ ਤਾਂ ਅਣਦੇਖੀ ਹੋਈ ਜਾਂ ਉਨ੍ਹਾਂ ਨੂੰ ਮਹੱਤਵਹੀਣ ਅਹੁਦਿਆਂ 'ਤੇ ਲਗਾ ਦਿੱਤਾ ਗਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਆਜ਼ਾਦ ਚੇਤਨਾ ਵਾਲੇ ਜੋ ਅਧਿਕਾਰੀ ਫਾਈਲਾਂ 'ਤੇ ਨਿਡਰਤਾ ਨਾਲ ਆਪਣੀਆਂ ਟਿੱਪਣੀਆਂ ਲਿਖਦੇ ਸਨ, ਉਹ ਨਿਰਉਤਸ਼ਾਹਿਤ ਜਿਹੇ ਹੋ ਗਏ।

ਉਦੋਂ ਜੋ ਜ਼ਹਿਰ ਫੈਲਿਆ ਸੀ, ਉਹ ਅੱਜ ਵੀ ਉਨ੍ਹਾਂ ਨੌਕਰਸ਼ਾਹਾਂ ਦੀਆਂ ਨਸਾਂ ਵਿਚ ਦੌੜ ਰਿਹਾ ਹੈ ਜੋ ਸੱਤਾਧਾਰੀਆਂ ਦੀ ਸਨਕ ਮੁਤਾਬਿਕ ਸਿਸਟਮ ਚਲਾਉਂਦੇ ਹਨ। ਉਹ ਆਪਣੀ ਵਫਾਦਾਰੀ ਨਵੇਂ ਸ਼ਾਸਕਾਂ ਦੇ ਸੱਤਾ ਵਿਚ ਆਉਣ ਦੇ ਨਾਲ-ਨਾਲ ਬਦਲਦੇ ਰਹਿੰਦੇ ਹਨ। ਇੰਦਰਾ ਗਾਂਧੀ ਦੇ ਦਿਨਾਂ ਤੋਂ ਹੀ ਉਨ੍ਹਾਂ ਦੇ ਫੈਸਲਿਆਂ ਵਿਚ ਆਜ਼ਾਦੀ ਦੀ ਡਟ ਕੇ ਬਲੀ ਚੜ੍ਹਾਈ ਜਾਂਦੀ ਰਹੀ। ਨਿਆਂਪਾਲਿਕਾ ਨੇ ਵੀ ਉਦੋਂ ਵਚਨਬੱਧਤਾ ਦੇ ਦਬਾਅ ਨੂੰ ਮਹਿਸੂਸ ਕੀਤਾ ਸੀ। ਇੰਦਰਾ ਗਾਂਧੀ ਨੇ ਉਦੋਂ ਭਾਰਤ ਦਾ ਮੁੱਖ ਜੱਜ ਆਪਣੀ ਪਸੰਦ ਦਾ ਨਿਯੁਕਤ ਕਰਨ ਲਈ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਨੂੰ 'ਸੁਪਰਸੀਡ' ਕੀਤਾ ਸੀ। ਉਹੀ ਉਦੋਂ ਉਨ੍ਹਾਂ ਦੇ ਸਹਾਇਕ ਬਣੇ, ਜਦੋਂ ਐਮਰਜੈਂਸੀ ਦੀ ਪੁਸ਼ਟੀ ਦਾ ਮਾਮਲਾ ਉਨ੍ਹਾਂ ਦੀ ਅਦਾਲਤ ਵਿਚ ਲਿਆਂਦਾ ਗਿਆ। ਸੁਪਰੀਮ ਕੋਰਟ ਦਾ ਫ਼ੈਸਲਾ ਪੱਖ ਅਤੇ ਵਿਰੋਧ ਦੇ ਰੂਪ ਵਿਚ ਆਇਆ । ਜਿਸ ਇਕੋ-ਇਕ ਜੱਜ ਨੇ ਉਲਟ ਰਾਏ ਪ੍ਰਗਟਾਈ ਸੀ, ਉਹ ਸਨ ਸਭ ਤੋਂ ਸੀਨੀਅਰ ਜੱਜ, ਜਿਨ੍ਹਾਂ ਨੂੰ ਉਨ੍ਹਾਂ ਦੀ ਵਾਰੀ ਆਉਣ 'ਤੇ ਮੁੱਖ ਜੱਜ ਨਹੀਂ ਬਣਾਇਆ ਗਿਆ ਸੀ। ਸ਼੍ਰੀਮਤੀ ਇੰਦਰਾ ਗਾਂਧੀ ਨੇ ਆਪਣੇ 18 ਵਰ੍ਹਿਆਂ ਦੇ ਸ਼ਾਸਨ ਕਾਲ ਵਿਚ ਜੋ ਸਭ ਤੋਂ ਵੱਡਾ ਨੁਕਸਾਨ ਕੀਤਾ, ਉਹ ਉਨ੍ਹਾਂ ਅਦਾਰਿਆਂ ਦਾ ਸੀ, ਜਿਨ੍ਹਾਂ ਨੂੰ ਪੰਡਿਤ ਨਹਿਰੂ ਨੇ ਸਥਾਪਿਤ ਕੀਤਾ ਸੀ। ਪਾਰਟੀ ਦੇ ਬਟਵਾਰੇ ਦੇ ਸਿੱਟੇ ਵਜੋਂ ਜਦੋਂ ਲੋਕ ਸਭਾ ਵਿਚ ਇੰਦਰਾ ਗਾਂਧੀ ਆਪਣਾ ਬਹੁਮਤ ਗੁਆ ਬੈਠੀ, ਉਦੋਂ ਵੀ ਉਸਨੇ ਸੰਸਦ ਵਿਚ ਜੋੜ ਤੋੜ ਕੀਤਾ। ਉਸਨੇ ਕਾਂਗਰਸ ਤੇ ਉਸਦੇ ਵਿਚਾਰਕ ਅਦਾਰੇ ਨੂੰ ਇੰਨਾ ਕਮਜ਼ੋਰ ਕਰ ਦਿੱਤਾ ਕਿ ਇਕ ਵਾਰ ਉਹ ਸਮਾਂ ਵੀ ਆ ਗਿਆ, ਜਦੋਂ ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣੀ। ਇਕ ਸਮੇਂ ਤਾਂ ਕਦੇ ਅਜਿਹਾ ਹੋ ਸਕਣਾ ਅਸੰਭਵ ਮੰਨਿਆ ਜਾਂਦਾ ਸੀ। ਕਿਸੇ ਹੱਦ ਤੱਕ ਇਕ ਨਵੇਂ ਤੱਥ ਨੇ ਵੀ ਇੰਦਰਾ ਗਾਂਧੀ ਦੇ ਨਜ਼ਰੀਏ ਜਾਂ ਸੋਚ ਨੂੰ ਕੰਟਰੋਲ ਕੀਤਾ। ਉਨ੍ਹਾਂ ਦਾ ਬੇਟਾ ਸੰਜੇ ਗਾਂਧੀ ਖੁਦ ਨੂੰ ਸੰਵਿਧਾਨ ਤੋਂ ਉਪਰ ਸਮਝਣ ਲੱਗ ਪਿਆ। ਉਨ੍ਹਾਂ ਨੇ ਭਟਕੇ ਤੇ ਦਿਸ਼ਾਹੀਣ ਨੌਜਵਾਨਾਂ ਲਈ ਬੂਹੇ ਖੋਲ੍ਹ ਦਿੱਤੇ। ਉਨ੍ਹਾਂ ਨੇ ਜੋ ਢਾਂਚਾ ਬਣਾਇਆ, ਉਹ ਡਿਗਿਆ ਨਹੀਂ ਤੇ ਕੋਈ ਅੱਜ ਵੀ ਸ਼ਾਸਨ 'ਚ ਉਸਨੂੰ ਦੇਖ ਸਕਦਾ ਹੈ। ਇੰਦਰਾ ਗਾਂਧੀ ਨੇ ਆਪਣਾ ਵਿਰੋਧ ਕਰਨ ਵਾਲਿਆਂ ਨੂੰ ਦਬਾਉਣ ਲਈ ਹਰੇਕ ਤਰੀਕਾ ਅਪਣਾਇਆ। ਮੈਨੂੰ ਹੈਰਾਨੀ ਹੋਵੇਗੀ ਕਿ ਇਤਿਹਾਸ ਵਿਚ 'ਫੁੱਟ ਨੋਟ' 'ਚ ਵੀ ਇੰਦਰਾ ਗਾਂਧੀ ਦਾ ਜ਼ਿਕਰ ਹੋ ਸਕੇਗਾ,ਜੇ ਹੋਇਆ ਤਾਂ ਉਹ 'ਆਪ੍ਰੇਸ਼ਨ ਬਲਿਊ ਸਟਾਰ' ਕਾਰਨ ਹੋਵੇਗਾ।

ਇੰਦਰਾ ਗਾਂਧੀ ਨੇ 'ਆਪ੍ਰੇਸ਼ਨ ਬਲਿਊ ਸਟਾਰ' ਦੀ ਭਾਰੀ ਕੀਮਤ ਚੁਕਾਈ। ਉਨ੍ਹਾਂ ਦੇ ਸਿੱਖ ਬਾਡੀਗਾਰਡਾਂ ਨੇ ਇਸ ਦਾ ਬਦਲਾ ਲੈਣ ਲਈ ਉਨ੍ਹਾਂ 'ਤੇ ਹਮਲਾ ਕੀਤਾ ਤੇ ਉਨ੍ਹਾਂ ਦੀ ਜਾਨ ਲੈ ਲਈ ਪਰ ਬਾਅਦ ਵਿਚ ਸਰਕਾਰ ਦਾ ਬਦਲਾ ਵੀ ਅਪਰਾਧਿਕ ਰਿਹਾ। ਸਰਕਾਰ ਨੇ 1984 ਵਿਚ 3 ਦਿਨਾਂ ਤਕ ਕੋਈ ਕਾਰਵਾਈ ਨਹੀਂ ਕੀਤੀ। ਇਨ੍ਹਾਂ ਤਿੰਨ ਦਿਨਾਂ ਵਿਚ 3 ਹਜ਼ਾਰ ਨਿਰਦੋਸ਼ ਸਿੱਖਾਂ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ। ਇਹ ਤ੍ਰਾਸਦੀ ਹੀ ਹੈ ਕਿ ਸਿੱਖਾਂ ਨੇ ਇਸੇ ਹਫ਼ਤੇ ਉਸ ਕਤਲੇਆਮ ਦੀ 25ਵੀਂ ਵਰ੍ਹੇਗੰਢ ਮਨਾਈ, ਜਦਕਿ ਕਾਂਗਰਸ ਨੇ ਇੰਦਰਾ ਗਾਂਧੀ ਦੀ ਮਹਿਮਾ ਗਾਉਣ ਲਈ ਸਭਾਵਾਂ ਤੇ ਫੋਟੋ-ਪ੍ਰਦਰਸ਼ਨੀਆਂ ਆਯੋਜਿਤ ਕਰਕੇ ਉਨ੍ਹਾਂ ਦੀ ਬਰਸੀ ਮਨਾਈ।






# 1984 ਦੇ ਸਿੱਖ ਕਤਲੇਆਮ ਦੀ ਯਾਦ ਵਿਚ ਸੈਮੀਨਾਰ

**ਯੂਨੀਅਨ ਸਿਟੀ (ਸਰਬਜੋਤ ਸਿੰਘ ਸਵੱਦੀ):** ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਦੰਗੇ ਕਹਿਣਾ ਸਿੱਖਾਂ ਦੇ ਜ਼ਖ਼ਮਾਂ ਉਤੇ ਲੂਣ ਛਿੜਕਣ ਬਰਾਬਰ ਹੈ। ਇਹ ਨਿਸ਼ਚਤ ਤੌਰ 'ਤੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਉਨ੍ਹਾਂ ਦੀ ਨਸਲਕੁਸ਼ੀ ਕਰਨ ਦਾ ਇਕ ਯਤਨ ਸੀ। ਇਸੇ ਕਤਲੇਆਮ ਦੇ ਦੋਸ਼ੀਆਂ ਨੂੰ 25 ਸਾਲ ਬੀਤ ਜਾਣ ਬਾਅਦ ਵੀ ਸਜ਼ਾਵਾਂ ਨਹੀਂ ਹੋਈਆਂ ਕਿਉਂਕਿ ਇਹ ਹੋਣੀਆਂ ਹੀ ਨਹੀਂ ਸਨ। ਕਾਰਨ ਇਹ ਕਿ ਹਾਕਮ ਤੇ ਕਾਤਲ ਰਲੇ ਹੋਏ ਸਨ। ਇੰਨੇ ਸਾਲ ਬੀਤ ਜਾਣ ਪਿਛੋਂ ਵੀ ਇਸ ਕਤਲੇਆਮ ਦੇ ਅਸਲ ਪੀੜਤਾਂ ਦੀ ਸਰਕਾਰ ਨੇ ਸਾਰ ਨਹੀਂ ਲਈ ਪਰ ਦੁੱਖ ਦੀ ਗੱਲ ਤਾਂ ਇਹ ਹੈ ਕਿ ਖੁਦ ਸਿੱਖ ਕੌਮ ਅਤੇ ਸਿੱਖ ਆਗੂਆਂ ਨੇ ਵੀ ਇਸ ਨਸਲਕੁਸ਼ੀ ਦਾ ਸ਼ਿਕਾਰ ਹੋਏ ਲੋਕਾਂ ਦੇ ਜ਼ਖ਼ਮਾਂ ਉਤੇ ਫੇਹਾ ਲਾਉਣ ਲਈ ਉਚੇਚੇ ਯਤਨ ਨਹੀਂ ਕੀਤੇ ਅਤੇ ਸਾਡੀ ਕੌਮ ਅੱਜ ਤੱਕ ਵੀ ਇਸ ਵਲੋਂ ਅਵੇਸਲੀ ਹੈ। ਇਹ ਵਿਚਾਰ ਵੱਖ ਵੱਖ ਬੁਲਾਰਿਆਂ ਨੇ ਇਥੇ ਨਵੰਬਰ 1984 ਦੇ ਸਿੱਖ ਕਤਲੇਆਮ ਬਾਰੇ ਖਾਲਸਾ ਫਾਊਂਡੇਸ਼ਨ ਨਾਂ ਦੀ ਇਕ ਸੰਸਥਾ ਵਲੋਂ ਕਰਵਾਏ ਗਏ ਇਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ।

ਇਸ ਘੱਲੂਘਾਰੇ ਦੀ 25 ਸਾਲਾ ਯਾਦ ਵਿਚ ਯੂਨੀਅਨ ਸਿਟੀ ਦੇ ਹੋਟਲ 'ਕਰਾਊਨ ਪਲਾਜ਼ਾ' ਦੇ ਹਾਲ ਵਿਚ ਲੰਘੇ ਐਤਵਾਰ ਨੂੰ ਕਰਵਾਏ ਗਏ ਇਸ ਸੈਮੀਨਾਰ ਵਿਚ ਇਹ ਗੱਲ ਉੱਭਰ ਕੇ ਆਈ ਕਿ 25 ਸਾਲ ਬੀਤ ਜਾਣ ਤੋਂ ਬਾਅਦ ਵੀ ਸਿੱਖ ਕੌਮ ਨੇ ਇਨ੍ਹਾਂ ਪੀੜਤ ਵਿਧਵਾਵਾਂ ਬੱਚਿਆਂ ਦੀ ਕੋਈ ਸਾਰ ਨਹੀਂ ਲਈ, ਸਗੋਂ ਸ਼ਹਿਰਾਂ ਦੀਆਂ ਗਲੀਆਂ ਵਿਚ ਰੁਲਣ ਜੋਗੇ ਹੀ ਛੱਡ ਦਿੱਤਾ। ਬੁਲਾਰਿਆਂ ਨੇ ਇੱਕ ਮੱਤ ਹੋ ਕੇ ਇਹੀ ਗੱਲ ਕਹੀ ਕਿ ਜਿਹੜੇ ਸਿਆਸੀ ਆਗੂ ਧੂਆਂ-ਧਾਰ ਤਕਰੀਰਾਂ ਕਰਕੇ ਆਪਣੀਆਂ ਰਾਜਨੀਤਕ ਰੋਟੀਆ ਸੇਕਣ ਲਈ ਇੰਨਸਾਫ ਦੀ ਮੰਗ ਕਰ ਰਹੇ ਹਨ, ਆਪ ਇਨ੍ਹਾਂ ਵਿਧਵਾਵਾਂ ਦੀ ਸਾਰ ਲੈ ਕੇ ਇਨਸਾਫ ਕਰਨ।

ਸੈਮੀਨਾਰ ਦੇ ਮੁੱਖ ਬੁਲਾਰੇ ਭਾਈ ਮਨਮੀਤ ਸਿੰਘ, ਜਿਨ੍ਹਾਂ ਨੇ 1984 ਦੇ ਕਤਲੇਆਮ ਤੇ 'ਵਿਡੋ ਕਾਲੋਨੀ' ਨਾਂ ਦੀ ਫਿਲਮ ਬਣਾਈ ਹੈ ਅਤੇ ਹੁਣ ਪੰਜਾਬ ਵਿਚ ਕਿਸਾਨਾਂ ਦੀਆਂ ਖੁਦਕੁਸ਼ੀਆਂ ਬਾਰੇ ਫਿਲਮ ਬਣਾ ਰਹੇ ਹਨ, ਨੇ ਵੀ ਇਹੀ ਗੱਲ ਕਹੀ ਕਿ ਸਿੱਖ ਕੌਮ ਨੇ ਕਤਲੇਆਮ ਦੇ ਪੀੜਤ ਲੋਕਾਂ ਦੀ ਕੋਈ ਮਦਦ ਨਾ ਕਰਕੇ ਇੰਨਸਾਫ ਨਹੀਂ ਕੀਤਾ। ਉਨ੍ਹਾਂ ਆਪਣੀ ਫਿਲਮ 'ਵਿਡੋ ਕਾਲੋਨੀ' ਵਿਚੋਂ ਇਕ ਪੀੜਤ ਬੀਬੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਬੀਬੀ ਦਾ ਕਹਿਣਾ ਹੈ ਕਿ ਸਾਨੂੰ ਵਾਰ-ਵਾਰ ਨਾ ਛੇੜੋ, ਜੇ ਤੁਸੀਂ ਸਾਡੇ ਲਈ ਕੁਝ ਕਰ ਸਕਦੇ ਹੋ ਤਾਂ ਕੁਝ ਕਰੋ, ਇਸ ਸਮੇਂ ਮੈਨੂੰ ਅਤੇ ਮੇਰੇ ਬੱਚਿਆਂ ਨੂੰ ਤਨ ਢਕਣ ਲਈ ਕੱਪੜਿਆਂ ਅਤੇ ਪੇਟ ਭਰਨ ਲਈ ਰੋਟੀ ਦੀ ਜਰੂਰਤ ਹੈ। ਅਗਰ ਤੁਸੀਂ ਇਹ ਕਰ ਸਕਦੇ ਹੋ ਤਾਂ ਸਾਡੇ ਨਾਲ ਆ ਕੇ ਮੁਲਾਕਾਤਾਂ ਕਰੋ ਅਗਰ ਨਹੀਂ ਤਾਂ ਸਾਨੂੰ ਆਪਣੇ ਰਹਿਮ 'ਤੇ ਛੱਡ ਦਿਉ।

ਭਾਈ ਮਨਮੀਤ ਸਿੰਘ ਨੇ ਕਿਹਾ ਕਿ ਪਹਿਲਾਂ ਸਿੱਖਾਂ ਦੀ ਨਸਲਕੁਸ਼ੀ ਦੇ ਇਰਾਦੇ ਨਾਲ ਸਿੱਖਾਂ ਦਾ ਵੱਡੇ ਪੱਧਰ 'ਤੇ ਕਤਲੇਆਮ ਕੀਤਾ ਗਿਆ। ਪਰ ਹੁਣ ਨਵੀਂ ਨੀਤੀ ਤਹਿਤ ਸਿੱਖ ਕਿਸਾਨੀ ਨੂੰ ਤਬਾਹ ਕਰਕੇ ਖੁਦਕੁਸ਼ੀਆਂ ਕਰਨ ਲਈ ਮਜ਼ਬੂਰ ਕਰ ਦਿੱਤਾ ਹੈ। ਇਹ ਵੀ ਉਸੇ ਕਤਲੇਆਮ ਦੀ ਇੱਕ ਨਵੀਂ ਨੀਤੀ ਦਾ ਹਿੱਸਾ ਹੈ। ਭਾਈ ਮਨਮੀਤ ਸਿੰਘ ਨੇ ਜਜ਼ਬਾਤੀ ਹੁੰਦਿਆਂ ਸੁੱਤੀ ਪਈ ਸਿੱਖ ਕੌਮ ਨੂੰ ਸ਼ਹੀਦ ਪਰਿਵਾਰਾਂ ਦੀ ਸਾਰ ਲੈਣ ਲਈ ਕੁੱਝ ਨ ਕੁੱਝ ਕਰਨ ਲਈ ਕਿਹਾ।

ਸਹਾਇਤਾ ਸੰਸਥਾ ਦੇ ਆਗੂ ਡਾ. ਹਰਕੇਸ਼ ਸਿੰਘ ਸੰਧੂ ਨੇ ਵੀ ਇਸੇ ਗੱਲ ਨੂੰ ਅੱਗੇ ਤੋਰਦਿਆਂ ਕਿਹਾ ਕਿ 1984 ਦੇ ਕਤਲੇਆਮ ਦੇ ਪੀੜਤ ਲੋਕਾਂ ਦੀ ਸਹਾਇਤਾ ਕਰਨ ਲਈ ਸਾਨੂੰ ਉਸ ਪਾਸੇ ਜਰੂਰ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸਹਾਇਤਾ ਸੰਸਥਾ ਦੇ ਜ਼ਰੀਏ ਪ੍ਰਭਾਵਤ ਏਰੀਏ ਵਿਚ ਮੈਡੀਕਲ ਕੈਂਪ ਲਾਏ ਹਨ। ਪ੍ਰਭਾਵਤ ਵਿਧਵਾਵਾਂ ਅਤੇ ਉਨ੍ਹਾਂ ਦੇ ਬੱਚੇ ਕਈ ਖਤਰਨਾਕ ਬਿਮਾਰੀਆਂ ਤੋਂ ਪੀੜਤ ਹਨ ਪਰ ਉਨ੍ਹਾਂ ਕੋਲ ਇਲਾਜ ਲਈ ਪੈਸੇ ਨਹੀਂ ਹਨ।







ਅਮਰੀਕਨ ਗੁਰਦੁਆਰਾ ਕੌਂਸਲ ਦੇ ਪ੍ਰਧਾਨ ਅਤੇ ਗੁਰਦਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਮੈਂਬਰ ਭਾਈ ਰਾਮ ਸਿੰਘ ਨੇ ਕਿਹਾ ਕਿ ਸਾਨੂੰ ਇਹ ਸੋਚਣਾ ਪਵੇਗਾ ਕਿ ਅਸੀਂ 25 ਸਾਲਾਂ ਵਿਚ ਕੀ ਕੀਤਾ ਹੈ ਜਾਂ ਕੀ ਕਰਨਾ ਹੈ? ਜਾਂ ਫਿਰ 25 ਸਾਲਾ ਵਾਂਗ 50 ਸਾਲਾ ਯਾਦ ਮਨਾਉਣ ਦੀ ਉਡੀਕ ਕਰਾਂਗੇ। ਜਾਂ ਫਿਰ 1984 ਦੇ ਕਤਲੇਆਮ ਦੀ ਦੁਖਦਾਈ ਯਾਦ ਇੱਕ ਤਿਉਹਾਰ ਹੀ ਬਣ ਕੇ ਰਹਿ ਜਾਵੇਗੀ?

ਨੌਜਵਾਨ ਆਗੂ ਭਾਈ ਬਲਮੀਤ ਸਿੰਘ ਨੇ ਨਿਰੋਲ ਧਾਰਮਿਕ ਤਕਰੀਰ ਕਰਦਿਆਂ ਗੁਰੂ ਗ੍ਰੰਥ ਸਾਹਿਬ ਵਿਚੋਂ "ਏਹ ਸਰੀਰਾ ਮੇਰਿਆ ਇਸ ਜਗ ਮਹਿ ਆਇ ਕੇ ਕਿਆ ਤੁਧ ਕਰਮ ਕਮਾਇਆ" ਦਾ ਹਵਾਲਾ ਦਿੰਦਿਆਂ ਪੁੱਛਿਆ ਕਿ ਕੀ ਅਸੀਂ ਗੁਰੂ ਸਾਹਿਬ ਵਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਕੋਈ ਐਸਾ ਕਰਮ ਕਮਾਇਆ ਜਿਸ ਨਾਲ ਕਿਸੇ ਲੋੜਵੰਦ ਦਾ ਭਲਾ ਹੋਇਆ ਹੋਵੇ? ਕੀ 1984 ਦੇ ਕਤਲੇਆਮ ਤੋਂ ਪ੍ਰਭਾਵਤ ਸਿੱਖ ਸਾਡੇ ਭਾਈ ਨਹੀਂ ਸਨ? ਉਨ੍ਹਾਂ ਕਿਹਾ ਸਾਨੂੰ ਜਰੂਰ ਚੰਗੇ ਕਰਮ ਕਮਾਉਣੇ ਚਾਹੀਦੇ ਹਨ ਜਿਸ ਨਾਲ ਸਾਡਾ ਜੀਵਨ ਸਫਲਾ ਹੋ ਜਾਵੇ। ਇਸ ਸਮੇਂ ਦਿਲਸਚਪ ਗੱਲ ਇਹ ਸੀ ਕਿ ਹਰਪ੍ਰੀਤ ਸਿੰਘ ਢਿੱਲੋਂ ਦੇ ਸੱਦੇ 'ਤੇ ਆਏ ਬੱਚਿਆਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੇ 1984 ਦੇ ਕਤਲੇਆਮ 'ਤੇ ਖੁਲੇ ਸੁਆਲ-ਜਵਾਬ ਕੀਤੇ।

ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਧਾਨ ਅਤੇ ਉਘੇ ਸਿੱਖ ਆਗੂ ਭਾਈ ਗੁਰਮੀਤ ਸਿੰਘ ਖਾਲਸਾ ਨੇ ਆਪਣੀ ਪ੍ਰਭਾਵਸ਼ਾਲੀ ਤਕਰੀਰ ਵਿਚ ਸਮੁੱਚੇ ਸੈਮੀਨਾਰ ਦਾ ਮੁਲੰਕਣ ਕਰਦਿਆਂ ਸਮੂਹ ਸਿੱਖ ਕੌਮ ਨੂੰ ਗੁਰਬਾਣੀ ਦੀ ਰੋਸ਼ਨੀ ਵਿਚ ਸਿਰ ਜੋੜ ਕੇ ਕੌਮ ਦਾ ਭਵਿੱਖ ਸੰਵਾਰਨ ਦੀ ਗੱਲ ਕਹੀ। ਉਨ੍ਹਾਂ ਇਸ ਸੈਮੀਨਾਰ ਦੇ ਪ੍ਰਬੰਧਕਾਂ ਅਤੇ ਇਸ ਵਿਚ ਹਿੱਸਾ ਲੈਣ ਲਈ ਦੂਰੋਂ-ਨੇੜਿਓਂ ਆਈ ਸਿੱਖ ਸੰਗਤ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਸੇਵਾ ਭਾਈ ਅਮਰਦੀਪ ਸਿੰਘ ਨੇ ਨਿਭਾਈ। ਇਸ ਸੈਮੀਨਾਰ ਵਿਚ ਵਿਸ਼ੇਸ਼ ਤੌਰ 'ਤੇ ਪ੍ਰੀਤਮ ਸਿੰਘ ਜੋਗਾ ਨੰਗਲ, ਹਰਮਿੰਦਰ ਸਿੰਘ, ਦਰਸ਼ਨ ਸਿੰਘ ਸੰਧੂ, ਬਲਜੀਤ ਸਿੰਘ, ਦਵਿੰਦਰ ਸਿੰਘ, ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਸਾਬਕਾ ਮੈਂਬਰ ਗੁਰਚਰਨ ਸਿੰਘ ਮਾਨ, ਭੁਪਿੰਦਰ ਸਿੰਘ ਚੀਮਾ, ਅਵਤਾਰ ਸਿੰਘ ਤਾਰੀ, ਮਹਿੰਗਾ ਸਿੰਘ ਸਰਪੰਚ, ਗੁਰਦੀਪ ਸਿੰਘ, ਅਨੋਖ ਸਿੰਘ, ਮਨਦੀਪ ਸਿੰਘ ਧਾਮੀ, ਬਲਵਿੰਦਰ ਸਿੰਘ ਬਰਾੜ, ਜਰਨੈਲ ਸਿੰਘ ਮਿਨਹਾਸ, ਈਸਰ ਸਿੰਘ, ਦਲਜੀਤ ਸਿੰਘ, ਪਰਮਜੀਤ ਸਿੰਘ ਦਾਖਾ, ਹਰਜਾਪ ਸਿੰਘ, ਕੁਲਵਿੰਦਰ ਸਿੰਘ ਪੰਨੂ, ਸੁਖਵਿੰਦਰ ਸਿੰਘ ਗੋਗੀ, ਭੁਪਿੰਦਰ ਸਿੰਘ ਮਲੇਰਕੋਟਲਾ, ਕਮਲਜੀਤ ਸਿੰਘ ਲੌਂਗੀਆ, ਰਜਿੰਦਰਪਾਲ ਸਿੰਘ, ਪ੍ਰੋ. ਪ੍ਰੀਤਮ ਸਿੰਘ, ਰਾਜਾ ਸਿੰਘ ਨੂਰਪੁਰੀਆ, ਬਲਵਿੰਦਰ ਸਿੰਘ ਪਾਵਲਾ, ਜਸਵੀਰ ਸਿੰਘ ਤੱਖਰ, ਲਖਵੀਰ ਸਿੰਘ ਪਟਵਾਰੀ, ਕਸ਼ਮੀਰ ਸਿੰਘ ਸ਼ਾਹੀ, ਪਰਮਿੰਦਰ ਸਿੰਘ, ਗੁਰਮੀਤ ਸਿੰਘ ਅਤੇ ਗੁਰਦਾਵਰ ਸਿੰਘ ਮਾਨ ਸ਼ਾਮਲ ਹੋਏ।

*Visit us on the web:*
***www.punjabtimesusa.com***
***To Advertise with us call:***
***847-359-0746***

# ਸੰਤ ਭਿੰਡਰਾਂਵਾਲਿਆਂ ਦੇ ਕਰੀਬੀ ਸਾਥੀ ਸ. ਗਿਆਨ ਸਿੰਘ ਪੂਨੀਆਂ ਦਾ ਵਿਛੋੜਾ

**ਸਰਬਜੋਤ ਸਿੰਘ ਸਵੱਦੀ**

**ਸੈਨ ਫ਼ਰਾਂਸਿਸਕੋ :** ਭਾਈ ਗਿਆਨ ਸਿੰਘ ਦਾ ਜਨਮ 1937 ਵਿਚ ਪਿੰਡ ਪੂਨੀਆਂ ਵਿਖੇ ਮਾਤਾ ਧੰਨ ਕੌਰ ਦੀ ਕੁੱਖੋਂ ਸ. ਜੀਵਾ ਸਿੰਘ ਦੇ ਘਰ ਹੋਇਆ। ਉਨ੍ਹਾਂ ਨੇ ਮੁਢਲੀ ਵਿਦਿਆ ਕਲਗੀਧਰ ਖ਼ਾਲਸਾ ਸਕੂਲ ਘੁਲਾਲ ਤੋਂ ਹਾਸਲ ਕੀਤੀ। ਉਹ ਕੱਬਡੀ ਖੇਡਣ ਦੇ ਸ਼ੌਕੀਨ ਅਤੇ ਇਸ ਖੇਡ ਵਿਚ ਬਹੁਤ ਉਚੀਆਂ ਮੱਲਾਂ ਮਾਰੀਆਂ। ਪੜ੍ਹਾਈ ਤੋਂ ਬਾਅਦ ਉਨ੍ਹਾਂ ਨੇ ਪਿਤਾ ਨਾਲ ਖੇਤੀਬਾੜੀ ਵਿਚ ਹੱਥ ਵਟਾਉਣਾ ਸ਼ੁਰੂ ਕੀਤਾ। ਫ਼ਿਰ ਉਨ੍ਹਾਂ ਕਲਕੱਤੇ ਜਾ ਕੇ ਟਰਾਂਸਪੋਰਟ ਦਾ ਕਾਰੋਬਾਰ ਸ਼ੁਰੂ ਕੀਤਾ। ਪੂਰੀ ਮਿਹਨਤ ਨਾਲ 14 ਟਰੱਕ ਤੇ ਦੋ ਵਡੇ ਬੁਲਡੋਜ਼ਰ ਜ਼ਮੀਨ ਪੱਧਰੀ ਕਰਨ ਵਾਸਤੇ ਲਏ।

ਕਾਰੋਬਾਰ ਵਿਚ ਹੋਈ ਤੱਰਕੀ ਉਨ੍ਹਾਂ ਨੂੰ ਬੰਬਈ ਲੈ ਗਈ। ਉਹ ਬੰਬਈ ਵਿਖੇ ਗੁਰਦੁਆਰਾ ਸਾਹਿਬ ਦਾਦਰ, ਗੁਰਦੁਆਰਾ ਸਾਹਿਬ ਚੰਬੂਰ ਤੇ ਬਹੁਤ ਸਾਰੀਆਂ ਸਮਾਜਿਕ ਸੰਸਥਾਵਾਂ ਦੇ ਪ੍ਰਧਾਨ ਰਹਿ ਕੇ ਲੋਕਾਂ ਦੀ ਸੇਵਾ ਕਰਦੇ ਰਹੇ। 1976 ਵਿਚ ਜਦੋਂ ਮਹਾਰਾਸ਼ਟਰ ਵਿਚ ਕਾਲ ਪਿਆ ਤਾਂ ਉਨ੍ਹਾਂ ਨੇ ਆਪਣੀਆਂ ਸਾਰੀਆਂ ਗੱਡੀਆਂ ਪਾਣੀ ਦੀ ਸੇਵਾ ਵਾਸਤੇ ਲਾ ਦਿਤੀਆਂ। ਉਹ ਸਵੇਰੇ ਚਾਰ ਵਜੇ ਤੋਂ ਰਾਤ 11 ਵਜੇ ਤੱਕ ਪਾਣੀ ਦੀ ਸੇਵਾ ਕਰਦੇ। ਉਨ੍ਹਾਂ ਦੀ ਸੇਵਾ ਤੋਂ ਖ਼ੁਸ਼ ਹੋ ਕੇ ਮਹਾਰਾਸ਼ਟਰ ਸਰਕਾਰ ਨੇ ਉਨ੍ਹਾਂ ਨੂੰ ਐਗਜ਼ੈਕਟਿਵ ਮੈਜਿਸਟਰੇਟ ਦੀ ਪਦਵੀ ਨਾਲ ਸਨਮਾਨਿਤ ਕੀਤਾ।

ਇਸੇ ਸਮੇਂ ਦੌਰਾਨ ਉਨ੍ਹਾਂ ਦਾ ਸੰਪਰਕ ਦਮਦਮੀ ਟਕਸਾਲ ਨਾਲ ਹੋਇਆ ਤੇ ਉਹ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸ਼ਰਧਾਲੂ ਬਣੇ। 1978 ਵਿਚ ਜਦੋਂ ਨਿਰੰਕਾਰੀਆਂ ਨੇ ਵਿਸਾਖੀ ਵਾਲੇ ਦਿਨ 13 ਸਿੰਘ ਅਣਮਨੁੱਖੀ ਤਰੀਕੇ ਨਾਲ ਸ਼ਹੀਦ ਕਰ ਦਿਤੇ ਤਾਂ ਸੰਤ ਭਿੰਡਰਾਂਵਾਲਿਆਂ ਨੇ ਬਾਦਲ ਸਰਕਾਰ ਤੋਂ ਉਸ ਸਮੇਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਤੀਆਂ ਜਾਣ ਪਰ ਪ੍ਰਕਾਸ਼ ਸਿੰਘ ਬਾਦਲ, ਜੋ ਉਸ ਸਮੇਂ ਮੁਖ ਮੰਤਰੀ ਸਨ, ਨੇ ਉਲਟਾ ਨਿਰੰਕਾਰੀਆਂ ਦੀ ਮਦਦ ਕੀਤੀ। ਸੰਤ ਭਿੰਡਰਾਂਵਲਿਆਂ ਦੇ ਮਨ 'ਤੇ ਗਹਿਰੀ ਸੱਟ ਵੱਜੀ ਤੇ ਉਨ੍ਹਾਂ ਨੇ ਨਿਰੰਕਾਰੀਆਂ ਦੇ ਖ਼ਿਲਾਫ਼ ਸੰਘਰਸ਼ ਅਰੰਭ ਦਿਤਾ ਜਿਸ ਵਿਚ ਭਾਈ ਗਿਆਨ ਸਿੰਘ ਪੂਨੀਆਂ ਨੇ ਵੀ ਵੱਡਾ ਯੋਗਦਾਨ ਪਾਇਆ।

ਜਦੋਂ ਸੰਤ ਭਿੰਡਰਾਂਵਾਲੇ ਬੰਬਈ ਵਿਖੇ ਗੁਰਦੁਆਰਾ ਦਾਦਰ ਸਾਹਿਬ ਗੁਰਮਤਿ ਪ੍ਰਚਾਰ ਕਰਨ ਗਏ ਤਾਂ ਜ਼ਾਲਮ ਸਰਕਾਰ ਨੇ ਉਨ੍ਹਾਂ ਦੁਆਲੇ 15 ਹਜ਼ਾਰ ਪੁਲਿਸ ਦਾ ਘੇਰਾ ਪਾ ਲਿਆ, ਜਿਸ ਵਿਚੋਂ ਸੰਤਾਂ ਨੂੰ ਕੱਢ ਕੇ ਲਿਆਉਣਾ ਬਹੁਤ ਮੁਸ਼ਕਲ ਕੰਮ ਸੀ ਪਰ ਭਾਈ ਗਿਆਨ ਸਿੰਘ ਨੇ ਆਪਣੀ ਦਲੇਰੀ ਤੇ ਸਾਹਸ ਤੋਂ ਕੰਮ ਲੈਂਦੇ ਹੋਏ ਸੰਤਾਂ ਨੂੰ ਪੁਲਿਸ ਦੇ ਘੇਰੇ ਵਿਚੋਂ ਕੱਢ ਕੇ, ਆਪਣੀ ਕਾਰ ਵਿਚ ਬਿਠਾ ਕੇ 22 ਘੰਟੇ ਅੰਦਰ ਅੰਮ੍ਰਿਤਸਰ ਪੁਚਾਇਆ।

1984 ਵਿਚ ਜਦੋਂ ਇੰਦਰਾ ਸਰਕਾਰ ਨੇ ਬਲਿਊ ਸਟਾਰ ਓਪਰੇਸ਼ਨ ਕੀਤਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ ਢੇਰੀ ਕਰ ਦਿਤਾ, ਅਣਗਿਣਤ ਸਿੱਖੀ ਜਾਨਾਂ ਦਾ ਹਰਿਮੰਦਰ ਸਾਹਿਬ ਵਿਚ ਲਹੂ ਡੋਲਿਆ ਤਾਂ ਸ. ਸਿਮਰਨਜੀਤ ਮਾਨ ਨੇ ਰੋਸ ਵਜੋਂ ਅਸਤੀਫ਼ਾ ਦੇ ਦਿਤਾ। ਜ਼ਾਲਮ ਸਰਕਾਰ ਨੇ ਉਨ੍ਹਾਂ ਦੇ ਵਾਰੰਟ ਜਾਰੀ ਕਰ ਦਿਤੇ। ਉਸ ਸਮੇਂ ਸ. ਮਾਨ ਕਲਕੱਤੇ ਭਾਈ ਗਿਆਨ ਸਿੰਘ ਪੂਨੀਆਂ ਕੋਲ ਚਲੇ ਗਏ। ਉਥੇ ਹੀ ਇਨ੍ਹਾਂ ਨੇ ਦਿੱਲੀ ਦੀ ਜ਼ਾਲਮ ਸਰਕਾਰ ਨਾਲ ਟੱਕਰ ਲੈਣ ਦਾ ਫ਼ੈਸਲਾ ਕੀਤਾ। ਇੰਦਰਾ ਦੀ ਮੌਤ ਤੋਂ ਬਾਅਦ ਜਿਸ ਤਰ੍ਹਾਂ ਸਿੱਖ ਕਤਲੇਆਮ ਹੋਇਆ, ਉਸ ਤੋਂ ਉਨ੍ਹਾਂ ਦੇ ਮਨ ਨੂੰ ਭਾਰੀ ਸੱਟ ਲੱਗੀ ਤੇ ਉਹ ਉਸ ਸਮੇਂ ਤੋਂ ਮੌਜੂਦਾ ਸੰਘਰਸ਼ ਨਾਲ ਜੁੜ ਗਏ।

ਇਸ ਸਮੇਂ ਦੌਰਾਨ ਜ਼ਾਲਮ ਸਰਕਾਰ ਨੇ ਉਨ੍ਹਾਂ ਦੇ ਸਾਰੇ ਟੱਰਕ ਤੇ ਬਲਡੋਜ਼ਰ ਜ਼ਬਤ ਕਰ ਲਏ ਤੇ ਨਾਲ ਹੀ ਔਰੰਗਾਬਾਦ ਵਿਖੇ 28 ਏਕੜ ਜ਼ਮੀਨ ਵੀ ਜ਼ਬਤ ਕਰ ਲਈ। ਉਨ੍ਹਾਂ ਦੇ ਭਾਈ, ਭਤੀਜਿਆਂ ਤੇ ਭਰਜਾਈਆਂ ਨੂੰ ਵੀ ਜ਼ੁਲਮ ਦਾ ਸ਼ਿਕਾਰ ਬਣਾਇਆ ਗਿਆ। ਇਹ ਗੱਲ ਕਿਸੇ ਤੋਂ ਭੁੱਲੀ ਨਹੀਂ ਕਿ ਜਿਸ ਦਿਨ ਪੰਜਾਬ ਦੇ ਗਵਰਨਰ ਵਰਿੰਦਰ ਵਰਮਾ ਨੇ ਪ੍ਰੈਸ ਨੂੰ ਇਹ ਬਿਆਨ ਦਿੱਤਾ ਸੀ ਕਿ ਬੀਬੀਆਂ ਨੂੰ ਕਿਸੇ ਥਾਣੇ ਵਿਚ ਨਹੀਂ ਲਿਜਾਇਆ ਜਾਏਗਾ, ਐਨ ਉਸੇ ਦਿਨ ਉਨ੍ਹਾਂ ਦੀ ਭਰਜਾਈ ਬੀਬੀ ਅਵਤਾਰ ਕੌਰ ਨੂੰ ਸੰਗਰੂਰ ਦੀ ਲੱਢਾ ਕੋਠੀ ਵਿਚ ਤਸੀਹੇ ਦਿਤੇ ਜਾ ਰਹੇ ਸਨ। ਇਹ ਖ਼ਬਰ ਟ੍ਰਿਬਿਊਨ ਅਖਬਾਰ ਵਿਚ ਸਾਰਾ ਤਸ਼ੱਦਦ ਅੱਖੀਂ ਵੇਖਣ ਵਾਲੇ ਮੇਜਰ ਸਿੰਘ ਮਟਰਾਂ ਨੇ ਲਵਾਈ ਸੀ। ਉਨ੍ਹਾਂ ਦੇ ਭਰਾ ਸ. ਮਾਨ ਸਿੰਘ ਦੀਆਂ ਖੰਨਾ ਸੀ.ਆਈ.ਏ. ਸਟਾਫ਼ ਨੇ ਲੱਤਾਂ ਤੋੜ ਦਿਤੀਆਂ ਸਨ। ਉਨ੍ਹਾਂ ਦਾ ਕਸੂਰ ਸਿਰਫ਼ ਏਨਾ ਸੀ ਕਿ ਉਹ ਗਿਆਨ ਸਿੰਘ ਦੀ ਧੀ ਦੇ ਅਨੰਦ ਕਾਰਜ ਦੀ ਰਸਮ ਵਿਚ ਸ਼ਾਮਲ ਹੋਏ ਸਨ। ਉਨ੍ਹਾਂ ਦੇ ਭਤੀਜੇ ਰਣਜੀਤ ਸਿੰਘ ਜੋ ਸਿਰਫ਼ 13-14 ਸਾਲ ਦੀ ਉਮਰ ਦੇ ਸਨ ਤੇ ਅਨੇਕਾਂ ਕੇਸ ਪਾ ਕੇ ਕਈ ਸਾਲ ਜੇਲ੍ਹ ਵਿਚ ਬੰਦ ਰਖਿਆ ਤੇ ਤਸੀਹੇ ਦਿਤੇ।

ਸ. ਗਿਆਨ ਸਿੰਘ ਪੂਨੀਆਂ ਦੀ ਧਰਮ-ਪਤਨੀ ਸਰਦਾਰਨੀ ਗੁਰਦੇਵ ਕੌਰ ਨੂੰ ਜਲੰਧਰ ਪੁਲਿਸ ਨੇ ਤਿੰਨ ਮਹੀਨੇ ਗ਼ੈਰ ਕਾਨੂੰਨੀ ਢੰਗ ਨਾਲ ਹਿਰਾਸਤ ਵਿਚ ਰਖਿਆ, ਤੇ ਸਾਰੀ ਸਾਰੀ ਰਾਤ ਖਲੋਤਿਆਂ ਹੀ ਰਖਦੇ ਤੇ ਹੋਰ ਬੇਅੰਤ ਤਸੀਹੇ ਵੀ ਦਿਤੇ। ਉਨ੍ਹਾਂ ਦੇ ਭਰਾ ਜਗਪਾਲ ਸਿੰਘ ਉਤੇ ਵੀ ਬੇਅੰਤ ਤਸ਼ੱਦਦ ਕੀਤਾ ਗਿਆ ਤੇ ਅਨੇਕਾਂ ਝੂਠੇ ਕੇਸ ਪਾ ਕੇ ਕਈ ਸਾਲ ਜੇਲ੍ਹ ਵਿਚ ਬੰਦ ਰਖਿਆ। ਉਨ੍ਹਾ ਦੇ ਭਰਾ ਅਵਤਾਰ ਸਿੰਘ ਨੂੰ ਸੀ.ਆਈ.ਏ. ਸਟਾਫ਼ ਕਰਨਾਲ ਹਰਿਆਣੇ ਨੇ ਥਾਣੇ ਰੱਖ ਕੇ ਬੇਅੰਤ ਤਸੀਹੇ ਦਿਤੇ। ਏਨੇ ਲੰਮੇ ਸੰਘਰਸ਼ ਦੇ ਪਾਂਧੀ ਨੂੰ ਅਚਾਨਕ ਸੱਦਾ ਆ ਗਿਆ ਤੇ ਉਹ ਲੰਘੀ 13 ਨਵੰਬਰ ਨੂੰ ਆਪਣੇ ਪਿੰਡ ਪੂਨੀਆਂ ਜੋ ਮਾਛੀਵਾੜੇ ਦੇ ਨਜ਼ਦੀਕ ਅਤੇ ਜ਼ਿਲਾ ਲੁਧਿਆਣਾ ਵਿਚ ਹੈ, ਸਵਰਗਵਾਸ ਹੋ ਗਏ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਉਨ੍ਹਾਂ ਦੇ ਪਿੰਡ 25 ਨਵੰਬਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪੈ ਰਹੇ ਹਨ ਤੇ ਇਥੇ ਅਮਰੀਕਾ ਵਿਚ ਗਦਰੀ ਬਾਬਿਆਂ ਦੀ ਧਰਤੀ ਗੁਰਦੁਆਰਾ ਸਟਾਕਟਨ ਕੈਲੀਫੋਰਨੀਆ ਵਿਖੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ 6 ਦਸੰਬਰ ਦਿਨ ਐਤਵਾਰ ਨੂੰ ਸਮਾਗਮ ਰਖਿਆ ਗਿਆ ਹੈ ਜਿਸ ਵਿਚ ਸ਼ਾਮਲ ਹੋਣ ਲਈ ਪੰਥ ਦਰਦੀਆਂ ਨੂੰ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਉਨ੍ਹਾਂ ਦੀ ਬੇਟੀ ਬੀਬੀ ਦਲਜੀਤ ਕੌਰ, ਜੋ ਭਾਈ ਹਰਮਿੰਦਰ ਸਿੰਘ ਸਮਾਣਾ ਦੀ ਧਰਮਪਤਨੀ ਹਨ, ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 209-481-7750 'ਤੇ ਸੰਪਰਕ ਕੀਤਾ ਜਾ ਸਕਦਾ ਹੈ।



*ਭਾਈ ਗਿਆਨ ਸਿੰਘ ਪੁਨੀਆਂ (ਖੱਬਿਓਂ ਦੂਜੇ) ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ ਨਾਲ*

# ਢਾਹਾਂ ਕਲੇਰਾਂ ਹਸਪਤਾਲ 'ਚ ਡਾਇਲਸਸ ਯੂਨਿਟ ਛੇਤੀ ਲਗੇਗਾ

**ਢਾਹਾਂ ਕਲੇਰਾਂ (ਪੰਜਾਬ ਟਾਈਮਜ਼ ਬਿਊਰੋ):** ਉਤਰੀ ਅਮਰੀਕਾ ਵਿਚ ਵਸਦੇ ਸਿੱਖ ਡਾਕਟਰਾਂ ਦੀ ਸੰਸਥਾ ਨਾਰਥ ਅਮਰੀਕਨ ਸਿੱਖ ਮੈਡੀਕਲ ਐਂਡ ਡੈਂਟਲ ਐਸੋਸੀਏਸ਼ਨ (ਨਸਮਦਾ) ਵਲੋਂ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰਸਟ ਢਾਹਾਂ ਕਲੇਰਾਂ ਨੂੰ ਪਿਛਲੇ ਸਮੇਂ ਦੀ ਤਰ੍ਹਾਂ ਭਵਿਖ ਵਿਚ ਵੀ ਮੁਕੰਮਲ ਸਹਿਯੋਗ ਦੇਣ ਦਾ ਭਰੋਸਾ ਦਿਤਾ ਗਿਆ ਹੈ।

ਇਹ ਜਾਣਕਾਰੀ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਸ. ਅਮਰਜੀਤ ਸਿੰਘ ਕਲੇਰਾਂ ਨੇ ਦਿੱਤੀ ਜੋ ਐਸੋਸੀਏਸ਼ਨ ਦੀ ਇਕ ਕਨਵੈਨਸ਼ਨ ਵਿਚ ਸ਼ਾਮਲ ਹੋਣ ਉਪਰੰਤ ਅਮਰੀਕਾ ਤੋਂ ਪਰਤੇ ਹਨ। ਐਸੋਸੀਏਸ਼ਨ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਨੂੰ ਅਪਣਾਇਆ ਹੋਇਆ ਹੈ ਅਤੇ ਇਸ ਦੇ ਮੈਂਬਰ ਜਿਥੇ ਤਨ-ਮਨ-ਧੰਨ ਨਾਲ ਸਹਿਯੋਗ ਦਿੰਦੇ ਹਨ ਅਤੇ ਅਨੇਕਾਂ ਆਧੁਨਿਕ ਇਲਾਜ ਵਾਲੀਆਂ ਮਸ਼ੀਨਾਂ ਵੀ ਦੇ ਕੇ ਜਾਂਦੇ ਹਨ। ਇਸ ਦੇ ਮੈਂਬਰ ਡਾਕਟਰ ਜਦੋਂ ਵੀ ਪੰਜਾਬ ਆਉਂਦੇ ਹਨ ਹਨ ਤਾਂ ਉਹ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਚ ਕੁਝ ਦਿਨ ਰਹਿ ਕੇ ਲੋਕਾਂ ਦਾ ਮੁਫਤ ਇਲਾਜ ਕਰਦੇ ਹਨ।

ਸ. ਕਲੇਰਾਂ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰਸਟ ਢਾਹਾਂ ਕਲੇਰਾਂ ਦੇ 1979 ਤੋਂ ਮੁਢਲੇ ਸਰਗਰਮ ਮੈਂਬਰ ਹਨ। ਟਰੱਸਟ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ), ਹੁਸ਼ਿਆਰਪੁਰ, ਫਗਵਾੜਾ ਆਦਿ ਇਲਾਕਿਆਂ ਵਿਚ ਪਿਛਲੇ ਤਿੰਨ ਦਹਾਕਿਆਂ ਤੋਂ ਇੰਟਰਨੈਸ਼ਨਲ ਪਧਰ ਦੀਆਂ ਸਿਹਤ ਅਤੇ ਵਿਦਿਅਕ ਸੇਵਾਵਾਂ ਪ੍ਰਦਾਨ ਕਰਵਾ ਰਿਹਾ ਹੈ ਜੋ ਕਿ ਪਰਵਾਸੀ ਪੰਜਾਬੀਆਂ ਦੇ ਤਨ-ਮਨ-ਧਨ ਦੇ ਨਿਸ਼ਕਾਮ ਸੇਵਾ ਭਾਵਨਾ ਵਾਲੇ ਸਹਿਯੋਗ ਸਦਕਾ ਸੰਭਵ ਹੋਇਆ ਹੈ। ਨਵਾਂਸ਼ਹਿਰ-ਬੰਗਾ-ਫਗਵਾੜਾ ਮੁਖ ਰੋਡ ਤੇ ਬੰਗਾ ਤੋਂ 5 ਕਿਲੋਮੀਟਰ ਦੂਰ ਪਿੰਡ ਢਾਹਾਂ ਅਤੇ ਪਿੰਡ ਕਲੇਰਾਂ ਵਿਚ ਸਥਿਤ ਟਰਸਟ ਕੰਪਲੈਕਸ ਢਾਹਾਂ ਕਲੇਰਾਂ ਵਿਖੇ ਹੁਣ ਤਕ ਗੁਰੂ ਨਾਨਕ ਮਿਸ਼ਨ ਹਸਪਤਾਲ, ਗੁਰੂ ਨਾਨਕ ਮਿਸ਼ਨ ਸਕੂਲ ਆਫ ਨਰਸਿੰਗ, ਗੁਰੂ ਨਾਨਕ ਮਿਸ਼ਨ ਕਾਲਜ ਆਫ ਨਰਸਿੰਗ, ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅਤੇ ਨਸ਼ਾ ਛਡਾਓ ਕੇਂਦਰ ਜਿਹੇ ਅਦਾਰੇ ਸਥਾਪਤ ਕਰਕੇ ਟਰਸਟ ਲੋਕ ਸੇਵਾ ਵਿਚ ਆਪਣਾ ਵਡਮੁਲਾ ਯੋਗਦਾਨ ਪਾ ਰਿਹਾ ਹੈ।

ਸ. ਕਲੇਰਾਂ ਨੇ ਕਿਹਾ ਕਿ ਟਰਸਟ ਦਾ ਮੁਖ ਮੰਤਵ ਪਿਛੜੇ ਪੇਂਡੂ ਇਲਾਕਿਆਂ ਵਿਚ ਸਿਹਤਮੰਦ ਵਿਦਿਅਕ ਅਤੇ ਸਿਹਤ ਸੇਵਾਵਾਂ ਪ੍ਰਦਾਨ ਹੀ ਨਹੀਂ ਕਰਨਾ ਹੈ ਸਗੋਂ ਵਿਸ਼ੇਸ਼ ਤੌਰ ਤੇ ਪੇਂਡੂ ਲੜਕੀਆਂ ਲਈ ਸਿਹਤਮੰਦ ਅਤੇ ਸਿਖਿਅਤ ਸਮਾਜ ਦੀ



ਸਿਰਜਣਾ ਕਰਨਾ ਵੀ ਹੈ। ਇਹ ਪ੍ਰਾਪਤੀਆਂ ਪਰਵਾਸੀ ਵੀਰਾਂ ਵਲੋਂ ਤਨ-ਮਨ-ਧੰਨ ਨਾਲ ਦਿਤੇ ਮਹਾਨ ਸਹਿਯੋਗ ਕਾਰਨ ਸੰਭਵ ਹੋਈਆਂ ਹਨ।

ਇਸ ਟਰਸਟ ਵਲੋਂ ਲੋਕ ਸੇਵਾ ਹਿਤ ਸ਼ੁਰੂ ਕੀਤੇ ਜਾ ਰਹੇ ਪ੍ਰੋਜੈਕਟਾਂ ਬਾਰੇ ਅਹਿਮ ਖੁਲ੍ਹਾਸਾ ਕਰਦਿਆਂ ਉਨ੍ਹਾਂ ਦਸਿਆ ਕਿ ਇਸ ਵਰ੍ਹੇ ਦਾਨੀ ਸਜਣਾਂ ਦੇ ਸਹਿਯੋਗ ਨਾਲ ਦੋ ਡਾਇਲਸਸ ਮਸ਼ੀਨਾਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਲਗਾਈਆਂ ਜਾ ਰਹੀਆਂ ਹਨ ਜੋ ਕਿ ਦਸੰਬਰ 2009 ਤਕ ਕਾਰਜ ਵਿਚ ਆ ਜਾਣਗੀਆਂ। ਇਸ ਨਾਲ ਇਲਾਕੇ ਵਿਚ ਗੁਰਦਿਆਂ ਦੀਆਂ ਬੀਮਾਰੀਆਂ ਨਾਲ ਪੀੜਤ ਲੋਕਾਂ ਨੂੰ ਵਧੀਆ ਇਲਾਜ ਸਿਰਫ ਲਾਗਤ ਦਰਾਂ ਤੇ ਮੁਹੱਈਆ ਕਰਵਾਇਆ ਜਾਏਗਾ। ਇਸ ਦੇ ਨਾਲ ਹੀ ਫਰਵਰੀ 2010 ਵਿਚ ਨਰਸਿੰਗ ਕਾਲਜ ਦਾ ਨਵਾਂ ਹੋਸਟਲ ਤਿਆਰ ਕਰਨਾ, 2011 ਤੋਂ ਤਿੰਨ ਪੈਰਾ ਮੈਡੀਕਲ ਜਮਾਤਾਂ ਦਾ ਆਰੰਭ ਕਰਨਾ, 2012 ਤਕ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਨੂੰ ਰਿਹਾਇਸ਼ੀ ਬਣਾਉਣਾ, 2013 ਤਕ ਰੁਜ਼ਗਾਰ ਪ੍ਰਾਪਤੀ ਦੇ ਨਵੇਂ ਕੋਰਸ ਸ਼ੁਰੂ ਕਰਨਾ, 2015 ਤਕ ਅਤਿ ਆਧੁਨਿਕ ਟਰੌਮਾ ਸੈਂਟਰ ਦੀ ਉਸਾਰੀ ਪੂਰੀ ਕਰਨਾ ਅਤੇ 2020 ਤਕ ਮੈਡੀਕਲ ਕਾਲਜ ਦੀ ਸਥਾਪਨਾ ਕਰਨਾ ਭਵਿਖ ਦੇ ਅਹਿਮ ਪ੍ਰੋਜੈਕਟ ਹਨ।


ਟਰਸਟ ਵਲੋਂ ਸਥਾਪਤ ਗੁਰੂ ਨਾਨਕ ਮਿਸ਼ਨ ਹਸਤਪਾਲ ਵਿਚ ਹਰ ਸਾਲ ਦਰਜਨ ਭਰ ਵੱਡੇ ਮੁਫ਼ਤ ਮੈਡੀਕਲ ਚੈਕਅਪ ਕੈਂਪ ਲਗਾਕੇ ਇਲਾਕੇ ਦੀ ਵਡਮੁਲੀ ਸੇਵਾ ਕਰਦਾ ਹੈ। ਉਥੇ ਹਸਪਤਾਲ ਵਿਚ ਦਾਖਲ ਹੋਣ ਵਾਲੇ ਮਰੀਜ਼ਾਂ ਅਤੇ ਉਹਨਾਂ ਦੇ ਸਹਾਇਕਾਂ ਨੂੰ ਤਿੰਨੋ ਵੇਲੇ ਮੁਫ਼ਤ ਸੰਤੁਲਿਤ ਭੋਜਨ ਵੀ ਦਿੰਦਾ ਹੈ।

ਉਨ੍ਹਾਂ ਨੇ ਪਰਵਾਸੀ ਵੀਰਾਂ ਨੂੰ ਬੇਨਤੀ ਕਰਦੇ ਆਖਿਆ ਕਿ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਸੇਵਾ ਦੇ ਰਸਤੇ 'ਤੇ ਚਲਦੇ, ਪੰਜਾਬ ਵਿਚ ਪੇਂਡੂ ਇਲਾਕੇ ਦੇ ਲੋੜਵੰਦ ਲੋਕਾਂ ਨੂੰ ਵਧੀਆ ਸਿਹਤ ਅਤੇ ਵਿਦਿਆ ਦੇ ਕੇ ਸਿਹਤਮੰਦ ਅਤੇ ਸਿਖਿਅਕ ਸਮਾਜ ਸਿਰਜਣ ਲਈ ਵਚਨਬਧ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰਸਟ ਢਾਹਾਂ ਕਲੇਰਾਂ ਦੇ ਮੋਢੇ ਨਾਲ ਮੋਢਾ ਜੋੜ, ਕਦਮ ਨਾਲ ਕਦਮ ਜੋੜ ਚਲਣ ਤਾਂ ਜੋ ਏਥੇ ਹਮੇਸ਼ਾਂ ਲੋਕਾਂ ਦੀ ਨਿਸ਼ਕਾਮ ਸੇਵਾ ਹੁੰਦੀ ਰਹੇ। ਟਰਸਟ ਵਲੋਂ ਨਸ਼ਾ ਛਡਾਊ ਕੇਂਦਰ ਚਲਾ ਕੇ ਇਲਾਕੇ ਦਾ ਅੰਦਰ ਹੋਰ ਵੀ ਪਰਉਪਕਾਰ ਵਾਲਾ ਕਾਰਜ ਕੀਤਾ ਜਾ ਰਿਹਾ ਹੈ। ਇਥੋ ਦੀਆਂ ਸੰਸਥਾਵਾਂ ਤੋਂ ਲੜਕੀਆਂ ਵਿਦਿਆ ਗ੍ਰਹਿਣ ਕਰਕੇ ਆਪਣੇ ਪੈਰਾਂ ਤੇ ਖੜ੍ਹੀਆਂ ਹੋ ਕੇ ਦੇਸ-ਵਿਦੇਸ਼ ਵਿਚ ਆਪਣੇ ਪੇਕੇ ਪਰਿਵਾਰਾਂ ਦੇ ਨਾਲ ਸਹੁਰੇ ਪਰਿਵਾਰਾਂ ਦਾ ਵੀ ਨਾਮ ਰੋਸ਼ਨ ਕਰ ਰਹੀਆਂ ਹਨ।

ਟਰੱਸਟ ਬਾਰੇ ਹੋਰ ਜਾਣਕਾਰੀ ਸ. ਅਮਰਜੀਤ ਸਿੰਘ ਕਲੇਰਾਂ ਪਾਸੋਂ ਮੋਬਾਈਲ: 98143-62273, ਦਫਤਰ ਫੋਨ:01823-260260, 262621, 260818, ਫੈਕਸ: 01823-262679, ਈਮੇਲ: gnmh_dk@rediffmail.com, www.gnmission.in ਤੋਂ ਲਈ ਜਾ ਸਕਦੀ ਹੈ।

# ਆਖਰ ਯਾਰਾਂ ਦੇ ਆਖੇ ਮਾਨ ਨੇ ਤੋੜ ਦਿੱਤਾ ਆਪਣਾ ਵਚਨ

**ਬੇਕਰਜ਼ਫੀਲਡ (ਮਨਦੀਪ ਮਾਨ):** ਸੰਨ 1983 ਵਿਚ ਲੋਕ ਗਾਇਕ ਗੁਰਦਾਸ ਮਾਨ ਨੇ ਆਪਣੇ ਸ਼ਹਿਰ ਗਿੱਦੜਬਾਹਾ ਵਿਚ ਮੁੜ ਕਦੀ ਨਾ ਗਾਉਣ ਦਾ ਵਚਨ ਕੀਤਾ ਸੀ। ਆਖਰ 27 ਸਾਲ ਬਾਅਦ ਆਪਣੇ ਦੋਸਤਾਂ ਅਤੇ ਪ੍ਰਸ਼ੰਸਕਾਂ ਦੇ ਦਬਾਅ ਹੇਠ ਆ ਕੇ ਉਸ ਨੇ ਇਹ ਵਚਨ ਤੋੜ ਹੀ ਦਿੱਤਾ। ਆਉਂਦੀ 9 ਦਸੰਬਰ ਨੂੰ ਗੁਰਦਾਸ ਮਾਨ ਦਾ ਸ਼ੋਅ ਹੋਵੇਗਾ ਅਤੇ ਸ਼ਾਮ 4 ਵਜੇ ਤੋਂ ਦੇਰ ਰਾਤ ਤੱਕ ਉਹ ਆਪਣੇ ਸਰੋਤਿਆਂ ਨਾਲ ਇਸ ਸ਼ਹਿਰ 'ਚ 27 ਸਾਲ ਬਾਦ ਸਾਂਝ ਪਾਏਗਾ।



ਜ਼ਿਕਰਯੋਗ ਹੈ ਕਿ ਗਿੱਦੜਬਾਹਾ ਸ਼ਹਿਰ ਆਉਂਦੀ 9 ਦਸੰਬਰ ਨੂੰ ਆਪਣਾ ਸੌ ਸਾਲਾ ਸਥਾਪਨਾ ਦਿਵਸ ਮਨਾ ਰਿਹਾ ਹੈ। 5 ਫੋਟੋ ਮਾਰਕਾ ਨਸਵਾਰ ਅਤੇ ਗੁਰਦਾਸ ਮਾਨ ਕਰਕੇ ਮਸ਼ਹੂਰ ਇਸ ਸ਼ਹਿਰ ਦੀ ਮੋਹੜੀ 9 ਦਸੰਬਰ 1909 ਨੂੰ ਗੱਡੀ ਗਈ ਸੀ। 9 ਦਸੰਬਰ ਨੂੰ ਪੂਰੇ ਸ਼ਹਿਰ ਨੂੰ ਦੁਲਹਨ ਦੀ ਤਰ੍ਹਾਂ ਸਜਾਇਆ ਜਾ ਰਿਹਾ ਹੈ। ਅਜਿਹੇ ਵਿਚ ਉਸ ਦੇ ਮਿੱਤਰਾਂ ਨੇ ਉਸ ਉਤੇ ਦਬਾਅ ਪਾਇਆ ਕਿ ਉਹ ਇਨ੍ਹਾਂ ਜਸ਼ਨਾਂ ਤੋਂ ਬਾਹਰ ਕਿਵੇਂ ਰਹਿ ਸਕਦਾ ਹੈ, ਤੇ ਉਸ ਨੂੰ ਹਾਂ ਕਰਨੀ ਹੀ ਪਈ। ਇਹ ਵੀ ਦਿਲਚਸਪ ਗੱਲ ਹੈ ਕਿ 8 ਦਸੰਬਰ ਨੂੰ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦਾ ਜਨਮ ਦਿਨ ਪੂਰੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਸ. ਬਾਦਲ ਇਸ ਹਲਕੇ ਤੋਂ ਕਰੀਬ 40 ਸਾਲ ਵਿਧਾਇਕ ਰਹੇ ਹਨ।

ਗੁਰਦਾਸ ਮਾਨ ਦੇ ਬਚਪਨ ਦੇ ਦੋਸਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸ. ਗੁਰਪਾਲ ਸਿੰਘ ਗੋਰਾ, ਸ. ਕੁਲਵੰਤ ਸਿੰਘ ਮਾਨ, ਸ. ਸੁਖਦੇਵ ਸਿੰਘ ਖੱਬਾ, ਸ. ਗੁਰਮੀਤ ਸਿੰਘ ਮਾਨ ਅਤੇ ਮੁੱਖ ਤੌਰ 'ਤੇ ਪੰਜਾਬ ਦੇ ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਨੇ ਗੁਰਦਾਸ ਨੂੰ ਸ਼ੋਅ ਕਰਨ ਲਈ ਅਖੀਰ ਰਾਜ਼ੀ ਕਰ ਹੀ ਲਿਆ। ਇਸ ਖਬਰ ਨਾਲ ਗਿੱਦੜਬਾਹਾ ਨਿਵਾਸੀਆਂ ਵਿਚ ਭਾਰੀ ਜੋਸ਼ ਤੇ ਖੁਸ਼ੀ ਦਾ ਮਾਹੌਲ ਹੈ। ਉਹ ਪਲ ਦੇਖਣ ਵਾਲੇ ਹੋਣਗੇ ਜਦੋਂ ਗੁਰਦਾਸ ਮਾਨ ਪੂਰੇ 27 ਸਾਲ ਬਾਅਦ ਆਪਣੇ ਪੇਂਡੂਆਂ ਸਾਹਮਣੇ ਪੂਰੀ ਮਸਤੀ ਵਿਚ ਝੂਮੇਗਾ।

# ਸੁਖਬੀਰ ਸਿੰਘ ਨੂੰ 'ਸਿਰਦਾਰ' ਤੇ ਕੀਰਤਪਾਲ ਕੌਰ ਨੂੰ 'ਕੌਰ ਪੰਜਾਬਣ' ਦਾ ਖਿਤਾਬ

**ਲੁਧਿਆਣਾ (ਪੰਜਾਬ ਟਾਈਮਜ਼ ਬਿਊਰੋ):** ਸਿੱਖ ਸੁਸਾਇਟੀ ਯੂ.ਕੇ. ਅਤੇ ਪੰਜਾਬ ਟਾਈਮਜ਼ ਯੂ.ਕੇ. ਦੇ ਸਹਿਯੋਗ ਨਾਲ 8 ਨਵੰਬਰ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਦਸਤਾਰ ਸਜਾਓ ਅਤੇ ਗੁਰਮਤਿ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ। ਮੁਕਾਬਲੇ ਵਿਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿਚੋਂ 86 ਮੁੰਡੇ-ਕੁੜੀਆਂ ਨੇ ਹਿੱਸਾ ਲਿਆ। ਸ. ਪਾਲ ਸਿੰਘ ਫਰਾਂਸ ਅਤੇ ਸ. ਜਨਮੇਜਾ ਸਿੰਘ ਜੌਹਲ ਦੀ ਅਗਵਾਈ ਹੇਠ ਕਰਵਾਏ ਗਏ ਇਸ ਮੁਕਾਬਲੇ ਦਾ ਅਰੰਭ ਸ਼ਬਦ ਪੜ੍ਹ ਕੇ ਕੀਤਾ ਗਿਆ। ਵਿਚੋਂ ਜੇਤੂਆਂ ਦਾ ਐਲਾਨ ਕੀਤਾ ਗਿਆ। ਮੁੰਡਿਆਂ ਵਿਚੋਂ ਸੁਖਬੀਰ ਸਿੰਘ ਪੁਤਰ ਬਿਹਾਰਾ ਸਿੰਘ ਲੋਹਗੜ੍ਹ (ਸੰਗਰੂਰ) ਨੇ ਪਹਿਲਾ ਇਨਾਮ (31,000 ਰੁਪਏ) ਪ੍ਰਾਪਤ ਕਰਕੇ 'ਸਿਰਦਾਰ' ਦੇ ਖਿਤਾਬ 'ਤੇ ਕਬਜ਼ਾ ਕੀਤਾ। ਬਲਸ਼ੇਰ ਸਿੰਘ ਪੁਤਰ ਨਰਿੰਦਰ ਸਿੰਘ ਵਾਸੀ ਗੁਰਦਾਸਪੁਰ ਨੇ ਦੂਜਾ (21,000 ਰੁਪਏ) ਅਤੇ ਦਲਜੀਤ ਸਿੰਘ ਪੁਤਰ ਅਰਵਿੰਦਰ ਸਿੰਘ ਵਾਸੀ ਲੁਧਿਆਣਾ ਨੇ ਤੀਜਾ ਇਨਾਮ (11,000 ਰੁਪਏ) ਪ੍ਰਾਪਤ ਕੀਤਾ।



ਲੜਕੀਆਂ ਵਿਚੋਂ ਕੀਰਤਪਾਲ ਕੌਰ ਪੁਤਰੀ ਜਗਜੀਤ ਸਿੰਘ ਵਾਸੀ ਬਹੋਦੀਨਪੁਰ ਜਲੰਧਰ ਨੇ ਪਹਿਲਾ ਸਥਾਨ (31,000 ਰੁਪਏ) ਪ੍ਰਾਪਤ ਕਰਕੇ 'ਕੌਰ ਪੰਜਾਬਣ' ਦਾ ਖਿਤਾਬ ਜਿਤਿਆ। ਗੁਰਪ੍ਰੀਤ ਕੌਰ ਪੁਤਰੀ ਹਰਚਰਨਜੀਤ ਸਿੰਘ ਵਾਸੀ ਲੁਧਿਆਣਾ ਨੇ ਦੂਜਾ (21,000 ਰੁਪਏ) ਅਤੇ ਹਰਮਨਪ੍ਰੀਤ ਕੌਰ ਪੁਤਰੀ ਹਰਵਿੰਦਰ ਸਿੰਘ ਵਾਸੀ ਪਾਸੀ ਨਗਰ ਲੁਧਿਆਣਾ ਨੇ ਤੀਜਾ ਇਨਾਮ (11,000 ਰੁਪਏ) ਪ੍ਰਾਪਤ ਕੀਤਾ। ਇਸ ਤੋਂ ਇਲਾਵਾ 5100-5100 ਰੁਪਏ ਦੇ 10 ਹੋਰ ਹੌਂਸਲਾਸ਼ੇਰੀ ਇਨਾਮ ਵੀ ਦਿੱਤੇ ਗਏ। ਮੰਚ ਸੰਚਾਲਨ ਮਨਜੀਤ ਸਿੰਘ ਖਾਲਸਾ ਨੇ ਬਾਖੂਬੀ ਕੀਤਾ।

ਇਸ ਤੋਂ ਬਾਅਦ ਛੋਟੇ ਬੱਚਿਆਂ ਵਲੋਂ ਗਤਕੇ ਦੇ ਜੌਹਰ ਦਿਖਾਏ ਗਏ। ਖੇਤੀ ਭਮੇਤੀ ਸਕੂਲ ਦੇ ਬੱਚਿਆਂ ਨੇ 'ਦਸਤਾਰ' ਦੀ ਮਹੱਤਤਾ ਦਰਸਾਉਂਦੀ ਕੋਰੀਓਗ੍ਰਾਫੀ ਪੇਸ਼ ਕੀਤੀ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਇਲਾਵਾ ਹੋਰ ਸ਼ਹੀਦਾਂ ਦੀਆਂ ਗਾਥਾਵਾਂ ਪੇਸ਼ ਕੀਤੀਆਂ ਗਈਆਂ। ਲੰਗਰ ਛਕਣ ਅਤੇ ਸੇਵਾ ਭਾਵਨਾ ਨੂੰ ਵੀ ਬਾਖੂਬੀ ਦਰਸਾਇਆ ਗਿਆ।

ਦਸਤਾਰ ਸਜਾਉਣ ਮੁਕਾਬਲੇ ਵਿਚ ਪ੍ਰਤੀਯੋਗੀਆਂ ਦੀ ਗਿਣਤੀ ਵਧੇਰੇ ਹੋਣ ਕਰਕੇ ਗਰੁਪ ਵੰਡ ਕੀਤੀ ਗਈ। ਹਰ ਗਰੁਪ ਵਿਚ 15-15 ਪ੍ਰਤੀਯੋਗੀ ਰੱਖੇ ਗਏ। ਦਸਤਾਰ ਸਜਾਉਣ ਲਈ 9 ਮਿੰਟ ਦਾ ਸਮਾਂ ਦਿੱਤਾ ਗਿਆ। ਇਸ ਸਮੇਂ ਦੌਰਾਨ ਬਹੁਤ ਸਾਰੇ ਪ੍ਰਤੀਯੋਗੀਆਂ ਨੇ ਸੁੰਦਰ ਦਸਤਾਰਾਂ ਸਜਾਈਆਂ। ਉਪਰੰਤ ਉਨ੍ਹਾਂ ਤੋਂ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਸਵਾਲ ਪੁੱਛੇ ਗਏ। ਮੁਕਾਬਲੇ ਦੇ ਅਖੀਰ ਵਿਚ ਸੁੰਦਰ ਦਸਤਾਰ ਸਜਾਉਣ ਅਤੇ ਸਵਾਲਾਂ ਦੇ ਸਹੀ ਉਤਰ ਦੇਣ ਵਾਲਿਆਂ

ਇਸ ਮੌਕੇ ਸ. ਰਜਿੰਦਰ ਸਿੰਘ ਪੁਰੇਵਾਲ, ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਸਰਦਾਰਾ ਸਿੰਘ ਜੌਹਲ, ਸਾਬਕਾ ਵਿਧਾਇਕ ਜਗਦੇਵ ਸਿੰਘ ਜੱਸੋਵਾਲ, ਮਲਕੀਤ ਸਿੰਘ, ਜਥੇਦਾਰ ਬਲਬੀਰ ਸਿੰਘ, ਬਲਬੀਰ ਸਿੰਘ ਸੰਧੂ, ਰਘਬੀਰ ਸਿੰਘ, ਹਰਜਿੰਦਰ ਸਿੰਘ ਮੰਡੇਰ, ਭਾਈ ਮਹਿੰਦਰ ਸਿੰਘ ਖਹਿਰਾ, ਮਾਸਟਰ ਕੁਲਵਿੰਦਰ ਸਿੰਘ, ਜਥੇਦਾਰ ਪਰਮਿੰਦਰਪਾਲ ਸਿੰਘ ਖਾਲਸਾ, ਪ੍ਰੋ. ਬਲਵਿੰਦਰਪਾਲ ਸਿੰਘ, ਜਥੇਦਾਰ ਸੁਰਿੰਦਰਪਾਲ ਸਿੰਘ ਗੋਲਡੀ, ਸਿਮਰਜੋਤ ਸਿੰਘ ਸ਼ੇਰੀ, ਜਥੇਦਾਰ ਪ੍ਰਿਤਪਾਲ ਸਿੰਘ, ਸਟੇਟ ਐਵਾਰਡੀ ਅਧਿਆਪਕ ਕਰਮਜੀਤ ਸਿੰਘ ਗਰੇਵਾਲ ਆਦਿ ਤੋਂ ਇਲਾਵਾ ਹੋਰ ਕਈ ਸ਼ਖਸੀਅਤਾਂ ਹਾਜ਼ਰ ਸਨ।




# ਛੱਤੀਸਿੰਘਪੁਰਾ ਕਾਂਡ ਦੀ ਜਾਂਚ ਦੇ ਮੁੱਦੇ 'ਤੇ ਵਿਵਾਦ ਛਿੜਿਆ

**ਚੰਡੀਗੜ੍ਹ:** ਕੇਂਦਰੀ ਮੰਤਰੀ ਫ਼ਾਰੂਕ ਅਬਦੁੱਲਾ ਨੇ ਲੰਘੀ 23 ਨਵੰਬਰ ਨੂੰ ਇਹ ਕਹਿ ਕੇ ਥਰਥਰਾਹਟ ਪੈਦਾ ਕਰ ਦਿਤੀ ਕਿ ਕੁੱਝ ਤਾਕਤਾਂ ਨੇ ਬਿਲ ਕਲਿੰਟਨ ਦੇ ਭਾਰਤ ਦੌਰੇ ਤੋਂ ਐਨ ਪਹਿਲਾਂ ਉਨ੍ਹਾਂ ਨੂੰ ਸਾਲ 2000 ਵਿਚ ਛੱਤੀਸਿੰਘਪੁਰਾ ਵਿਖੇ 35 ਸਿੱਖਾਂ ਦੇ ਹੋਏ ਕਤਲੇਆਮ ਦੀ ਜਾਂਚ ਕਰਨ ਤੋਂ ਰੋਕਿਆ ਸੀ। ਫ਼ਾਰੂਕ ਅਬਦੁੱਲਾ ਜੋ ਕਿ ਉਸ ਵੇਲੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਸਨ, ਨੇ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਤੋਂ ਕਤਲੇਆਮ ਦੀ ਨਵੇਂ ਸਿਰਿਉਂ ਜਾਂਚ ਕਰਾਉਣ ਲਈ ਵੀ ਆਖਿਆ ਹੈ। ਉਨ੍ਹਾਂ ਕਿਹਾ, ''ਸਚਾਈ ਸਾਹਮਣੇ ਆਉਣੀ ਚਾਹੀਦੀ ਹੈ ਕਿਉਂਕਿ ਸਿੱਖਾਂ ਦੇ ਮਨ ਵਿਚ ਕਈ ਤਰ੍ਹਾਂ ਦੇ ਸ਼ੰਕੇ ਹਨ। ਚਾਹੇ ਉਹ ਭਾਰਤ ਵਿਚ ਰਹਿੰਦੇ ਹੋਣ ਜਾਂ ਵਿਦੇਸ਼ਾਂ ਵਿਚ।

ਉਹ ਨਿਆਂ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਨੂੰ ਨਿਆਂ ਨਾ ਮਿਲਿਆ ਤਾਂ ਉਹ ਸਿੱਖਾਂ ਅੰਦਰ ਉਬਲ ਰਿਹਾ ਲਾਵਾ ਬਾਹਰ ਆ ਜਾਵੇਗਾ ਤੇ ਸਾਨੂੰ ਸਾਰਿਆਂ ਨੂੰ ਰੋੜ ਕੇ ਲੈ ਜਾਵੇਗਾ।'' ਚੇਤੇ ਰਹੇ ਕਿ 20 ਮਾਰਚ 2000 ਨੂੰ ਫ਼ੌਜੀ ਵਰਦੀ ਵਾਲੇ ਅਣਪਛਾਤੇ ਬੰਦੂਕਧਾਰੀਆਂ ਨੇ 35 ਸਿੱਖਾਂ ਨੂੰ ਉਨ੍ਹਾਂ ਦੇ ਘਰਾਂ ਵਿਚੋਂ ਕੱਢ ਕੇ ਗੋਲੀਆਂ ਨਾਲ ਵਿੰਨ੍ਹ ਦਿਤਾ ਸੀ। ਘਟਨਾ ਤੋਂ ਅਗਲੇ ਦਿਨ ਹੀ ਅਮਰੀਕਾ ਦੇ ਰਾਸ਼ਟਰਪਤੀ ਬਿਲ ਕਲਿੰਟਨ ਨੇ ਭਾਰਤ ਦੌਰੇ 'ਤੇ ਪੁੱਜਣਾ ਸੀ। ਫ਼ਾਰੂਕ ਅਬਦੁੱਲਾ ਨੇ ਉਨ੍ਹਾਂ ਤਾਕਤਾਂ ਬਾਰੇ ਸਪੱਸ਼ਟ ਤੌਰ 'ਤੇ ਨਹੀਂ ਦਸਿਆ ਜਿਨ੍ਹਾਂ ਨੇ ਕਤਲੇਆਮ ਦੀ ਜਾਂਚ ਕਰਨ ਤੋਂ ਉਨ੍ਹਾਂ ਨੂੰ ਵਰਜਿਆ ਸੀ। ਉਨ੍ਹਾਂ ਕਿਹਾ, ''ਮੈਂ ਚਾਹੁੰਦਾ ਹਾਂ ਕਿ ਉਹੀ ਜੱਜ ਮਾਮਲੇ ਦੀ ਜਾਂਚ ਕਰੇ ਜਿਸ ਨੂੰ ਘਟਨਾ ਤੋਂ ਕੁੱਝ ਦਿਨ ਬਾਅਦ ਇਹ ਜ਼ੁੰਮੇਵਾਰੀ ਸੌਂਪੀ ਗਈ ਸੀ।'' ਸੁਰੱਖਿਆ ਬਲਾਂ ਨੇ ਦਾਅਵਾ ਕੀਤਾ ਸੀ ਕਿ 35 ਸਿੱਖਾਂ ਦੇ ਕਤਲੇਆਮ ਲਈ ਪੰਜ ਵਿਦੇਸ਼ੀ ਅਤਿਵਾਦੀ ਵੀ ਜ਼ੁੰਮੇਵਾਰ ਸਨ ਪਰ ਬਾਅਦ ਵਿਚ ਹੋਈ ਪੜਤਾਲ ਤੋਂ ਪਤਾ ਲੱਗਾ ਕਿ ਫ਼ੌਜ ਵਲੋਂ ਮੁਕਾਬਲੇ 'ਚ ਮਾਰੇ ਗਏ ਸਾਰੇ ਵਿਅਕਤੀ ਬੇਕਸੂਰ ਆਮ ਨਾਗਰਿਕ ਸਨ। ਇਸ ਮਗਰੋਂ ਕਸ਼ਮੀਰ ਵਿਚ ਵੱਡੇ ਪੱਧਰ 'ਤੇ ਰੋਸ ਮੁਜ਼ਾਹਰੇ ਸ਼ੁਰੂ ਹੋ ਗਏ। ਬਰਾਕਪੁਰਾ ਵਿਖੇ ਪੁਲਿਸ ਵਲੋਂ ਚਲਾਈ ਗੋਲੀ ਵਿਚ 8 ਮੁਜ਼ਾਹਰਾਕਾਰੀਆਂ ਦੀ ਮੌਤ ਵੀ ਹੋ ਗਈ। ਕੇਂਦਰ ਸਰਕਾਰ ਨੇ ਸਿੱਖਾਂ ਦੇ ਕਤਲੇਆਮ ਲਈ ਜਿਥੇ ਅਤਿਵਾਦੀਆਂ ਨੂੰ ਦੋਸ਼ੀ ਦਸਿਆ ਉਥੇ ਸਥਾਨਕ ਲੋਕਾਂ ਨੇ ਸੁਰੱਖਿਆ ਫ਼ੌਜਾਂ ਨੂੰ ਇਸ ਲਈ ਜ਼ੁੰਮੇਵਾਰ ਠਹਿਰਾਇਆ। ਫ਼ਾਰੂਕ ਦੀ ਪਾਰਟੀ ਨੈਸ਼ਨਲ ਕਾਨਫ਼ਰੰਸ ਉਸ ਸਮੇਂ ਕੇਂਦਰ ਵਿਚ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਦੀ ਭਾਈਵਾਲ ਸੀ। ਫ਼ਾਰੂਕ ਅਬਦੁੱਲਾ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਮਾਮਲੇ ਦੀ ਮੁੜ ਪੜਤਾਲ ਕਰਵਾਉਣ ਲਈ ਕੇਂਦਰ ਸਰਕਾਰ ਉਪਰ ਦਬਾਅ ਪਾਉਣ ਕਿਉਂਕਿ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਖ਼ੁਦ ਸਿੱਖ ਹਨ। ਇਸੇ ਦੌਰਾਨ ਸ੍ਰੀਨਗਰ ਵਿਖੇ ਕਸ਼ਮੀਰ ਯੂਨੀਵਰਸਿਟੀ ਵਿਚ ਸਿੱਖ ਪ੍ਰੋਫ਼ੈਸਰ ਬੀਬੀ ਸੂਜਨ ਕੌਰ ਦੀ ਕਿਤਾਬ 'ਤਲਾਸ਼ੇ-ਇ-ਗ਼ਾਲਿਬ' ਦੀ ਘੁੰਡ-ਚੁਕਾਈ ਮੌਕੇ ਉਨ੍ਹਾਂ ਕਿਹਾ ਕਿ ਸਿੱਖ ਕਸ਼ਮੀਰ ਦੀ ਪਛਾਣ ਹਨ ਅਤੇ ਸਿੱਖਾਂ ਤੋਂ ਬਿਨਾਂ ਕਸ਼ਮੀਰੀ ਸਭਿਆਚਾਰ ਅਧੂਰਾ ਹੈ। ਉਨ੍ਹਾਂ ਕਿਹਾ ਕਿ ਨੈਸ਼ਨਲ ਕਾਨਫ਼ਰੰਸ ਦੀ ਸਰਕਾਰ ਜੰਮੂ-ਕਸ਼ਮੀਰ ਵਿਚ ਰਹਿ ਰਹੇ ਸਿੱਖਾਂ, ਮੁਸਲਮਾਨਾਂ ਅਤੇ ਹਿੰਦੂਆਂ ਦੀਆਂ ਸਮੱਸਿਆਵਾਂ ਅਤੇ ਮੰਗਾਂ ਤੋਂ ਪੂਰੀ ਤਰ੍ਹਾਂ ਵਾਕਿਫ਼ ਹੈ। ਉਨ੍ਹਾਂ ਭਰੋਸਾ ਦਿਤਾ ਕਿ ਸੂਬਾ ਸਰਕਾਰ ਸਮਾਜ ਦੇ ਸਾਰੇ ਹਿੱਸਿਆਂ ਦੇ ਬਰਾਬਰ ਵਿਕਾਸ ਲਈ ਵਚਨਬੱਧ ਹੈ। ਖ਼ਾਲਸਾ ਡੈਮੋਕ੍ਰੈਟਿਕ ਫ਼ਰੰਟ ਵਲੋਂ ਆਯੋਜਿਤ ਸ਼ੇਰ-ਇ-ਕਸ਼ਮੀਰ ਇੰਟਰਨੈਸ਼ਨਲ ਕਾਨਫ਼ਰੰਸ ਸੈਂਟਰ (ਐਸ.ਕੇ.ਆਈ.ਸੀ.ਸੀ.) ਵਿਚ ਕਿਤਾਬ ਰਿਲੀਜ਼ ਕਰਨ ਮੌਕੇ ਜੁੜੇ ਵਿਦਵਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਕਸ਼ਮੀਰ ਸਿਰਫ਼ ਮੁਸਲਮਾਨਾਂ ਕਰ ਕੇ ਹੀ ਨਹੀਂ ਜਾਣਿਆ ਜਾਂਦਾ ਸਗੋਂ ਸਿੱਖ ਅਤੇ ਹਿੰਦੂ ਵੀ ਕਸ਼ਮੀਰੀ ਸਭਿਆਚਾਰ ਦਾ ਹਿੱਸਾ ਹਨ। ਉਨ੍ਹਾਂ ਕਿ ਕਸ਼ਮੀਰ ਦੇ ਲੋਕਾਂ ਲਈ ਕੇਂਦਰ ਅਤੇ ਰਾਜ ਸਰਕਾਰ ਕਈ ਮਹੱਤਵਪੂਰਨ ਯੋਜਨਾਵਾਂ ਸ਼ੁਰੂ ਕਰ ਰਹੀ ਹੈ।




ਬੇਕਰਜ਼ਫੀਲਡ ਵਿਚ ਪੰਜਾਬ ਟਾਈਮਜ਼ ਨੂੰ ਖ਼ਬਰਾਂ ਭੇਜਣ ਜਾਂ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

ਮਨਦੀਪ ਸਿੰਘ ਮਾਨ

ਫੋਨ:661-889-1927


# ਤੀਜੀ ਮੈਰਾਥਾਨ ਨੂੰ ਭਰਵਾਂ ਹੁੰਗਾਰਾ: ਪਲਵਿੰਦਰ ਸਿੰਘ ਇਸ ਵਾਰ ਫੇਰ ਜੇਤੂ

ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ): ਸਿੱਖ ਸਪੋਰਟਸ ਐਸੋਸੀਏਸ਼ਨ ਵਲੋਂ ਕਰਵਾਈ ਗਈ ਤੀਜੀ ਗੁਰੂ ਨਾਨਕ ਮੈਰਾਥਾਨ ਨੂੰ ਨਾ ਸਿਰਫ ਪੰਜਾਬੀਆਂ ਦਾ ਹੀ ਭਰਵਾਂ ਹੁੰਗਾਰਾ ਮਿਲਿਆ ਸਗੋਂ ਹੋਰਨਾਂ ਭਾਈਚਾਰਿਆਂ ਦਾ ਵੀ ਚੰਗਾ ਹੁੰਗਾਰਾ ਮਿਲਿਆ। ਐਸੋਸੀਏਸ਼ਨ ਵਲੋਂ ਗੁਰੂ ਨਾਨਕ ਦੇਵ ਜੀ ਦੇ ਗੁਰਪੂਰਬ ਨੂੰ ਸਮਰਪਿਤ ਇਹ ਦੌੜ ਪਿਛਲੇ ਤਿੰਨ ਸਾਲਾਂ ਤੋਂ ਕਰਵਾਈ ਜਾ ਰਹੀ ਹੈ। ਇਸ ਵਾਰ ਦੀ ਦੌੜ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਨੂੰ ਸਮਰਪਿਤ ਸੀ।

ਇਥੇ ਲੇਕ ਅਲੈਜ਼ਬੈਥ ਉਤੇ 15 ਨਵੰਬਰ ਨੂੰ ਕਰਵਾਈ ਗਈ ਇਸ ਦੌੜ ਲਈ ਪੰਜਾਬੀ ਲੋਕ ਤਾਂ ਆਪਣੇ ਬੱਚਿਆਂ ਸਮੇਤ ਪਹੁੰਚੇ ਹੋਏ ਹੀ ਸਨ ਨਾਲ ਹੀ ਚੀਨੇ, ਹਿਸਪੈਨਿਕ ਅਤੇ ਗੋਰੇ ਲੋਕਾਂ ਦਾ ਉਤਸ਼ਾਹ ਵੀ ਵੇਖਿਆਂ ਹੀ ਬਣਦਾ ਸੀ। ਹਰ ਕਿਸੇ ਦੇ ਚਿਹਰੇ ਉਤੇ ਪੂਰਾ ਜਲਾਲ ਸੀ। ਫਰੀਮਾਂਟ ਦੀ ਇਸ ਲੇਕ ਦਾ ਪੂਰਾ ਚੱਕਰ ਭਾਵੇਂ ਦੋ ਮੀਲ ਦਾ ਹੈ ਪਰ ਇਸ ਦੁਆਲੇ ਬਣਿਆ ਪਾਰਕ ਕੋਈ ਸੌ ਏਕੜ ਰਕਬੇ ਵਿਚ ਫੈਲਿਆ ਹੋਇਆ ਹੈ। ਇਥੇ ਸਾਰੇ ਭਾਈਚਾਰਿਆਂ ਦੇ ਲੋਕ ਸਵੇਰੇ ਸ਼ਾਮ ਸੈਰ ਕਰਨ ਲਈ ਅਤੇ ਛੁੱਟੀ ਵਾਲੇ ਦਿਨ ਤਫਰੀਹ ਲਈ ਹੁਮਹੁਮਾ ਕੇ ਪਹੁੰਚਦੇ ਹਨ। ਸਿੱਖ ਸਪੋਰਟਸ ਐਸੋਸੀਏਸ਼ਨ ਦੇ ਮਾਟੋ 'ਸਿਹਤਮੰਦ ਸਰੀਰ ਵਿਚ ਸਿਹਤਮੰਦ ਮਨ' ਅਨੁਸਾਰ ਵੱਖ ਵੱਖ ਵਰਗਾਂ ਦੇ ਲੋਕਾਂ ਨੇ ਵੱਖੋ ਵੱਖ ਦੂਰੀ ਦੀਆਂ ਦੌੜਾਂ ਵਿਚ ਹਿੱਸਾ ਲਿਆ।

ਬਾਰਾਂ ਮੀਲ ਲੰਮੀ ਇਸ ਦੌੜ ਵਿਚ ਵੱਖ ਵੱਖ ਵਰਗ ਗਰੁੱਪਾਂ ਦੇ ਦੌੜਾਕਾਂ ਹਿੱਸਾ ਲਿਆ। ਮੁੱਖ ਵਰਗ ਵਿਚ ਇਹ ਦੌੜ ਜੈਦੀਪ ਸਿੰਘ ਭਾਟੀਆ ਨੇ 1 ਘੰਟਾ ਤੇ 10 ਮਿੰਟ ਵਿਚ ਪੂਰੀ ਕਰਕੇ ਪਹਿਲਾ ਇਨਾਮ ਜਿੱਤਿਆ ਜਦਕਿ ਦੂਜਾ ਇਨਾਮ ਟਾਮ ਹੂ ਨੇ ਇਕ ਘੰਟਾ 18 ਮਿੰਟ ਵਿਚ ਇਹ ਦੌੜ ਪੂਰੀ ਕਰਕੇ ਆਪਣੇ ਪੇਟੇ ਪਾਇਆ। ਤੀਜਾ ਇਨਾਮ ਰੌਨ ਕਿਓਨੋ ਨੇ ਇਕ ਘੰਟਾ 23 ਵਿਚ ਦੌੜ ਪੂਰੀ ਕਰਕੇ ਪ੍ਰਾਪਤ ਕੀਤਾ।

49 ਸਾਲ ਦੇ ਉਮਰ ਵਰਗ ਵਿਚ ਪਲਵਿੰਦਰ ਸਿੰਘ ਗਾਖਲ ਨੇ ਇਕ ਘੰਟਾ 31 ਮਿੰਟ ਵਿਚ ਬਾਰਾਂ ਮੀਲ ਦੀ ਇਹ ਰੇਸ ਪੂਰੀ ਕਰਕੇ ਪਹਿਲਾ ਅਤੇ ਸੁਖਵਿੰਦਰ ਸਿੰਘ ਨੇ ਇਕ ਘੰਟਾ 41 ਮਿੰਟ ਵਿਚ ਦੌੜ ਲਾ ਕੇ ਦੂਜਾ ਇਨਾਮ ਲਿਆ। ਪਲਵਿੰਦਰ ਸਿੰਘ ਨੇ ਪਿਛਲੇ ਸਾਲ ਵੀ ਇਹ ਇਨਾਮ ਜਿਤਿਆ ਸੀ। ਔਰਤਾਂ ਦੀ ਬਾਰਾਂ ਮੀਲ ਦੀ ਦੌੜ ਗੋਰੇ ਮੂਲ ਦੀ ਇਕ ਬੀਬੀ ਨੈਟਲੀ ਬਡੋਸਕੀ ਨੇ ਇਕ ਘੰਟਾ 24 ਮਿੰਟ ਵਿਚ ਦੂਰੀ ਤੈਅ ਕਰਕੇ ਜਿੱਤੀ। ਇਸੇ ਵਰਗ ਦਾ ਦੂਸਰਾ ਇਨਾਮ ਕੁਲਵਿੰਦਰ ਸੰਧੂ ਨੇ 1.53 ਮਿੰਟ ਵਿਚ ਦੌੜ ਲਾ ਕੇ ਹਾਸਲ ਕੀਤਾ।

ਦੌੜਾਂ ਦੇ ਤਫਸੀਲ ਨਾਲ ਵੇਰਵੇ ਜਾਨਣ ਲਈ ਸੰਸਥਾ ਦੀ ਵੈਬਸਾਈਟ www.sikhsports.com ਵੇਖੀ ਜਾ ਸਕਦੀ ਹੈ।

ਇਸ ਸਾਰੇ ਖੇਡ ਸਮਾਗਮ ਵਿਚ ਸਿੱਖ ਸਪੋਰਟਸ ਐਸੋਸੀਏਸ਼ਨ ਦੀ ਟੀਮ ਕਪਤਾਨ ਹਰਵਿੰਦਰ ਧਾਲੀਵਾਲ ਪੂਰੀ ਤਰ੍ਹਾਂ ਬਿਜ਼ੀ ਨਜ਼ਰ ਆ ਰਹੀ ਸੀ। ਇਸ ਮੌਕੇ ਹਾਜ਼ਰ ਉਘੇ ਸੱਜਣਾਂ ਵਿਚ ਅਮੋਲਕ ਸਿੰਘ ਗਾਖਲ, ਡਾ. ਹਰਕੇਸ਼ ਸਿੰਘ ਸੰਧੂ, ਰਾਜਿੰਦਰਪਾਲ ਸਿੰਘ ਢਿੱਲੋਂ, ਭਾਈ ਰਾਮ ਸਿੰਘ, ਸਰਬਜੋਤ ਸਿੰਘ ਸਵੱਦੀ, ਦਰਸ਼ਨ ਸਿੰਘ ਸੰਧੂ ਅਤੇ ਸਿੱਖ ਭਾਈਚਾਰੇ ਦੇ ਹੋਰ ਬਹੁਤ ਸਾਰੇ ਲੋਕ ਹਾਜ਼ਰ ਸਨ।













# ਇੰਦਰਾ ਗਾਂਧੀ ਦੇ ਰੂਪ 'ਚ ਮਾਧੁਰੀ ਦੀਕਸ਼ਤ?

**ਮੁੰਬਈ:**ਮਾਧੁਰੀ ਦੀਕਸ਼ਤ ਹੁਣ ਇੰਦਰਾ ਗਾਂਧੀ ਬਣੇਗੀ। ਇਹ 'ਧਕ ਧਕ' ਅਦਾਕਾਰਾ ਕ੍ਰਿਸ਼ਨਾ ਸ਼ਾਹੀ ਦੀ ਫਿਲਮ 'ਮਦਰ ' ਇੰਦਰਾ ਗਾਂਧੀ ਸਟੋਰੀ' ਦਾ ਮੁੱਖ ਰੋਲ ਨਿਭਾਉਣ ਲਈ ਸਹਿਮਤ ਹੋ ਗਈ ਹੈ।



ਇੰਦਰਾ ਗਾਂਧੀ ਦੀ 92ਵੇਂ ਵਰ੍ਹੇਗੰਢ (19 ਨਵੰਬਰ) ਮਨਾਉਣ ਮੌਕੇ ਦੋ ਹਿੱਸਿਆਂ ਵਿਚ ਬਣਾਈ ਜਾਣ ਵਾਲੀ ਇਸ ਫਿਲਮ ਦਾ ਬੀਤੇ ਦਿਨੀਂ ਐਲਾਨ ਕੀਤਾ ਗਿਆ। ਇਸ ਮੌਕੇ 'ਤੇ ਮਾਧੁਰੀ ਵੀ ਹਾਜ਼ਰ ਸੀ। ਇਹ ਵੀ ਪਤਾ ਲੱਗਾ ਹੈ ਕਿ ਹਾਲੀਵੁੱਡ ਦੇ ਸਟਾਰ ਕਲਾਕਾਰਾਂ ਟਾਮ ਹੈਕਸ ਤੇ ਟਾਮੀ ਲੀ ਜੋਨਸ ਤਕ ਵੀ ਇਸ ਫਿਲਮ ਲਈ ਪਹੁੰਚ ਕੀਤੀ ਜਾ ਰਹੀ ਹੈ। ਇਹ ਦੋਵੇਂ ਤਰਤੀਬ ਵਾਰ ਲਿੰਡਨ ਜਾਨਸਾਨ ਤੇ ਰਿਚਰਡ ਨਿਕਸਨ ਦਾ ਰੋਲ ਨਿਭਾਉਣਗੇ। ਬਾਲੀਵੁੱਡ ਤੋਂ ਇਸ ਫਿਲਮ ਲਈ ਧਰਮਿੰਦਰ, ਅਭੈ ਦਿਓਲ ਤੇ ਨਾਨਾ ਪਾਟੇਕਰ ਤਕ ਪਹੁੰਚ ਕੀਤੀ ਜਾ ਰਹੀ ਹੈ ਜੋ ਕਿ ਤਰਤੀਬਵਾਰ ਮੋਤੀ ਲਾਲ ਨਹਿਰੂ, ਰਾਜੀਵ ਗਾਂਧੀ ਤੇ ਜੈਪ੍ਰਕਾਸ਼ ਨਾਰਾਇਣ ਦਾ ਰੋਲ ਨਿਭਾਉਣਗੇ। ਭਾਰਤ ਵਿਚ ਜੰਮੇ ਪਲੇ ਤੇ ਅਮਰੀਕਾ ਵਿਚ ਰਹਿੰਦੇ ਕ੍ਰਿਸ਼ਨਾ ਸ਼ਾਹ ਦਾ ਕਹਿਣਾ ਹੈ ਕਿ ਮੈਂ ਇੰਦਰਾ ਗਾਂਧੀ ਨੂੰ 2 ਵਾਰ ਮਿਲਿਆ ਸੀ ਤੇ ਉਸ ਦੇ ਪੂਰਨਿਆਂ ਤੇ ਹੀ ਚੱਲਦਾ ਆ ਰਿਹਾ ਹਾਂ। ਜਿਸ ਢੰਗ ਨਾਲ ਉਸ ਨੇ ਲੱਖਾਂ ਇੰਡੀਅਨਜ਼ ਨੂੰ ਪ੍ਰਭਾਵਿਤ ਕੀਤਾ, ਉਸੇ ਤਰ੍ਹਾਂ ਮੈਂ ਵੀ ਉਸ ਤੋਂ ਪ੍ਰਭਾਵਿਤ ਹੋਇਆ। ਮੈਂ ਹੁਣ ਉਸ ਆਈਡੀਆ ਤੇ ਸੋਚ ਵਿਚਾਰ ਕੀਤਾ ਹੈ ਕਿ ਆਉਣ ਵਾਲੀ ਪੀੜ੍ਹੀ ਨੂੰ ਵੀ ਇਹ ਪਤਾ ਲੱਗ ਸਕੇਗਾ ਕਿ ਇਕ ਅਜਿਹੀ ਵੀ ਔਰਤ ਸੀ ਜਿਹੜੀ ਲੱਖਾਂ ਔਰਤਾਂ ਤੋਂ ਵੱਖਰੀ ਸੀ। ਉਸ ਤੋਂ ਮੈਨੂੰ ਅਹਿਸਾਸ ਹੋਇਆ ਕਿ ਮੈਂ ਜ਼ਰੂਰ ਇਸ ਤੇ ਇਕ ਫਿਲਮ ਬਣਾਵਾਂ। ਆਪਣੇ ਦੋ ਦਹਾਕਿਆਂ ਦੀ ਖੋਜ ਦੌਰਾਨ ਸ਼ਾਹ ਨੇ ਗਾਂਧੀ ਬਾਰੇ ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ ਹਨ ਤੇ ਕਈ ਸਿਆਸਤਦਾਨਾਂ, ਪੱਤਰਕਾਰਾਂ, ਅਫਸਰਸ਼ਾਹਾਂ, ਲੇਖਕਾਂ, ਫੌਜੀ ਅਧਿਕਾਰੀਆਂ ਤੇ ਉਸਦੇ ਸਮਕਾਲੀਆਂ ਨਾਲ ਮੁਲਾਕਾਤਾਂ ਕੀਤੀਆਂ ਹਨ।

# ਸਾਊਥ ਵੇਲਜ਼ ਵਲੋਂ ਹਰਸ਼ਿੰਦਰ ਕੌਰ ਦਾ ਸਵਾਗਤ

**ਐਡੀਲੇਡ:**ਆਸਟਰੇਲੀਆ ਦੀ ਸਭ ਤੋਂ ਪੁਰਾਣੀ ਪਾਰਲੀਮੈਂਟ (ਨਿਊ ਸਾਊਥ ਵੇਲਜ਼ ਪਾਰਲੀਮੈਂਟ ਹਾਊਸ, ਸਿਡਨੀ) ਵਿਚ ਉਸ ਵੇਲੇ ਇਕ ਨਵਾਂ ਇਤਿਹਾਸ ਰਚਿਆ ਗਿਆ ਜਦੋਂ ਯੂ.ਐਨ.ਓ. 'ਚ ਪੰਜਾਬੀਅਤ ਦਾ ਝੰਡਾ ਲਹਿਰਾਉਣ ਵਾਲੀ ਡਾ. ਹਰਸ਼ਿੰਦਰ ਕੌਰ ਦਾ ਲੀਡਰ ਆਫ਼ ਦਾ ਹਾਊਸ ਮਿਸਟਰ ਜੌਹਨ ਐਕੂਲੀਨਾ ਨੇ 'ਪੰਜਾਬੀਅਤ ਦਾ ਮਾਣ ਐਵਾਰਡ' ਨਾਲ ਸਨਮਾਨ ਕੀਤਾ। ਇਹ ਐਵਾਰਡ ਜੌਹਨ ਐਕੂਲੀਨਾ ਨੇ ਸਿਡਨੀ ਦੇ ਸਿਰਮੌਰ ਪੰਜਾਬੀਆਂ ਦੀ ਮੌਜੂਦਗੀ ਵਿਚ ਦਿਤਾ। ਪੰਜਾਬੀ ਕੌਂਸਲ ਆਫ਼ ਆਸਟਰੇਲੀਆ ਨੇ ਡਾ. ਹਰਸ਼ਿੰਦਰ ਕੌਰ ਨੂੰ ਇਹ ਐਵਾਰਡ ਮਨੁੱਖਤਾ ਅਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਬਦਲੇ ਦੇਣ ਦਾ ਐਲਾਨ ਸਤੰਬਰ ਮਹੀਨੇ ਕੀਤਾ ਸੀ।

ਡਾ. ਹਰਸ਼ਿੰਦਰ ਕੌਰ ਨੇ ਆਖਿਆ ਕਿ ਪੰਜਾਬ ਦੀ ਨਿਮਾਣੀ ਜਿਹੀ ਧੀ ਨੂੰ ਮਾਣ ਦੇ ਕੇ ਤੁਸੀਂ ਦਰਸਾ ਦਿਤਾ ਹੈ ਕਿ ਆਸਟਰੇਲੀਆ ਵਸਦੇ ਪੰਜਾਬੀ ਵੀ ਅਪਣੀਆਂ ਧੀਆਂ ਪ੍ਰਤੀ ਅਤੇ ਅਪਣੀ ਮਾਂ ਬੋਲੀ ਪ੍ਰਤੀ ਡੂੰਘਾ ਸਨੇਹ ਰੱਖਦੇ ਹਨ। ਲੀਡਰ ਆਫ਼ ਦੀ ਹਾਊਸ ਜੌਹਨ ਐਕੂਲੀਨਾ ਦਾ ਧਨਵਾਦ ਕਰਦੇ ਹੋਏ ਡਾਕਟਰ ਬੀਬੀ ਨੇ ਕਿਹਾ ਕਿ ''ਮੈਨੂੰ ਇਹ ਸਨਮਾਨ ਦੇ ਕੇ ਤੁਸੀਂ ਸਾਰੇ ਹਿੰਦੁਸਤਾਨੀਆਂ ਨੂੰ ਹੀ ਮਾਣ ਦੇ ਦਿਤਾ ਹੈ।'' ਉਨ੍ਹਾਂ ਕਿਹਾ ਕਿ ਜਿਥੋਂ ਤਕ ਭਰੂਣ ਹਤਿਆ ਵਰਗੇ ਕੋਹੜ ਦਾ ਸਵਾਲ ਹੈ ਇਹ ਬੀਮਾਰੀ ਸਿਰਫ਼ ਪੰਜਾਬ ਜਾਂ ਭਾਰਤ ਵਿਚ ਹੀ ਨਹੀਂ ਬਲਕਿ ਪੂਰੇ ਏਸ਼ੀਆ ਵਿਚ ਹੀ ਫੈਲੀ ਹੋਈ ਹੈ ਜਿਸ ਨੂੰ ਖ਼ਤਮ ਕਰਨ ਲਈ ਸੰਸਾਰ ਭਰ ਨੂੰ ਸਾਂਝੇ ਯਤਨਾਂ ਦੀ ਲੋੜ ਹੈ।

# ਸ਼ਿਵ ਸੈਨਾ ਨੇ ਹੁਣ ਤੇਂਦੂਲਕਰ ਖਿਲਾਫ ਮੁਹਿੰਮ ਮਘਾਈ

## 30 ਹਜ਼ਾਰ ਦੌੜਾਂ ਨਾਲ ਵਿਸ਼ਵ ਰਿਕਾਰਡ ਸਿਰਜਿਆ ਸਚਿਨ ਨੇ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਅਹਿਮਦਾਬਾਦ:**ਇਥੇ ਸ੍ਰੀਲੰਕਾ ਨਾਲ ਖੇਡੇ ਗਏ ਪਹਿਲੇ ਟੈਸਟ ਮੈਚ ਦੌਰਾਨ ਆਪਣੇ ਕੈਰੀਅਰ ਦੇ 20 ਵਰ੍ਹੇ ਪੂਰੇ ਕਰਨ ਵਾਲਾ ਮਾਸਟਰ ਬਲਾਸਟਰ ਸਚਿਨ ਤੇਂਦੂਲਕਰ ਕੌਮਾਂਤਰੀ ਮੈਚਾਂ ਵਿਚ 30000 ਦੌੜਾਂ ਬਣਾਉਣ ਵਾਲਾ ਪਹਿਲਾ ਖਿਡਾਰੀ ਬਣਨ ਦਾ ਮਾਣ ਹਾਸਲ ਕਰਨ ਵਿਚ ਸਫਲ ਰਿਹਾ। ਪਰ ਆਪਣੇ ਹੀ ਰਾਜ ਵਿਚ ਉਸ ਨੂੰ ਸ਼ਿਵ ਸੈਨਾ ਦੀ ਤਿੱਖੀ ਅਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੀਤੇ ਦਿਨੀਂ ਖੇਡੇ ਗਏ ਇਕ ਮੈਚ ਦੇ ਪਹਿਲੇ ਦਿਨ ਖੇਡੇ ਗਏ ਮੈਚ ਵਿਚ ਉਹ ਰਿਕਾਰਡ ਤੋਂ ਮਹਿਜ਼ 35 ਦੌੜਾਂ ਪਿੱਛੇ ਸੀ। ਇਸ ਦੇ ਨਾਲ ਹੀ ਅਗਲੇ ਦਿਨ ਉਸ ਨੇ 43ਵਾਂ ਟੈਸਟ ਸੈਂਕੜਾ ਵੀ ਪੂਰਾ ਕਰ ਲਿਆ। 15 ਨਵੰਬਰ 1989 ਨੂੰ ਪਾਕਿਸਤਾਨ ਖ਼ਿਲਾਫ਼ ਪਹਿਲੇ ਕੌਮਾਂਤਰੀ ਮੈਚ ਨਾਲ ਆਪਣੇ ਕੈਰੀਅਰ ਦਾ ਆਗਾਜ਼ ਕਰਨ ਵਾਲੇ ਸਚਿਨ ਨੇ ਮੈਚ ਵਿਚ 211 ਗੇਂਦਾਂ ਦਾ ਸਾਹਮਣਾ ਕਰਦਿਆਂ 11 ਚੌਕਿਆਂ ਦੀ ਮਦਦ ਨਾਲ ਸੈਂਕੜਾ ਬਣਾ ਕੇ ਅਜੇਤੂ ਰਹਿੰਦਿਆਂ ਸੈਂਕੜਾ ਪੂਰਾ ਕੀਤਾ। ਸਚਿਨ ਨੂੰ ਹੁਣ 13000 ਦੌੜਾਂ ਦਾ ਰਿਕਾਰਡ ਬਣਾਉਣ ਦਾ ਇੰਤਜ਼ਾਰ ਹੈ ਤੇ ਜਿਸ ਤਰ੍ਹਾਂ ਉਹ ਫਾਰਮ ਵਿਚ ਹੈ, ਉਸ ਤੋਂ ਆਸਾਰ ਹਨ ਕਿ ਸ੍ਰੀਲੰਕਾ ਨਾਲ ਚੱਲ ਰਹੀ ਲੜੀ ਵਿਚ ਉਹ ਇਹ ਟੀਚਾ ਵੀ ਹਾਸਲ ਕਰ ਲਵੇਗਾ। ਸਚਿਨ ਦੀਆਂ ਇਨ੍ਹਾਂ ਪ੍ਰਾਪਤੀਆਂ ਦਾ ਸ਼ਿਵ ਸੈਨਾ ਜਿਹੀ ਪਾਰਟੀ ਲਈ ਕੋਈ ਮੁੱਲ ਨਹੀਂ ਹੈ। ਇਕ ਹੋਰ ਨਵੇਂ ਫੈਸਲੇ ਤਹਿਤ ਦੇਸ਼ ਦੀ ਅਖੰਡਤਾ ਨੂੰ ਟਿੱਚ ਜਾਣਦਿਆਂ ਸ਼ਿਵ ਸੈਨਾ ਨੇ ਆਪਣੇ ਮੁੱਖ ਅਖ਼ਬਾਰ 'ਸਾਮਨਾ' ਵਿਚ ਪ੍ਰਸਿੱਧ ਕ੍ਰਿਕਟ ਖਿਡਾਰੀ ਸਚਿਨ ਤੇਂਦੁਲਕਰ ਦੀ ਅਲੋਚਨਾ ਕਰਦਿਆਂ ਕਿਹਾ ਕਿ ਉਹ ਮਹਾਨ ਕ੍ਰਿਕਟਰ ਹੋ ਸਕਦਾ ਹੈ ਪਰ ਸੱਚਾ ਮਰਾਠੀ ਨਹੀਂ।



ਮੈਨੂੰ ਰੱਬ ਨਾ ਸਮਝਿਆ ਜਾਵੇ-ਸਚਿਨ

ਸ਼ਿਵ ਸੈਨਾ ਦੇ ਰਾਜ ਸਭਾ ਮੈਂਬਰ ਸੰਜੇ ਰਾਹਤ ਨੇ ਸਾਮਨਾ ਵਿਚ ਲਿਖਿਆ ਹੈ ਕਿ ਸਚਿਨ ਨੇ ਭਾਵੇਂ ਜਿੰਨੇ ਮਰਜ਼ੀ ਰਿਕਾਰਡ ਬਣਾਏ ਹੋਣ ਪਰ ਉਸ ਨੇ ਕਦੇ ਵੀ ਮਹਾਰਾਸ਼ਟਰ ਦੇ ਕ੍ਰਿਕਟਰਾਂ ਦੀ ਮਦਦ ਨਹੀਂ ਕੀਤੀ ਤੇ ਨਾ ਹੀ ਉਨ੍ਹਾਂ ਨੂੰ ਉਤਸ਼ਾਹਤ ਕਰਨ ਲਈ ਕੋਈ ਕਦਮ ਚੁੱਕਿਆ ਹੈ। ਜਦੋਂ ਕਿ ਸ਼ਿਵ ਸੈਨਾ ਮੁੱਢ ਤੋਂ ਹੀ ਮਹਾਰਾਸ਼ਟਰ ਦੇ ਹੱਕ ਵਿਚ ਆਵਾਜ਼ ਉਠਾਉਂਦੀ ਰਹੀ ਹੈ। ਸਚਿਨ ਤੇਂਦੁਲਕਰ ਦੀ ਗਵਾਸਕਰ ਨਾਲ ਤੁਲਨਾ ਕਰਦਿਆਂ ਸ੍ਰੀ ਰਾਹਤ ਨੇ ਦੋਸ਼ ਲਗਾਇਆ ਕਿ ਬਤੌਰ ਕ੍ਰਿਕਟਰ ਸਚਿਨ ਨੇ ਕਦੇ ਵੀ ਮਹਾਰਾਸ਼ਟਰ ਦੇ ਖਿਡਾਰੀਆਂ ਦੀ ਮਦਦ ਨਹੀਂ ਕੀਤੀ। ਉਨ੍ਹਾਂ ਵਿਨੋਦ ਕਾਂਬਲੀ ਦੀ ਵੀ ਕਦੇ ਹਮਾਇਤ ਨਹੀਂ ਕੀਤੀ। ਲੇਖ ਵਿਚ ਦਾਅਵਾ ਕੀਤਾ ਗਿਆ ਹੈ ਕਿ ਸਚਿਨ ਦੀ ਬਜਾਏ ਗਵਾਸਕਰ ਸੱਚੇ ਮਰਾਠੀ ਹਨ ਤੇ ਪੂਰਾ ਦੇਸ਼ ਉਨ੍ਹਾਂ ਨੂੰ ਪਿਆਰ ਕਰਦਾ ਹੈ। ਉਨ੍ਹਾਂ ਕਿਹਾ ਕਿ ਸਚਿਨ ਵਰਗੇ ਖਿਡਾਰੀ ਕ੍ਰਿਕਟ ਦੀ ਖੇਡ ਕਾਰਨ ਅਮੀਰ ਹੋਏ ਹਨ ਤੇ ਅਸੀਂ ਆਸ ਕਰਦੇ ਹਾਂ ਕਿ ਸਚਿਨ ਨੂੰ ਮਰਾਠੀ ਹੋਣ 'ਤੇ ਉਨਾਂ ਹੀ ਮਾਣ ਹੋਵੇਗਾ, ਜਿੰਨਾਂ ਕਿ ਸੌਰਵ ਗਾਂਗੁਲੀ ਨੂੰ ਬੰਗਾਲੀ ਹੋਣ 'ਤੇ ਹੈ।

ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਵੀ ਬਾਲ ਠਾਕਰੇ ਨੇ ਸਚਿਨ ਦੀ ਇਸ ਟਿੱਪਣੀ ਲਈ ਅਲੋਚਨਾ ਕੀਤੀ ਸੀ ਕਿ ਉਹ ਪਹਿਲਾਂ ਭਾਰਤੀ ਹਨ ਤੇ ਬਾਅਦ ਵਿਚ ਮਰਾਠੀ। ਸਚਿਨ ਨੇ ਕਿਹਾ ਸੀ ਕਿ ਮੁੰਬਈ ਸਮੂਹ ਭਾਰਤੀਆਂ ਲਈ ਹੈ ਤੇ ਇਹ ਕਿਸੇ ਨਿੱਜੀ ਵਿਅਕਤੀ ਦੀ ਵਿਰਾਸਤ ਨਹੀਂ ਹੈ। ਸਚਿਨ ਦੀ ਇਸ ਟਿੱਪਣੀ ਤੋਂ ਬਾਅਦ ਬਾਲ ਠਾਕਰੇ ਨੇ ਤਿੱਖੀਆਂ ਟਿੱਪਣੀਆਂ ਕੀਤੀਆਂ ਸਨ।

ਉਧਰ ਲੱਖਾਂ ਕ੍ਰਿਕਟ ਪ੍ਰੇਮੀਆਂ ਦੇ ਚਹੇਤੇ ਅਤੇ ਕ੍ਰਿਕਟ ਦੀ ਦੁਨੀਆਂ ਵਿਚ ਰੱਬ ਮੰਨੇ ਜਾਣ ਵਾਲੇ ਸਚਿਨ ਤੇਂਦੁਲਕਰ ਨੇ 20 ਸਾਲ ਦੇ ਕ੍ਰਿਕਟਰ ਕੈਰੀਅਰ ਤੋਂ ਬਾਅਦ ਕਿਹਾ ਹੈ ਕਿ ਮੈਂ ਇਕ ਆਮ ਆਦਮੀ ਹਾਂ ਤੇ ਮੈਨੂੰ ਰੱਬ ਨਾ ਸਮਝਿਆ ਜਾਵੇ। ਸਚਿਨ ਨੇ ਕਿਹਾ ਕਿ ਮੈਨੂੰ ਖ਼ੁਸ਼ੀ ਹੈ ਕਿ ਮੇਰੇ ਲੱਖਾਂ ਚਾਹੁਣ ਵਾਲੇ ਹਨ ਤੇ ਮੈਂ ਭਾਰਤ ਵਲੋਂ 20 ਸਾਲ ਅੰਤਰਰਾਸ਼ਟਰੀ ਕ੍ਰਿਕਟ ਖੇਡੀ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਮੈਂ ਅਪਣੇ ਆਪ ਨੂੰ ਭਗਵਾਨ ਸਮਝਣ ਲੱਗ ਪਵਾਂ।

ਜ਼ਿਕਰਯੋਗ ਹੈ ਕਿ ਭਾਰਤ ਦੇ ਸਲਾਮੀ ਬੱਲੇਬਾਜ਼ ਅਤੇ ਸਚਿਨ ਦੇ ਜੋੜੀਦਾਰ ਵਰਿੰਦਰ ਸਹਿਵਾਗ ਨੇ ਕਿਹਾ ਸੀ ਕਿ ਸਚਿਨ ਸਚਮੁੱਚ ਭਗਵਾਨ ਦਾ ਦਰਜਾ ਰਖਦਾ ਹੈ ਇਸੇ ਦੌਰਾਨ ਅਸਟ੍ਰੇਲੀਆ ਦੇ ਸਾਬਕਾ ਸਲਾਮੀ ਬੱਲੇਬਾਜ਼ ਮੈਥੂਓ ਹੈਡਨ ਨੇ ਕਿਹਾ ਸੀ ਕਿ ਜੇਕਰ ਮੈਂ ਕਿਸੇ ਵਿਚ ਰੱਬ ਦੇਖਦਾ ਹਾਂ ਤਾਂ ਉਹ ਭਾਰਤ ਦਾ ਸਚਿਨ ਤੇਂਦੁਲਕਰ ਹੈ। ਸਚਿਨ ਨੇ ਕਿਹਾ ਕਿ ਮੈਂ ਇਕੱਲਾ ਹਾਂ ਪਰ ਮੇਰੇ ਮਗਰ ਇਕ ਵੱਡੀ ਫ਼ੌਜ ਮੇਰੀ ਟੀਮ, ਪਰਵਾਰ, ਬੱਚੇ, ਦੋਸਤ ਅਤੇ ਪ੍ਰਸ਼ੰਸਕ ਹਨ।

ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ

ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail : shweat077@yahoo.com

Mobile : 98155-33933 Fax : 0091-181-5062627

Quik Signs

Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi



ਮੌਸਮੀ ਤਬਦੀਲੀ ਦਾ ਮਾਮਲਾ

# ਕੋਪਨਹੇਗਨ ਵਿਚ ਹੋ ਰਹੀ ਕਾਨਫਰੰਸ ਦੇ ਮੁੱਖ ਮੁੱਦੇ

-ਪੰਜਾਬ ਟਾਈਮਜ਼ ਨਿਊਜ਼ ਸਰਵਿਸ

ਆਉਂਦੀ 7 ਦਸੰਬਰ ਨੂੰ ਡੈਨਮਾਰਕ ਦੇ ਸ਼ਹਿਰ ਕੋਪਨਹੇਗਨ ਵਿਖੇ ਸੰਯੁਕਤ ਰਾਸ਼ਟਰ ਵਲੋਂ ਵਾਤਾਵਰਣ ਵਿਚ ਆ ਰਹੀਆਂ ਤਬਦੀਲੀਆਂ ਸਬੰਧੀ ਕਾਨਫਰੰਸ ਸ਼ੁਰੂ ਹੋ ਰਹੀ ਹੈ। ਇਸ ਕਾਨਫਰੰਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਿਕਾਸਸ਼ੀਲ ਅਤੇ ਵਿਕਸਿਤ ਮੁਲਕਾਂ ਵਿਚਕਾਰ ਗਹਿਰੇ ਮੱਤਭੇਦ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਵਾਤਾਵਰਣ ਸਬੰਧੀ ਹੋ ਰਹੀ ਇਸ ਕਨਵੈਨਸ਼ਨ ਵਿਚ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਘੱਟ ਕਰਨ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਮਸਲੇ ਉਠ ਖੜੇ ਹੋਏ ਹਨ। ਇਹ ਮਸਲਾ ਵੀ ਰਿੜਕਿਆ ਜਾ ਰਿਹਾ ਹੈ ਕਿ ਵਿਕਸਿਤ ਸਨਅਤੀ ਮੁਲਕਾਂ ਨੂੰ ਨੁਕਸਾਨ ਦੇਹ ਗੈਸਾਂ ਦਾ ਨਿਕਾਸ ਕਿੰਨਾ ਘੱਟ ਕਰਨਾ ਚਾਹੀਦਾ ਹੈ ਅਤੇ ਅਜਿਹੇ ਨਿਕਾਸ ਨੂੰ ਘੱਟ ਕਰਨ ਲਈ ਵਿਕਸਿਤ ਮੁਲਕਾਂ ਵਲੋਂ ਵਿਕਾਸਸ਼ੀਲ ਮੁਲਕਾਂ ਨੂੰ ਕਿੰਨੀ ਅਤੇ ਕਿਹੋ ਜਿਹੀ ਮਦਦ ਦਿੱਤੀ ਜਾਣੀ ਚਾਹੀਦੀ ਹੈ। ਇਸ ਸਬੰਧੀ ਵੀ ਬਹਿਸ ਹੋ ਰਹੀ ਹੈ ਕਿ ਇਹ ਮਦਦ ਦਿੱਤੀ ਵੀ ਜਾਣੀ ਚਾਹੀਦੀ ਹੈ ਜਾਂ ਨਹੀਂ। ਅਮਰੀਕਾ ਸਮੇਤ ਵਿਕਸਿਤ ਮੁਲਕ ਆਪਣੇ ਖਤਰਨਾਕ ਗੈਸੀ ਨਿਕਾਸ ਨੂੰ ਬਹੁਤਾ ਘੱਟ ਕਰਨ ਦੇ ਹੱਕ ਵਿਚ ਨਹੀਂ ਹਨ। ਅਮਰੀਕਾ ਖਾਸ ਕਰਕੇ ਇਸਤੋਂ ਖਿਸਕਣਾ ਚਾਹੁੰਦਾ ਹੈ। ਦੱਖਣੀ ਅਤੇ ਵਿਕਾਸਸ਼ੀਲ ਮੁਲਕ ਜਿਨ੍ਹਾਂ ਵਿਚ ਜੀ-77 ਅਤੇ ਚੀਨੀ ਧੜੇ ਦੇ ਮੁਲਕ ਸ਼ਾਮਿਲ ਹਨ, ਨੇ ਪਿਛਲੇ ਦਿਨੀਂ ਇਕ ਮੰਚ ਤੇ ਆਉਣ ਦੀ ਕੋਸ਼ਿਸ਼ ਕੀਤੀ ਪਰ ਇਸ ਵਿਚ ਬਹੁਤ ਸਾਰੀ ਫੁੱਟ ਸਾਹਮਣੇ ਆ ਗਈ। ਵਿਕਸਿਤ ਮੁਲਕ ਚਾਹੁੰਦੇ ਹਨ ਕਿ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਨੂੰ ਘਟਾਇਆ ਜਾਵੇ।ਉਹ ਕਿਓਟੋ ਸਮਝੌਤੇ ਤੋਂ ਪਿੱਛਾ ਛੁਡਾਉਣਾ ਚਹੁੰਦੇ ਹਨ। ਸਾਲ 2007 ਵਿਚ ਕੀਤੀਆਂ ਗਈਆਂ ਵਾਤਾਵਰਣ ਵਿਗਿਆਨੀਆਂ ਦੀਆਂ ਸਿਫਾਰਿਸ਼ਾਂ ਅਨੁਸਾਰ ਵਿਕਸਤ ਮੁਲਕਾਂ ਨੂੰ 2020 ਤੱਕ ਗਰੀਨ ਹਾਊਸ ਗੈਸਾਂ ਦੇ ਨਿਕਾਸ ਵਿਚ 20 ਤੋਂ 40 ਫੀਸਦੀ ਦੀ ਕਟੌਤੀ ਕਰਨ ਦੀ ਸਿਫਾਰਿਸ਼ ਕੀਤੀ ਗਈ ਸੀ। ਹਾਲ ਹੀ ਵਿਚ ਹੋਈਆਂ ਵਿਗਿਆਨਕ ਖੋਜਾਂ ਤੋਂ ਬਾਅਦ ਵਿਗਿਆਨੀਆਂ ਨੇ ਕਿਹਾ ਹੈ ਕਿ ਵਿਕਸਿਤ ਮੁਲਕਾਂ ਨੂੰ ਆਪਣੇ ਗੈਸੀ ਨਿਕਾਸ ਵਿਚ 40 ਤੋਂ 45ਫੀਸਦੀ ਦੀ ਕਮੀ ਕਰਨੀ ਚਾਹੀਦੀ ਹੈ। ਪਰ ਵਿਕਸਿਤ ਮੁਲਕਾਂ ਨੇ ਸਿਰਫ 16 ਤੋਂ 25ਫੀਸਦੀ ਨਿਕਾਸ ਘੱਟ ਕਰਨ ਦਾ ਹੀ ਵਚਨ ਦਿੱਤਾ ਹੈ। ਵਚਨ ਦੇਣ ਵਾਲੇ ਮੁਲਕਾਂ ਵਿਚ ਹਾਲੇ ਅਮਰੀਕਾ ਸ਼ਾਮਿਲ ਨਹੀਂ ਹੈ ਅਤੇ ਜੇ ਇਸਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ ਤਾਂ ਇਹ ਕਟੌਤੀ ਸਿਰਫ 11 ਤੋਂ 18 ਫੀਸਦੀ ਰਹਿ ਜਾਵੇਗੀ। ਇੰਨੀ ਕੁ ਕਟੌਤੀ ਨਾਲ ਵਿਗਿਆਨੀਆਂ ਅਨੁਸਾਰ ਵਾਤਾਵਰਣ ਚ ਸਥਿਰਤਾ ਪੈਦਾ ਨਹੀਂ ਕੀਤੀ ਜਾ ਸਕਦੀ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਕੇਂਦਰੀ ਵਾਤਾਵਰਣ ਮੰਤਰੀ ਜੈਰਾਮ ਰਮੇਸ਼ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਇਸ ਮਾਮਲੇ ਵਿਚ ਲਿਖੀ ਗਈ ਇਕ ਚਿੱਠੀ ਪਿਛਲੇ ਦਿਨ ਲੀਕ ਹੋ ਗਈ ਸੀ। ਇਸ ਪੱਤਰ ਵਿਚ ਪ੍ਰਧਾਨ ਮੰਤਰੀ ਨੇ ਇਹ ਗੱਲ ਸਪਸ਼ਟ ਆਖੀ ਸੀ ਕਿ ਭਾਰਤ ਨੂੰ ਵਿਕਾਸਸ਼ੀਲ ਦੇਸ਼ਾਂ ਦੇ ਜੀ-77 ਗੁੱਟ ਨਾਲ ਬੱਝੇ ਨਹੀਂ ਰਹਿਣਾ ਚਾਹੀਦਾ । ਸਗੋਂ ਉਸਨੂੰ ਜੀ-20 ਮੁਲਕਾਂ ਵਿਚ ਸ਼ਾਮਿਲ ਹੋ ਜਾਣਾ ਚਾਹੀਦਾ ਹੈ। ਪਰ ਇਸ ਪੱਤਰ ਦੇ ਆਲੋਚਕਾਂ ਦਾ ਆਖਣਾ ਹੈ ਕਿ ਜੀ-20 ਮੁਲਕਾਂ ਨਾਲ ਖੜ੍ਹਨਾ ਭਾਰਤ ਦੇ ਹਿੱਤ ਵਿਚ ਨਹੀਂ ਹੈ। ਇਹ ਭਾਰਤ ਦੇ ਕੁਲੀਨ ਵਰਗਾਂ ਦੀ ਪੁਜੀਸ਼ਨ ਤਾਂ ਹੋ ਸਕਦੀ ਹੈ ਪਰ ਦੇਸ਼ ਦੇ ਬਹੁਗਿਣਤੀ ਲੋਕਾਂ ਦੇ ਹਿੱਤ ਇਸ ਵਿਚ ਨਹੀਂ ਹਨ। ਕੋਪਨਹੇਗਨ ਕਾਨਫਰੰਸ ਸੰਬੰਧੀ ਕੁਝ ਵਿਸ਼ੇਸ਼ ਟਿੱਪਣੀਆਂ ਵਿਚ ਆਖਿਆ ਗਿਆ ਹੈ ਕਿ ਇਸ ਗੱਲਬਾਤ ਦੇ ਤਦ ਹੀ ਕੋਈ ਨਤੀਜੇ ਨਿਕਲ ਸਕਦੇ ਹਨ ਜੇ ਵਿਕਸਿਤ ਅਤੇ ਵਿਕਾਸਸ਼ੀਲ ਮੁਲਕ ਦੋਨੋਂ ਧਿਰਾਂ ਕਿਸੇ ਸਿੱਟੇ ਤੇ ਪਹੁੰਚਣ ਲਈ ਗੰਭੀਰ ਯਤਨ ਕਰਨ। ਸਭ ਤੋਂ ਚੰਗੀ ਸਥਿਤੀ ਇਹ ਹੋ ਸਕਦੀ ਹੈ ਕਿ ਵਿਕਸਿਤ ਮੁਲਕ 2020 ਤੱਕ ਗਰੀਨ ਹਾਊਸ ਗੈਸਾਂ ਦੇ ਨਿਕਾਸ ਵਿਚ 40 ਫੀਸਦੀ ਕਟੌਤੀ ਕਰਨ ਅਤੇ ਚੀਨ ਤੇ ਭਾਰਤ ਜਿਹੇ ਵੱਡੇ ਵਿਕਾਸਸ਼ੀਲ ਦੇਸ਼ ਸਵੈ ਇੱਛਾ ਨਾਲ 15 ਤੋਂ 25 ਫੀਸਦੀ ਕਟੌਤੀ ਕਰਨ ਲਈ ਸਹਿਮਤ ਹੋ ਜਾਣ ਅਤੇ ਇਸ ਮਕਸਦ ਲਈ ਵਿਕਸਿਤ ਮੁਲਕਾਂ ਵਲੋਂ ਇਨ੍ਹਾਂ ਦੀ ਵਿੱਤੀ ਮਦਦ ਵੀ ਕੀਤੀ ਜਾਵੇ। ਭਾਰਤ ਦੇ ਇਕ ਪ੍ਰਸਿਧ ਕਾਲਮਨਵੀਸ ਦਾ ਆਖਣਾ ਹੈ ਕਿ ''ਜੇਕਰ ਕੋਪਨਹੇਗਨ ਗੱਲਬਾਤ ਅਸਫਲ ਹੁੰਦੀ ਹੈ ਤਾਂ ਇਹ ਬਦਕਿਸਮਤੀ ਵਾਲੀ ਗੱਲ ਹੋਵੇਗੀ। ਪਰ ਸਭ ਤੋਂ ਜ਼ਿਆਦਾ ਮੰਦਭਾਗੀ ਗੱਲ ਹੋਵੇਗੀ ਇਕ ਕਮਜ਼ੋਰ ਸਮਝੌਤਾ। ਜੇ ਇਕ ਕਮਜ਼ੋਰ ਜਿਹਾ ਸਮਝੌਤਾ ਹੋ ਜਾਂਦਾ ਹੈ ਤੇ ਇਸ ਵਿਚ ਉੱਤਰੀ ਦੇਸ਼ਾਂ ਦੁਆਰਾ 2020 ਤੱਕ ਗੈਸੀ ਨਿਕਾਸ ਵਿਚ 7 ਤੋਂ 10 ਫੀਸਦੀ ਕਟੌਤੀ ਕਰਨ ਅਤੇ ਦੱਖਣੀ ਦੇਸ਼ਾਂ ਨੂੰ ਢੁਕਵੀਂ ਮਾਲੀ ਸਹਾਇਤਾ ਨਾ ਦੇਣ 'ਤੇ ਸਹਿਮਤੀ ਪ੍ਰਗਟ ਕੀਤੀ ਜਾਂਦੀ ਹੈ ਤਾਂ ਭਾਰਤ ਨੂੰ ਅਜਿਹੇ ਸਮਝੌਤੇ 'ਤੇ ਦਸਤਖਤ ਕਰਨ ਦੀ ਬਜਾਏ ਇਸ ਗੱਲਬਾਤ ਵਿਚੋਂ ਵਾਕਆਊਟ ਕਰ ਦੇਣਾ ਚਾਹੀਦਾ ਹੈ। ਭਾਰਤ ਨੂੰ ਜੀ-77 ਅਤੇ ਚੀਨੀ ਗੁੱਟ ਦੀ ਇਕ ਜੁੱਟਤਾ ਨੂੰ ਮਜ਼ਬੂਤ ਕਰਨ ਅਤੇ ਅਮਰੀਕਾ ਸਮੇਤ ਬਾਕੀ ਉੱਤਰੀ ਦੇਸ਼ਾਂ ਨੂੰ ਸਪਸ਼ਟ ਸੁਨੇਹਾ ਦੇਣ ਲਈ ਜੁਟ ਜਾਣਾ ਚਾਹੀਦਾ ਹੈ ਕਿ ਭਾਰਤ ਜਿੰਨਾ ਦਿਸਦਾ ਹੈ, ਉਸ ਤੋਂ ਵੀ ਜ਼ਿਆਦਾ ਵਾਤਾਵਰਨ ਵਿਚ ਆ ਰਹੀਆਂ ਤਬਦੀਲੀਆਂ ਨੂੰ ਲੈ ਕੇ ਗੰਭੀਰ ਹੈ। ਉੱਤਰੀ ਦੇਸ਼ਾਂ 'ਤੇ ਦਬਾਅ ਬਣਾਈ



ਰੱਖਣ ਵਿਚ ਭਾਰਤ ਨੂੰ ਸਖਤੀ ਵਰਤਣੀ ਚਾਹੀਦੀ ਹੈ।''

**ਕੋਪਨਹੇਗਨ ਕਾਨਫਰੰਸ ਦੇ ਪ੍ਰਮੁਖ ਮੁੱਦੇ:** ਯਾਦ ਰਹੇ ਕੋਪਨਹੇਗਨ ਵਿਚ ਸ਼ੁਰੂ ਹੋ ਰਹੀ ਉਪ੍ਰੋਕਤ ਕਾਨਫਰੰਸ ਵਿਚ 193 ਮੁਲਕਾਂ ਦੇ ਡੈਲੀਗੇਟ ਭਾਗ ਲੈ ਰਹੇ ਹਨ। ਇਸ ਗਿਣਤੀ ਤੋਂ ਹੀ ਅੰਦਾਜ਼ਾ ਲੱਗ ਸਕਦਾ ਹੈ ਕਿ ਵਾਤਾਵਰਨਿਕ ਤਬਦੀਲੀ ਦਾ ਮਸਲਾ ਕਿੰਨਾ ਗੰਭੀਰ ਅਤੇ ਅਹਿਮ ਹੈ। ਸਮੁੰਦਰੀ ਤੱਟ ਦੇ ਨੇੜੇ ਵਸਦੇ ਮੁਲਕਾਂ ਲਈ ਵਾਤਾਵਰਨਿਕ ਤਬਦੀਲੀ ਕਾਰਣ ਪੈਦਾ ਹੋਈ ਪ੍ਰਮੁੱਖ ਸਮੱਸਿਆ ਹੈ ਸਮੁੰਦਰੀ ਸੱਤਾ ਦਾ ਉੱਪਰ ਚੜ੍ਹ ਆਉਣਾ। ਦੱਖਣੀ ਯੂਰਪ ਦੇ ਮੁਲਕਾਂ ਲਈ ਮੌਸਮੀ ਤਬਦੀਲੀ ਘੱਟ ਬਾਰਿਸ਼ ਅਤੇ ਸੋਕੇ ਵਾਲੀਆਂ ਸਥਿਤੀਆਂ ਪੈਦਾ ਕਰ ਰਹੀ ਹੈ। ਪੂਰਬੀ ਏਸ਼ੀਆ ਅਤੇ ਕੈਰੀਬੀਅਨ ਮੁਲਕਾਂ ਲਈ ਸਭ ਤੋਂ ਵੱਡੀ ਸਮੱਸਿਆ ਤੂਫਾਨਾਂ ਦੀ ਵਧ ਰਹੀ ਗਿਣਤੀ ਅਤੇ ਗਤੀ ਹੈ। ਇਨ੍ਹਾਂ ਅਤੇ ਇਹੋ ਜਿਹੇ ਹੋਰ ਬਹੁਤ ਸਾਰੇ ਮੁੱਦਿਆਂ ਤੋਂ ਇਲਾਵਾ ਵਾਤਾਵਰਨਿਕ ਤਬਦੀਲੀ ਉੱਪਰ ਕੇਂਦਰਤ ਇਸ ਕਾਨਫਰੰਸ ਦਾ ਅਹਿਮ ਮੁੱਦਾ ਖੁਰਾਕੀ ਸੁਰੱਖਿਆ ਵੀ ਹੈ। ਵਾਤਾਵਰਨਿਕ ਤਬਦੀਲੀ ਅਤੇ ਵਧ ਰਹੀ ਵਿਸ਼ਵ ਵਿਆਪੀ ਗਰਮੀ ਦੇ ਸਿੱਟੇ ਵਜੋਂ ਨਾ ਸਿਰਫ ਗਲੇਸ਼ੀਅਰ ਪਿਘਲ ਰਹੇ ਹਨ ਸਗੋਂ ਸਮੁੰਦਰੀ ਸੱਤਾ ਵੀ ਉੱਪਰ ਆ ਰਹੀ ਹੈ। ਗ੍ਰੀਨਲੈਂਡ ਅਤੇ ਪੱਛਮੀ ਐਂਟਾਰਟਿਕਾ ਦੀ ਬਰਫ ਪਿਘਲ ਰਹੀ ਹੈ। ਜੇ ਗ੍ਰੀਨ ਲੈਂਡ ਦੀ ਸਮੁੱਚੀ ਬਰਫਾਨੀ ਸਤਹਿ ਪਿਘਲ ਜਾਂਦੀ ਹੈ ਤਾਂ ਸਮੁੰਦਰ ਦਾ ਪਾਣੀ ਤਕਰੀਬਨ 23 ਫੁੱਟ ਉੱਪਰ ਆ ਜਾਵੇਗਾ। ਹਾਲ ਹੀ ਵਿਚ ਹੋਏ ਅਧਿਐਨ ਇਹ ਦਰਸਾਉਂਦੇ ਹਨ ਕਿ ਇਸ ਸਦੀ ਦੇ ਅੰਤ ਤੱਕ ਸਮੁੰਦਰ ਦਾ ਪਾਣੀ 6 ਫੁੱਟ ਉੱਪਰ ਉੱਠ ਜਾਵੇਗਾ। ਸਮੁੰਦਰੀ ਸਤਹਿ ਦੇ ਉਪਰ ਆਉਣ ਨਾਲ ਦੁਨੀਆਂ ਵਿਚ ਚੌਲਾਂ ਦੀ ਪੈਦਾਵਾਰ ਵੱਡੀ ਪੱਧਰ ਤੇ ਘਟੇਗੀ । ਸੰਸਾਰ ਬੈਂਕ ਵਲੋਂ ਜਾਰੀ ਬੰਗਲਾਦੇਸ਼ ਦਾ ਨਕਸ਼ਾ ਦਰਸਾਉਂਦਾ ਹੈ ਕਿ ਸਿਰਫ ਤਿੰਨ ਫੁੱਟ ਪਾਣੀ ਚੜ੍ਹਨ ਨਾਲ ਇਸ ਮੁਲਕ ਦੀ ਚੌਲ ਪੈਦਾ ਕਰਨ ਵਾਲੀ ਅੱਧੀ ਜ਼ਮੀਨ ਪਾਣੀ ਹੇਠ ਆ ਜਾਵੇਗੀ ਅਤੇ ਇਸਦੇ ਸਿੱਟੇ ਵਜੋਂ 180 ਮਿਲੀਅਨ ਲੋਕ ਪ੍ਰਭਾਵਿਤ ਹੋਣਗੇ। ਇਸ ਨਾਲ ਮੇਕਾਂਗ ਡੈਲਟੇ ਦਾ ਇਕ ਤਿਹਾਈ ਹਿੱਸਾ ਵੀ ਨੰਗਾ ਹੋ ਜਾਵੇਗਾ, ਜਿਹੜਾ ਦੁਨੀਆਂ ਦੇ ਦੂਜੇ ਨੰਬਰ ਦੇ ਚੌਲ ਦਰਾਮਦਕਾਰ ਮੁਲਕ ਵੀਅਤਨਾਮ ਦਾ ਚੌਲ ਪੈਦਾ ਕਰਨ ਵਾਲਾ ਪ੍ਰਮੁੱਖ ਖੇਤਰ ਹੈ। ਇਸਦੇ ਨਾਲ ਹੀ ਏਸ਼ੀਆ ਦੇ 20 ਹੋਰ ਚੌਲ ਪੈਦਾ ਕਰਨ ਵਾਲੇ ਡੈਲਟੇ ਵੀ ਪਾਣੀ ਹੇਠ ਆ ਜਾਣਗੇ।


ਪਹਾੜੀ ਗਲੇਸ਼ੀਅਰਾਂ ਦਾ ਪਿਘਲਣਾ ਪ੍ਰਮੁੱਖ ਰੂਪ ਵਿਚ ਚਿੰਤਾ ਦਾ ਵਿਸ਼ਾ ਹੈ। ਸਵਿਟਜ਼ਰਲੈਂਡ ਦੀ ਵਰਲਡ ਗਲੇਸ਼ੀਅਰ ਮੁਨੀਟਰਿੰਗ ਸਰਵਿਸ ਨੇ ਹਾਲ ਹੀ ਵਿਚ ਆਪਣੀ ਇਕ ਰਿਪੋਰਟ ਵਿਚ ਕਿਹਾ ਹੈ ਕਿ ਪਹਾੜੀ ਗਲੇਸ਼ੀਅਰ ਪਿਛਲੇ 18 ਸਾਲ ਤੋਂ ਲਗਾਤਾਰ ਸੁੰਗੜ ਰਹੇ ਹਨ। ਦੁਨੀਆਂ ਦੇ ਐਂਡੀਜ, ਰਾਕੀ ਮਾਊਂਟੇਨਸ, ਐਲਪਸ ਅਤੇ ਏਸ਼ੀਆ ਦੇ ਤਕਰੀਬਨ ਸਾਰੇ ਗਲੇਸ਼ੀਅਰ ਤੇਜੀ ਨਾਲ ਪਿਘਲ ਰਹੇ ਹਨ। ਇਸ ਤੋਂ ਇਲਾਵਾ ਹਿਮਾਲੀਅਨ ਅਤੇ ਤਿਬਤੀਅਨ ਪਲੇਟੂ ਗਲੇਸ਼ੀਅਰ ਵੀ ਤੇਜੀ ਨਾਲ ਪਿਘਲ ਰਹੇ ਹਨ ਅਤੇ ਇਹ ਚਿੰਤਾ ਦਾ ਵਿਸ਼ਾ ਹੈ। ਇਨ੍ਹਾਂ ਦੇ ਪਿਘਲਣ ਕਾਰਨ ਭਾਰਤ, ਚੀਨ ਦੇ ਦਰਿਆ ਸੁੱਕ ਰਹੇ ਹਨ। ਸਿੰਧ, ਗੰਗਾ, ਯਾਂਗਤਜ ਅਤੇ ਯੈਲੋ ਰਿਵਰ ਵਿਚ ਪਾਣੀ ਗਰਮੀਆਂ ਦੇ ਮਹੀਨੇ ਇਨ੍ਹਾਂ ਗਲੈਸ਼ੀਅਰਾਂ ਦੇ ਪਿਘਲਣ ਨਾਲ ਹੀ ਵਗਦਾ ਹੈ। ਇਸੇ ਕਰਕੇ ਇਨ੍ਹਾਂ ਮੁਲਕਾਂ ਵਿਚ ਖੇਤੀ ਅਤੇ ਸਿੰਜਾਈ ਕਾਫੀ ਹੱਦ ਤੱਕ ਇਨ੍ਹਾਂ ਦਰਿਆਵਾਂ ਉੱਪਰ ਨਿਰਭਰ ਹੈ। ਚੀਨ ਦੇ ਇਕ ਪ੍ਰਮੁੱਖ ਗਲੇਸ਼ੀਅਰ ਵਿਗਿਆਨੀ ਨੇ ਸੰਭਾਵਨਾ ਪ੍ਰਗਟ ਕੀਤੀ ਹੈ ਕਿ 2050 ਤੱਕ ਚੀਨ ਦੇ ਦੋ ਤਿਹਾਈ ਗਲੇਸ਼ੀਅਰ ਪਿਘਲ ਜਾਣਗੇ। ਇਸ ਤੋਂ ਇਲਾਵਾ ਤਿੱਬਤ ਦੇ ਪਲੇਟੂ ਖੇਤਰ ਵਿਚ ਤੇਜ਼ੀ ਨਾਲ ਪਿਘਲ ਰਹੇ ਗਲੇਸ਼ੀਅਰਾਂ ਦਾ ਵੀ ਵਾਤਾਵਰਨਿਕ ਸੰਤੁਲਨ ਉੱਪਰ ਗੰਭੀਰ ਅਸਰ ਪਵੇਗਾ। ਇਸ ਸਾਰੇ ਕੁਝ ਨਾਲ ਮਨੁੱਖੀ ਤਬਾਹੀ ਵੀ ਜਨਮ ਲਵੇਗੀ। ਚੀਨ ਦੁਨੀਆਂ ਦੇ ਪ੍ਰਮੁੱਖ ਕਣਕ ਪੈਦਾ ਕਰਨ ਵਾਲੇ ਮੁਲਕਾਂ ਵਿਚ ਸ਼ਾਮਿਲ ਹੈ। ਇਸ ਤੋਂ ਪਿਛੋਂ ਭਾਰਤ ਦਾ ਸਥਾਨ ਆਉਂਦਾ ਹੈ ਅਤੇ ਕਣਕ ਪੈਦਾ ਕਰਨ ਵਾਲੇ ਮੁਲਕਾਂ ਵਿਚ ਅਮਰੀਕਾ ਤੀਜੇ ਸਥਾਨ ਤੇ ਹੈ। ਭਾਰਤ ਅਤੇ ਚੀਨ ਦੀ ਸਿੰਜਾਈ ਕਾਫੀ ਹੱਦ ਤੱਕ ਦਰਿਆਵਾਂ ਉਪਰ ਹੀ ਮੁਨੱਸਰ ਹੈ।ਇਸ ਤੋਂ ਇਲਾਵਾ ਇਹ ਦਰਿਆ ਆਪਣੇ ਖੇਤਰਾਂ ਵਿਚ ਜ਼ਮੀਨਦੋਜ਼ ਪਾਣੀ ਦਾ ਪੱਧਰ ਵੀ ਸਾਵਾਂ ਰੱਖਦੇ ਹਨ। ਕਣਕ ਤੋਂ ਇਲਾਵਾ ਚੌਲ ਪੈਦਾ ਕਰਨ ਵਿਚ ਹੋਏ ਵਾਧੇ ਕਾਰਨ ਖੁਰਾਕੀ ਖੇਤਰ ਵਿਚ ਭਾਰਤ ਅਤੇ ਚੀਨ ਸਾਰੀ ਦੁਨੀਆਂ ਵਿਚੋਂ ਅੱਗੇ ਹਨ। ਇੰਝ ਇਸ ਖੇਤਰ ਵਿਚ ਗਲੇਸ਼ੀਅਰਾਂ ਦਾ ਪਿਘਲਣਾ ਦੁਨੀਆਂ ਦੀ ਖੁਰਾਕੀ ਸੁਰੱਖਿਆ ਨੂੰ ਵੱਡਾ ਖਤਰਾ ਖੜਾ ਕਰ ਸਕਦਾ ਹੈ। ਵਾਤਾਵਰਨਿਕ ਵਿਗਾੜਾਂ ਦਾ ਖੁਰਾਕੀ ਪੈਦਾਵਾਰ ਉੱਪਰ ਪੈਣ ਵਾਲਾ ਅਸਰ ਇਕ ਅਰਬ ਤੋਂ ਵਧੇਰੇ ਆਬਾਦੀ ਵਾਲੇ ਇਨ੍ਹਾਂ ਦੋਹਾਂ ਮੁਲਕਾਂ ਨੂੰ ਅੰਦਰੂਨੀ ਰੂਪ ਵਿਚ ਵੀ ਪ੍ਰਭਾਵਿਤ ਕਰੇਗਾ। ਪਰ ਇਹ ਗੱਲ ਸਮਝਣ ਦੀ ਲੋੜ ਹੈ ਕਿ ਅਸੀਂ ਅੱਜ ਇਕ ਜੜੁੱਤ ਦੁਨੀਆਂ ਵਿਚ ਵਸਦੇ ਹਾਂ । ਕਿਸੇ ਇਕ ਮੁਲਕ ਵਿਚ ਦਾਣੇ ਫੱਕੇ ਦੀ ਕਮੀ ਦੂਜੇ ਮੁਲਕਾਂ ਵਿਚ ਵੀ ਇਸਦੀਆਂ ਕੀਮਤਾਂ ਉੱਪਰ ਅਸਰ ਪਾਉਂਦੀ ਹੈ। ਇਸ ਤੋਂ ਇਲਾਵਾ ਧਰਤੀ ਦਾ ਵਧ ਰਿਹਾ ਤਾਪਮਾਨ ਸਿੱਧੇ ਰੂਪ ਵਿਚ ਵੀ ਫਸਲਾਂ ਨੂੰ ਪ੍ਰਭਾਵਿਤ ਕਰਦਾ ਹੈ। ਅਮਰੀਕਾ ਦੀ ਨੈਸ਼ਨਲ ਅਕੈਡਮੀ ਆਫ ਸਾਇੰਸ ਵਲੋਂ ਪ੍ਰਕਾਸ਼ਿਤ ਕੀਤੇ ਗਏ ਇਕ ਅਧਿਐਨ ਅਨੁਸਾਰ ਜੇ ਫਸਲਾਂ ਦੇ ਵਧਣ -ਫੁਲਣ ਸਮੇਂ ਇਕ ਡਿਗਰੀ ਤਾਪਮਾਨ ਵਿਚ ਵਾਧਾ ਹੁੰਦਾ ਹੈ ਤਾਂ ਇਸ ਨਾਲ ਤਕਰੀਬਨ 10 ਫੀਸਦੀ ਚੌਲਾਂ ਅਤੇ ਕਣਕ ਦੀ ਫਸਲ ਦੀ ਪੈਦਾਵਾਰ ਵਿਚ ਕਮੀ ਆ ਸਕਦੀ ਹੈ। ਖੁਰਾਕ ਦੀ ਸਟੋਰੇਜ਼ ਵਿਚ ਦੁਨੀਆਂ ਵਿਚ ਪਹਿਲਾਂ ਹੀ ਕਾਫੀ ਥੁੜ ਹੈ । ਇਕ ਅੱਧੀ ਫਸਲ ਦਾ ਨਾਂ ਲੱਗਣਾ ਹੀ ਵੱਡੇ ਸੰਕਟ ਨੂੰ ਖੜਾ ਕਰ ਸਕਦਾ ਹੈ। ਇਸ ਨਾਲ ਰਾਜਨੀਤਿਕ ਅਸਥਿਰਤਾ ਵੀ ਜਨਮ ਲੈ ਸਕਦੀ ਹੈ। ਕੋਪਨਹੇਗਨ ਵਿਚ ਇਕੱਠੇ ਹੋ ਰਹੇ ਮੁਲਕ ਦੁਨੀਆਂ ਵਿਚ ਘਟ ਰਹੀ ਖਾਦ ਖੁਰਾਕ ਦੇ ਪਿਛੋਕੜ ਵਿਚ ਇੱਕਤਰ ਹੋ ਰਹੇ ਹਨ।

ਯਾਦ ਰਹੇ 20ਵੀਂ ਸਦੀ ਦੇ ਬਹੁਤੇ ਹਿੱਸੇ ਵਿਚ ਦੁਨੀਆਂ ਦੇ ਭੁੱਖ ਨਾਲ ਤੜਪਣ ਵਾਲੇ ਲੋਕਾਂ ਦੀ ਗਿਣਤੀ ਘਟਦੀ ਚਲੀ ਗਈ ਸੀ। 1990 ਵਿਚ ਇਹ ਗਿਣਤੀ 825 ਮਿਲੀਅਨ ਸੀ। ਪਰ ਇਸ ਤੋਂ ਪਿਛੋਂ ਇਹ ਮੁੜ ਵਧਣੀ ਸ਼ੁਰੂ ਹੋ ਗਈ। 2005 ਵਿਚ ਭੁੱਖ ਦੇ ਸਤਾਏ ਲੋਕਾਂ ਦੀ ਗਿਣਤੀ ਵਧ ਕੇ 870 ਮਿਲੀਅਨ ਹੋ ਗਈ ਅਤੇ 2009 ਵਿਚ ਇਹ ਇਕ ਅਰਬ ਨੂੰ ਪਾਰ ਕਰ ਗਈ ਹੈ। ਅਸੀਂ ਵੇਖ ਸਕਦੇ ਹਾਂ ਕਿ ਸਮੁੰਦਰ ਦਾ ਉੱਪਰ ਉੱਠਣਾ, ਗਲੇਸ਼ੀਅਰਾਂ ਦਾ ਪਿਘਲਣਾ ਅਤੇ ਵਧ ਰਹੀ ਗਰਮੀ ਦਾ ਲੋਕਾਂ ਦੀ ਖਾਧ ਖੁਰਾਕ ਉੱਪਰ ਵੀ ਅਸਰ ਪੈ ਰਿਹਾ ਹੈ। ਇਸਦੇ ਸਿੱਟੇ ਵਜੋਂ ਲੱਖਾਂ ਲੋਕ ਇਕ ਡੰਗ ਦੀ ਰੋਟੀ ਨੂੰ ਵੀ ਤਰਸਣ ਲੱਗੇ ਹਨ। ਪਰ ਦੁਖਦਾਈ ਗੱਲ ਇਹ ਹੈ ਕਿ ਵਾਤਾਵਰਣ ਜਿਹੇ ਅਤਿ ਸੰਵੇਦਨਸ਼ੀਲ ਮੁੱਦੇ ਉੱਪਰ ਵੀ ਦੁਨੀਆਂ ਦੇ ਪਛੜੇ ਅਤੇ ਵਿਕਸਿਤ ਮੁਲਕ ਸਿਆਸਤ ਕਰਨ ਲੱਗੇ ਹਨ। ਕੀ ਅਸੀਂ ਰਲ ਕੇ ਇਸ ਮੁੱਦੇ ਉੱਪਰ ਕੋਈ ਸਾਂਝਾ ਸਟੈਂਡ ਨਹੀਂ ਲੈ ਸਕਦੇ ? ਕੀ ਗ੍ਰੀਨਲੈਂਡ ਦੀ ਬਰਫ ਉਸ ਹੱਦ ਤੱਕ ਪਿਘਲਣ ਤੋਂ ਰੋਕੀ ਜਾ ਸਕਦੀ ਹੈ, ਜਿਥੋਂ ਇਹ ਕਦੀ ਵੀ ਵਾਪਿਸ ਨਾ ਪਰਤੇ? ਕੀ ਅਸੀਂ ਕੋਲੇ ਨਾਲ ਚੱਲਣ ਵਾਲੇ ਥਰਮਲ ਪਲਾਂਟ ਬੰਦ ਕਰ ਸਕਦੇ ਹਾਂ ਅਤੇ ਹਿਮਾਲੀਅਨ ਤੇ ਤਿੱਬਤੀ ਗਲੇਸ਼ੀਅਰਾਂ ਨੂੰ ਬਚਾ ਸਕਦੇ ਹਾਂ? ਕੀ ਅਸੀਂ ਵਧ ਰਹੀ ਗਰਮੀ ਉੱਪਰ ਕਾਬੂ ਪਾਉਣ ਲਈ ਤੇਜ਼ੀ ਨਾਲ ਅੱਗੇ ਵਧ ਸਕਦੇ ਹਾਂ? ਇਹ ਸਾਰੇ ਮਸਲੇ ਦੁਨੀਆਂ ਦੀ ਖੁਰਾਕੀ ਸੁਰੱਖਿਆ ਨਾਲ ਵੀ ਜੁੜੇ ਹੋਏ ਹਨ ਅਤੇ ਇਹੋ ਸਾਰਾ ਕੁਝ ਕੋਪਨਹੇਗਨ ਕਾਨਫਰੰਸ ਵਿਚ ਵਿਚਾਰ ਅਧੀਨ ਲਿਆਂਦਾ ਜਾਣਾ ਹੈ।

ਇਸ ਸੰਦਰਭ ਵਿਚ ਭਾਰਤ ਕਿਸ ਪਾਸੇ ਸਟੈਂਡ ਲੈਂਦਾ ਹੈ । ਇਹ ਵੱਡਾ ਮਹੱਤਵ ਵਾਲਾ ਮੁੱਦਾ ਹੋਵੇਗਾ। ਪਿੱਛੇ ਜਿਹੇ ਵਾਤਾਵਰਨਿਕ ਤਬਦੀਲੀ ਦੇ ਮੁੱਦੇ 'ਤੇ ਭਾਰਤ ਅਤੇ ਚੀਨ ਇਕ ਦੂਜੇ ਦੇ ਨਜ਼ਦੀਕ ਆਉਂਦੇ ਵਿਖਾਈ ਦਿੱਤੇ ਸਨ। ਪਰ ਸਰਹੱਦੀ ਉਲਝਣਾਂ ਕਾਰਨ ਇਹ ਫਿਰ ਇਕ ਦੂਜੇ ਤੋਂ ਦੂਰ ਜਾਂਦੇ ਵਿਖਾਈ ਦੇ ਰਹੇ ਹਨ। ਦੁਨੀਆਂ ਦੀ ਬਿਹਤਰੀ ਲਈ ਇਹੋ ਠੀਕ ਹੋਵੇਗਾ ਕਿ ਵਿਕਸਤ ਅਤੇ ਵਿਕਾਸਸ਼ੀਲ ਮੁਲਕ ਕਾਰਬਨਡਾਈਆਕਸਾਈਡ ਅਤੇ ਹੋਰ ਨੁਕਸਾਨਦੇਹ ਗੈਸਾਂ ਦੇ ਨਿਕਾਸ ਨੂੰ ਘੱਟ ਕਰਨ ਲਈ ਕਿਸੇ ਸਰਬਸੰਮਤ ਸਮਝੌਤੇ ਤੇ ਪਹੁੰਚਣ। ਇਸ ਤੋਂ ਇਲਾਵਾ ਵਿਕਾਸਸ਼ੀਲ ਮੁਲਕਾਂ, ਖਾਸ ਕਰਕੇ ਭਾਰਤ ਅਤੇ ਚੀਨ ਨੂੰ ਆਪਣੀ ਤੇਜ਼ੀ ਨਾਲ ਵਧ ਰਹੀ ਮਨੁੱਖੀ ਅਬਾਦੀ ਅਤੇ ਘਟ ਰਹੇ ਜੰਗਲਾਂ ਵਲ ਵੀ ਵਧੇਰੇ ਤੱਦੀ ਨਾਲ ਧਿਆਨ ਦੇਣਾ ਹੋਵੇਗਾ। ਮਨੁੱਖੀ ਅਬਾਦੀ ਦੇ ਮਾਮਲੇ ਵਿਚ ਸਾਡੇ ਮੁਲਕ ਨੇ ਕੀੜੀ ਤੇ ਕਟਕ ਚਾੜ੍ਹ ਦਿੱਤਾ ਹੈ।

## ਆਲਮੀ ਤਪਸ਼ ਦੀ ਸੇਬਾਂ ਦੀ ਫਸਲ 'ਤੇ ਮਾਰ

**ਸ਼ਿਮਲਾ :** ਹਿਮਾਚਲ ਪ੍ਰਦੇਸ਼ ਵਿਚ ਪਿਛਲੇ ਕੁਝ ਸਾਲਾਂ ਤੋਂ ਸੇਬ ਦੇ ਉਤਪਾਦਨ ਵਿਚ ਗਿਰਾਵਟ ਆਈ ਹੈ। ਮਾਹਿਰਾਂ ਨੇ ਇਸ ਲਈ ਆਲਮੀ ਤਪਸ਼, ਵਧ ਰਹੇ ਤਾਪਮਾਨ ਅਤੇ ਬਰਫਬਾਰੀ ਵਿਚ ਆਈ ਕਮੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ।



ਰਾਜ ਦੇ ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਸਾਲ 2007-08 ਵਿਚ ਸੇਬ ਦਾ ਸਾਲਾਨਾ ਉਤਪਾਦਨ 2.96 ਕਰੋੜ ਪੇਟੀਆਂ ਸਨ, ਜੋ 2008-09 ਵਿਚ ਘਟ ਕੇ 2.55 ਕਰੋੜ ਪੇਟੀਆਂ ਰਹਿ ਗਿਆ। ਸਾਲ 2009-10 ਵਿਚ ਅਨੁਮਾਨਤ ਉਤਪਾਦਨ 1.40 ਕਰੋੜ ਸੀ। ਇਕ ਪੇਟੀ ਵਿਚ ਕਰੀਬ 22 ਤੋਂ 25 ਕਿਲੋ ਸੇਬ ਹੁੰਦੇ ਹਨ। ਹਿਮਾਚਲ ਪ੍ਰਦੇਸ਼ ਭਾਰਤ ਵਿਚ ਕੁੱਲ ਸੇਬ ਉਤਪਾਦਨ ਦਾ ਇਕ ਤਿਹਾਈ ਤੋਂ ਵਧ ਹਿੱਸੇਦਾਰ ਹੈ।

ਵਾਤਾਵਰਣ ਮਾਹਿਰਾਂ ਦਾ ਕਹਿਣਾ ਹੈ ਕਿ ਆਲਮੀ ਤਪਸ਼ ਤੇ ਜਲਵਾਯੂ ਪਰਿਵਰਤਨ ਕਾਰਨ ਰਾਜ ਵਿਚ ਸੇਬ ਉਤਪਾਦਨ ਉਪਰ ਕਾਫੀ ਅਸਰ ਪਿਆ ਹੈ। ਵਾਤਾਵਰਨ ਮਾਹਿਰ ਰਵਿੰਦਰ ਨਾਥ ਨੇ ਇਥੇ ਇਕ ਸਮਾਗਮ ਵਿਚ ਕਿਹਾ ਕਿ ਸੇਬ ਉਪਰ ਜਲਵਾਯੂ ਪਰਿਵਰਤਨ ਦਾ ਬੇਹੱਦ ਅਸਰ ਹੋਇਆ ਹੈ। ਉਨ੍ਹਾਂ ਕਿਹਾ ਕਿ ਸ਼ਿਮਲਾ ਦੇ ਉਪਰਲੇ ਭਾਗ ਤੇ ਕੁੱਲੂ ਵਿਚ ਸੇਬ ਉਤਪਾਦਨ ਵਿਚ ਭਾਰੀ ਗਿਰਾਵਟ ਆਈ ਹੈ। ਮੌਸਮ ਵਿਭਾਗ ਦੇ ਡਾਇਰੈਕਟਰ ਮਨਮੋਹਨ ਸਿੰਘ ਨੇ ਦੱਸਿਆ ਕਿ ਪਿਛਲੇ 40 ਸਾਲਾਂ ਤੋਂ ਹਿਮਾਚਲ ਪ੍ਰਦੇਸ਼ ਵਿਚ ਹੁਣ ਪਿਛਲੇ ਕੁਝ ਸਮੇਂ ਤੋਂ ਤਾਪਮਾਨ ਵਧਣ ਅਤੇ ਸਰਦੀਆਂ ਵਿਚ ਪੈਣ ਵਾਲੀ ਬਰਫ ਵਿਚ ਗਿਰਾਵਟ ਆਈ ਹੈ। ਮਾਹਿਰਾਂ ਅਨੁਸਾਰ ਸੇਬ ਦੀ ਫਸਲ ਪੱਕਣ ਲਈ 800 ਤੋਂ 1200 ਘੰਟੇ ਠੰਢ ਜ਼ਰੂਰੀ ਹੈ।

## ਬਰਤਾਨੀਆ 'ਚ ਭਾਰੀ ਮੀਂਹ, ਹੜ੍ਹਾਂ ਦੀ ਮਾਰ

**ਕੌਕਰਮਾਊਸ (ਇੰਗਲੈਂਡ):** ਬੀਤੇ ਦਿਨੀਂ ਉੱਤਰੀ ਇੰਗਲੈਂਡ ਤੇ ਦੱਖਣੀ ਸਕਾਟਲੈਂਡ 'ਚ ਪਏ ਭਾਰੀ ਮੀਂਹ ਨਾਲ ਆਏ ਹੜ੍ਹਾਂ ਕਾਰਨ ਸਥਿਤੀ ਗੰਭੀਰ ਬਣ ਗਈ ਹੈ ਤੇ ਇਕ ਪੁਲ ਢਹਿਣ ਮਗਰੋਂ ਇਕ ਪੁਲੀਸ ਅਧਿਕਾਰੀ ਵੀ ਲਾਪਤਾ ਹੋ ਗਿਆ ।

ਇਲਾਕੇ 'ਚ ਪਏ ਭਾਰੀ ਮੀਂਹ ਨੇ ਹੜ੍ਹਾਂ ਤੋਂ ਬਚਾਅ ਲਈ ਕੀਤੇ ਗਏ ਸਾਰੇ ਹੀਲੇ ਬੇਅਸਰ ਕਰ ਦਿੱਤੇ ਹਨ। ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਜਿਹੀ ਸਥਿਤੀ ਹਜ਼ਾਰਾਂ ਸਾਲਾਂ 'ਚ ਕੇਵਲ ਇਕ ਵਾਰ ਆਉਂਦੀ ਹੈ। ਮੌਸਮ ਵਿਭਾਗ ਨੇ ਦੱਸਿਆ ਕਿ ਜਿੰਨੇ ਮੀਂਹ ਪੂਰੇ ਨੰਬਰ ਦੇ ਮਹੀਨੇ ਪੈਣ ਦੀ ਆਸ ਕੀਤੀ ਜਾ ਰਹੀ ਸੀ, ਉਹ ਸਾਰਾ ਪਾਣੀ ਇਕੋ ਦਿਨ 24 ਘੰਟਿਆਂ 'ਚ ਵਰ੍ਹ ਗਿਆ। ਵਾਤਾਵਰਣ ਏਜੰਸੀ ਦੀ ਰਿਪੋਰਟ ਅਨੁਸਾਰ ਇਕ ਖੇਤਰ 'ਚ 314 ਐਮ.ਐਮ.ਮੀਂਹ ਪਿਆ, ਜੋ ਇੰਗਲੈਂਡ 'ਚ ਰਿਕਾਰਡ ਹੈ। ਵਰਕਿੰਗਟਨ ਦੇ ਐਮ.ਪੀ.ਟੋਨੀ ਕੰਨਿਘਮ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਹੜ੍ਹ ਬਾਰੇ 20 ਨਵੰਬਰ ਨੂੰ ਸਵੇਰੇ ਦੱਸਿਆ ਗਿਆ।

ਖੂਬਸੂਰਤ ਦ੍ਰਿਸ਼ਾਂ ਵਾਲੇ ਲੇਕ ਜ਼ਿਲੇ 'ਚ ਕਿਸ਼ਤੀਆਂ ਤੇ ਰਾਇਲ ਏਅਰ ਫੋਰਸ ਦੇ ਹੈਲੀਕਾਪਟਰਾਂ ਰਾਹੀਂ ਸ਼ਹਿਰਾਂ ਤੇ ਕਸਬਿਆਂ ਵਿਚ ਘਰਾਂ 'ਚ ਫਸੇ ਲੋਕਾਂ ਨੂੰ ਕੱਢਿਆ ਗਿਆ।

ਰੱਖਿਆ ਮੰਤਰਾਲੇ ਨੇ ਦੱਸਿਆ ਕਿ ਫੌਜ ਦੀ ਮਦਦ ਨਾਲ ਲੋਕਾਂ ਨੂੰ ਬਚਾਇਆ ਜਾ ਰਿਹਾ ਹੈ ਤੇ ਇਹ ਇਮਦਾਦ ਵਧਾਈ ਜਾ ਸਕਦੀ ਹੈ। ਕੁੰਬਰੀਆਈ ਪੁਲੀਸ ਦਾ ਕਹਿਣਾ ਹੈ ਕਿ ਪਾਣੀ ਦੇ ਭਾਰ ਨਾਲ ਪੁਲ ਡਿੱਗਣ ਦੌਰਾਨ ਲਾਪਤਾ ਹੋਏ ਪੁਲੀਸ ਅਫਸਰ ਦੀ ਭਾਲ ਕੀਤੀ ਜਾ ਰਹੀ ਹੈ। ਹੰਗਾਮੀ ਸੇਵਾਵਾਂ ਦੇ ਅਧਿਕਾਰੀਆਂ ਅਨੁਸਾਰ ਕੌਕਰਮਾਊਸ 'ਚ 10 ਹੋਰ ਅਜਿਹੀਆਂ ਥਾਵਾਂ ਹਨ, ਜਿਨ੍ਹਾਂ ਨਾਲੋਂ ਪਹੁੰਚ ਸੰਪਰਕ ਟੁੱਟ ਗਏ ਹਨ। ਮੀਡੀਆ ਰਿਪੋਰਟਾਂ ਅਨੁਸਾਰ ਫਸੇ ਹੋਏ ਲੋਕਾਂ ਨੂੰ ਕੱਢਣ ਲਈ ਛੱਤਾਂ ਤੋੜੀਆਂ ਜਾ ਰਹੀਆਂ ਹਨ।

ਵਾਤਾਵਰਨ ਏਜੰਸੀ ਦੇ ਚੇਅਰਮੈਨ ਕ੍ਰਿਸ ਸਮਿਥ ਨੇ ਕਿਹਾ ਕਿ ਇਹ ਬਹੁਤ ਗੰਭੀਰ ਹੈ ਕਿ ਐਨਾ ਮੀਂਹ ਪੈ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਬਰਤਾਨੀਆ 'ਚ ਭਾਰੀ ਹੜ੍ਹ ਆ ਰਹੇ ਹਨ, ਜੋ ਆਲਮੀ ਤਪਸ਼ ਦਾ ਸਿੱਟਾ ਦੱਸੇ ਜਾਂਦੇ ਹਨ। ਮੌਸਮ ਵਿਗਿਆਨੀਆਂ ਅਨੁਸਾਰ ਸ਼ਨਿਚਰਵਾਰ ਨੂੰ 40 ਐਮ.ਐਮ.ਬਾਰਸ਼ ਪੈ ਸਕਦੀ ਹੈ। ਕੌਕਰਮਾਊਸ ਦੇ ਇਕ ਵਿਅਕਤੀ ਨੇ ਬੀ.ਬੀ.ਸੀ.ਨੂੰ ਦੱਸਿਆ ਕਿ ਗਲੀਆਂ ਦਾ ਗਿੱਟੇ ਗਿੱਟੇ ਪਾਣੀ ਪਹਿਲਾਂ ਗੋਡਿਆਂ ਤਕ, ਫਿਰ ਢਿੱਡ ਤੇ ਫਿਰ ਉਤਾਂਹ ਚੜ੍ਹਦਾ ਦੇਖਦਿਆਂ ਹੀ ਘਰਾਂ ਦੀ ਸਿਖਰਲੀ ਮੰਜਲ ਦੀ ਖਿੜਕੀ ਤਕ ਪੁੱਜ ਗਿਆ ਸੀ।

# ਸਿਆਸਤਦਾਨਾਂ ਦੀ ਸ਼ਿਕਾਰਗਾਹ ਬਣਿਆ ਝਾਰਖੰਡ



ਬਿਹਾਰ ਨਾਲੋਂ ਅੱਡ ਕਰਕੇ ਨਵੰਬਰ 2000 'ਚ ਝਾਰਖੰਡ ਸੂਬਾ ਇਸ ਲਈ ਬਣਾਇਆ ਗਿਆ ਸੀ ਕਿ ਇਸ ਪਛੜੇ ਤੇ ਆਦੀਵਾਸੀ ਖੇਤਰ ਦੇ ਲੋਕਾਂ ਦਾ ਕਾਇਆ ਕਲਪ 'ਤੇ ਵਿਕਾਸ ਹੋਵੇਗਾ ਤੇ ਬਿਹਾਰ ਵਰਗੇ ਵੱਡੇ ਸੂਬੇ ਤੋਂ ਮੁਕਤ ਹੋ ਕੇ ਇਸ ਦੇ ਪ੍ਰਸ਼ਾਸਨ 'ਚ ਸੁਧਾਰ ਆਵੇਗਾ। ਲੋਕਾਂ ਦੀਆਂ ਇਹ ਉਮੀਦਾਂ ਪੂਰੀਆਂ ਨਹੀਂ ਹੋ ਸਕੀਆਂ। ਖਣਿਜ ਜਾਇਦਾਦ ਦੀ ਬਹੁਲਤਾ ਵਾਲੇ ਇਸ ਸੂਬੇ ਦੇ ਪਛੜੇ ਲੋਕਾਂ ਦਾ ਵਿਕਾਸ ਤਾਂ ਨਹੀਂ ਹੋ ਸਕਿਆ ਪਰ ਇਥੋਂ ਦੇ ਚੁਸਤ ਚਲਾਕ ਸਿਆਸਤਦਾਨ ਕੁਝ ਹੀ ਸਾਲਾਂ 'ਚ ਕੱਖਪਤੀ ਤੋਂ ਕਰੋੜਪਤੀ ਬਣ ਗਏ ਹਨ।

ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਮਧੂ ਕੋਡਾ, ਜਿਨ੍ਹਾਂ ਦੇ ਪਿਤਾ ਕੋਇਲਾ ਕੰਪਨੀ 'ਚ ਮੁਲਾਜ਼ਮ ਸਨ, ਦੇ ਵਿਰੁਧ 4000 ਕਰੋੜ ਰੁਪਏ ਦੀ ਨਾਜਾਇਜ਼ ਜਾਇਦਾਦ ਇਕੱਠੀ ਕਰਨ ਦੇ ਦੋਸ਼ਾਂ ਦੀ ਜਾਂਚ ਚੱਲ ਹੀ ਰਹੀ ਹੈ। ਉਨ੍ਹਾਂ 'ਤੇ ਇਹ ਦੋਸ਼ ਵੀ ਹੈ ਕਿ ਉਨ੍ਹਾਂ ਨੇ ਲਾਇਬੇਰੀਆ ਤੋਂ ਲੈ ਕੇ ਥਾਈਲੈਂਡ ਤੱਕ ਧਨ ਦਾ ਨਿਵੇਸ਼ ਕੀਤਾ ਹੈ। ਸਿਆਸਤ 'ਚ ਆਉਣ ਤੋਂ ਪਹਿਲਾਂ ਇਕ ਦਿਹਾੜੀਦਾਰ ਵਜੋਂ ਕੰਮ ਕਰਨ ਵਾਲੇ ਮਧੂ ਕੋਡਾ ਅਰਬਪਤੀ ਬਣਦੇ ਗਏ।

ਮਧੂ ਕੋਡਾ ਨੇ 2005 ਦੀਆਂ ਚੋਣਾਂ ਆਜ਼ਾਦ ਉਮੀਦਵਾਰ ਵਜੋਂ ਲੜੀਆਂ ਤੇ ਉਦੋਂ ਆਪਣੀ ਜਾਇਦਾਦ 24.25 ਲੱਖ ਰੁਪਏ ਐਲਾਨੀ ਸੀ ਤੇ ਬਾਅਦ ਵਿਚ ਮਈ 2009 'ਚ ਹੋਈਆਂ ਲੋਕ ਸਭਾ ਚੋਣਾਂ 'ਚ ਉਸ ਨੇ ਆਪਣੀ ਜਾਇਦਾਦ 1.17 ਕਰੋੜ ਰੁਪਏ ਐਲਾਨੀ। ਹੈਰਾਨੀ ਦੀ ਗੱਲ ਇਹ ਹੈ ਕਿ 4 ਸਾਲਾਂ ਵਿਚ ਉਸ ਦੀ ਜਾਇਦਾਦ 5 ਗੁਣਾ ਵਧ ਗਈ।

ਕੋਡਾ ਦੇ ਮੰਤਰੀ ਮੰਡਲ ਦੇ ਸਹਿਯੋਗੀ ਰਹੇ ਦਿਹਾਤੀ ਵਿਕਾਸ ਮੰਤਰੀ ਇਨੋਸ ਇੱਕਾ ਅਤੇ ਸ਼ਹਿਰੀ ਵਿਕਾਸ ਮੰਤਰੀ ਹਰੀ ਨਾਰਾਇਣ ਰਾਏ ਵੀ ਕੁਝ ਸਾਲਾਂ 'ਚ ਕਰੋੜਪਤੀ ਬਣੇ ਹਨ। ਦੋਵੇਂ ਹੀ ਆਮਦਨ ਦੇ ਜਾਣਕਾਰ ਸੋਮਿਆਂ ਤੋਂ ਜ਼ਿਆਦਾ ਜਾਇਦਾਦ ਬਣਾਉਣ ਦੇ ਮਾਮਲੇ 'ਚ ਜੇਲ 'ਚ ਹਨ।

ਇਨੋਸ ਇੱਕਾ ਨੇ ਜਦੋਂ ਪਹਿਲੀ ਵਾਰ ਚੋਣ ਲੜੀ ਸੀ ਤਾਂ ਉਸ ਨੇ ਉਦੋਂ 2.20 ਲੱਖ ਰੁਪਏ ਦੀ ਜਾਇਦਾਦ ਐਲਾਨੀ ਸੀ ਪਰ ਹੁਣ ਜੋ ਤਾਜ਼ਾ ਐਲਾਨ ਕੀਤਾ ਹੈ, ਉਸ ਦੇ ਮੁਤਾਬਿਕ ਉਨ੍ਹਾਂ ਦੀ ਜਾਇਦਾਦ 1.40 ਕਰੋੜ ਰੁਪਏ ਹੈ ਜਦਕਿ ਹਰੀਨਾਰਾਇਣ ਨੇ ਪਹਿਲੀ ਵਾਰ ਚੋਣ ਲੜਦੇ ਸਮੇਂ ਆਪਣੀ ਜਾਇਦਾਦ 18 ਲੱਖ ਰੁਪਏ ਦੱਸੀ ਸੀ। ਪਰ ਉਨ੍ਹਾਂ ਦੇ ਤਾਜ਼ਾ ਐਲਾਨ ਮੁਤਾਬਿਕ ਹੁਣ ਉਨ੍ਹਾਂ ਦੀ ਜਾਇਦਾਦ 3.23 ਕਰੋੜ ਰੁਪਏ ਹੈ।

ਇੱਕਾ, ਜੋ 1990 ਦੇ ਦਹਾਕੇ 'ਚ ਇੰਦਰਾ ਆਵਾਸ ਯੋਜਨਾ ਵਾਲੇ ਮਕਾਨ 'ਚ ਰਹਿੰਦੇ ਸਨ, ਦੇ ਇਸ ਸਮੇਂ 18 ਲੱਖ ਰੁਪਏ ਕੀਮਤ ਦੇ ਦੋ ਬੰਗਲੇ ਹਨ। ਬੇਜ਼ਮੀਨ ਰਹੇ ਇੱਕਾ ਕੋਲ ਇਸ ਸਮੇਂ 19 ਏਕੜ ਜ਼ਮੀਨ, ਦੋ ਫੋਰਡ ਐੱਸ.ਯੂ.ਵੀ. ਗੱਡੀਆਂ, ਇਕ ਟਰੈਕਟਰ ਅਤੇ ਇਕ ਮੋਟਰਸਾਈਕਲ ਹੈ। ਹਰੀਨਰਾਇਣ ਰਾਏ, ਜਿਨ੍ਹਾਂ ਕੋਲ ਕੁਝ ਸਾਲ ਪਹਿਲਾਂ ਮੋਟਰਸਾਈਕਲ ਤਕ ਨਹੀਂ ਸੀ, ਕੋਲ ਅੱਜ ਇਕ ਸਕਾਰਪੀਓ ਗੱਡੀ, ਉਨ੍ਹਾਂ ਦੀ ਪਤਨੀ ਦੇ ਨਾਂ 25 ਲੱਖ ਰੁਪਏ ਦੇ ਮਕਾਨ ਤੋਂ ਇਲਾਵਾ ਰਾਂਚੀ ਤੋਂ ਬਾਹਰ ਇਕ ਡੇਅਰੀ ਫਾਰਮ ਹੈ। ਝਾਰਖੰਡ 'ਚ ਛੱਪਰ ਪਾੜ ਕੇ ਅਮੀਰ ਬਣਨ ਵਾਲੇ ਇਕ ਹੋਰ ਵਿਧਾਇਕ ਦੁਲਾਲ ਭੂਈਆਂ ਦਾ ਮਾਮਲਾ ਵੀ ਘੱਟ ਹੈਰਾਨ ਕਰਨ ਵਾਲਾ ਨਹੀਂ। ਜੁਗਸਲਾਈ (ਪੂਰਬੀ ਸਿੰਘ ਭੂਮ) ਤੋਂ 2 ਵਾਰ ਵਿਧਾਇਕ ਰਹੇ ਭੁਈਆਂ 1980 ਦੇ ਦਹਾਕੇ ਦੇ ਸ਼ੁਰੂ 'ਚ ਰਿਕਸ਼ਾ ਚਲਾ ਕੇ ਆਪਣਾ ਗੁਜ਼ਾਰਾ ਕਰਦੇ ਸਨ ਪਰ ਸਿਆਸਤ 'ਚ ਕੀ ਆਏ ਕਿ ਉਨ੍ਹਾਂ ਦੀ ਕਿਸਮਤ ਹੀ ਬਦਲ ਗਈ। 2005 ਦੀਆਂ ਚੋਣਾਂ 'ਚ ਉਨ੍ਹਾਂ ਨੇ ਆਪਣੀ 45 ਲੱਖ ਰੁਪਏ ਦੀ ਜਾਇਦਾਦ ਐਲਾਨੀ ਸੀ, ਜੋ ਹੁਣ 2009 'ਚ ਕੀਤੇ ਗਏ ਐਲਾਨ ਮੁਤਾਬਿਕ ਇਕ ਕਰੋੜ ਰੁਪਏ ਹੈ। ਇਹ ਸਥਿਤੀ ਸਿਰਫ਼ ਮਧੂ ਕੋਡਾ ਤੇ ਉਨ੍ਹਾਂ ਦੇ ਸਾਥੀਆਂ ਦੀ ਹੀ ਨਹੀਂ ਹੈ, ਸਗੋਂ ਹੋਰ ਕੁਝ ਸਿਆਸਤਦਾਨ ਵੀ ਇਸ ਦੌੜ 'ਚ ਪਿੱਛੇ ਨਹੀਂ ਹਨ। ਝਾਰਖੰਡ ਮੁਕਤੀ ਮੋਰਚਾ ਦੇ ਜਨਰਲ ਸਕੱਤਰ ਤੇ ਰਾਜ ਸਭਾ ਮੈਂਬਰ ਹੇਮੰਤ ਸੋਰੇਨ ਦੀ ਜਾਇਦਾਦ ਵੀ ਪਿਛਲੇ 5 ਸਾਲਾਂ 'ਚ 6 ਗੁਣਾ ਵਧੀ ਹੈ। ਹੇਮੰਤ ਸੋਰੇਨ ਨੇ 2005 ਦੀਆਂ ਚੋਣਾਂ 'ਚ ਆਪਣੀ ਜਾਇਦਾਦ ਦਾ ਐਲਾਨ 12.70 ਲੱਖ ਰੁਪਏ ਕੀਤਾ ਸੀ ਤੇ ਹੁਣ 2009 'ਚ ਆਪਣੀ ਜਾਇਦਾਦ 75 ਲੱਖ ਰੁਪਏ ਦੱਸੀ ਹੈ।

ਉਪਰੋਕਤ ਸਿਆਸਤਦਾਨਾਂ ਦੀ ਇਹ ਤਾਂ ਐਲਾਨੀ ਜਾਇਦਾਦ ਹੈ ਪਰ ਜੋ ਅਣ-ਐਲਾਨੀ ਜਾਇਦਾਦ ਹੈ, ਉਸ ਦਾ ਅੰਦਾਜ਼ਾ ਲਗਾ ਸਕਣਾ ਸੌਖਾ ਨਹੀਂ ਹੈ। ਇਹ ਹਾਲ ਸਿਰਫ਼ ਝਾਰਖੰਡ ਦਾ ਹੀ ਨਹੀਂ ਹੈ, ਬਾਕੀ ਰਾਜਾਂ 'ਚ ਵੀ ਸਿਆਸਤਦਾਨਾਂ ਦੇ ਇਸੇ ਤਰ੍ਹਾਂ ਕੱਖਪਤੀ ਤੋਂ ਕਰੋੜਪਤੀ ਹੀ ਨਹੀਂ, ਅਰਬਪਤੀ ਬਣਨ ਦੀਆਂ ਮਿਸਾਲਾਂ ਮਿਲ ਸਕਦੀਆਂ ਹਨ। ਮਾਲੀ ਸੰਕਟ ਦੇ ਬੁਰੀ ਤਰ੍ਹਾਂ ਸ਼ਿਕਾਰ ਇਨ੍ਹਾਂ ਸੂਬਿਆਂ ਦੇ ਸਿਆਸਤਦਾਨ ਕੁਝ ਹੀ ਸਾਲਾਂ 'ਚ ਧਨਾਢ ਬਣ ਚੁੱਕੇ ਹਨ। ਸਿਆਸਤਦਾਨਾਂ ਵਲੋਂ ਅੰਨ੍ਹੇਵਾਹ ਧਨ ਕਮਾਉਣ ਦੇ ਤੌਰ-ਤਰੀਕੇ ਸਮੇਂ-ਸਮੇਂ 'ਤੇ ਸਾਹਮਣੇ ਆਉਂਦੇ ਰਹੇ ਹਨ। 2005 'ਚ ਪਾਰਲੀਮੈਂਟ 'ਚ ਸਵਾਲ ਪੁੱਛਣ ਲਈ ਧਨ ਲੈਣ ਦੇ ਮਾਮਲੇ 'ਚ 11 ਸੰਸਦ ਮੈਂਬਰਾਂ ਅੰਨਾ ਸਾਹਿਬ ਐੱਮ.ਕੇ.ਪਾਟਿਲ, ਵਾਈ.ਜੀ.ਮਹਾਜਨ, ਚੰਦਰਪ੍ਰਤਾਪ ਸਿੰਘ, ਪ੍ਰਦੀਪ ਗਾਂਧੀ, ਸੁਰੇਸ਼ ਚੰਦੇਲ, ਛਤਰਪਾਲ ਸਿੰਘ (ਸਾਰੇ ਭਾਜਪਾ) ਰਜਿੰਦਰ ਪਾਲ, ਨਰਿੰਦਰ ਕੁਮਾਰ ਕੁਸ਼ਵਾਹਾ, ਲਾਲਚੰਦ ਕੌਲ (ਸਾਰੇ ਬਸਪਾ), ਰਾਮਸੇਵਕ ਸਿੰਘ (ਕਾਂਗਰਸ) ਤੇ ਮਨੋਜ ਕੁਮਾਰ (ਰਾਜਦ) ਨੂੰ ਸੰਸਦ ਦੀ ਮੈਂਬਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ।

ਇਸੇ ਤਰਾਂ ਐੱਮ.ਪੀ. ਹਲਕਾ ਵਿਕਾਸ ਫੰਡ 'ਚੋਂ ਰਿਸ਼ਵਤ ਲੈਣ ਦੇ ਮਾਮਲੇ 'ਚ ਵੀ ਕੁਝ ਸੰਸਦ ਮੈਂਬਰਾਂ ਵਿਰੁਧ ਜਾਂਚ ਲਈ ਸੰਸਦੀ ਕਮੇਟੀ ਕਾਇਮ ਕੀਤੀ ਗਈ ਸੀ।

# ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਚੀਨੀ ਵਿਦਿਆਰਥੀਆਂ ਦੀ ਆਮਦ ਵਧੀ



**ਵਾਸ਼ਿੰਗਟਨ:** ਅਮਰੀਕੀ ਯੂਨੀਵਰਸਿਟੀਆਂ ਵਿਚ ਅਕਾਦਮਿਕ ਵਰ੍ਹੇ 2008-09 ਦੌਰਾਨ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਸਭ ਤੋਂ ਵਧ ਸੀ ਪਰ ਚੀਨੀ ਵਿਦਿਆਰਥੀਆਂ ਦੇ ਵਿਦੇਸ਼ੀ ਪੜ੍ਹਾਈ ਪ੍ਰਤੀ ਵਧ ਰਹੇ ਰੁਝਾਨ ਕਾਰਨ ਹੁਣ ਇਨ੍ਹਾਂ ਦੀ ਗਿਣਤੀ ਵੀ ਭਾਰਤੀਆਂ ਦੇ ਬਰਾਬਰ ਪਹੁੰਚਣ ਵਾਲੀ ਹੈ। ਸਾਲ 2008-09 ਦੌਰਾਨ ਅਮਰੀਕੀ ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਵਿਦੇਸ਼ੀ ਵਿਦਿਆਰਥੀਆਂ ਦੀ ਸੰਖਿਆ 6,71,616 ਸੀ ਅਤੇ ਇਨ੍ਹਾਂ ਵਿਚੋਂ 1,03,260 ਭਾਰਤੀ ਸਨ। ਚੀਨੀ ਵਿਦਿਆਰਥੀਆਂ ਦੀ ਗਿਣਤੀ 98150 ਸੀ ਜੋ ਕਿ 2007-08 ਦੀ ਗਿਣਤੀ ਨਾਲੋਂ 21 ਫੀਸਦੀ ਵਧ ਸੀ। ਇਸ ਰੁਝਾਨ ਤੋਂ ਜ਼ਾਹਰ ਹੈ ਕਿ ਚੀਨੀ ਵਿਦਿਆਰਥੀਆਂ ਦੀ ਅਮਰੀਕਾ ਵਿਚ ਆਮਦ ਤੇਜ਼ੀ ਨਾਲ ਵਧ ਰਹੀ ਹੈ। ਇਥੇ ਜ਼ਿਕਰਯੋਗ ਹੈ ਕਿ 1981 ਤੋਂ ਬਾਅਦ ਅਮਰੀਕੀ ਯੂਨੀਵਰਸਿਟੀਆਂ ਵਿਚ ਚੀਨੀਆਂ ਦੀ ਆਮਦ ਤੇਜ਼ੀ ਨਾਲ ਵਧੀ ਸੀ ਪਰ ਸਾਲ 2000 ਤੋਂ ਬਾਅਦ ਭਾਰਤੀਆਂ ਦੀ ਗਿਣਤੀ ਚੀਨੀਆਂ ਦੀ ਸੰਖਿਆ ਨੂੰ ਪਛਾੜਨ ਲੱਗੀ। ਹੁਣ ਇਹ ਰੁਝਾਨ ਬਦਲਣ ਦੇ ਸੰਕੇਤ ਮਿਲ ਰਹੇ ਹਨ।

ਵਿਦੇਸ਼ੀ ਵਿਦਿਆਰਥੀ ਅਮਰੀਕੀ ਯੂਨੀਵਰਸਿਟੀਆਂ ਦੀ ਉੱਚ ਮਿਆਰੀ ਸਿੱਖਿਆ ਅਤੇ ਨਰਮ ਸ਼ਰਤਾਂ ਕਾਰਨ ਅਮਰੀਕਾ ਵਿਚ ਪੜ੍ਹਨ ਲਈ ਆਉਂਦੇ ਹਨ। ਅਮਰੀਕੀ ਸਿੱਖਿਆ ਦਾ ਢਾਂਚਾ ਹੋਰ ਮੁਲਕਾਂ ਦੀ ਤੁਲਨਾ ਵਿਚ ਕਾਫੀ ਵਧੀਆ ਮੰਨਿਆ ਜਾਂਦਾ ਹੈ। ਇਸੇ ਕਾਰਨ ਇਹ ਵੱਡੀ ਗਿਣਤੀ ਵਿਚ ਵਿਦੇਸ਼ੀ ਵਿਦਿਆਰਥੀਆਂ ਨੂੰ ਆਪਣੇ ਵਲ ਖਿੱਚਣ ਵਿਚ ਕਾਮਯਾਬ ਹੋਇਆ ਹੈ।

ਅਮਰੀਕਾ ਆਉਣ ਵਾਲੇ ਭਾਰਤੀਆਂ ਦਾ ਦੋ ਤਿਹਾਈ ਹਿੱਸਾ ਗਰੈਜੂਏਸ਼ਨ ਪੱਧਰ ਦੇ ਕੋਰਸਾਂ ਵਿਚ ਦਾਖਲਾ ਲੈਂਦਾ ਹੈ। ਉਂਜ, ਪ੍ਰੋਫੈਸ਼ਨਲ ਕੋਰਸਾਂ ਵਿਚ ਦਾਖਲਾ ਲੈਣ ਵਾਲੇ ਭਾਰਤੀਆਂ ਦੀ ਗਿਣਤੀ ਵੀ ਘੱਟ ਨਹੀਂ।

ਇੰਡੀਅਨ ਇੰਸਟੀਚਿਊਟ ਆਫ ਐਂਟਰਪ੍ਰੈਨਿਓਰਜ਼ (ਆਈ.ਆਈ.ਈ) ਦੇ ਖੋਜ ਅਤੇ ਮੁਲਾਂਕਣ ਵਿਭਾਗ ਦੀ ਡਾਇਰੈਕਟਰ ਰਾਜੀਕਾ ਭੰਡਾਰੀ ਅਨੁਸਾਰ ਭਾਰਤ ਤੇ ਚੀਨ ਤੋਂ ਇਲਾਵਾ ਦੱਖਣੀ ਕੋਰੀਆ, ਕੈਨੇਡਾ ਅਤੇ ਜਾਪਾਨ ਵਰਗੇ ਦੇਸ਼ਾਂ ਤੋਂ ਵੀ ਵੱਡੀ ਸੰਖਿਆ ਵਿਚ ਵਿਦਿਆਰਥੀ ਅਮਰੀਕੀ ਯੂਨੀਵਰਸਿਟੀਆਂ ਵਿਚ ਪੜ੍ਹਨ ਲਈ ਆ ਰਹੇ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ 9/11 ਤੋਂ ਬਾਅਦ ਸਖਤ ਹੋਈਆਂ ਵੀਜ਼ਾ ਸ਼ਰਤਾਂ ਅਤੇ ਵਿਦਿਆਰਥੀ ਵੀਜ਼ਿਆਂ ਵਿਚ ਆ ਰਹੀਆਂ ਔਕੜਾਂ ਕਾਰਨ ਭਾਵੇਂ ਵਿਦਿਆਰਥੀਆਂ ਦੀ ਆਮਦ 'ਤੇ ਅਸਰ ਪਿਆ ਹੈ, ਫਿਰ ਵੀ ਅਮਰੀਕੀ ਯੂਨੀਵਰਸਿਟੀਆਂ ਨੂੰ ਬਹੁਤੇ ਸੰਕਟ ਦਾ ਸਾਹਮਣਾ ਨਹੀਂ ਕਰਨਾ ਪਿਆ।


ਉਂਜ, ਆਰਥਿਕ ਮੰਦਵਾੜੇ ਦੇ ਪ੍ਰਭਾਵ ਕਾਰਨ ਵੀ ਵਿਦਿਆਰਥੀਆਂ ਦੀ ਗਿਣਤੀ ਵਿਚ ਕਮੀ ਆਈ ਹੈ। ਹੋਰਨਾਂ ਏਸ਼ਿਆਈ ਮੁਲਕਾਂ ਦੇ ਮੁਕਾਬਲੇ ਚੀਨ ਉਤੇ ਆਰਥਿਕ ਮੰਦੇ ਦਾ ਪ੍ਰਭਾਵ ਕਾਫੀ ਘੱਟ ਹੈ ਜਿਸ ਕਾਰਨ ਚੀਨੀ ਵਿਦਿਆਰਥੀਆਂ ਦੀ ਗਿਣਤੀ ਉਪਰ ਇਸ ਦਾ ਅਸਰ ਨਹੀਂ ਹੋਇਆ ਜਾਪਦਾ। ਇਸ ਕਾਰਨ ਵੀ ਚੀਨੀ ਵਿਦਿਆਰਥੀਆਂ ਦੀ ਆਮਦ ਵਿਚ ਵਾਧਾ ਹੋ ਰਿਹਾ ਹੈ।


SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

Homeopathic Systems for Health Treatment
When you are tired of all treatments for any disease at any age
Try homeopathic, systems of treatment
ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant /Practitioner
GURDIP SINGH SANDHU
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ
ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ
ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ
ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant
Global Multi Services
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

Rajinder Singh
Insurance Lic No. 0G73739
Financing Available For Buying Trucks
Cell:(510) 557-6988, Ph:209-982-9996

ਖਾਲਸਾ ਪੰਥ

# ਕਿਵੇਂ ਕੱਟਣ ਸਿੱਖ ਆਪਣੀ ਚੁਰਾਸੀ?

**ਦਲਬੀਰ ਸਿੰਘ (ਪੱਤਰਕਾਰ)**

ਪੰਜਾਬ, ਸਿੱਖ ਅਤੇ ਭਾਰਤ ਦੇ ਇਤਿਹਾਸ ਵਿਚ ਸਾਲ 1984 ਦੀ ਖ਼ਾਸ ਮਹਾਨਤਾ ਹੈ। 1978 ਵਿਚ ਪੰਜਾਬ ਅੰਦਰ ਅਕਾਲੀਆਂ, ਭਾਵ ਬਾਦਲਕਿਆਂ ਦਾ ਰਾਜ ਸੀ। ਉਸ ਨੂੰ ਚਾਲੂ ਰਖਣ ਲਈ ਅਕਾਲੀ ਆਪ ਸਰਗਰਮ ਸਨ, ਢਾਹੁਣ ਲਈ ਕਾਂਗਰਸੀ ਜਿਨ੍ਹਾਂ ਦੀ ਪੁਸ਼ਤਪਨਾਹੀ ਕਾਂਗਰਸੀ ਕੇਂਦਰ ਕਰਦਾ ਸੀ। 13 ਜੂਨ 1978 ਨੂੰ ਨਿਰੰਕਾਰੀ ਸੰਮੇਲਨ ਦੇ ਦੋ ਮਨਸ਼ੇ ਸਨ। ਪਹਿਲਾ ਸੀ ਸਿੱਖ ਵਿਚਾਰਧਾਰਾ ਅਤੇ ਇਤਿਹਾਸ ਨੂੰ ਵੰਗਾਰਨਾ। ਅੰਮ੍ਰਿਤਸਰ ਸਿੱਖ ਧਰਮ ਦੀ ਰਾਜਧਾਨੀ ਹੈ ਅਤੇ ਵਿਸਾਖੀ ਦਾ ਦਿਨ ਖਾਲਸੇ ਦੀ ਸਿਰਜਣਾ ਦਾ ਦਿਨ ਵੀ ਹੈ ਤੇ ਕਿਸਾਨ ਵਰਗ ਦਾ ਮੇਲਾ ਵੀ ਹੈ। ਇਸ ਸੰਮੇਲਨ ਦੀ ਖੱਟੀ ਕੌਣ ਖੱਟੇ? ਇਹ ਸੀ ਸਿਆਸਤਦਾਨਾਂ ਦਾ ਮਕਸਦ। ਅੱਜ ਤਾਂ ਇਹ ਗੱਲ ਸਾਫ਼ ਹੈ ਕਿ ਇਸ ਦਾ ਪਹਿਲਾ ਲਾਭ ਕਾਂਗਰਸੀਆਂ ਅਤੇ ਹਿੰਦੂਤਵੀਆਂ ਨੂੰ ਹੋਇਆ। ਪਰ ਦੂਜੇ ਬੰਨੇ ਸਿੱਖ ਸਮਰਥਕਾਂ ਵਿਚ ਇਕ ਨਵੀਂ ਲਹਿਰ ਦਾ ਆਰੰਭ ਹੋਇਆ। ਜਿਸ ਦੀ ਨੀਂਹ ਰਵਾਇਤੀ ਸਿੱਖ ਖਾੜਕੂਵਾਦ ਵਿਚ ਸੀ। ਸਮਾਂ ਬੀਤਣ ਪਿਛੋਂ ਰਾਜ 'ਤੇ ਪਕੜ ਢਿੱਲੀ ਹੋਣ ਨਾਲ ਬਾਦਲਕਿਆਂ ਨੇ ਕਪੂਰੀ ਵਿਚ ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਰੋਕਣ ਲਈ ਮੋਰਚਾ ਅਰੰਭਿਆ ਪਰ ਇਸ ਵਿਰੋਧ ਨੂੰ ਠੁੱਸ ਕਰਨ ਲਈ ਸ. ਪ੍ਰਕਾਸ਼ ਸਿੰਘ ਬਾਦਲ ਨੇ ਚੌਧਰੀ ਦੇਵੀ ਲਾਲ ਨਾਲ ਸਮਝੌਤਾ ਕਰਕੇ ਨਹਿਰ ਬਣਾਉਣ ਲਈ ਦੋ ਕਰੋੜ ਦੀ ਰਕਮ ਸਰਕਾਰੀ ਪੱਧਰ 'ਤੇ ਵਸੂਲੀ। ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਮੋਰਚੇ ਦਾ ਡਿਕਟੇਟਰ ਬਣਾਇਆ ਪਰ ਉਸ ਨੂੰ ਜਨਤਕ ਸਹਾਇਤਾ ਨਾ ਮਿਲਦੀ ਵੇਖ ਕੇ ਅਕਾਲੀਆਂ ਨੇ ਕਪੂਰੀ ਮੋਰਚੇ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਲੋਂ ਆਪਣੇ ਸਮਰਥਕਾਂ ਨੂੰ ਪੁਲੀਸ ਤੋਂ ਛੁਡਾਉਣ ਲਈ ਅਰੰਭੇ ਮੋਰਚੇ ਨਾਲ ਰਲਗਡ ਕਰ ਦਿੱਤਾ। ਮਸਲਾ ਅਨੰਦਪੁਰ ਮਤੇ ਦੀ ਪ੍ਰਾਪਤੀ ਦਾ ਬਣਾਇਆ। ਅਕਾਲੀਆਂ ਲਈ ਇਸ ਸਾਰੇ ਵਰਤਾਰੇ ਦਾ ਮੁਢਲਾ ਨਿਸ਼ਾਨਾ ਸੀ ਸਰਕਾਰੀ ਰਾਜ ਸੱਤਾ ਦੀ ਪ੍ਰਾਪਤੀ (ਭਾਵ ਢਿੱਡੋਂ ਬੇਈਮਾਨੀ)। ਸੰਤ ਭਿੰਡਰਾਂਵਾਲਿਆਂ ਦੇ ਸਾਥ ਸਦਕਾ ਅਤੇ ਪੁਲਿਸ ਦੀਆਂ ਵਧੀਕੀਆਂ ਕਾਰਨ ਮੋਰਚੇ ਵਿਚ ਗਰਮੀ ਆਈ, ਤਾਂ ਅਕਾਲੀ ਦਲ ਨੂੰ ਜਾਪਿਆ ਕਿ ਬਾਜ਼ੀ ਉਨ੍ਹਾਂ ਦੇ ਹਥੋਂ ਨਿਕਲ ਰਹੀ ਹੈ ਤੇ ਰਾਜ ਸੱਤਾ ਦੀ ਪ੍ਰਾਪਤੀ ਔਖੀ ਹੋ ਜਾਵੇਗੀ।

25 ਅਪ੍ਰੈਲ 1984 ਨੂੰ ਮੋਰਚਾ ਡਿਕਟੇਟਰ ਹਰਚੰਦ ਸਿੰਘ ਲੌਂਗੋਵਾਲ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਕੱਤਰ ਆਰ.ਕੇ. ਧਵਨ ਨੂੰ ਚਿੱਠੀ ਲਿਖ ਕੇ ਕਿਹਾ ਕਿ ਉਨ੍ਹਾਂ ਦੇ ਸਕੱਤਰ ਗੁਰਚਰਨ ਸਿੰਘ ਦੀ ਜਾਨ ਖਤਰੇ ਵਿਚ ਹੈ। (ਕਿਉਂਕਿ ਉਸ ਨੇ ਸੰਤ ਭਿੰਡਰਾਂਵਾਲਿਆਂ ਨੂੰ ਮਰਵਾਉਣ ਦੀ ਯੋਜਨਾ ਬਣਾਈ ਸੀ, ਜੋ ਲੁਕੀ ਨਾ ਰਹਿ ਸਕੀ।) ਇਸ ਚਿੱਠੀ ਵਿਚ ਲੌਂਗੋਵਾਲ ਦਾ ਕਹਿਣਾ ਸੀ ਕਿ ਹੁਣ "ਸਾਨੂੰ" ਉਹ ਕਾਰਵਾਈ ਕਰਨੀ ਪਵੇਗੀ, ਜੋ ਵਿਸਥਾਰ ਨਾਲ ਬਾਦਲ ਸਾਹਿਬ ਤੁਹਾਡੇ ਨਾਲ ਸਾਂਝੀ ਕਰ ਗਏ ਹਨ। ਫੌਜ ਦੇ ਹਰਿਮੰਦਰ ਸਾਹਿਬ ਦੇ ਅੰਦਰ ਦਾਖਲ ਹੁੰਦਿਆਂ ਹੀ ਭਿੰਡਰਾਂਵਾਲਿਆਂ ਦੇ ਬੰਦੇ ਭੱਜ ਜਾਣਗੇ ਅਤੇ ਹੋ ਸਕਦਾ ਹੈ ਕਿ ਉਹ ਆਪ ਵੀ ਭੱਜ ਜਾਵੇ।

ਇਸੇ ਕਿਸਮ ਦੀ ਗੱਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਟੈਲੀਫ਼ੋਨ ਰਾਹੀਂ ਇੰਦਰਾ ਗਾਂਧੀ ਨਾਲ ਆਪ ਕੀਤੀ ਸੀ। ਜਿਸ ਦੀ ਗਵਾਹੀ ਜਥੇਦਾਰ ਸੰਤ ਸਿੰਘ ਤੇਗ (ਜੰਮੂ ਵਾਲੇ) ਆਪਣੀ ਇਕ ਟੇਪ ਰਾਹੀਂ ਸਵਰਗਵਾਸ ਹੋਣ ਤੋਂ ਪਹਿਲਾਂ ਛੱਡ ਗਏ ਹਨ। ਉਹ ਉਸ ਸਮੇਂ ਉਥੇ ਹਾਜ਼ਰ ਸਨ ਅਤੇ ਲੌਂਗੋਵਾਲ ਦੇ ਕਹਿਣ ਦੇ ਬਾਵਜੂਦ ਬੜੇ ਰੋਅਬ ਨਾਲ ਉਨ੍ਹਾਂ ਉਥੋਂ ਉੱਠਣ ਤੋਂ ਇਨਕਾਰ ਕੀਤਾ ਸੀ। ਇਸ ਤਰ੍ਹਾਂ ਇੰਦਰਾ ਨੂੰ ਵਿਸ਼ਵਾਸ ਦਿਵਾ ਦਿਤਾ ਗਿਆ ਕਿ ਭਿੰਡਰਾਂਵਾਲਾ ਤੇ ਉਸ ਦੇ ਸਾਥੀ ਫੌਜ ਦੇ ਆਉਂਦਿਆਂ ਹੀ ਹਰਿਮੰਦਰ ਸਾਹਿਬ ਸਮੂਹ 'ਚੋਂ ਨੱਠ ਜਾਣਗੇ। ਇਸ ਕਿਸਮ ਦੇ ਪ੍ਰਭਾਵ ਦੀ ਚਰਚਾ 2009 ਦੇ ਨਵੰਬਰ ਮਹੀਨੇ ਵਿਚ ਛਪੇ ਅਨੇਕ ਲੇਖਾਂ ਵਿਚ ਮਿਲਦੀ ਹੈ ਜੋ ਵੱਖ-ਵੱਖ ਪਰਚਿਆਂ ਵਿਚ ਛਪੇ ਹਨ।

ਉਪਰੋਕਤ ਕਥਾ ਦਾ ਨਿਚੋੜ ਇਹ ਹੈ ਕਿ ਸਾਕਾ ਨੀਲਾ ਤਾਰਾ, ਧਰਮ ਯੁੱਧ ਮੋਰਚਾ ਡਿਕਟੇਟਰ ਹਰਚੰਦ ਸਿੰਘ ਲੌਂਗੋਵਾਲ, ਬਾਦਲ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਗੁਰਚਰਨ ਸਿੰਘ ਟੌਹੜਾ ਦੀ ਮਿਲੀਭੁਗਤ ਨਾਲ ਹੋਇਆ ਸੀ।

ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਉਸ ਦੇ ਅਨੇਕ ਸਮਰਥਕਾਂ ਦੀ ਇਨ੍ਹਾਂ ਨਾਲ ਸਾਂਝੀ ਕਾਰਵਾਈ ਸੀ, ਜਿਸ ਨੂੰ ਭਾਰਤੀ ਫੌਜਾਂ ਦੇ ਮੁਖੀ ਜਨਰਲ ਵੈਦਿਆ, ਜਨਰਲ ਸੁੰਦਰਜੀ, ਜਨਰਲ ਬਰਾੜ, ਜਨਰਲ ਰਣਜੀਤ ਸਿੰਘ ਦਿਆਲ ਆਦਿ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਮੇਸ਼ਇੰਦਰ ਸਿੰਘ ਤੋਂ ਆਗਿਆ ਲੈ ਕੇ ਪੂਰਾ ਕੀਤਾ। ਇਸ ਤਰ੍ਹਾਂ ਸਿੱਖ "ਕੁਲਨਾਸ", ਪੰਜਾਬ ਦੀ ਬਰਬਾਦੀ ਅਤੇ ਸਿੱਖ ਵਿਚਾਰਧਾਰਾ ਦੇ ਕੇਂਦਰਾਂ ਦੀ ਤਬਾਹੀ ਅਤੇ ਉਸ ਤੋਂ ਪਿੱਛੋਂ ਝੂਠੇ ਪੁਲਿਸ ਮੁਕਾਬਲੇ ਅਤੇ ਪੰਜਾਬੋਂ ਬਾਹਰ ਦਿੱਲੀ ਆਦਿ ਥਾਵਾਂ 'ਤੇ ਸਿੱਖ ਵਿਰੋਧੀ ਘੱਲੂਘਾਰੇ ਕਰਵਾਉਣ ਦਾ ਮੁੱਢ ਬੱਝਾ। ਇਸ ਤਰ੍ਹਾਂ, ਇਸ ਸਾਰੇ ਵਰਤਾਰੇ ਦੇ ਅਸਲੀ ਦੋਸ਼ੀ ਉਪਰੋਕਤ ਲੋਕ ਸਨ।

ਭਾਰਤੀ ਲੋਕਾਂ ਅੰਦਰ 84 ਲੱਖ ਜੂਨ ਦੀ ਆਮ ਚਰਚਾ ਹੁੰਦੀ ਰਹਿੰਦੀ ਹੈ ਅਤੇ ਉਸ ਦੇ ਨਾਲ ਹੀ ਉਸ ਤੋਂ ਛੁਟਕਾਰਾ ਪਾਉਣ ਦੀਆਂ ਗੱਲਾਂ ਵੀ ਚਲਦੀਆਂ ਹਨ। 1984 ਦੀ ਇਸ ਚੁਰਾਸੀ 'ਤੋਂ ਛੁਟਕਾਰਾ ਕਿਵੇਂ ਪਾਇਆ ਜਾਵੇ? ਇਹ ਸਵਾਲ ਅੱਜ ਸਾਰੇ ਭਾਰਤ ਦੀਆਂ ਰਾਜਨੀਤਕ ਧਿਰਾਂ ਦੇ ਸਾਹਮਣੇ ਹੀ ਨਹੀਂ ਖੜ੍ਹਾ, ਸਗੋਂ ਕੌਮਾਂਤਰੀ ਪੱਧਰ 'ਤੇ ਵੀ ਇਸ ਦੀ ਚਰਚਾ ਚੱਲ ਰਹੀ ਹੈ।

ਪਿਛਲੇ ਦਿਨੀਂ ਅੰਗਰੇਜ਼ੀ ਪਰਚੇ "ਆਊਟ ਲੁੱਕ" ਦੇ ਮੁੱਖ ਪੰਨੇ 'ਤੇ ਇੰਦਰਾ ਗਾਂਧੀ ਦੀ ਵੱਡੀ ਤਸਵੀਰ ਦੇ ਹੇਠਾਂ ਲਾਲ ਅੱਖਰਾਂ ਵਿਚ ਲਿਖਿਆ ਸੀ, "ਦੇਵੀ ਜਾਂ ਡੈਣ?" ਉਸ ਦੇ ਮਗਰੋਂ ਕਈ ਟਿੱਪਣੀਆਂ ਆਈਆਂ ਅਤੇ ਰਾਇ ਸੀ ਆਪਣੀ-ਆਪਣੀ। ਸਿੱਖ ਰਾਜਨੀਤਕ (ਦੋਵੇਂ ਨੀਲੇ ਤੇ ਚਿੱਟੇ) ਭਾਵ ਅਕਾਲੀ ਅਤੇ ਕਾਂਗਰਸੀ ਇਸ ਸਵਾਲ 'ਤੇ ਟਿੱਪਣੀਆਂ ਕਰਨ ਤੋਂ ਜਕਦੇ ਰਹੇ। ਸਿੱਖ ਭਾਈਚਾਰੇ ਅੰਦਰ ਗਰਮ ਵਿਚਾਰਾਂ ਵਾਲਿਆਂ ਨੇ ਰੱਜ ਕੇ ਇੰਦਰਾ ਨੂੰ "ਡੈਣ" ਕਿਹਾ। ਪਰ ਅੱਖਰ ਵਰਤਣ ਨਾਲ ਕੁਝ ਨਹੀਂ ਬਣਦਾ, ਕਿਉਂਕਿ ਸਿੱਖ ਵਿਚਾਰਧਾਰਾ ਤਾਂ ਹੈ ਹੀ ਅਮਲਾਂ ਦੀ ਖੇਡ। ਇੰਦਰਾ ਨੂੰ ਜਾਨ ਗੁਆਉਣੀ ਪਈ, ਵੈਦਿਆ, ਬੇਅੰਤ ਸਿੰਘ, ਲੌਂਗੋਵਾਲ, ਨਿਰੰਕਾਰੀ ਬਾਬਾ, ਜਗਤ ਨਰਾਇਣ, ਰਮੇਸ਼ ਆਦਿ ਉਸੇ ਲੜੀ ਦਾ ਹਿੱਸਾ ਬਣ ਗਏ, ਜਿਸ ਦਾ ਆਰੰਭ ਕਿਸੇ ਸਮੇਂ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਕੀਤਾ ਸੀ। ਕਾਰਨ ਸੀ ਗੁਰੂ ਗੋਬਿੰਦ ਸਿੰਘ ਜੀ ਤੋਂ ਅਨੰਦਪੁਰ ਖਾਲੀ ਕਰਵਾਉਣਾ, ਚਮਕੌਰ ਦੀ ਗੜ੍ਹੀ ਦੀ ਲੜਾਈ ਅਤੇ ਉਨ੍ਹਾਂ ਦੇ ਛੋਟੇ-ਛੋਟੇ ਬੱਚਿਆਂ ਨੂੰ ਨੀਂਹਾਂ ਵਿਚ ਚਿਣਾਉਣਾ। ਇਸ ਸਭ ਕੁਝ ਤੋਂ ਪਹਿਲਾਂ ਗੁਰੂ ਜੀ ਦੇ ਪਿਤਾ ਗੁਰੂ ਤੇਗ਼ ਬਹਾਦਰ ਜੀ ਦੀ ਦਿੱਲੀ ਵਿਚ ਸ਼ਹਾਦਤ ਇਸੇ ਲੜੀ ਦਾ ਆਰੰਭ ਸੀ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਲਿਖਣ ਦੀ ਸਜ਼ਾ ਤਾਂ ਭੁਗਤੀ, ਪਰ ਚੰਦੂ ਨੂੰ ਵੀ ਨਕੇਲ ਪਾ ਕੇ ਗਲੀਆਂ ਵਿਚ ਘੁਮਾਇਆ ਗਿਆ। ਸਿੱਖ ਵਿਚਾਰਧਾਰਾ ਦਾ ਦੁਸ਼ਟਾਂ ਨਾਲ ਟਕਰਾਅ ਤਾਂ ਬਾਬਰ ਸਮੇਂ ਗੁਰੂ ਨਾਨਕ ਦੇਵ ਜੀ ਵਲੋਂ ਚੱਕੀ ਪੀਹਣ ਤੋਂ ਹੀ ਸ਼ੁਰੂ ਹੋ ਗਿਆ ਸੀ। ਇਸ ਤਰ੍ਹਾਂ ਨੇਕੀ-ਬਦੀ ਦੇ ਭੇੜ ਵਿਚ ਸਿੱਖਾਂ ਦੀ ਰਵਾਇਤ ਸਦਾ ਹੀ ਭਾਜੀ ਮੋੜਨ ਵਾਲੀ ਰਹੀ ਹੈ।

ਯਾਦ ਰਹੇ, ਪੰਜਾਬ ਨੂੰ ਅੱਗ ਦੀ ਭੱਠੀ ਵਿਚ ਝੋਕਣ ਦਾ ਅਰੰਭ ਕਰਦਿਆਂ ਲਾਲਾ ਜਗਤ ਨਾਰਾਇਣ ਨੇ ਪੰਜਾਬ ਅੰਦਰ ਹਿੰਦੂਆਂ ਨੂੰ ਆਪਣੀ ਬੋਲੀ ਹਿੰਦੀ ਲਿਖਵਾਉਣ ਲਈ ਪ੍ਰੇਰਿਆ ਸੀ ਅਤੇ ਉਹ ਦੁਸ਼ਟ ਕਾਰਵਾਈ ਅੱਜ ਤਾਈਂ ਜਾਰੀ ਹੈ। ਪੰਜਾਬ ਭਾਰਤ ਦੇ 25 ਪ੍ਰਾਂਤਾਂ ਵਿਚੋਂ ਇਕੱਲਾ ਹੈ, ਜਿਸ ਦੀ ਕੋਈ ਰਾਜਧਾਨੀ ਨਹੀਂ। ਨਾ ਹੀ ਇਸ ਦਾ ਆਪਣੇ ਪਾਣੀਆਂ, ਬਿਜਲੀ, ਡੈਮਾਂ, ਹਾਈ ਕੋਰਟ ਅਤੇ ਪੰਜਾਬੀ ਬੋਲਦੇ ਇਲਾਕਿਆਂ 'ਤੇ ਕੋਈ ਕੰਟਰੋਲ ਹੈ। ਅਜੋਕੇ ਸਮੇਂ '84 ਕੱਟਣ ਦਾ ਕੋਈ ਵੀ ਰਾਹ ਪੰਜਾਬ ਵਿਚ ਨਜ਼ਰੀਂ ਨਹੀਂ ਪੈਂਦਾ, ਕਿਉਂ? ਕਿਉਂਕਿ ਅਣਖ ਤੇ ਸੋਝੀ ਵਾਲੇ ਤਾਂ ਵੱਡੀ ਪੱਧਰ 'ਤੇ ਮੌਤ ਦੀ ਭੇਟਾ ਚੜ੍ਹ ਗਏ ਅਤੇ ਰਾਜ ਸੱਤਾ ਹੱਥ ਆ ਗਈ ਕਾਤਲਾਂ, ਲੁਟੇਰਿਆਂ ਅਤੇ ਲੰਡੂਆਂ ਦੇ।

ਇਹ ਗੱਲ ਆਮ ਲੋਕ ਜਾਣਦੇ ਹਨ ਕਿ ਰਾਜ ਸੱਤਾ ਦੀਆਂ ਚਾਰ ਲੱਤਾਂ ਹਨ। ਇਕ ਚੁਣੀਆਂ ਹੋਈਆਂ ਅਸੈਂਬਲੀਆਂ ਅਤੇ ਪਾਰਲੀਮੈਂਟ, ਦੂਜੀ ਨੌਕਰਸ਼ਾਹੀ, ਤੀਜੀ ਨਿਆਂਪਾਲਿਕਾ ਅਤੇ ਚੌਥੀ ਮੀਡੀਆ ਭਾਵ ਪੱਤਰਕਾਰੀ।

ਇਹ ਚਾਰੇ ਹੀ ਅੱਜ ਪੂਰਨ ਰੂਪ ਵਿਚ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਲਥਪਥ ਹਨ। ਨਹਿਰੂ ਪਰਿਵਾਰ ਤੋਂ ਚਲਿਆ ਪਰਿਵਾਰਵਾਦ, ਜਿਸ ਨੂੰ ਇੰਦਰਾ ਗਾਂਧੀ ਆਪਣੇ ਬੇਟੇ ਸੰਜੇ ਗਾਂਧੀ ਰਾਹੀਂ ਅੱਗੇ ਲਿਆਈ ਅਤੇ ਫਿਰ ਰਾਜੀਵ ਗਾਂਧੀ ਨੂੰ ਭੇਟਾ ਚੜ੍ਹਵਾ ਕੇ ਸੋਨੀਆ ਗਾਂਧੀ ਰਾਹੀਂ ਉਸ ਦੇ ਬੇਟੇ ਰਾਹੁਲ ਨੂੰ ਅੱਗੇ ਵਧਾਉਣ ਦੀ ਪਰੰਪਰਾ ਛੱਡ ਗਈ। ਇਨ੍ਹਾਂ ਦੀ ਰੀਸੇ ਹੀ ਬਾਦਲਕਿਆਂ ਤੇ ਇਨ੍ਹਾਂ ਵਰਗੇ ਕਈ ਹੋਰਨਾਂ ਨੇ ਸਾਰੇ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿਚ ਆਪਣੇ-ਆਪਣੇ ਪੈਂਤੜੇ ਰਚ ਲਏ, ਜਿਨ੍ਹਾਂ 'ਚੋਂ ਅੱਜਕਲ੍ਹ ਮੁੱਖ ਹੈ ਬਾਲ ਠਾਕਰੇ ਅਤੇ ਉਸ ਦੇ ਬੇਟੇ। ਸਮੇਂ ਦੀ ਮੰਗ ਹੈ ਕਿ ਪਰਿਵਾਰਵਾਦ ਅਤੇ ਉਸ ਵਿਚੋਂ ਫੁੱਟਿਆ ਭ੍ਰਿਸ਼ਟਾਚਾਰ ਜੜ੍ਹੋਂ ਪੁਟਿਆ ਜਾਏ। ਪੰਜਾਬ ਅੰਦਰ ਭ੍ਰਿਸ਼ਟਾਚਾਰ ਦੇ ਨਾਲ-ਨਾਲ ਸਿੱਖ ਵਿਚਾਰਧਾਰਾ ਅਤੇ ਉਸ ਅਧੀਨ ਚੱਲ ਰਹੀਆਂ ਸੰਸਥਾਵਾਂ ਨੂੰ ਜੋ ਝਟਕਾ ਬਾਦਲਕਿਆਂ ਨੇ ਦਿਤਾ ਹੈ, ਉਸ ਦੀ ਵਿਉਂਤ ਉਨ੍ਹਾਂ ਦੀ ਯੋਗਤਾ ਵਿਚੋਂ ਨਹੀਂ ਉਭਰਦੀ, ਸਗੋਂ ਪੈਰ-ਪੈਰ 'ਤੇ ਉਨ੍ਹਾਂ ਨੂੰ ਇਹ ਅਗਵਾਈ ਆਰ.ਐਸ. ਐਸ. ਦੇ ਬਹੁਤ "ਪਹੁੰਚੇ ਹੋਏ ਤੇ ਸੁਲਝੇ ਹੋਏ ਬੁੱਧੀਜੀਵੀਆਂ" ਤੋਂ ਪ੍ਰਾਪਤ ਹੁੰਦੀ ਹੈ।

ਪੰਜਾਬ ਸਰਕਾਰ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਚੰਦਰਸ਼ੇਖਰ ਨੇ ਨਵੰਬਰ 2009 ਦੇ ਪਹਿਲੇ ਪੰਦਰਵਾੜੇ ਵਿਚ ਪੰਜਾਬ ਹਰਿਆਣਾ ਹਾਈ ਕੋਰਟ ਦੇ ਆਦੇਸ਼ਾਂ 'ਤੇ ਇਕ ਵੱਡੇ ਭ੍ਰਿਸ਼ਟਾਚਾਰ ਦੀ 20 ਪੰਨਿਆਂ ਦੀ ਰਿਪੋਰਟ ਪੇਸ਼ ਕੀਤੀ ਹੈ, ਜੋ ਸਿੱਧ ਕਰਦੀ ਹੈ ਕਿ ਬਾਦਲਕੇ, ਭਾਜਪਾਈ, ਕਾਂਗਰਸੀ, ਕਾਮਰੇਡ ਅਤੇ ਅਨੇਕ ਹੋਰ ਇਸ ਗੰਦ ਵਿਚ ਧਸੇ ਹੋਏ ਹਨ। ਸਿੱਟਾ ਇਹ ਹੈ ਕਿ ਇਥੇ ਵਿੱਦਿਅਕ ਪ੍ਰਣਾਲੀ, ਸਿਹਤ ਸਹੂਲਤਾਂ ਅਤੇ ਪ੍ਰਦੂਸ਼ਣ ਸਿਖਰਾਂ ਛੋਹ ਰਿਹਾ ਹੈ।

ਅਨੇਕ ਕਿਸਮਾਂ ਦੇ ਨਸ਼ੇ, ਚੋਰੀ-ਚਕਾਰੀ, ਲੁਟ-ਖੋਹ, ਕਤਲ, ਬਲਾਤਕਾਰ ਆਦਿ ਦਾ ਬੋਲਬਾਲਾ ਹੈ। ਬਾਦਲਕਿਆਂ ਨੇ ਆਪਣੇ ਪਰਿਵਾਰ ਦੀ ਜਕੜ ਨੂੰ ਪੱਕਾ ਕਰਨ ਲਈ ਰਾਜ-ਸੱਤਾ ਨੂੰ ਆਪਣੇ ਬੇਟੇ ਸੁਖਬੀਰ ਬਾਦਲ ਦੇ ਹੱਥ ਫੜਾ ਦਿੱਤਾ ਹੈ, ਜਿਸ ਦਾ ਨਾਂ ਸਿਖਰ ਦੇ ਭ੍ਰਿਸ਼ਟਾਚਾਰੀ ਕਾਰਨਾਮਿਆਂ ਵਿਚ ਆਉਂਦਾ। ਉਸ ਨੇ ਯੂਥ ਅਕਾਲੀ ਦਲ ਦੇ ਨਾਂ 'ਤੇ ਵੱਡੀ ਪੱਧਰ 'ਤੇ ਲਫ਼ੰਗੇ ਤੇ ਫੁਕਰੇ ਇਸ ਸੰਸਥਾ ਵਿਚ ਭਰਤੀ ਕਰਕੇ ਭਾਰਤੀ ਵਿਧਾਨ ਅਤੇ ਉੱਚੀਆਂ-ਸੁੱਚੀਆਂ ਸਿੱਖ ਪਰੰਪਰਾਵਾਂ ਨੂੰ ਮਿੱਟੀ ਵਿਚ ਰੋਲ ਕੇ ਰੱਖ ਦਿੱਤਾ ਹੈ। ਕਾਨੂੰਨ ਦਾ ਰਾਜ ਅੱਜ ਕਿਧਰੇ ਨਜ਼ਰ ਨਹੀਂ ਆਉਂਦਾ। ਆਪਣੇ ਪਰਿਵਾਰ ਅਤੇ ਆਪਣੇ ਸਮਰਥਕਾਂ ਦੀ ਸੁਰੱਖਿਆ ਲਈ ਪੁਲਿਸ ਤੇ ਅਜਿਹੀਆਂ ਹੋਰ ਫੋਰਸਾਂ ਨੂੰ ਆਪਣੀ ਨਿੱਜੀ ਵਰਤੋਂ ਲਈ ਲਾਇਆ ਹੋਇਆ ਹੈ। ਐਡੀਸ਼ਨਲ ਡਾਇਰੈਕਟਰ ਜਨਰਲ ਚੰਦਰ ਸ਼ੇਖਰ ਹੁਰਾਂ ਨੇ ਆਪਣੀ ਰਿਪੋਰਟ ਵਿਚ ਕਾਂਸਲ ਪਿੰਡ ਪੰਚਾਇਤ ਦੀ ਸੋਲ੍ਹਾਂ ਹਜ਼ਾਰ ਏਕੜ ਜ਼ਮੀਨ 'ਤੇ ਚੰਡੀਗੜ੍ਹ ਦੇ ਗੁਆਂਢ ਵਿਚ ਪੰਜਾਬ ਅਸੈਂਬਲੀ ਦੇ ਮੈਂਬਰਾਂ, ਪਾਰਲੀਮੈਂਟ ਮੈਂਬਰਾਂ ਅਤੇ ਨੌਕਰਸ਼ਾਹੀ ਸਮੇਤ ਪੁਲਿਸ ਅਤੇ ਆਈ.ਏ.ਐਸ. ਲਾਬੀ ਦੇ ਨਾਜਾਇਜ਼ ਕਬਜ਼ਿਆਂ ਦੀ ਗੱਲ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਅਸੈਂਬਲੀ ਦੇ 96 ਮੈਂਬਰਾਂ ਨੇ ਉਨ੍ਹਾਂ ਨੂੰ ਅਲਾਟ ਹੋਈ ਜ਼ਮੀਨ ਅਗਾਂਹ ਟਾਟਿਆਂ ਨੂੰ ਵੇਚ ਕੇ 4-4 ਕਮਰਿਆਂ ਦੇ ਇੱਕ ਫਲੈਟ 'ਤੇ 75 ਲੱਖ ਤੋਂ ਲੈ ਕੇ 95 ਲੱਖ ਦੀ ਨਕਦ ਰਕਮ ਵਸੂਲ ਕੀਤੀ ਹੈ।

ਭ੍ਰਿਸ਼ਟਾਚਾਰ ਦੀ ਇਸ ਦਲਦਲ ਵਿਚ ਜਿਨ੍ਹਾਂ ਲੋਕਾਂ ਦੇ ਨਾਂ ਹਨ, ਉਹ ਇਸ ਤਰ੍ਹਾਂ ਹਨ : ਪੰਜਾਬ ਦੇ ਡਿਪਟੀ ਚੀਫ ਮਨਿਸਟਰ ਸੁਖਬੀਰ ਸਿੰਘ ਬਾਦਲ, ਕੇਂਦਰ ਵਿਚ ਵਿਦੇਸ਼ੀ ਮਹਿਕਮਿਆਂ ਦੀ ਸਟੇਟ ਮਨਿਸਟਰ ਸ਼੍ਰੀਮਤੀ ਪ੍ਰਨੀਤ ਕੌਰ (ਪਤਨੀ ਕੈਪਟਨ ਅਮਰਿੰਦਰ ਸਿੰਘ), ਮਨਪ੍ਰੀਤ ਸਿੰਘ ਬਾਦਲ, ਮਨੋਰੰਜਨ ਕਾਲੀਆ, ਤੀਕਸ਼ਣ ਸੂਦ, ਸਪੀਕਰ ਨਿਰਮਲ ਸਿੰਘ ਕਾਹਲੋਂ, ਡਿਪਟੀ ਸਪੀਕਰ ਸਤਪਾਲ ਗੋਸਾਈਂ, ਸਾਬਕਾ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ, ਰਤਨ ਸਿੰਘ ਅਜਨਾਲਾ, ਅਵਤਾਰ ਹੈਨਰੀ, ਇੰਦਰਜੀਤ ਸਿੰਘ ਜੀਰਾ, ਅਜੈਬ ਸਿੰਘ ਮੁਖਮੈਲਪੁਰ, ਸਵਰਨ ਸਿੰਘ ਫਿਲੌਰ, ਅਵਤਾਰ ਸਿੰਘ ਬਰਾੜ, ਜਨਮੇਜਾ ਸਿੰਘ ਸੇਖੋਂ, ਗੁਲਜ਼ਾਰ ਸਿੰਘ ਰਣੀਕੇ, ਨੰਦ ਲਾਲ, ਅਰੁਣੇਸ਼ ਕੁਮਾਰ ਸ਼ਾਕਰ, ਹਰਦੇਵ ਸਿੰਘ ਅਰਸ਼ੀ, ਰਮੇਸ਼ ਚੰਦਰ ਡੋਗਰਾ, ਜੋਰਾ ਸਿੰਘ ਮਾਨ, ਓਮ ਪ੍ਰਕਾਸ਼ ਸੋਨੀ, ਸੁਖਦੇਵ ਸਿੰਘ ਢੀਂਡਸਾ, ਤਾਰਾ ਸਿੰਘ ਲਾਧਲ, ਰਣਜੀਤ ਸਿੰਘ ਬੱਲੀਆਂ, ਰਾਜ ਮਹਿੰਦਰ ਸਿੰਘ ਮਜੀਠਾ, ਜਗਜੀਤ ਸਿੰਘ, ਜਗਦੀਸ਼ ਸਾਹਨੀ, ਜਗਦੀਸ਼ ਸਿੰਘ ਗਰਚਾ, ਸਤਪਾਲ ਸੈਣੀ, ਕੰਵਰ ਜਗਜੀਤ ਸਿੰਘ ਅਤੇ ਬਲਦੇਵ ਕੁਮਾਰ ਚਾਵਲਾ ਆਦਿ।

ਇਸ ਰਿਪੋਰਟ ਬਾਰੇ ਪਿਛਲੇ ਦਿਨੀਂ ਕੁਝ ਸੰਗਠਨਾਂ ਨੇ ਗੰਭੀਰ ਚਰਚਾ ਕੀਤੀ ਤੇ ਭਾਰਤ ਦੇ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਹੈ ਕਿ ਬਾਦਲ ਸਰਕਾਰ ਨੂੰ ਫੌਰੀ ਤੌਰ 'ਤੇ ਬਰਤਰਫ ਕੀਤਾ ਜਾਵੇ ਅਤੇ ਪੰਜਾਬ ਦੇ ਗਵਰਨਰ ਨੂੰ ਵੀ ਇੱਥੋਂ ਹਟਾਇਆ ਜਾਵੇ। ਪੰਜਾਬ ਦੀ ਹਾਲਤ ਸੁਧਾਰਨ ਲਈ ਇਥੇ ਕੋਈ ਨੇਕ ਅਤੇ ਸੁਲਝੇ ਹੋਏ ਗਵਰਨਰ ਦੀ ਨਿਯੁਕਤੀ ਕਰਕੇ ਉਸ ਨਾਲ ਪਾਕ ਸਾਫ਼ ਦਾਮਨ ਵਾਲੇ ਸਲਾਹਕਾਰ ਲਗਾਏ ਜਾਣ, ਤਾਂ ਜੋ ਪੰਜਾਬ ਦੀ ਅਜੋਕੀ '84 ਕਿਸੇ ਹੱਦ ਤੱਕ ਕੱਟੀ ਜਾ ਸਕੇ। ਕਿਉਂਕਿ ਸ. ਮਨਮੋਹਨ ਸਿੰਘ ਹੁਰਾਂ ਬਾਰੇ ਇਹ ਆਮ ਚਰਚਾ ਹੈ ਕਿ ਉਹ ਭ੍ਰਿਸ਼ਟਾਚਾਰ ਮੁਕਤ ਹਨ ਅਤੇ ਗੁਰੂ ਨਾਨਕ ਵਿਚਾਰਧਾਰਾ ਵਿਚ ਵਿਸ਼ਵਾਸ ਰੱਖਦੇ ਹਨ ਜਿਸ ਨੂੰ ਮੁੱਖ ਰੱਖ ਕੇ ਅਸੀਂ ਮੰਗ ਕਰਦੇ ਹਾਂ ਕਿ ਮੌਜੂਦਾ ਬਾਦਲ ਸਰਕਾਰ ਦੀ ਬਰਤਰਫ਼ੀ ਪੰਜਾਬ ਅਤੇ ਸਿੱਖਾਂ ਦੇ ਕਾਇਆ-ਕਲਪ ਵਲ ਪਹਿਲਾ ਕਦਮ ਹੋਵੇਗੀ।


**Realtor & Mortgage Specialist**
**Bay Area & Central Valley**

ਚੰਗੀ ਜੁਗਤਤ-ਚਿੰਤਾ ਮੁਕਤਤ

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

**Refinance, Home Loan, SBA Loan**
(All at Best Rates)

**RAJ SINGH**
**Cell:510-452-7370**

Notary Free

ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।

MISSIONPEAK BROKERS, INC.

46560 Fremont Blvd.
Suite #111 Fremont,
CA 94538
singhrajpaul@yahoo.com



**ਡਾਇਮੰਡ ਹੇਅਰ ਕਟਿੰਗ ਸਲੂਨ**

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।



TONY

**For men, women & Children**

ਹੇਅਰ ਕੱਟ ਸਪੈਸ਼ਲ 8 ਡਾਲਰ

Make-up
Hair cut
Perm
Hair styler



Color
Facial, Threading
Bridal Make-up
Body Art (Henna)

26655 Mission Blvd.
Hayward, CA 94544

*Wednesday thru Monday 10 am to 7pm, Sunday 11 am to 6.00 pm Tuesday closed*

**Ph: 510-582-2472 Cell: (510) 825-0820**

## ਦੁਖਦੀ ਰਗ

# ਇਨਸਾਫ ਅਤੇ ਦੋਗਲੀ ਨੀਤੀ

**ਅਵਤਾਰ 'ਅੰਜਨ'***

3 ਨਵੰਬਰ ਨੂੰ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਸੀ। ਇਹ ਸੱਦਾ ਦਲ ਖ਼ਾਲਸਾ, ਦਮਦਮੀ ਟਕਸਾਲ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਖਾਲਸਾ ਐਕਸ਼ਨ ਕਮੇਟੀ, ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਅਤੇ ਅਕਾਲੀ ਦਲ (ਲੌਂਗੋਵਾਲ) ਵਲੋਂ ਸਾਂਝੇ ਤੌਰ 'ਤੇ ਦਿੱਤਾ ਗਿਆ ਸੀ। ਭਾਰਤੀ ਲੋਕਤੰਤਰ ਦੇ ਇਤਿਹਾਸ ਦੇ ਪੰਨਿਆਂ ਉਪਰ 1984 ਦੇ ਦੰਗੇ ਇਕ ਕਾਲਾ ਧੱਬਾ ਹਨ। ਇਹ ਦੰਗੇ ਜਿਸ ਸੋਚੀ ਸਮਝੀ ਸਾਜ਼ਿਸ਼ ਅਧੀਨ ਹੋਏ ਉਹ ਜੱਗ ਜ਼ਾਹਿਰ ਹੈ। ਪਰ 25 ਸਾਲ ਬੀਤ ਜਾਣ ਤੋਂ ਬਾਅਦ ਵੀ ਸਿੱਖ ਉਸ ਇਨਸਾਫ ਲਈ ਜੱਦੋ ਜਹਿਦ ਕਰ ਰਹੇ ਹਨ, ਜਿਸਦਾ ਫੈਸਲਾ ਭਾਰਤ ਦੀ ਨਿਆਂਪਾਲਿਕਾ ਨੂੰ ਉਸੇ ਰਫਤਾਰ ਨਾਲ ਕਰਨਾ ਚਾਹੀਦਾ ਸੀ, ਜਿਸ ਰਫ਼ਤਾਰ ਨਾਲ ਇੰਦਰਾ ਕੇਸ ਦੀ ਪੈਰਵਈ ਕਰਕੇ ਬੇਅੰਤ ਸਿੰਘ ਤੇ ਸਤਵੰਤ ਸਿੰਘ ਨੂੰ ਫਾਂਸੀ ਦਾ ਹੁਕਮ ਦਿੱਤਾ ਗਿਆ।

ਪੰਜਾਬ ਬੰਦ ਦੇ ਇਸ ਸੱਦੇ ਨੂੰ ਹਮਾਇਤ ਬਾਕੀ ਸਿੱਖ ਸੰਸਥਾਵਾਂ ਨੇ ਖੁੱਲ੍ਹੇ ਰੂਪ ਵਿਚ ਨਹੀਂ ਦਿਤੀ, ਇਹ ਇਕ ਦੁੱਖਦਾਈ ਗੱਲ ਸੀ। ਇਸ ਬੰਦ ਦੇ ਹੁੰਗਾਰੇ ਲਈ ਸਤੀਸ਼ ਕੁਮਾਰ ਗੁਜਰਾਲ, ਕੁਲਦੀਪ ਨੱਈਅਰ, ਦਿੱਲੀ ਦੇ ਕੁਝ ਹਿੰਦੂ ਸੰਗਠਨਾਂ ਅਤੇ ਮੁਸਲਿਮ ਭਾਈਚਾਰੇ ਨੇ ਵੀ ਆਪਣੀ ਆਵਾਜ਼ ਉਠਾਈ। ਬੰਦ ਦਾ ਸੱਦਾ ਦੇਣ ਵਾਲੇ ਆਗੂਆਂ ਨੇ ਇਥੋਂ ਤੱਕ ਕਿਹਾ ਕਿ ਉਹ ਆਉਣ ਵਾਲੇ ਸਮੇਂ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸੰਯੁਕਤ ਰਾਸ਼ਟਰ ਦੇ ਦਫਤਰ ਤੱਕ ਪਹੁੰਚ ਕਰਨਗੇ। ਇਹ ਕਦਮ ਹੋਰ ਵੀ ਸ਼ਲਾਘਾ ਭਰਿਆ ਹੋਵੇਗਾ ਜੇ ਬਾਕੀ ਸਿੱਖ ਸੰਸਥਾਵਾਂ ਇਕ ਮੰਚ 'ਤੇ ਇਕੱਠੀਆਂ ਹੋ ਕੇ ਇਨਸਾਫ ਦਾ ਹੋਕਾ ਦੇਣ।

ਇਸ ਇਨਸਾਫ ਦੀ ਜੰਗ ਵਿਚ ਸ਼ਾਮਿਲ ਹੋਣ ਲਈ ਜਦੋਂ ਅਵਤਾਰ ਸਿੰਘ ਮੱਕੜ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਦਾ ਜਵਾਬ ਸੀ ਕਿ ਉਨ੍ਹਾਂ ਨੂੰ ਕਿਸੇ ਵਲੋਂ ਪੰਜਾਬ ਬੰਦ ਦਾ ਸੱਦਾ ਨਹੀਂ ਮਿਲਿਆ। ਨਾਲੇ ਹਰ ਸੰਸਥਾ ਆਪਣੇ ਢੰਗ ਨਾਲ ਅਤਿਆਚਾਰ ਵਿਰੁਧ ਆਵਾਜ਼ ਉਠਾਉਣ ਲਈ ਸੁਤੰਤਰ ਹੈ। ਚੇਤੇ ਰਹੇ ਜਿਥੇ ਸਮੁਚੇ ਪੰਜਾਬ ਦੇ ਹਰ ਵਰਗ ਨੂੰ ਇਸ ਬੰਦ ਦੇ ਸੱਦੇ ਦੀ ਖ਼ਬਰ ਪਹੁੰਚ ਗਈ ਤਾਂ ਸ਼੍ਰੋਮਣੀ ਕਮੇਟੀ ਜੋ ਸਮੁੱਚੇ ਸੰਸਾਰ ਦੇ ਸਿੱਖਾਂ ਦੀ ਪ੍ਰਤੀਨਿਧਤਾ ਕਰਦੀ ਹੈ, ਨੇ ਆਪਣੇ ਸਾਰੇ ਦਫਤਰ ਬੰਦ ਕਿਉਂ ਨਹੀਂ ਕੀਤੇ। ਸਿਆਣੇ ਕਹਿੰਦੇ ਹਨ ਕਿ ਸ਼ੁਭ ਕੰਮ ਲਈ ਸਾਥ ਦੇਣ ਲੱਗਿਆਂ ਆਪਣੀ ਹਉਮੈ ਅਤੇ ਵਿਅਕਤੀਗਤ ਲੜਾਈ ਨੂੰ ਲਾਂਭੇ ਰੱਖ ਦੇਣਾ ਚਾਹੀਦਾ ਹੈ। ਇਹੀ ਸੰਦੇਸ਼ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ ਤੇ ਇਹੀ ਸਾਡੇ ਇਤਿਹਾਸ ਨੇ ਸਾਨੂੰ ਸਿਖਾਇਆ ਹੈ ਤਾਂ ਫਿਰ ਇਨਸਾਨ ਦੀ ਸਰਬਸਾਂਝੀ ਮੰਗ ਲਈ ਸ਼੍ਰੋਮਣੀ ਕਮੇਟੀ ਦਾ ਇਹ ਵਰਤਾਰਾ ਕਈ ਸ਼ੰਕਾਵਾਂ ਪੈਦਾ ਕਰਦਾ ਹੈ। ਇਕ ਪਾਸੇ ਸਿੱਖਾਂ ਦੇ ਸਭ ਤੋਂ ਵੱਡੇ ਮੁਦਈ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ ਤੇ ਦੂਜੇ ਪਾਸੇ ਸਿੱਖਾਂ ਨੂੰ ਇਨਸਾਫ ਦਿਵਾਉਣ ਵਾਲੀ ਆਵਾਜ਼ ਨਾਲ ਕੋਈ ਸੁਰ-ਸਾਂਝ ਪੈਦਾ ਨਹੀਂ ਕੀਤੀ ਜਾਂਦੀ।

ਪੰਜਾਬ ਦੇ ਪਿਛਲੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਨੌਜਵਾਨ ਪੀੜ੍ਹੀ ਨੂੰ ਮਾਰਨ, ਝੂਠੇ ਮੁਕਾਬਲੇ ਬਣਾਉਣ, ਅਣਪਛਾਤੀਆਂ ਲਾਸ਼ਾਂ ਸਾੜਨ ਆਦਿ, ਸਭਨਾਂ ਪਿੱਛੇ ਫੀਤੀਆਂ ਲਵਾਉਣ ਦੀ ਲਾਲਸਾ ਸਾਹਮਣੇ ਆਉਂਦੀ ਹੈ। ਜੇ ਇਸ ਫੀਤੀ ਲਵਾਉਣ ਦਾ ਝੂਠਾ ਤੇ ਫਰੇਬੀ ਲਾਲਚ ਨਾ ਹੁੰਦਾ ਤਾਂ ਕਦੇ ਵੀ ਥਾਣੇਦਾਰ ...ਸਿੰਘ ਨੇ ਆਪਣਾ ਹੀ ਭਰਾ ...ਸਿੰਘ ਨਾ ਮਾਰਿਆ ਹੁੰਦਾ।

ਇਸ ਸਿਵਲ ਜ਼ਿੰਦਗੀ ਤੋਂ ਹਟ ਕੇ ਆਉ ਵੇਖੀਏ ਰਾਜਨੀਤੀ ਵਿਚ ਕੀ ਹੁੰਦਾ ਰਿਹਾ ਹੈ। ਰਾਜਨੀਤੀ ਵਿਚ ਇਹ ਲਾਲਸਾ ਫੀਤੀ ਦੀ ਬਜਾਇ 'ਕੁਰਸੀ' ਵਿਚ ਬਦਲ ਜਾਂਦੀ ਹੈ। ਦਿੱਲੀ ਦੀਆਂ ਅਤਿਆਚਾਰ ਭਰੀਆਂ ਘਟਨਾਵਾਂ ਇਨ੍ਹਾਂ ਦੋਹਾਂ ਲਾਲਸਾਵਾਂ ਦਾ ਸੁਮੇਲ ਹਨ। ਪਰ ਦੁੱਖ ਦੀ ਗੱਲ ਕਿ ਸਿਵਲ ਵਾਲੇ ਤਾਂ ਵੱਡੇ ਅਫ਼ਸਰ ਨਿਯੁਕਤ ਹੋ ਗਏ ਤੇ ਰਾਜਨੀਤੀ ਵਾਲੇ ਕੈਬਨਿਟ ਨੇਤਾ ਬਣਾਏ ਗਏ। ਜਿਨ੍ਹਾਂ ਨੇ ਆਪਣੇ ਗਲਾਂ ਵਿਚ ਟਾਇਰ ਪਵਾ ਕੇ ਦਿਨ ਦਿਹਾੜੇ ਸ਼ਹੀਦੀਆਂ ਪਾਈਆਂ ਉਨ੍ਹਾਂ ਦੇ ਰਹਿੰਦੇ ਖੂਹੰਦੇ ਪਰਿਵਾਰਾਂ ਦੀ ਬਾਂਹ ਨਾ ਅਕਾਲੀ ਦਲਾਂ ਨੇ ਫੜੀ ਤੇ ਨਾ ਹੀ ਸਰਕਾਰ ਨੇ। ਉਹ ਅੱਜ ਵੀ 25 ਸਾਲਾਂ ਬਾਅਦ ਇਨਸਾਫ ਲਈ ਸੰਘਰਸ਼ਸ਼ੀਲ ਹਨ। ਇਹ ਸਭ ਸਾਡੇ ਅਕਾਲੀ ਲੀਡਰਾਂ ਦੀ ਦੋਗਲੀ ਨੀਤੀ ਦਾ ਨਤੀਜਾ ਹੈ।

27 ਸਾਲ ਪਹਿਲਾਂ ਪਟਿਆਲੇ ਦੇ ਪਿੰਡ ਕਪੂਰੀ ਵਿਚ 'ਪਾਣੀਆਂ ਦਾ ਮੋਰਚਾ' ਲਗਾਇਆ ਗਿਆ ਸੀ। ਆਪਣੀ ਆਪਣੀ ਪਹਿਚਾਣ ਅਤੇ 'ਕੁਰਸੀ' ਦੇ ਸਬਜ਼ਬਾਗ ਨੇ ਇਸ ਮੋਰਚੇ ਨੂੰ ਪਾਣੀਆਂ ਦੇ ਮੋਰਚੇ ਤੋਂ ਬਦਲ ਕੇ 'ਧਰਮ ਯੁਧ ਮੋਰਚੇ' ਵਿਚ ਬਦਲ ਦਿੱਤਾ। ਇਸ ਦੋਗਲੀ ਨੀਤੀ ਦੇ ਸੁਪਰਮੈਨ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਗਿਆਨੀ ਜ਼ੈਲ ਸਿੰਘ ਸਨ। ਸ. ਬਾਦਲ ਗਿਆਨੀ ਜ਼ੈਲ ਸਿੰਘ ਦੀ ਖ਼ਬਰਸਾਰ ਚੁੱਪਕੇ-ਚੁੱਪਕੇ ਲੈਂਦੇ ਸਨ। ਦੂਜੇ ਪਾਸੇ ਗਿਆਨੀ ਜੀ ਸ. ਗੁਰਚਰਨ ਸਿੰਘ ਟੌਹੜਾ ਨੂੰ ਆਪਣਾ ਥਾਪੜਾ ਦਿੰਦੇ ਸਨ। ਇਕ ਪਾਸੇ ਟੌਹੜਾ ਅਤੇ ਦਰਬਾਰਾ ਸਿੰਘ ਗਿਆਨੀ ਜੀ ਤੱਕ ਆਪਣੀ-ਆਪਣੀ ਪਹੁੰਚ ਅਨੁਸਾਰ ਪੰਜਾਬ ਦੀ ਤਾਜ਼ਾ ਸਥਿਤੀ ਪਹੁੰਚਾਣ ਲਈ ਤੱਤਪਰ ਰਹਿੰਦੇ ਸਨ ਤੇ ਦੂਜੇ ਪਾਸੇ ਬਾਦਲ ਸਾਹਿਬ ਅਤੇ ਟੌਹੜਾ ਸਾਹਿਬ ਧਰਮ ਯੁੱਧ ਦੀ ਆੜ ਵਿਚ ਪੰਜਾਬ ਦੀ ਚੀਫ ਮਨਿਸਟਰੀ ਲਈ ਯਤਨਸ਼ੀਲ ਸਨ। ਜਦੋਂ ਮੋਰਚੇ ਦੀ ਚਾਬੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਆਪਣੇ ਕਬਜ਼ੇ ਵਿਚ ਕਰ ਲਈ ਤਾਂ ਦੋਵੇਂ ਧੜੇ ਆਪਣਾ ਪ੍ਰਭਾਵ ਨਾ ਜੰਮਦਾ ਦੇਖਦੇ ਹੋਏ ਮੋਨ ਧਾਰ ਕੇ ਬੈਠ ਗਏ। ਦੋਵੇਂ ਧੜੇ ਹੀ ਸੰਤਾਂ ਨੂੰ ਕਾਂਗਰਸ ਦਾ ਏਜੰਟ ਕਹਿ ਕੇ ਭੰਡਦੇ ਰਹੇ। ਇਸੇ ਹੀ ਸੁਰ ਨੂੰ ਕਾਂਗਰਸ ਨੇ ਵੀ ਇਸੇ ਰੂਪ ਵਿਚ ਹੀ ਆਪਣਾ ਕੇ ਇਹ ਕਹਿ ਦਿੱਤਾ ਕਿ ਸੰਤ ਭਿੰਡਰਾਵਾਲਾ ਅਕਾਲੀਆਂ ਦਾ ਆਪਣਾ ਬੰਦਾ ਹੈ। ਪੱਚੀ ਸਾਲ ਬੀਤ ਗਏ ਹਨ ਪਰ ਅਕਾਲੀਆਂ ਤੇ ਕਾਂਗਰਸੀਆਂ ਦਾ ਦੂਸ਼ਣ ਰਾਗ ਉਂਜ ਹੀ ਵੱਜ ਰਿਹਾ ਹੈ। ਪਰ ਅੰਦਰਖਾਤੇ ਕਾਂਗਰਸੀਆਂ ਦੀ ਪਹੁੰਚ ਜਾਂ ਨੇੜਤਾ ਜਿਨ੍ਹਾਂ ਵੀ ਸਿੱਖ ਨੇਤਾਵਾਂ ਤੱਕ ਸੀ ਉਨ੍ਹਾਂ ਨੂੰ ਆਪਣੇ ਲਈ ਵਰਤਣ ਵਿਚ ਉਨ੍ਹਾਂ ਨੇ ਕੋਈ ਕਸਰ ਨਹੀਂ ਛੱਡੀ।

ਪਹਿਲਾਂ ਦਿੱਲੀ ਦੇ ਜਥੇਦਾਰ ਸੰਤੋਖ ਸਿੰਘ ਰਾਹੀਂ ਰਾਜਨੀਤਕ ਤਾਲਮੇਲ ਰੱਖਿਆ ਜਾਂਦਾ ਸੀ। ਅੱਜ ਦੇ ਹਾਲਾਤ ਵਿਚ ਇਹੀ ਰੋਲ ਦਿੱਲੀ ਕਮੇਟੀ ਦੇ ਪ੍ਰਧਾਨ ਸਰਨਾ ਕੋਲੋਂ ਅਦਾ ਕਰਾਇਆ ਜਾ ਰਿਹਾ ਹੈ। ਪਰ ਜਦੋਂ ਸਿੱਖਾਂ ਨੂੰ ਇਨਸਾਫ਼ ਦੀ ਚਰਚਾ ਹੁੰਦੀ ਹੈ ਤਾਂ ਉਸ ਵਿਚ ਅਦਾ ਕੀਤੀਆਂ ਜਾਣ ਵਾਲੀਆਂ ਭੂਮਿਕਾਵਾਂ ਵਿਚ ਨਾ ਤਾਂ ਸਰਨਾ ਕਿਧਰੇ ਨਜ਼ਰ ਆਉਂਦਾ ਹੈ ਤੇ ਨਾ ਹੀ ਪੰਜਾਬ ਦੇ ਮੋਢੀ ਅਕਾਲੀ ਕਿਉਂਕਿ ਦੋਵੇਂ ਹੀ ਦੋਹਰੇ ਮਾਪਦੰਡ ਵਰਤ ਰਹੇ ਹਨ। ਪਹਿਲਾਂ ਜੇਕਰ ਦੂਜੀ ਵਾਰ ਬਣੇ ਮੁੱਖ ਮੰਤਰੀ ਨੇ ਕਾਂਗਰਸੀ ਗਿਆਨੀ ਜੀ ਨਾਲ ਆਪਣੀ ਸਾਂਝ ਗੁਪਤ ਰੂਪ ਵਿਚ ਜਾਰੀ ਰੱਖੀ ਸੀ ਤਾਂ ਅੱਜ ਦੀ ਘੜੀ ਹਿੰਦੂ ਰਾਸ਼ਟਰ ਦਾ ਸੁਪਨਾ ਦੇਖਣ ਵਾਲੇ ਨੇਤਾਵਾਂ ਨਾਲ ਬਾਦਲ ਦੀ 'ਸਕੇ ਭਰਾਵਾਂ' ਵਾਲੀ ਸਾਂਝ ਜਾਰੀ ਹੈ। ਜੇ ਇਸ ਸਾਂਝ ਵਿਚ ਸੱਚਾਈ ਸ਼ਾਮਿਲ ਹੁੰਦੀ ਤਾਂ ਬਾਦਲ ਸਾਹਿਬ ਪਾਸ ਉਸ ਸਮੇਂ ਸਭ ਤੋਂ ਵਧੀਆ ਮੌਕਾ ਸੀ ਸਿੱਖਾਂ ਲਈ ਇਨਸਾਫ ਮੰਗਣ ਦਾ ਜਦੋਂ ਅਡਵਾਨੀ ਅਤੇ ਵਾਜਪਾਈ ਕੇਂਦਰ ਸਰਕਾਰ ਦੇ ਮਾਲਕ ਸਨ। ਪਰ ਅਜਿਹਾ ਕਦੇ ਨਾ ਵਾਪਰਿਆ ਤੇ ਨਾ ਹੀ ਅਕਾਲੀਆਂ ਦਾ ਜਥਾ ਸਮੂਹਿਕ ਰੂਪ ਵਿਚ ਇਕੱਠੇ ਹੋ ਕੇ ਵਾਜਪਾਈ ਨੂੰ ਮਿਲਿਆ।

ਦੋਗਲੀ ਨੀਤੀ ਕਾਰਨ ਅਸੀਂ ਕਦੇ ਵੀ ਕਿਸੇ ਦੇ ਸਕੇ ਭਰਾ ਜਾਂ ਜਾਨੀ ਦੁਸ਼ਮਣ ਬਣ ਸਕਦੇ ਹਾਂ। ਇਕ ਪਾਸੇ ਕੱਟੜਪੰਥੀ ਸੰਤਾਂ ਦੇ ਡਰੋਂ ਕੁੱਝ ਨਹੀਂ ਬੋਲਦੇ ਤੇ ਦੂਜੇ ਪਾਸੇ ਨਿਰੰਕਾਰੀਆਂ ਅਤੇ ਰਾਧਾ ਸਵਾਮੀਆਂ ਨਾਲ ਸੈਨਤ ਮਿਲਾ ਕੇ ਚੱਲ ਸਕਦੇ ਹਾਂ। (ਬਠਿੰਡਾ ਚੋਣ ਤੋਂ ਬਾਅਦ ਪੂਰਾ ਬਾਦਲ ਕਾਫਲਾ ਬਿਆਸ ਡੇਰੇ ਵਿਚ ਧੰਨਵਾਦ ਕਰਨ ਪਹੁੰਚਿਆ ਸੀ।)

ਪੰਜਾਬ ਬੰਦ ਵਾਲੇ ਦਿਨ ਸਵੇਰੇ-ਸਵੇਰੇ ਪਿੰਡਾਂ ਦੀਆਂ ਪੰਚਾਇਤਾਂ ਵਲੋਂ ਲਾਊਡ ਸਪੀਕਰਾਂ ਉਪਰ ਇਹ ਘੋਸ਼ਣਾ ਕਰਵਾਈ ਗਈ ਕਿ ਸਭ ਸਕੂਲ ਖੁਲ੍ਹੇ ਹਨ ਅਤੇ ਸਭ ਸਰਕਾਰੀ ਅਦਾਰਿਆਂ ਵਿਚ ਕੰਮ ਕਾਜ ਠੀਕ ਆਮ ਦੀ ਤਰ੍ਹਾਂ ਹੀ ਚਲਦਾ ਰਹੇਗਾ। ਇਹ ਹੁਕਮ ਜ਼ਾਹਿਰ ਹੈ ਪਿੰਡਾਂ ਦੇ ਸਰਪੰਚਾਂ ਦਾ ਨਹੀਂ ਸੀ ਬਲਕਿ ਪੰਜਾਬੀ ਸੂਬੇ ਦੀ ਬਾਦਲ ਸਰਕਾਰ ਦਾ ਸੀ। ਪਰ ਬੰਦ ਦੇ ਭਰਵੇਂ ਹੁੰਗਾਰੇ ਦੀਆਂ ਖ਼ਬਰਾਂ ਸਭ ਚੈਨਲਾਂ ਅਤੇ ਸਾਰੇ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਗਈਆਂ। ਬਾਦਲ ਨੇ ਪੰਜਾਬ ਬੰਦ ਨੂੰ ਅਮਨਪੂਰਵਕ ਨੇਪਰੇ ਚਾੜ੍ਹਨ ਲਈ ਪੰਜਾਬੀ ਲੋਕਾਂ ਦਾ ਧੰਨਵਾਦ ਵੀ ਕਰ ਦਿੱਤਾ। ਧੰਨ ਹੈ ਰਾਜਨੀਤੀ।

ਬੰਦ ਸੰਬੰਧੀ ਆਪਣੀਆਂ ਮੰਗਾਂ ਨੂੰ ਉਜਾਗਰ ਕਰਨ ਲਈ ਕਿਸਾਨ ਆਗੂ ਰਾਜੇਵਾਲ ਦੀ ਅਗਵਾਈ ਵਿਚ ਪੰਜਾਬ ਦੇ ਰਾਜਪਾਲ (ਜੋ ਖ਼ੁਦ ਘੁਟਾਲਿਆਂ ਵਿਚ ਘਿਰਿਆ ਹੋਇਆ ਹੈ) ਨੂੰ ਸਿੱਖਾਂ ਨੇ ਮੰਗ ਪੱਤਰ ਦਿਤਾ। ਇਕ ਹੋਰ ਮੰਗ ਪੱਤਰ ਦਿੱਲੀ ਦੇ ਸਿੱਖ ਕਤਲੇਆਮ ਦੇ ਗਵਾਹ ਹਰਵਿੰਦਰ ਸਿੰਘ ਕੋਹਲੀ ਅਤੇ ਬਲਜੀਤ ਸਿੰਘ ਬਾਜਵਾ ਦੀ ਅਗਵਾਈ ਵਿਚ ਲਿਖਿਆ ਗਿਆ। ਸਿੱਖਾਂ ਦਾ ਇਕ ਜਥਾ ਚੰਡੀਗੜ੍ਹ ਦੇ ਸੈਕਟਰ-8 ਦੇ ਗੁਰਦਵਾਰਾ ਤੋਂ ਸ. ਕੋਹਲੀ ਦੀ ਅਗਵਾਈ ਵਿਚ ਮੰਗ ਪੱਤਰ ਲੈ ਕੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰੀ ਕੋਠੀ ਦੇਣ ਗਿਆ। ਇਸ ਜਥੇ ਨਾਲ ਕੀ ਵਾਪਰਿਆ?

ਸਭ ਤੋਂ ਪਹਿਲਾਂ ਇਨ੍ਹਾਂ ਇਨਸਾਫ ਮੰਗਣ ਵਾਲਿਆਂ ਨੂੰ ਸਰਕਾਰੀ ਕੋਠੀ ਦੇ ਬਾਹਰ ਇਕ ਘੰਟਾ ਬਿਠਾਈ ਰੱਖਿਆ। ਇਕ ਘੰਟੇ ਦੇ ਇੰਤਜ਼ਾਰ ਤੋਂ ਬਾਅਦ ਹੀ ਕੋਠੀ ਦੇ ਪ੍ਰਬੰਧਕਾਂ ਨੂੰ ਪੱਤਾ ਲੱਗਾ ਕਿ ਬਾਦਲ ਸਾਹਿਬ ਤਾਂ ਘਰ ਹੀ ਨਹੀਂ। ਸੋ ਬਾਹਰ ਬੈਠੇ ਸੱਜਣਾਂ ਨੂੰ ਗੱਲੋਂ ਲਾਹੁਣ ਲਈ ਕਿਹਾ ਗਿਆ, 'ਮੁੱਖ ਮੰਤਰੀ ਜੀ ਚੰਡੀਗੜ੍ਹ ਵਿਚ ਹੀ ਨਹੀਂ ਹਨ।'

ਸ਼ੁਕਰਾਨਾ ਕਰਦਿਆਂ ਸ. ਕੋਹਲੀ ਨੇ ਇਹ 'ਸੱਜਣ ਕੁਮਾਰ ਵਿਰੋਧੀ' ਮੰਗ ਪੱਤਰ ਬਾਦਲ ਸਾਹਿਬ ਦੇ ਓ.ਐਸ.ਡੀ. ਸ੍ਰੀ ਐਨ.ਐਸ. ਸੰਘਾ ਨੂੰ ਪ੍ਰਵਾਨ ਕਰਨ ਦੀ ਬੇਨਤੀ ਕੀਤੀ। ਪ੍ਰੰਤੂ ਸ੍ਰੀ ਸੰਘਾ ਨੇ ਵੀ ਇਹ ਮੰਗ ਪੱਤਰ ਫੜਨ ਤੋਂ ਇਨਕਾਰ ਕਰ ਦਿਤਾ। ਅੰਤ ਵਿਚ ਸ. ਬਾਜਵਾ ਤੇ ਕੋਹਲੀ ਨੇ ਜੋਦੜੀ ਕੀਤੀ ਕਿ ਸਾਨੂੰ ਇਹ ਮੰਗ ਪੱਤਰ ਸਰਕਾਰੀ ਰਿਹਾਇਸ਼ ਦੇ ਮੁੱਖ ਦੁਆਰ 'ਤੇ ਹੀ ਚਿਪਕਾਉਣ ਦੇ ਦਿਉ ਤਾਂ ਕਿ ਜਦੋਂ ਵੀ ਮੁੱਖ ਮੰਤਰੀ ਸਾਹਿਬ ਬਾਹਰੋਂ ਆਉਣ ਤਾਂ ਸਰਕਾਰੀ ਕੋਠੀ ਵਿਚ ਪੈਰ ਪਾਉਣ ਤੋਂ ਪਹਿਲਾਂ ਇਸ ਮੰਗ ਪੱਤਰ ਵਿਚ ਮੰਗੀ ਇਨਸਾਫ ਦੀ ਪੁਕਾਰ ਪੜ੍ਹ ਲੈਣ। ਪਰ ਉਨ੍ਹਾਂ ਨੂੰ ਅਜਿਹਾ ਕਰਨ ਦੀ ਵੀ ਇਜਾਜ਼ਤ ਨਹੀਂ ਦਿੱਤੀ ਗਈ।

ਇਸ ਘਟਨਾ ਤੋਂ ਬਾਅਦ ਮੈਂ ਦੋ ਘਟਨਾਵਾਂ ਹੋਰ ਪਾਠਕਾਂ ਨਾਲ ਸਾਂਝੀਆਂ ਕਰਨਾ ਚਾਹੁੰਦਾ ਹਾਂ। ਦਿੱਲੀ ਦੀਆਂ ਸੰਗਤਾਂ ਵਲੋਂ 8 ਨਵੰਬਰ ਨੂੰ ਪੂਰੀ ਦਿੱਲੀ ਵਿਚ 84 ਦੇ ਸਿੱਖ ਕਤਲੇਆਮ ਵਿਚ ਮਾਰੇ ਗਏ ਸ਼ਹੀਦਾਂ ਦੀ ਯਾਦ ਵਿਚ, ਬਾਕੀ ਸਭ ਧਰਮਾਂ ਦੇ ਪੈਰੋਕਾਰਾਂ ਨਾਲ ਮਿਲ ਕੇ 'ਸ਼ਾਂਤੀ ਅਰਦਾਸ' ਸਮਾਗਮ ਉਲੀਕੇ ਗਏ ਸਨ। ਇਸੇ ਤਰਜ਼ 'ਤੇ ਪੰਜਾਬ ਵਿਚ ਵੀ ਵੱਖ-ਵੱਖ ਗੁਰਦੁਆਰਿਆਂ ਵਿਚ ਸ਼ਹੀਦਾਂ ਦੀ ਆਤਮਿਕ ਸ਼ਾਂਤੀ ਨਮਿਤ ਅਖੰਡ ਪਾਠਾਂ ਦੇ ਭੋਗ ਪਾਏ ਗਏ। ਦਿੱਲੀ ਦੇ ਗ੍ਰੇਟਰ ਕੈਲਾਸ਼ ਸਥਿਤ ਗੁਰਦੁਆਰੇ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਨੇ ਹਾਜ਼ਰੀ ਲਗਵਾਈ। ਹਾਜ਼ਰੀ ਤੋਂ ਬਾਅਦ ਵੱਖ-ਵੱਖ ਚੈਨਲਾਂ ਦੇ ਕੈਮਰਿਆਂ ਅੱਗੇ ਸ. ਬਾਦਲ ਨੇ 'ਸਿੱਖ ਕਤਲੇਆਮ-84' ਨੂੰ ਤੀਜੇ ਘੱਲੂਘਾਰੇ ਦਾ ਨਾਮ ਦਿਤਾ। ਨਾਲ ਹੀ ਪਹਿਲੇ ਦੋ ਘਲੂਘਾਰਿਆਂ ਦੀ ਸੰਖੇਪ ਇਤਿਹਾਸਕ ਜਾਣਕਾਰੀ ਵੀ ਟੀ.ਵੀ. ਰਿਪੋਰਟਰਾਂ ਨੂੰ ਸੁਣਾਈ।

ਪੀੜਤ ਪਰਿਵਾਰਾਂ ਦੇ ਹਜੂਮ ਵਿਚ ਇਨਸਾਫ ਮੰਗਣ ਵਾਲੇ ਬਿਆਨਾਂ ਦੀ ਚਰਖੜੀ ਵੀ ਘੁਮਾਈ ਗਈ। ਇਧਰ ਪੰਜਾਬ ਵਿਚ ਉਪ ਮੁੱਖ ਮੰਤਰੀ ਨੇ ਪਟਿਆਲਾ ਦੇ ਇਤਿਹਾਸਕ ਗੁਰਦੁਆਰੇ ਦੂਖ ਨਿਵਾਰਨ ਸਾਹਿਬ ਵਿਚ ਆਪਣੀ ਹਾਜ਼ਰੀ ਲਵਾਉਂਦਿਆਂ ਕਿਹਾ, 'ਜਦੋਂ ਤੱਕ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲ ਜਾਂਦੀਆਂ ਉਦੋਂ ਤੱਕ ਅਸੀਂ ਆਪਣੀ ਲੜਾਈ ਅਤੇ ਦੰਗਾਂ ਪੀੜਤਾਂ ਦੀ ਸਹਾਇਤਾ ਜਾਰੀ ਰੱਖਾਂਗੇ।' ਪਾਠਕਾਂ ਨੂੰ ਯਾਦ ਰਹੇ ਕਿ ਇਨ੍ਹਾਂ ਸਮਾਗਮਾਂ ਤੋਂ ਸਿਰਫ 24 ਦਿਨ ਪਹਿਲਾਂ ਭਾਵ 15 ਅਕਤੂਬਰ ਨੂੰ ਡੇਰਾਬਸੀ ਵਿਖੇ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਸੰਗਤ ਦਰਸ਼ਨ ਦਾ ਪ੍ਰੋਗਰਾਮ ਰੱਖਿਆ ਗਿਆ ਸੀ। ਇਸ ਸੰਗਤ ਦਰਸ਼ਨ ਦੌਰਾਨ ਵੀ ਸਿੱਖ ਪਰਿਵਾਰਾਂ ਵਲੋਂ ਇਨਸਾਫ ਲੈਣ ਲਈ ਇਕ ਮੰਗ ਪੱਤਰ ਦਿੱਤਾ ਗਿਆ ਸੀ। ਇਸ ਮੰਗ ਪੱਤਰ ਦੇ ਜਵਾਬ ਵਿਚ ਸ. ਬਾਦਲ ਨੇ ਕਿਹਾ ਸੀ- 'ਤੁਸੀਂ ਲੋਕ 25 ਸਾਲ ਬੀਤ ਜਾਣ ਤੋਂ ਬਾਅਦ ਵੀ ਆਪਣਾ ਇਨਸਾਫ ਲੈਣ ਤੋਂ ਨਹੀਂ ਹੱਟ ਰਹੇ। ਇਨਸਾਫ ਕੇਂਦਰ ਸਰਕਾਰ ਤੋਂ ਮੰਗੋ।'

ਜਦੋਂ ਜ਼ੋਰ ਪਾ ਕੇ ਕਿਹਾ ਗਿਆ ਕਿ ਸਾਡਾ ਪਰਿਵਾਰ ਕਤਲੇਆਮ ਦੌਰਾਨ ਜਿੰਦਾ ਅੱਗ ਦੀ ਭੇਟ ਕਰ ਦਿਤਾ ਗਿਆ ਸੀ। ਤਾਂ ਇਸ ਦਾ ਜਵਾਬ ਮੁੱਖ ਮੰਤਰੀ ਨੇ ਪਲਟਦਿਆਂ ਕਿਹਾ, 'ਤੁਹਾਨੂੰ ਇਨਸਾਫ ਦਿਵਾਉਣ ਲਈ ਡੇ...ਅ...ਅ...ਡੀ ਕਾਰਵਾਈ ਕੀਤੀ ਜਾਵੇਗੀ।' ਡੇਰਾਬਸੀ ਦਾ ਸੰਗਤ ਦਰਸ਼ਨ ਖ਼ਤਮ ਅਤੇ ਇਨਸਾਫ ਦੀ ਮੰਗ ਵੀ ਖ਼ਤਮ।

ਸਮੁੱਚਾ ਸਿੱਖ ਜਗਤ ਹੀ ਨਹੀਂ ਦਿੱਲੀ ਅਤੇ ਸੰਸਾਰ ਦਾ ਹਰ ਮਨੁੱਖ ਜੋ ਇਨਸਾਨੀਅਤ ਵਿਚ ਵਿਸ਼ਵਾਸ ਰੱਖਦਾ ਹੈ, ਇਸ ਘਿਨਾਉਣੇ ਕਤਲੇਆਮ ਦੀ ਨਿੰਦਾ ਕਰਦਾ ਹੈ। ਜੋ ਏਕਾ ਸਿੱਖ ਸੰਸਥਾਵਾਂ ਵਲੋਂ ਇਨਸਾਫ ਦੀ ਮੰਗ ਨੂੰ ਲੈ ਕੇ ਪੰਜਾਬ ਬੰਦ ਦੇ ਰੂਪ ਵਿਚ ਦੇਖਣ ਨੂੰ ਮਿਲਿਆ ਉਹ ਬਹੁਤ ਹੀ ਸਲਾਹੁਣਯੋਗ ਹੈ। ਸਮੁੱਚੀਆਂ ਦੇਸੀ ਅਤੇ ਵਿਦੇਸ਼ੀ ਸਿੱਖ ਸੰਸਥਾਵਾਂ ਨੂੰ ਇੱਕ ਮੰਚ ਉਪਰ ਇਕੱਠੇ ਹੋ ਕੇ ਬਾਕੀ ਧਾਰਮਿਕ ਜਥੇਬੰਦੀਆਂ ਦਾ ਵੀ ਸਾਥ ਹਾਸਿਲ ਕਰਨਾ ਚਾਹੀਦਾ ਹੈ। ਦਰਦ ਨਾਲ ਪੀੜਤ ਸਿੱਖਾਂ ਨੂੰ ਵੀ ਹੌਸਲਾ ਹੋਵੇਗਾ ਕਿ ਬਾਕੀ ਸਿੱਖ ਕੌਮ ਇਨਸਾਫ ਲੈਣ ਲਈ ਉਨ੍ਹਾਂ ਨਾਲ ਮੋਢਾ ਲਾ ਕੇ ਖੜੀ ਹੈ। ਕੁਰਸੀ ਯੁੱਧ ਵਿਚੋਂ ਨਾ ਇਨਸਾਫ ਕਦੇ ਮਿਲਿਆ ਹੈ ਅਤੇ ਨ ਹੀ ਮਿਲਣ ਦੀ ਉਮੀਦ ਕੀਤੀ ਜਾ ਸਕਦੀ ਹੈ। ਭ੍ਰਿਸ਼ਟਾਚਾਰ ਵਿਚ ਗਲਤਾਨ ਹੋਏ ਭ੍ਰਿਸ਼ਟਾਚਾਰੀ ਲੀਡਰ, ਨੇਤਾ ਨਹੀਂ ਬਲਕਿ ਭੇੜੀਏ ਹਨ, ਜੋ ਹਰ ਢੁਕਵੇਂ ਹਾਲਾਤ ਵਿਚ ਢੁਕਵੇਂ ਬਿਆਨ ਦੇਣਾ ਜਾਣਦੇ ਹਨ। ਜਦੋਂ ਨੁਕਸਾਨ ਹੁੰਦਾ ਹੈ ਤਾਂ 'ਆਮ' ਮਨੁੱਖ ਨੂੰ। ਇਨ੍ਹਾਂ ਨੇਤਾਵਾਂ ਦੀ ਦੋਗਲੀ ਨੀਤੀ ਸਾਹਮਣੇ ਆਮ ਮਨੁੱਖ ਦੀ ਕੋਈ ਹੈਸੀਅਤ ਨਹੀਂ, ਭਾਵੇਂ ਉਹ ਸਿੱਖ ਹੋਵੇ, ਹਿੰਦੂ ਹੋਵੇ, ਬੋਧੀ ਜਾਂ ਜੈਨੀ।

**ਸਾਊਥ ਕੈਰੋਲਾਈਨਾ*

## ਕਾਵਿ-ਮੰਚ



### ਨਵਾਂ ਗੁਰਦੁਆਰਾ

ਪੰਜ ਸੱਤ ਬੰਦੇ 'ਕੱਠੇ ਹੋ ਕੇ
ਮੀਟਿੰਗ ਸੀ ਪਏ ਕਰਦੇ,
ਇਕ ਦੋ ਬੰਦੇ ਬਾਹਰੋਂ ਆ ਗਏ
ਕੁਝ ਜੀਅ ਆ ਗਏ ਘਰ ਦੇ।
ਬਿਜਨਸ ਬਾਹਲੇ ਮੰਦੇ ਪੈ ਗਏ
ਬਚਦਾ ਨਹੀਂ ਕੋਈ ਪੈਸਾ,
ਵਾਰੇ ਨਿਆਰੇ ਹੋ ਜਾਣ ਸਭ ਦੇ
ਕਰੀਏ ਕੰਮ ਕੋਈ ਐਸਾ।
ਜੌਬਾਂ ਸਭ ਦੀਆਂ ਖੁੱਸਦੀਆਂ ਜਾਵਣ
ਬਿਪਤਾ ਪੈ ਗਈ ਭਾਰੀ,
ਰੋਟੀ ਪਾਣੀ ਤੁਰਦਾ ਜਾਵੇ,
ਐਸੀ ਕਰੀਏ ਤਿਆਰੀ।
ਗੈਸ ਸਟੇਸ਼ਨ, ਸੈਵਨ ਅਲੈਵਨ,
ਲਿੱਕਰ ਪੈ ਗਏ ਮੰਦੇ,
ਹੁਣ ਤੇ ਓਹੀਓ ਬਚ ਸਕਦਾ
ਜੋ ਕਰੇਗਾ ਕਾਲੇ ਧੰਦੇ।
ਸਭ ਨੇ ਰੋਇਆ ਆਪਣਾ ਰੋਣਾ
ਆਪਣੀ ਆਪਣੀ ਵਾਰੀ,
ਨਵਾਂ ਬਣਾਈਏ ਗੁਰਦੁਆਰਾ
ਸਭ ਨੇ ਕੀਤੀ ਤਿਆਰੀ।
ਜੇਕਰ ਬਣ ਗਿਆ ਗੁਰਦੁਆਰਾ
ਮੁੱਕ ਜਾਣਾ ਸਭ ਰੋਣਾ,
ਇਹਦੇ ਨਾਲੋਂ ਵਧੀਆ ਬਿਜਨਸ
ਹੋਰ ਨਾ ਕੋਈ ਹੋਣਾ।
ਮੈਂ ਪ੍ਰਧਾਨ ਤੇ ਇਹ ਖਜ਼ਾਨਚੀ
ਤੂੰ ਬਣ ਜਾਈਂ ਸੈਕਟਰੀ,
ਮੇਰੇ ਘਰ ਦੇ ਨੇੜੇ ਹੀ
ਇਕ ਪਈ ਏ ਬੰਦ ਫੈਕਟਰੀ।
ਉਸ ਫੈਕਟਰੀ ਦਾ ਸੌਦਾ ਕਰਕੇ
ਕੰਮ ਮੁਕਾਈਏ ਛੇਤੀ,
ਕੰਧਾਂ ਨੂੰ ਵੀ ਕੰਨ ਹੁੰਦੇ ਨੇ,
ਸੁਣ ਨਾ ਲਵੇ ਕੋਈ ਭੇਤੀ।
ਬਣ ਜਾਏ ਜੇਕਰ ਗੁਰਦੁਆਰਾ
ਐਸ਼ ਹੀ ਐਸ਼ ਹੈ ਹੋਣੀ,
ਲੀਡਰ ਬਣ ਕੇ ਮੌਜਾਂ ਲੁੱਟੀਏ
ਜ਼ਿੰਦਗੀ ਲੰਘ ਜਾਊ ਸੋਹਣੀ।
ਰੱਬ ਤੋਂ ਇਥੇ ਡਰਦਾ ਕੋਈ ਨਹੀਂ
ਅਸੀਂ ਵੀ ਕਾਹਨੂੰ ਡਰੀਏ,
ਗੋਲਕ ਉਤੇ ਚਲਦੀਆਂ ਮੌਜਾਂ,
ਅਸੀਂ ਵੀ ਮੌਜਾਂ ਕਰੀਏ।
ਆਪਣੇ ਹੀ ਅਸੀਂ ਹੁਕਮ ਚਲਾਉਣੇ,
ਆਪਣੀ ਹੀ ਮਰਿਆਦਾ,
ਧੌਣ ਉਸ ਦੀ ਭੰਨ ਦੇਵਾਂਗੇ
ਜੇ ਕੋਈ ਬੋਲਿਆ ਜ਼ਿਆਦਾ।
ਬਿਜਨਸਮੈਨਾਂ ਦੀ ਬੇਈਮਾਨੀ
ਐਸਾ ਰੰਗ ਲਿਆਈ,
ਨਾਲੇ ਲੋਕੀ ਮਾਇਆ ਚਾੜ੍ਹਨ
ਨਾਲੇ ਦੇਣ ਵਧਾਈ।
ਭਟਕੇ ਹੋਏ ਪ੍ਰਧਾਨਾਂ ਦੇ ਨੇ
ਵਿਗੜੇ ਹੋਏ ਨਿਆਣੇ,
ਪਤਵਾਰਾਂ ਨਾਲ ਬੇੜੀਆਂ ਡੁੱਬੀਆਂ,
ਡੁੱਬ ਗਏ ਨਾਲ ਮੁਹਾਣੇ।
ਉਲਟੀ ਵਾੜ ਖੇਤ ਨੂੰ ਖਾ ਗਈ
ਖੇਤ ਉਜੜ ਗਏ ਸਾਰੇ,
ਗੁਰਦੁਆਰਿਆਂ ਵਿਚ ਚੌਧਰ ਕਰਦੇ
ਪਾਪੀ ਕਰਮਾਂ ਮਾਰੇ।
ਸਿੱਖ ਧਰਮ ਦੀ ਖਾਤਰ ਜਿਸ ਨੇ
ਪੁੱਤਰ ਆਪਣੇ ਵਾਰੇ,
ਆ ਮੇਰੇ ਦਸ਼ਮੇਸ਼ ਪਿਤਾ
ਜ਼ਰਾ ਆ ਕੇ ਵੇਖ ਨਜ਼ਾਰੇ।
ਚੌਧਰ ਤੇ ਗੋਲਕ ਦੇ ਉਤੇ
ਡੁੱਲ ਗਈ ਕੌਮ ਹੈ ਤੇਰੀ,
ਤੇਰੀ ਸਭ ਕੁਰਬਾਨੀ ਤਾਈਂ
ਭੁੱਲ ਗਈ ਕੌਮ ਹੈ ਤੇਰੀ।
ਸਾੜਿਆ ਜਿਵੇਂ ਮਸੰਦਾਂ ਤਾਈਂ
ਇਨ੍ਹਾਂ ਨੂੰ ਵੀ ਸਾੜੋ,
ਸੰਤ ਉਭਾਰੋ, ਦੁਸ਼ਟ ਸੰਘਾਰੋ,
ਪਾਪੀ ਚੁਣ ਚੁਣ ਮਾਰੋ।
ਸਾਚੀ ਪ੍ਰੀਤਿ ਤੁਮ ਸਿਉ ਜੋਰੀ
ਐਸੇ ਸਿੱਖ ਬਣ ਜਾਈਏ,
ਚੌਧਰ ਛੱਡ ਕੇ ਸੇਵਾ ਕਰੀਏ,
ਜਿਊਂਦਿਆਂ ਮੁਕਤੀ ਪਾਈਏ।
ਰੱਬ ਦਿਓ ਬੰਦਿਓ ਡਰੋ ਮੌਤ ਤੋਂ
ਸਿੱਖ ਲਓ ਰੱਬ ਤੋਂ ਡਰਨਾ,
ਚਾਹੁੰਦੇ ਹੋ 'ਸੁਰਜੀਤ' ਜੇ ਹੋਣਾ
ਜਿਊਂਦਿਆਂ ਸਿੱਖ ਲਓ ਮਰਨਾ।

*-ਸੁਰਜੀਤ ਕੌਰ ਸੈਕਰਾਮੈਂਟੋ*
*916-682-8482*

## ਸੰਪਾਦਕ ਦੀ ਡਾਕ

# ਸਾਧਾਂ ਨੂੰ ਏਨੀ ਬੁਖਲਾਹਟ ਕਿਉਂ?

ਪਿਛਲੇ ਦਿਨੀਂ ਪੰਜਾਬੀ ਗਾਇਕ ਬੱਬੂ ਮਾਨ ਵਾਲੋਂ ਧਾਰਮਿਕ ਗੀਤਾਂ ਦੀ ਇਕ ਟੇਪ ਰਿਲੀਜ਼ ਕੀਤੀ ਗਈ ਜਿਸ ਦਾ ਇਕ ਗੀਤ "ਇਕ ਬਾਬਾ ਨਾਨਕ ਸੀ ਜਿਹਨੇ ਤੁਰ ਕੇ ਦੁਨੀਆਂ ਗਾਹ ਤੀ, ਇਕ ਅੱਜ ਕੱਲ ਬਾਬੇ ਨੇ ਬੱਤੀ ਲਾਲ ਗੱਡੀ 'ਤੇ ਲਾ ਤੀ" ਵਿਚ ਗਾਇਕ ਨੇ ਤੁਲਨਾ ਕਰਦੇ ਹੋਏ ਕਿਹਾ ਹੈ ਕਿ ਅੱਜ ਕੱਲ ਦੇ ਬਾਬੇ ਮਹਿੰਗੀਆਂ ਕਾਰਾਂ ਉਤੇ ਲਾਲ ਬੱਤੀਆਂ ਲਗਾ ਕੇ ਸੰਗਤਾਂ ਨੂੰ ਦੋਵੀਂ ਹੱਥੀਂ ਲੁੱਟ ਰਹੇ ਹਨ। ਰਣਜੀਤ ਸਿੰਘ ਢੱਡਰੀਆਂ ਵਾਲੇ ਅਤੇ ਤਰਸੇਮ ਸਿੰਘ ਮੋਰਾਂਵਾਲੀ ਨੇ ਉਸ ਗਾਇਕ ਪ੍ਰਤੀ ਆਪਣੀ ਨਫਰਤ ਨੂੰ ਅੱਤ ਨੀਵੇਂ ਪੱਧਰ 'ਤੇ ਲੈ ਕੇ ਜਾਂਦੇ ਹੋਏ ਕਾਫੀ ਊਲ ਜਲੂਲ ਬੋਲਿਆ ਹੈ ਜਦੋਂ ਕਿ ਉਸ ਗੀਤ ਵਿਚ ਕਿਸੇ ਵੀ ਸਾਧ ਸੰਤ ਦਾ ਨਾਂ ਨਹੀਂ ਲਿਆ ਗਿਆ ਸਗੋਂ ਗੱਲ ਸਿਰਫ ਸਾਧਾਂ ਦੇ ਰਹਿਣ ਸਹਿਣ ਦੀ ਹੋਈ ਹੈ।

ਢੱਡਰੀਆਂ ਵਾਲੇ ਬਾਬੇ ਨੇ ਕਿਹਾ ਕਿ ਹੈ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਸੰਗਤ ਗੱਡੀਆਂ ਵਿਚ ਆਵੇ ਤੇ ਪ੍ਰਚਾਰਕ ਤੁਰ ਕੇ ਆਉਣ, ਗੱਲ ਤੁਰ ਕੇ ਆਉਣ ਦੀ ਨਹੀਂ ਹੋ ਰਹੀ ਸਗੋਂ ਸੰਗਤਾਂ ਨੂੰ ਭਰਮਾਉਣ ਲਈ ਮਹਿੰਗੀਆਂ ਮਹਿੰਗੀਆਂ ਕਾਰਾਂ ਉਤੇ ਲਾਲ ਬੱਤੀਆਂ ਲਗਵਾਉਣ ਅਤੇ ਗੌਰਮਿੰਟ ਕੋਲ ਆਪਣੇ ਆਪ ਨੂੰ ਰਜਿਸਟਰ ਕਰਵਾਉਣ ਦੀ ਹੈ। ਦੱਸਣਯੋਗ ਹੈ ਕਿ ਇਨ੍ਹਾਂ ਸਾਧਾਂ ਨੇ ਆਪਣੇ ਨਾਂ 'ਤੇ ਕੁੱਝ ਟਰੱਸਟ ਬਣਾਏ ਹੋਏ ਹਨ ਜੋ ਕਿ ਇਨ੍ਹਾਂ ਦੀਆਂ ਨਿੱਜੀ ਜਾਗੀਰਾਂ ਹਨ।

ਇਕ ਪਾਸੇ ਅਸੀਂ ਸਾਫ ਸੁਥਰੀ ਗਾਇਕੀ ਦੀ ਦੁਹਾਈ ਪਾਉਂਦੇ ਹਾਂ ਤੇ ਦੂਜੇ ਪਾਸੇ ਚੰਗਾ ਗਾਉਣ ਵਾਲੇ ਨੂੰ ਊਲ ਜਲੂਲ ਬੋਲਿਆ ਜਾਂਦਾ ਹੈ। ਅਸੀਂ ਇਨ੍ਹਾਂ ਸੰਤਾਂ ਨੂੰ ਅਪੀਲ ਕਰਦੇ ਹਾਂ ਕਿ ਕਿਸੇ ਨੂੰ ਧਮਕੀਆਂ ਦੇਣ ਦੀ ਬਜਾਏ ਅਸੀਂ ਉਪਰ ਉਠੀਏ ਅਤੇ ਪ੍ਰਚਾਰ ਸਸਤੀਆਂ ਗੱਡੀਆਂ ਵਿਚ ਵੀ ਹੋ ਸਕਦਾ ਹੈ ਉਸ ਲਈ ਔਡੀ, ਵੋਲਵੋ ਜਾਂ ਹਮਰ ਦੀ ਲੋੜ ਨਹੀਂ। ਹੋਰ ਬਹੁਤ ਸਾਧਨ ਹਨ। ਭੋਲੀ ਭਾਲੀ ਸੰਗਤ ਉਤੇ ਰੋਅਬ ਪਾਉਣ ਅਤੇ ਗੌਰਮਿੰਟ ਅੱਗੇ ਰਜਿਸਟਰ ਕਰਵਾਉਣਾ ਛੱਡੋ ਅਤੇ ਸੱਚਮੁੱਚ ਸਿੱਖੀ ਦੇ ਪ੍ਰਚਾਰਕ ਬਣੋ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਤਾਂ ਸ਼ਪੈਸਲ ਕਾਰਾਂ ਨਹੀਂ ਰੱਖੀਆਂ ਸਨ ਸਗੋਂ ਸੰਤ ਤਾਂ ਪ੍ਰਚਾਰ ਕਰਨ ਵੀ ਜਥੇ ਦੀ ਬੱਸ ਵਿਚ ਜਾਂਦੇ ਸਨ ਉਨ੍ਹਾਂ ਦੇ ਪ੍ਰਚਾਰ ਨੇ ਹੀ ਸਿੱਖ ਨੌਜਵਨਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਸੀ ਤੇ ਨਾ ਹੀ ਤੁਹਾਡੇ ਵਾਂਗ ਗੌਰਮਿੰਟ ਅੱਗੇ ਰਜਿਸਟਰ ਕਰਵਾਇਆ ਸੀ।

***-ਅਕਾਲੀ ਦਲ (ਅੰਮ੍ਰਿਤਸਰ)***
***ਅਮਰੀਕਾ ਇਕਾਈ।***

## ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

# ਆਪਣੇ-ਪਰਾਏ

ਗਿੱਲ ਪਰਿਵਾਰ ਦਾ ਮਨ ਪਟੇਲ ਪਰਿਵਾਰ ਤੋਂ ਪੂਰੀ ਤਰ੍ਹਾਂ ਉਚਾਟ ਹੋ ਗਿਆ ਸੀ। ਏਥੋਂ ਤੱਕ ਕਿ ਉਹ ਹੁਣ ਇਸ ਗੁਆਂਢ ਤੋਂ ਬਹੁਤ ਦੂਰ ਚਲੇ ਜਾਣ ਬਾਰੇ ਸੋਚਣ ਲੱਗੇ ਸਨ, ਏਨੇ ਦੂਰ ਕਿ ਉਹ ਹਰ ਦੂਜੇ ਚੌਥੇ ਦਿਨ ਉਨ੍ਹਾਂ ਦੇ ਘਰ ਵੜ ਵੀ ਨਾ ਸਕਣ। ਦੁਖੀ ਮਨ ਨਾਲ ਹੀ ਉਨ੍ਹਾਂ ਇਹ ਫੈਸਲਾ ਕੀਤਾ ਸੀ। ਸੱਚੀ ਗੱਲ ਤਾਂ ਇਹ ਹੈ ਕਿ ਉਨ੍ਹਾਂ ਨੇ ਚੁੱਪ ਚੁਪੀਤੇ ਨਵਾਂ ਘਰ ਦੇਖਣਾ ਵੀ ਸ਼ੁਰੂ ਕਰ ਦਿੱਤਾ ਸੀ, ਦੂਰ ਕਾਫ਼ੀ ਦੂਰ ਫ਼ਾਰਮਿੰਗਟਨ ਹਿੱਲਜ਼ ਵਿਚ। ਉਨ੍ਹਾਂ ਦੇ ਕੰਮ ਤੋਂ ਤਾਂ ਭਾਵੇਂ ਇਹ ਏਰੀਆ ਬਹੁਤ ਦੂਰ ਪੈਂਦਾ ਸੀ ਪਰ ਫਿਰ ਪਟੇਲ ਪਰਿਵਾਰ ਤੋਂ ਖਹਿੜਾ ਹੰਗਾਮੀ ਮਸਲਾ ਬਣ ਚੁੱਕਾ ਸੀ। ਪਟੇਲ ਲਾਣਾ ਉਨ੍ਹਾਂ ਲਈ ਇਕ ਜੋਕ ਬਣ ਚੁੱਕਾ ਸੀ ਜਿਸ ਨੂੰ ਤੋੜ ਸੁੱਟਣਾ ਬਹੁਤ ਜ਼ਰੂਰੀ ਸੀ।

ਇਸ ਪਰਿਵਾਰ ਤੋਂ ਉਨ੍ਹਾਂ ਦੀ ਉਕਤਾਹਟ ਇਕ ਦਿਨ ਵਿਚ ਨਹੀਂ ਬਲਕਿ ਕਈ ਵਰਿਆਂ ਦੇ ਵਰਤੋਂ-ਵਿਹਾਰ ਪਿਛੋਂ ਹੋਈ ਸੀ। ਸਥਿਤੀ ਨੇ 360 ਦਰਜੇ ਦਾ ਮੋੜਾ ਕੱਟ ਲਿਆ ਸੀ।

ਬਹੁਤ ਚਿਰ ਪਹਿਲਾਂ ਜਦੋਂ ਉਨ੍ਹਾਂ ਇਹ ਘਰ ਲਿਆ ਸੀ, ਏਨੀ ਵਸੋਂ ਦੇ ਬਾਵਜੂਦ ਸਾਰੀ ਡਵੀਜ਼ਨ ਉਨ੍ਹਾਂ ਲਈ ਉਜਾੜ ਹੀ ਸੀ। ਕੋਈ ਪੰਜਾਬੀ ਤਾਂ ਕੀ ਭਾਰਤੀ ਬੰਦਾ ਵੀ ਦੇਖਣ ਨੂੰ ਨਹੀਂ ਸੀ ਮਿਲਦਾ। ਕੰਮ ਤੋਂ ਆ ਕੇ ਤੀਵੀਂ-ਆਦਮੀ ਇੱਕ ਦੂਜੇ ਦੇ ਮੂੰਹ ਦੇਖਣ ਜੋਗੇ ਹੀ ਰਹਿ ਗਏ ਸੀ, ਮੂੰਹ-ਜਿਨ੍ਹਾਂ ਜਿੰਦਿਆਂ ਦੀ ਸ਼ਕਲ ਧਾਰੀ ਹੋਈ ਸੀ। ਟੀ.ਵੀ. ਤੋਂ ਮੂਰਤਾਂ ਦੇਖੀਆਂ ਜਾ ਸਕਦੀਆਂ ਹਨ ਪਰ ਉਨ੍ਹਾਂ ਨਾਲ ਕੋਈ ਗੱਲਬਾਤ ਥੋੜੀ ਹੋ ਸਕਦੀ ਹੈ, ਕੋਈ ਦਰਦ ਸਾਂਝਾ ਥੋੜੀ ਕੀਤਾ ਜਾ ਸਕਦਾ। ਇਹ ਵੀ ਕੋਈ ਜ਼ਿੰਦਗੀ ਸੀ। ਜਦ ਘਰ ਕੋਈ ਤੀਜਾ ਆਉਂਦਾ ਹੀ ਨਹੀ, ਕਿਸੇ ਹੋਰ ਦੇ ਜਾਣੀ-ਆਉਣੀ ਹੀ ਨਹੀਂ, ਕਿਸੇ ਨਾਲ ਦਿਲ ਦੀ ਗੱਲ ਹੀ ਨਹੀਂ ਤਾਂ ਫਿਰ ਜਿਊਣਾ ਕਾਹਦਾ ਹੈ? ਕਿਸ ਕੋਲ ਖੁਸ਼ੀ ਜ਼ਾਹਿਰ ਕਰੀਏ ਤੇ ਕਿਸ ਨੂੰ ਆਪਣੀ ਪ੍ਰਾਪਤੀ ਦਰਸਾਈਏ? ਸਾਰਾ ਜੀਣ ਥੀਣ ਘਾਊਘੱਪ ਜਿਹਾ ਸੀ। ਪਰ ਚਾਰਾ ਵੀ ਕੀ ਸੀ? ਚਾਰੇ ਪਾਸੇ ਗੋਰੀਆਂ ਸੂਰਤਾਂ। ਕੋਈ ਦੇਸੀ ਮਿਲਦਾ ਗੋਰੇ ਤੋਂ ਵੀ ਵਧ ਰੁਝਿਆ, ਬੱਸ ਦੂਰੋਂ ਸਲਾਮ ਤੇ ਅਹੁ ਗਿਆ। ਉਨ੍ਹਾਂ ਨੂੰ ਘਰ ਦੀਆਂ ਕੰਧਾਂ ਖਾਣ ਨੂੰ ਆਉਂਦੀਆਂ। ਪੈਸਾ ਤਾਂ ਜੁੜਨ ਲੱਗ ਪਿਆ ਸੀ ਤੇ ਇਸ ਜੁੜੇ ਪੈਸੇ ਨੇ ਘਰ ਵੀ ਲੈ ਦਿੱਤਾ ਸੀ ਪਰ ਘਰ ਕੀ ਕਰਦਾ, ਘਰ ਤਾਂ ਇਕ ਜੜ ਚੀਜ਼ ਹੈ ਜੋ ਬੰਦੇ ਨੂੰ ਤਾੜੇ ਜਾਣ ਦਾ ਜ਼ਰੀਆ ਹੈ। ਘਰ ਦੇ ਸਾਰੇ ਜੀਅ ਸਮਾਂ ਪਾ ਕੇ ਇਕ ਦੂਜੇ ਲਈ ਸਪਾਟ ਕੰਧਾਂ ਹੀ ਬਣ ਜਾਂਦੇ ਹਨ। ਸਭ ਤੋਂ ਓਪਰੇ ਘਰ ਦੇ ਜੀਅ ਹੁੰਦੇ ਹਨ। ਸੱਚਮੁੱਚ ਇਹ ਪਰਿਵਾਰ ਬੁਰਾ ਹਾਲ ਤੇ ਬੌਂਕੇ ਦਿਹਾੜਿਆਂ ਵਿਚੋਂ ਗੁਜ਼ਰ ਰਿਹਾ ਸੀ।

ਪਰ ਤੀਜਾ ਆਵੇ ਕਿਥੋਂ? ਬਹੁਤ ਵਾਰੀ ਗਿੱਲ ਤੇ ਗਿੱਲਣੀ ਅੱਕ ਕੇ ਕਹਿ ਦਿੰਦੇ, 'ਚੰਗਾ ਹੋਵੇ ਵਾਪਸ ਇੰਡੀਆ ਹੀ ਚਲੇ ਜਾਈਏ।' ਪਰ ਕਹਿਣਾ ਹੋਰ ਗੱਲ ਹੈ। ਕੋਈ ਇੰਡੀਆ ਥੋੜੋ ਮੁੜ ਜਾਂਦਾ ਹੈ, ਕੋਈ ਅਦਿਖ ਫੈਸਲਾਕੁਨ ਸ਼ਕਤੀ, ਸ਼ਾਇਦ ਲਕਸ਼ਮੀ ਦੇਵੀ ਅਜਿਹਾ ਕਰਨ ਤੋਂ ਹੋੜਦੀ ਰਹਿੰਦੀ ਹੈ।

ਕਈ ਸਾਲ ਇਸੇ ਤਰ੍ਹਾਂ ਡਾਲਰ ਕਮਾਉਂਦਿਆਂ, ਜੋੜਦਿਆਂ, ਖਰਚਦਿਆਂ ਗੁਜ਼ਰ ਗਏ। ਅਨੇਕਾਂ ਵਰ੍ਹੇ ਇਵੇਂ ਹੀ ਇਕੱਲਿਆਂ, ਉਖੜਿਆਂ, ਉਬਿਆਂ ਬੀਤ ਗਏ। ਰਾਤ ਨੂੰ ਤੀਵੀਂ ਆਦਮੀ ਇੱਕ ਦੂਜੇ ਵੱਲ ਪਿੱਠ ਕਰਕੇ ਸੌਂ ਜਾਂਦੇ। ਚੋਰ ਤੇ ਲਾਠੀ ਦੋ ਜਣੇ ਮੈਂ ਤੇ ਬਾਪੂ ਕੱਲੇ ਵਾਲੀ ਹਾਲਤ ਬਣੀ ਰਹੀ।

ਪਰ ਜੇ ਸਰਦ ਰੁੱਤ ਆ ਗਈ ਹੈ ਤਾਂ ਬਹਾਰ ਪਿਛੇ ਨਹੀਂ ਰਹਿ ਸਕਦੀ। ਆਖਰਕਾਰ ਸਥਿਤੀ ਨੇ ਪਲਟਾ ਲਿਆ। ਗਿੱਲਣੀ ਦੀ ਫੈਕਟਰੀ ਵਿਚ ਕੰਮ ਕਰਦੀ ਇਕ ਗੁਜਰਾਤਣ ਨਾਲ ਮੀਯਾ ਮਿਲਣ ਲੱਗ ਪਈ। ਸਹਿਜੇ ਸਹਿਜੇ ਉਹ ਇਕ ਦੂਜੇ ਦੇ ਕਾਫੀ ਕਰੀਬ ਆ ਗਈਆਂ। ਜਿਵੇਂ ਪਿਆਸੇ ਹਿਰਨ ਨੂੰ ਪਾਣੀ ਦਿਸਿਆ ਹੁੰਦਾ, ਗਿੱਲਣੀ ਨੇ ਤਾਂ ਪਟੇਲਣ ਨੂੰ ਜੱਫਾ ਹੀ ਪਾ ਲਿਆ ਤੇ ਪਟੇਲਣ ਨੇ ਗਿੱਲਣੀ ਨੱਪ ਹੀ ਲਈ। ਲੰਚ ਰੂਮ ਵਿਚ ਇਕੱਠੀਆਂ ਲੰਚ ਕਰਦੀਆਂ, ਪਰੌਂਠੇ ਤੇ ਰੋਟਲੇ ਵਟਾਉਂਦੀਆਂ, ਸਾਗ ਤੇ ਪਾਵ ਭਾਜੀ ਦਾ ਆਦਾਨ ਪ੍ਰਦਾਨ ਕਰਦੀਆਂ। ਨਾਲੋ ਨਾਲ ਘਰ ਦੀਆ ਗੱਲਾਂ ਕਰਦੀਆਂ, ਢਿੱਡ ਭਰਦੀਆਂ ਤੇ ਦਿਲ ਹਲਕਾ ਕਰ ਲੈਂਦੀਆਂ। ਵਾਹ ਲਗਦੀ ਨੂੰ ਇਕ ਦੂਜੀ ਦੇ ਕੰਮ ਵਿਚ ਵੀ ਹੱਥ ਪੁਆ ਦਿੰਦੀਆਂ। ਇਕ ਦੂਜੀ ਦੇ ਏਨਾ ਕੋਲੇ ਆ ਗਈਆਂ ਕਿ ਉਨ੍ਹਾਂ ਨੂੰ ਲਗਦਾ ਹੀ ਨਹੀਂ ਸੀ ਉਹ ਗੁਜਰਾਤਣ-ਪੰਜਾਬਣ ਹਨ। ਉਹ ਤਾਂ ਭੈਣਾਂ ਬਣੀਆਂ ਪਈਆਂ ਸਨ। ਗਿੱਲਣੀ ਦੀ ਖੁਸ਼ਕ ਜ਼ਿੰਦਗੀ ਵਿਚ ਪਾਣੀ ਦੀ ਇਕ ਲੀਕ ਫਿਰ ਗਈ। ਇਹ ਸਾਂਝ ਅਛੋਪਲੇ ਪਰਿਵਾਰਕ ਸਾਂਝ ਵਿਚ ਵਟ ਗਈ। ਉਹ ਕਦੇ ਕਦਾਈਂ ਤੇ ਫਿਰ ਅਕਸਰ ਇਕ ਦੂਜੇ ਦੇ ਘਰ ਆਉਣ-ਜਾਣ ਲੱਗ ਪਏ। ਗਿੱਲ ਸਾਹਿਬ ਵੀ ਹੁਣ ਉਡਦੇ ਦਿਖਾਈ ਦਿੰਦੇ। ਲਗਦਾ ਸੀ ਉਨ੍ਹਾਂ ਲਈ ਸਮਾਜ ਦੀ ਨੀਂਹ ਰੱਖੀ ਗਈ ਸੀ।

ਇੱਕ ਦਿਨ ਫੈਕਟਰੀ ਵਿਚ ਪਟੇਲਣ ਨੇ ਦੱਸਿਆ ਕਿ ਉਹ ਘਰ ਖਰੀਦਣ ਬਾਰੇ ਸੋਚ ਰਹੇ ਹਨ। ਸੁਣ ਕੇ ਗਿੱਲਣੀ ਦੇ ਅੰਦਰ ਤਰੰਗਾਂ ਹੀ ਛਿੜ ਪਈਆਂ। ਸਾਂਝ ਦੀਆਂ ਹੋਰ ਸੰਭਾਵਨਾਵਾਂ ਨੇ ਜਨਮ ਲਿਆ। ਉਸ ਨੇ ਘਰ ਆ ਕੇ ਪਤੀ ਨੂੰ ਇਹ ਗੱਲ ਦੱਸੀ। ਦੋਹਾਂ ਦੀਆਂ ਅੱਖਾਂ ਮਿਲੀਆਂ ਤੇ ਇਸ ਗੱਲ 'ਤੇ ਸਹਿਮਤੀ ਹੋਈ ਕਿ ਉਨ੍ਹਾਂ ਨੂੰ ਆਪਣੇ ਏਰੀਏ ਵਿਚ ਘਰ ਲੈ ਦਿੱਤਾ ਜਾਵੇ। ਉਨ੍ਹਾਂ ਦੇ ਆਸ-ਪਾਸ ਬਥੇਰੇ ਘਰ ਸੇਲ 'ਤੇ ਲੱਗੇ ਪਏ ਸਨ। ਜੇ ਉਹ ਕੋਲ ਆ ਜਾਣ ਤਾਂ ਹੋਰ ਵੀ ਗੱਲ ਬਣ ਜਾਵੇ, ਨੇੜੇ-ਨੇੜੇ ਰਹਿਣ ਦੇ ਬੜੇ ਲਾਭ ਹੁੰਦੇ ਹਨ। ਉਂਜ ਵੀ ਇਕ ਦੂਸਰੇ ਦੇ ਕੋਲ ਹੋਣ ਨਾਲ ਦੋਨੋਂ ਧਿਰਾਂ ਨੂੰ ਕਿੰਨਾ ਆਸਰਾ ਹੁੰਦਾ ਹੈ। 'ਕੱਲਾ ਰੁਖ ਨਾ ਵਣਾਂ ਵਿਚ ਹੋਵੇ-ਐਵੇਂ ਤਾਂ ਨਹੀਂ ਕਿਹਾ। ਗਿੱਲਣ ਨੇ ਇਹ ਸਲਾਹ ਪਟੇਲਣ ਨੂੰ ਦਿੱਤੀ। ਉਹ ਤਾਂ ਖੁਦ ਇਸੇ ਮਰਜ਼ ਦੇ ਮਰੀਜ਼ ਸਨ। ਪਟੇਲ ਸਾਹਿਬ ਕੋਲ ਇਹ ਪ੍ਰਸਤਾਵ ਆਇਆ ਤਾਂ ਉਸਦੇ ਭਾਰਤੀ ਪਿਆਰ ਦੇ ਸੋਮੇ ਫੁੱਟ ਪਏ।

ਚੰਦ ਇਕ ਮਹੀਨਿਆਂ ਵਿਚ ਹੀ ਪਟੇਲ ਪਰਿਵਾਰ ਨਵਾਂ ਘਰ ਲੈ ਕੇ ਗਿੱਲ ਪਰਿਵਾਰ ਦੇ ਗੋਡੇ ਮੁਢ ਆ ਬੈਠਾ। ਦੋਨੋਂ ਪਰਿਵਾਰਾਂ ਦੀ ਜ਼ਿੰਦਗੀ ਵਿਚ ਰੰਗੀਨੀ, ਰਵਾਨੀ ਤੇ ਉਮਾਹ ਭਰ ਗਿਆ। ਦਿਨਾਂ ਵਿਚ ਹੀ ਦੋਨੋਂ ਪਰਿਵਾਰ ਇਕ ਦੂਜੇ ਵਿਚ ਘੁਲ ਮਿਲ ਗਏ। ਹਰ ਵੀਕਐਂਡ 'ਤੇ ਉਹ ਇਕ ਦੂਜੇ ਦੇ ਘਰ ਹੁੰਦੇ। ਗਿੱਲਣੀ ਨੇ ਗੁਜਰਾਤੀ ਖਾਣੇ ਸਿੱਖ ਲਏ ਤੇ ਪਟੇਲਣ ਨੇ ਪੰਜਾਬੀ। ਹਾਣੀ ਬੱਚੇ



ਵੀ ਇਕ ਦੂਜੇ ਦੇ ਮਿੱਤਰ ਬਣ ਗਏ, ਲੋੜ ਪੈਣ 'ਤੇ ਜੇ ਕੰਮ ਦੇ ਹਾਲਾਤ ਇਜਾਜ਼ਤ ਦਿੰਦੇ ਤਾਂ ਬੱਚੇ ਇਕ ਦੂਜੇ ਦੇ ਘਰ ਛੱਡ ਦਿਤੇ ਜਾਂਦੇ। ਪਟੇਲ ਗਿੱਲ ਦੇ ਗੈਸ ਸਟੇਸ਼ਨ 'ਤੇ ਕੰਮ ਕਰਾ ਦਿੰਦਾ ਤੇ ਗਿੱਲ ਪਟੇਲ ਦੇ ਮੋਟਲ ਦੇ ਕੰਮ ਵਿਚ ਹੱਥ ਪੁਆ ਦਿੰਦਾ।

ਪਰ ਇਕ ਸਾਲ ਵਿਚ ਹੀ ਰਵਾਂ-ਰਵੀਂ ਚਲਦੀ ਜ਼ਿੰਦਗੀ ਵਿਚ ਕੁਝ ਦੰਦੇ ਫਸਣ ਲੱਗ ਪਏ। ਗਿੱਲ ਪਰਿਵਾਰ ਨੂੰ ਪ੍ਰਤੀਤ ਹੋਣ ਲੱਗਾ ਕਿ ਉਹ ਕੁਝ ਵਧੇਰੇ ਹੀ ਅੱਗੇ ਵਧ ਗਏ ਹਨ। ਪਟੇਲਾਂ ਦੇ ਕਿਸੇ ਜੀਅ ਦੇ ਘਰ ਆਉਣ ਨਾਲ ਹੁਣ ਉਨ੍ਹਾਂ ਨੂੰ ਅਚਵੀਂ ਜਿਹੀ ਮਹਿਸੂਸ ਹੋਣ ਲੱਗ ਪਈ। ਉਨ੍ਹਾਂ ਨੂੰ ਲੱਗਣ ਲੱਗਾ ਕਿ ਓਨ੍ਹਾਂ ਦੀ ਪਰਾਈਵੇਸੀ ਵਿਚ ਲੋੜੋਂ ਵੱਧ ਦੂਜੇ ਪਰਿਵਾਰ ਦਾ ਦਖਲ ਹੋਣ ਲੱਗ ਪਿਆ ਹੈ। ਘਰ ਦੀਆਂ ਬਿਲਕੁਲ ਨਿੱਜੀ ਗੱਲਾਂ ਵਿਚ ਪਟੇਲ ਹੁਰੀਂ ਆਪਣੇ ਨੁਸਖੇ ਠੋਸਦੇ ਰਹਿੰਦੇ। ਬਸ ਆਪਣੇ 'ਪਾਈਸੇ' ਬਚਾਉਣ ਦੇ ਢੰਗ ਹੀ ਦਸਦੇ ਰਹਿੰਦੇ। ਆਹ ਇੰਸ਼ੋਰੈਂਸ ਸਸਤੀ ਹੈ, ਔਥੇ ਸੇਲ ਲੱਗੀ ਹੈ, ਆਹ ਮਹਿੰਗੇ ਭਾਅ ਦੇ ਸੋਫੇ ਲੈਣ ਦੀ ਕੀ ਜ਼ਰੂਰਤ ਹੈ। ਇਹ ਤਾਂ ਸਰਾਸਰ ਜ਼ਿਆਦਤੀ ਸੀ। ਉਨ੍ਹਾਂ ਦੇ ਆਪਸ ਵਿਚ ਮਤਭੇਦ ਉਭਰਨ ਲੱਗੇ। ਸਿੱਟੇ ਵਜੋਂ ਗਿੱਲ ਹੁਰੀਂ ਪਟੇਲਾਂ ਤੋਂ ਵਾਹ ਲਗਦੀ ਨੂੰ ਟਿਬਣ ਲੱਗ ਪਏ। ਇਹ ਕੀ ਹੋਇਆ ਕਿ ਦੂਜਾ ਟੱਬਰ ਹਰ ਰੋਜ਼ ਹੀ ਬਿਨਾ ਮਤਲਬ ਤੁਹਾਡੇ ਘਰ ਆ ਧਮਕੇ। ਫਿਰ ਕਈ ਬਾਰੀ ਬਿਨਾ ਬੈੱਲ ਕੀਤਿਆਂ ਦੂਜੇ ਦੇ ਘਰ ਆ ਘੁਸਣਾ ਗੁਸਤਾਖ਼ੀ ਦੀ ਹੱਦ ਨਹੀਂ ਤਾਂ ਹੋਰ ਕੀ ਹੈ। ਫਿਰ ਘਰ ਆ ਗਏ ਤਾਂ ਬੈਠੇ ਹੀ ਰਹਿੰਦੇ, ਬੈਠੇ ਹੀ ਰਹਿੰਦੇ ਜਦ ਤੱਕ ਕਿ ਡਿਨਰ ਦਾ ਟਾਈਮ ਨਾ ਹੋ ਜਾਵੇ। ਆਪ ਘਰ ਵਿਚ ਕਦੇ ਮੀਟ ਮੱਛੀ ਨਹੀਂ ਬਣਾਉਂਦੇ, ਕਦੇ ਸ਼ਰਾਬ ਨਹੀਂ ਵਰਤਾਉਂਦੇ, ਕਹਿੰਦੇ, ਸਾਡੇ ਗੁਰੂ ਜੀ ਨੇ ਇਹ ਚੀਜ਼ਾਂ ਮਨ੍ਹਾਂ ਕੀਤੀਆਂ ਹੋਈਆਂ ਹਨ। ਪਰ ਏਥੇ ਆ ਕੇ ਸਭ ਕੁਝ ਛਕ ਜਾਂਦੇ ਹਨ, ਉਂਗਲਾਂ ਹੀ ਚੱਟਦੇ ਰਹਿੰਦੇ ਹਨ। ਖੀਰ ਬਣਾਉ ਕੌਲੀਆਂ ਭਰ-ਭਰ ਖਾਂਦੇ ਰਹਿੰਦੇ ਹਨ। ਅਖੇ ਤੁਹਾਡੀ ਤਾਂ ਮਾਂਹ ਦੀ ਦਾਲ ਵੀ ਕਿੰਨੀ ਮਸਤ ਹੁੰਦੀ ਹੈ। ਇਨ੍ਹਾਂ ਗੁੱਜੂਆਂ ਨੇ ਕਦੀ ਕੁਝ ਖਾ ਕੇ ਦੇਖਿਆ!

ਉਨ੍ਹਾਂ ਦੇ ਆਪਣੇ ਘਰ ਕੀ ਹੁੰਦਾ ਹੈ? ਭਜੀਆ, ਭਜੀਆ ਤੇ ਬੱਸ ਭਜੀਆ। ਕਹਿੰਦੇ ਸਾਡਾ ਭਜੀਆ ਛੱਤੀ ਪ੍ਰਕਾਰ ਦਾ ਹੁੰਦਾ ਹੈ, ਸੁਆਦਾਂ ਦੇ ਸਾਰੇ ਰਸ ਉਹ ਭਜੀਏ ਵਿਚੋਂ ਹੀ ਭਾਲਦੇ ਹਨ। ਸੁੱਟ ਦੇਣਗੇ ਥੋਬੜਾ ਪਾਵ ਭਾਜੀ ਦਾ, ਮੱਝ ਨੂੰ ਦਿੱਤੇ ਜਾਂਦੇ ਪੇੜੇ ਵੀ ਇਨ੍ਹਾਂ ਨਾਲੋਂ ਸੁਆਦ ਹੁੰਦੇ ਹੋਣਗੇ, ਸ਼ਾਇਦ ਖਲ ਵੀ। ਫਿਰ ਬਕਬਕੇ ਜਿਹੇ ਖਮਨ ਤੇ ਢੋਕਲਾ, ਤਿਲ ਭਰ ਘਿਉ ਤਾਂ ਕਿਸੇ ਚੀਜ਼ ਨੂੰ ਛੁਹਾਉਂਦੇ ਨਹੀਂ। ਅੱਵਲ ਤਾਂ ਮਿਰਚਾਂ ਚਟਣੀ ਨਾਲ ਹੀ ਰੋਟੀ ਖਾ ਲੈਂਦੇ ਹਨ। ਬੱਚੇ ਦੇਖੋ ਉਨ੍ਹਾਂ ਦੇ, ਏਧਰ ਆ ਕੇ ਉਹ ਧਮੱਚੜ ਮਚਾਉਂਦੇ ਹਨ, ਸੋਫਿਆਂ 'ਤੇ ਛਾਲਾਂ ਮਾਰ ਮਾਰ ਕੇ ਨੀਵੇਂ ਕਰ ਛੱਡੇ ਹਨ। ਕਹਿਣਗੇ ਅੰਟੀ ਤੁਹਾਡੀਆਂ ਪਿੰਨੀਆਂ ਬੜੀਆਂ ਸੁਆਦ ਨੇ, ਅੱਜ ਪਕੌੜੇ ਖਾਣ ਨੂੰ ਜੀਅ ਕਰਦਾ। ਹੁਣ ਦਿੰਨਾ ਮੈਂ ਇਨ੍ਹਾਂ ਨੂੰ ਦਾਖੂ ਦਾਣਾ। ਸਿਰ 'ਤੇ ਮਣ ਮਣ ਪੱਕਾ ਤੇਲ ਲਾ ਲੈਂਦੇ ਹਨ। ਮੂੰਹ 'ਚ ਹਮੇਸ਼ਾ ਪਾਨ ਮਸਾਲਾ ਪਾਈ ਰਖਦੇ ਹਨ, ਫਿਰ ਮੁਸ਼ਕ ਵਾਲੀ ਹਵਾੜ ਤੁਹਾਡੇ ਕੋਲ ਆ ਕੇ ਮਾਰਨਗੇ। ਥਾਂ ਥਾਂ ਸਾਡਾ ਘਰ ਪਿਚਕਾਰੀਆਂ ਨਾਲ ਗੰਦਾ ਕੀਤਾ ਪਿਆ ਹੈ। ਤਅਸਬੀ ਕਿੰਨੇ ਹਨ, ਪਹਿਲਾਂ ਪਹਿਲਾਂ ਸਾਡੇ ਨਾਲ ਦੋ ਚਾਰ ਵਾਰੀ ਗੁਰਦਵਾਰੇ ਚਲੇ ਗਏ, ਮੁੜ ਕੇ ਨਹੀਂ। ਸਾਰਾ ਜੱਗ ਜਹਾਨ ਸਾਡੀ ਲੰਗਰ ਪ੍ਰਥਾ ਦੀ ਤਾਰੀਫ ਕਰਦਾ ਹੈ ਪਰ ਇਨ੍ਹਾਂ ਦੇ ਮੂਹੋਂ ਕਦੇ ਦੋ ਲਫਜ਼ ਨਹੀਂ ਸਰੇ। ਖੁਦਗ਼ਰਜ਼ ਕਿੰਨੇ, ਟਰੱਕ ਪਾਉਣ ਲਈ ਸਾਡੇ ਕੋਲ ਪੈਸੇ ਥੁੜ ਗਏ, ਇਨ੍ਹਾਂ ਤੋਂ ਮੰਗੇ ਤਾਂ ਕਹਿੰਦੇ ਸਾਡਾ ਹਿੱਸਾ ਰੱਖ। ਇਨ੍ਹਾਂ ਬੇਈਮਾਨਾਂ ਦਾ ਹਿੱਸਾ ਰੱਖ ਲੈਂਦੇ ਤਾਂ ਸਾਰਾ ਟਰੱਕ ਹੀ ਖਾ ਜਾਣਾ ਸੀ। ਚੰਗਾ ਹੋਇਆ ਬਚ ਗਏ। ਪੈਸੇ ਪਿਛੇ ਲੀਚੜ ਸਭ ਕੁਛ ਕਰਨ ਲਈ ਤਿਆਰ ਰਹਿੰਦੇ। ਓਵਰਟਾਈਮ ਲਈ ਤਰਲੇ ਕਰਦੀ ਫਿਰੂ ਪਟੇਲੋ। ਇਕ ਵਾਰੀ ਆਪਣੇ ਚਿੱਤੋਂ ਖੁਸ਼ ਕਰਨ ਲਈ, ਚੂਰਨ ਖੁਆ ਦਿੱਤਾ ਫੋਰਮੈਨ ਨੂੰ; ਉਸੇ ਵੇਲੇ ਉਲਟੀ ਕਰ ਦਿੱਤੀ ਉਸਨੇ। ਕਹਿੰਦਾ, "ਬਲੱਡੀ ਇੰਡੀਅਨ ਸਟੱਫ਼, ਟੇਸਟਸ ਲਾਈਕ ਸ਼ਿਟ।" ਇਨ੍ਹਾਂ ਤੋਂ ਤਾਂ ਹੁਣ ਪਰ੍ਹੇ-ਪਰ੍ਹੇ ਹੀ ਚੰਗਾ ਹੈ। ਹੁਣ ਤਾਂ ਸੁੱਖ ਨਾਲ ਸਾਡਾ ਘਰ ਵੀ ਪੁਰਾਣਾ ਹੋ ਗਿਆ ਹੈ ਤੇ ਗੁਰੂ ਮਹਾਰਾਜ ਦੀ ਕਿਰਪਾ ਨਾਲ ਚਾਰ ਪੈਸੇ ਵੀ ਹਨ। ਕੋਈ ਹੋਰ ਘਰ ਲੈਂਦੇ ਹਾਂ, ਇਨ੍ਹਾਂ ਦੇ ਘਰ ਤੋਂ ਕੋਹਾਂ ਦੂਰ ਜਿਥੇ ਇਹ ਮੋਏ ਪਟੇਲ ਨਾ ਹਰ ਦਮ ਮੱਥੇ ਲੱਗ ਸਕਣ।

ਤੇ ਦੇਖਦਿਆਂ ਕਰਦਿਆਂ ਗਿੱਲ ਪਰਿਵਾਰ ਨੇ ਨਵਾਂ ਘਰ ਲੈ ਲਿਆ, ਪਹਿਲੇ ਘਰ ਤੋਂ ਘੰਟਾ ਦੂਰ ਤੇ ਦੂਸਰੇ ਸ਼ਹਿਰ ਯਾਨਿ ਫ਼ਾਰਮਿੰਗਟਨ ਹਿੱਲਜ਼ ਵਿਚ। ਚਲੋ ਹੁਣ ਇਨ੍ਹਾਂ ਪਟੇਲਾਂ-ਚੁੜੇਲਾਂ ਤੋਂ ਖਹਿੜਾ ਛੁੱਟਾ, ਆਉਣਗੇ ਤਾਂ ਕਦੇ ਕਦਾਈਂ, ਹੌਲੀ ਹੌਲੀ ਉਹ ਵੀ ਹਟ ਜਾਣਗੇ। ਸਾਡਾ ਕੀ ਥੁੜਿਆ ਇਨ੍ਹਾਂ ਬਿਨਾ। ਬਥੇਰੇ ਹੁਣ ਤਾਂ ਪੰਜਾਬੀ ਭਰਾ ਵੀ ਜਾਨਣ ਲੱਗ ਪਏ ਹਨ। ਪੰਜਾਬੀ ਫਿਰ ਵੀ ਪੰਜਾਬੀ ਹਨ ਇਨ੍ਹਾਂ ਵਰਗੇ ਟੁਚੇ ਨਹੀਂ।

ਗਿੱਲਾਂ ਨੇ ਘਰ ਲਿਆ ਤਾਂ ਪਟੇਲਾਂ ਕੰਨੀਂ ਧੂੰ ਵੀ ਨਹੀਂ ਕੱਢੀ। ਇਸੇ ਸਨਿਚਰਵਾਰ ਸੁਖਮਣੀ ਸਾਹਿਬ ਦਾ ਪਾਠ ਤੇ ਭੋਗ ਰਖਾ ਲਿਆ ਤੇ ਅਗਲੇ ਦਿਨ ਐਤਵਾਰ ਘਰ ਬਦਲ ਲੈਣ ਦਾ ਪ੍ਰੋਗਰਾਮ ਬਣਾ ਲਿਆ। ਆਖਰ ਪਟੇਲਾਂ ਨੂੰ ਵੀ ਸੱਦਣਾ ਤਾਂ ਸੀ ਹੀ। ਗਿੱਲ ਤੇ ਉਸ ਦੀ ਘਰ ਵਾਲੀ ਪਾਠ ਦਾ ਕਾਰਡ ਲੈ ਕੇ ਪਟੇਲ ਦੇ ਘਰ ਪਹੁੰਚਦੇ ਹੋ ਗਏ। "ਦੇਖਣਗੇ ਹੁਣ ਕਾਰਡ ਨੂੰ ਪਲਟ ਪਲਟ ਕੇ, ਸੜਨਗੇ, ਤੜਫਣਗੇ।" ਗਿੱਲ ਸਾਹਿਬ ਤੋਂ ਖੁਸ਼ੀ ਸਾਂਭੀ ਨਹੀਂ ਸੀ ਜਾਂਦੀ। ਗਿੱਲਣੀ ਨੇ ਸੰਮਤੀ ਵਿਚ ਅੱਖਾਂ ਮਟਕਾਉਂਦਿਆਂ ਬੈੱਲ ਕਰ ਦਿੱਤੀ।

ਪਟੇਲਣੀ ਨੇ ਦਰਵਾਜ਼ਾ ਖੋਲ੍ਹ ਕੇ ਆਪਣੀ ਸਹੇਲੀ ਤੇ ਉਸਦੇ ਪਤੀ ਨੂੰ ਸਾਹਮਣੇ ਪਾਇਆ ਤਾਂ ਗਜ਼ ਲੰਮੀ ਮੁਸਕਾਨ ਫੈਲਾ ਲਈ। "ਤੁਸੀਂ ਤਾਂ ਈਦ ਦਾ ਚੰਦ ਹੀ ਹੋ ਗਏ ਹੋ?" ਧੁੰਦਲਕੇ 'ਚ ਫਸੀ ਮਿਸਿਜ਼ ਪਟੇਲ ਬੋਲੀ। ਗਿੱਲਣੀ ਨੇ ਸੋਫ਼ੇ 'ਤੇ ਬੈਠਦਿਆਂ ਹੁੰਗਾਰਾ ਦਿੱਤਾ, "ਬੱਸ ਵਿਹਲ ਹੀ ਨਹੀਂ ਲੱਗਾ, ਪਟੇਲ ਸਾਹਿਬ ਕਿੱਥੇ ਹਨ?" "ਉਹ ਤਾਂ ਉਪਰ ਸੁੱਤੇ ਪਏ ਹਨ, ਰਾਤ ਮੋਟਲ 'ਚ ਬਹੁਤ ਕੰਮ ਕਰਨ ਵਾਲਾ ਸੀ, ਮੂੰਹ-ਹਨੇਰੇ ਹੀ ਆਏ ਹਨ।" ਗਿੱਲਣੀ ਨੇ ਕਾਰਡ ਪਟੇਲਣੀ ਦੇ ਹੱਥ ਥਮਾਉਂਦਿਆਂ ਵਿਅੰਗ ਨਾਲ ਕਿਹਾ, "ਪਟੇਲ ਸਾਹਿਬ ਤਾਂ ਹੁਣ ਫ਼ਾਈਵ ਸਟਾਰ ਹੋਟਲ ਲੈ ਕੇ ਹੀ ਗੂੜ੍ਹੀ ਨੀਂਦ ਸੌਣਗੇ। ਆਹ ਲਉ ਕਾਰਡ, ਦਰਅਸਲ ਅਸੀਂ ਨਵਾਂ ਘਰ ਲੈ ਲਿਆ ਹੈ ਤੇ ਤੁਹਾਨੂੰ ਇਨਵਾਈਟ ਕਰਨ ਆਏ ਹਾਂ। ਇਸ ਸਨਿਚਰ ਸੁਖਮਣੀ ਸਾਹਿਬ ਦਾ ਪਾਠ ਹੈ।"

ਪਟੇਲਣੀ ਨੇ ਕੰਬਦੇ ਹੱਥਾਂ ਨਾਲ ਕਾਰਡ ਫੜਿਆ। ਉਸਦੇ ਚਿਹਰੇ ਤੋਂ ਹਵਾਈਆਂ ਉਡ ਰਹੀਆਂ ਸਨ। ਅਵਾਕ ਰਹਿ ਗਿਆ ਮੂੰਹ ਮਸਾਂ ਹੀ ਇਹ ਸ਼ਬਦ ਕੱਢਣ ਲਈ ਹਿਲਿਆ, "ਉਹ ਸੱਚੀਂ? ਬਹੁਤ... ਬਹੁਤ ਮੁਬਾਰਕ, ਹਵਾ ਹੀ ਨਹੀਂ ਕੱਢੀ?" ਪਟੇਲਣੀ ਨੇ ਗਿੱਲ ਜੋੜੀ ਨੂੰ ਸਿਰ ਤੋਂ ਪੈਰਾਂ ਤੱਕ ਭਾਂਪਿਆ, ਉਸਨੂੰ ਉਹ ਕੋਈ ਓਪਰੇ ਬੰਦੇ ਦਿਸ ਰਹੇ ਸਨ, ਸਿਰ ਭੁਆਂਟਣੀਆਂ ਖਾ ਰਿਹਾ ਸੀ। ਉਹ ਸਹਿਸਾ ਉਠੀ ਤੇ ਡਗਮਗਾਉਂਦੇ ਕਦਮਾਂ ਨਾਲ ਇਹ ਕਹਿੰਦਿਆ ਪੌੜੀਆਂ ਵੱਲ ਦੌੜੀ, "ਮੈਂ ਪਟੇਲ ਸਾਹਿਬ ਨੂੰ ਜਗਾਉਂਦੀ ਹਾਂ, ਖ਼ਬਰ ਕਰਦੀ ਹਾਂ।"

ਉਹ ਪੌੜੀਆਂ ਚੜ੍ਹ ਰਹੀ ਸੀ ਤੇ ਨਾਲ ਨਾਲ ਗਿੱਲ ਪਰਿਵਾਰ ਨਾਲ ਬੀਤੇ ਚੜ੍ਹਾਵਾਂ-ਉਤਰਾਵਾਂ ਭਰੇ ਦਿਨਾਂ ਨੂੰ ਚਿਤਵਣ ਲੱਗ ਪਈ। ਕਿੰਨੇ ਔਖੇ ਸਨ ਉਹ ਜਦ ਉਹ ਨਵੇਂ ਨਵੇਂ ਦੇਸੋਂ ਆ ਕੇ ਇਸ ਸ਼ਹਿਰ ਵਸੇ ਸਨ। ਕੋਈ ਉਨ੍ਹਾਂ ਨੂੰ ਜਾਣਦਾ ਨਹੀਂ ਸੀ, ਕੱਲ-ਮਕੱਲੇ। ਅਪਾਰਟਮੈਂਟ ਤੋਂ ਕੰਮ ਤੇ ਕੰਮ ਤੋਂ ਅਪਾਰਟਮੈਂਟ। ਖਾਲੀ ਪੀਲੀ ਡਾਲਰਾਂ ਦਾ ਮੋਹ, ਪਰ ਨਿਤਾਪ੍ਰਤੀ ਜ਼ਿੰਦਗੀ ਇਕ ਦਮ ਨੀਰਸ। ਕੋਈ ਆਪਣਾ ਨਹੀਂ। ਪਟੇਲ ਸਾਹਿਬ ਕਿਹਾ ਕਰਦੇ ਸਨ ਵਾਪਿਸ ਹੀ ਚਲੇ ਜਾਈਏ ਆਪਾਂ ਤਾਂ। ਇੰਡੀਆ ਵਿਚ ਆਪਣੇ ਅੰਬਾਂ ਦੇ ਬਾਗ, ਲੋਹੜੇ ਦੀ ਖੇਤੀ, ਮੱਝਾਂ ਗਾਈਆਂ। ਕੀ ਮਾੜੇ ਸੀ, ਬਹਾਰ ਲੱਗੀ ਪਈ ਸੀ। ਏਧਰ ਤਾਂ ਕੋਈ ਦੇਸੀ ਬੰਦਾ ਵੀ ਨਹੀਂ ਮਿਲਦਾ। ਏਨਾ ਬਖੁਟਰਾ ਮਾਹੌਲ।" ਤੇ ਫਿਰ ਇਹ ਗਿੱਲ ਪਰਿਵਾਰ ਨਾਲ ਜਦੋਂ ਆਉਣ ਜਾਣ ਹੋਇਆ, ਕਿੰਨੀ ਰਾਹਤ ਮਿਲੀ ਸੀ। ਜ਼ਿੰਦਗੀ ਹੀ ਬਦਲ ਗਈ ਸੀ। ਪਰਾਇਆ ਦੇਸ ਆਪਣਾ ਆਪਣਾ ਲੱਗਣ ਲੱਗਾ। ਮੋਟਲ ਲੈ ਲਿਆ ਸੀ, ਕਿੰਨੀ ਕਮਾਈ ਹੋਣ ਲੱਗੀ ਸੀ ਇਸ ਵਿਚੋਂ।

ਗਿੱਲਣੀ ਦੇ ਕਹਿਣ 'ਤੇ ਫਿਰ ਉਨ੍ਹਾਂ ਦੇ ਪਾਸ ਹੀ ਘਰ ਲੈ ਲਿਆ। ਦਿਨ ਵਿਆਹ ਵਾਂਗਰ ਬੀਤਣ ਲੱਗ ਪਏ। ਪਰ ਇਹ ਸਰਦਾਰ ਫਿਰ ਵੀ ਸਰਦਾਰ ਹੁੰਦੇ ਹਨ। ਆਪਣਿਆਂ ਵਰਗੇ ਤਾਂ ਨਹੀਂ ਹੋ ਸਕਦੇ। ਸਾਡੇ ਤੋਂ ਕੋਫਤ ਕਰਨ ਲੱਗੇ ਸਨ। ਆਪ ਕੀ ਹਨ? ਹਮੇਸ਼ਾ ਫਰਮਾਇਸ਼ਾਂ ਹੀ ਲਾਈ ਰਖਦੇ ਸਨ, ਤੁਹਾਡੇ ਪਾਪੜ ਬੜੇ ਸੁਆਦ ਹੁੰਦੇ, ਤੁਹਾਡੇ ਸਿਰੀਖੰਡ ਦੇ ਕੀ ਕਹਿਣੇ। ਖਾਣ ਲੱਗੇ ਖਾਈ ਹੀ ਜਾਂਦੇ ਹਨ, ਬਸੁਰਿਆਂ ਵਾਂਗ। ਸਾਗ ਰਿੰਨ੍ਹ ਰਿੰਨ੍ਹ ਕੇ ਮਿਝ ਕੱਢ ਦੇਣਗੇ। ਫਿਰ ਜ਼ਬਰਦਸਤੀ ਖੁਆਉਣਗੇ। ਸਾਡੇ ਤਾਂ ਨਿਆਣਿਆਂ ਦੇ ਢਿੱਡ ਦੁਖਣ ਲੱਗ ਪਏ। ਪੀਪੀਆਂ ਭਰਾ ਭਰਾ ਸਾਡੇ ਤੋਂ ਭਜੀਏ ਦੀਆਂ ਲੈ ਜਾਣੀਆਂ। ਮੋਟੋ ਗਿੱਲਣੀ ਦੇਖੋ ਕਿਵੇਂ ਆਂਡਿਓਂ ਹਟੀ ਕੁਕੜੀ ਵਾਂਗ ਫੈਲੀ ਪਈ ਹੈ। ਫਿਰ ਆਪਣੇ ਧਰਮ ਦੇ ਕਿੰਨੇ ਕੱਟੜ ਹਨ। ਅਸੀਂ ਕਿੰਨੀ ਵਾਰੀ ਇਨ੍ਹਾਂ ਦੇ ਗੁਰਦਵਾਰੇ ਗਏ ਪਰ ਆਪ ਇਕ ਵਾਰੀ ਵੀ ਸਾਡੇ ਮੰਦਰ ਨਹੀਂ ਆਏ। ਸਵਾਮੀ ਨਾਰਾਇਣ ਮੰਦਰ ਦੀ ਸਤੰਭ ਸਥਾਪਨਾ 'ਤੇ ਵੀ ਨਾ ਗਏ। ਹਮੇਸ਼ਾ ਗਣੇਸ਼ ਜੀ ਦਾ ਹੀ ਮਖੌਲ ਉਡਾਉਂਦੇ ਰਹਿੰਦੇ ਹਨ। ਪੂਜਾ ਕਰਦੀ ਹੋਵਾਂ ਤਾਂ ਹਮੇਸ਼ਾ ਕਹਿਣਗੇ ਗਣੇਸ਼ ਨੂੰ ਦੁਧ ਪਿਆ ਰਹੇ ਹੋ। ਗਣੇਸ਼ ਦੇ ਦੁਧ ਦੀ ਗੱਲ ਹੀ ਦੁਹਰਾਈ ਜਾਣਗੇ। ਇਨ੍ਹਾਂ ਦੇ ਗੁਰਦਵਾਰੇ ਵੀ ਜਾ ਕੇ ਦੇਖਿਆ ਮੈਂ, ਉਚੀ ਉਚੀ ਪ੍ਰਾਰਥਨਾ ਕਰਨਗੇ, ਮੈਨੂੰ ਤਾਂ ਡਰ ਲੱਗਣ ਲੱਗ ਪਿਆ, ਇਨ੍ਹਾਂ ਦੀਆਂ ਕਿਰਪਾਨਾਂ ਵੇਖ ਕੇ ਹੀ। ਐਵੇਂ ਤਾਂ ਨਹੀਂ ਲੋਕ ਇਨ੍ਹਾਂ ਦੇ ਬਾਰਾਂ ਵੱਜਣ ਦਾ ਮਖੌਲ ਉਡਾਉਂਦੇ। ਮੇਰਾ ਤਾਂ ਮਨ ਕਦੋਂ ਦਾ ਇਨ੍ਹਾਂ ਤੋਂ ਖੱਟਾ ਹੋ ਗਿਆ ਸੀ। ਫਿਰ ਜਦ ਟਰੱਕ ਪਾਉਣ ਲੱਗੇ ਸਾਡੇ ਤੋਂ ਦਸ ਹਜ਼ਾਰ ਡਾਲਰ ਉਧਾਰ ਮੰਗਣ ਲੱਗੇ। ਜਦ ਪਟੇਲ ਸਾਹਿਬ ਨੇ ਆਪਣਾ ਹਿੱਸਾ ਪਾਉਣ ਦੀ ਗੱਲ ਕੀਤੀ ਤਾਂ ਟੁੱਟ ਕੇ ਪੈ ਗਏ। ਹਮੇਸ਼ਾ ਸਾਡੇ ਬਿਜਨਸ ਤੋਂ ਚਿੜੇ ਹੀ ਰਹਿੰਦੇ ਹਨ। ਹੁਣ ਵੀ ਦੇਖੋ ਟਾਂਚ ਕਰ ਗਏ। ਇਨ੍ਹਾਂ ਨੂੰ ਲੈ ਕੇ ਦਿਖਾਲਾਂਗੇ ਫ਼ਾਈਵ ਸਟਾਰ ਹੋਟਲ ਵੀ। ਸਰਦਾਰਾਂ ਨੇ ਕੀ ਬਿਜਨਸ ਕਰ ਲੈਣੇ। ਇਹ ਤਾਂ ਵੀਹ ਤਰਕੀਬਾਂ ਪਟੇਲ ਸਾਹਿਬ ਨੇ ਦੱਸੀਆਂ ਤਾਂ ਇਨ੍ਹਾਂ ਦਾ ਕੰਮ ਬਰਾਬਰ ਹੋਇਆ। ਆਪ ਮੋਟੋ ਓਵਰਟਾਈਮ ਲੈਣ ਦੀ ਮਾਰੀ ਫੋਰਮੈਨ ਅੱਗੇ ਡਾਂਸ ਕਰਦੀ ਰਹਿੰਦੀ, ਮਗਰੋਂ ਹਉਂਕਦੀ ਫਿਰੂ।

ਪਟੇਲ ਸਾਹਿਬ ਦਸਦੇ ਹਨ ਗਿੱਲ ਦੇ ਕੋਲ ਜਾਓ ਇਸ ਦੀ ਦਾਹੜੀ 'ਚੋਂ ਹਮੇਸ਼ਾ ਪਸੀਨੇ ਦੀ ਬੁਦਬੂ ਆਉਂਦੀ ਹੈ। ਪਹਿਲਾਂ ਪਹਿਲਾਂ ਸਟੋਰ ਤੇ ਸਿਗਰਟਾਂ ਵੇਚਦੇ ਸਨ ਤਾਂ ਡੱਬੀ ਨੂੰ ਰੁਮਾਲ ਜਾਂ ਪੇਪਰ 'ਚ ਲਪੇਟ ਕੇ ਦਿੰਦੇ ਸਨ। ਅਖੇ ਉਹ ਤਮਾਖੂ ਨੂੰ ਹੱਥ ਨਹੀਂ ਲਾਉਂਦੇ। ਹੁਣ ਕਿਉਂ ਨਹੀਂ ਕਰਦੇ ਇਸ ਤਰ੍ਹਾਂ? ਪਾਈਸਾ ਜੁ ਆਉਂਦਾ ਹੈ, ਪੂਰੇ ਪਖੰਡੀ। ਕਿਸੇ ਚੀਜ਼ ਦਾ ਇਨ੍ਹਾਂ ਨੂੰ ਸਲੀਕਾ ਨਹੀਂ, ਸਾਲੇ ਗੰਵਾਰ। ਘਰ ਆਉਂਦਿਆਂ ਮੇਜ਼ 'ਤੇ ਪੈਰ ਧਰ ਦੇਣਗੇ, ਉਚੀ ਉਚੀ ਬੋਲਣਾ ਸ਼ੁਰੂ ਕਰ ਦੇਣਗੇ, ਹਿੜ ਹਿੜ ਕਰੀ ਜਾਣਗੇ। ਬੀਅਰ ਸ਼ਰਾਬ ਮੰਗਣ ਲੱਗ ਪੈਂਦੇ ਹਨ। ਇਕ ਵਾਰੀ ਕਹਿ ਦਿੱਤਾ ਅਸੀਂ ਨਹੀਂ ਇਹ ਚੀਜ਼ਾਂ ਘਰ ਵਾੜਦੇ। ਹਮੇਸ਼ਾ ਇਸ ਗੱਲੇ ਸਾਡਾ ਮਜ਼ਾਕ ਹੀ ਉਡਾਉਂਦੇ ਰਹਿੰਦੇ ਹਨ। ਪਟੇਲ ਸਾਹਿਬ ਨੂੰ ਵੀ ਇਨ੍ਹਾਂ ਮੀਟ ਸ਼ਰਾਬ 'ਤੇ ਲਾ ਲਿਆ ਹੈ। ਸਗੋਂ ਸਾਡੇ ਬੱਚੇ ਵੀ ਇਨ੍ਹਾਂ ਦੇ ਬੱਚਿਆ ਨਾਲ ਵਿਗੜਨ ਲੱਗ ਪਏ। ਪਤੀ ਦੇਵ ਤਾਂ ਸਾਡੇ ਜ਼ਰਾ ਸਾਈਂ ਲੋਕ ਹਨ, ਹਊ ਪਰੇ ਕਰਦੇ ਰਹੇ। ਇਨ੍ਹਾਂ ਦੇ ਦੁਖੋਂ ਹੀ ਅਸੀਂ ਨਵਾਂ ਘਰ ਦੇਖ ਲਿਆ ਹੈ। ਐਸ ਘਰ ਤੋਂ ਦੂਰ, ਬੁਹਤ ਦੂਰ। ਫਿਰ ਕਰ ਲੈਣ ਇਹ ਨਿੱਤ ਦੀਆਂ ਫਰਮਾਇਸ਼ਾਂ। ਮੈਂ ਤਾਂ ਕਹਿਨੀ ਆਂ ਹੇ ਸਵਾਮੀ ਨਾਰਾਇਣ, ਹੇ ਸਚਿਦਾਨੰਦ, ਸਾਨੂੰ ਇਹ ਘਰ ਮਿਲ ਜਾਵੇ। ਫੋਰਕਲੋਜ਼ਰ ਵਾਲਾ ਘਰ ਲੱਗੀ ਕੀਮਤ ਤੋਂ ਵੀ ਅਸੀਂ ਦਸ ਹਜ਼ਾਰ ਉਪਰ ਦੀ ਪੇਸ਼ਕਸ਼ ਕਰ ਦਿੱਤੀ ਹੈ। ਇਹ ਸਰਦਾਰ ਲੋਕਾਂ ਤੋਂ ਦੂਰ ਰਹਿਣਾ ਬੜਾ ਜ਼ਰੂਰੀ ਹੈ। ਪਰ ਹਾਂ ਸੱਚ ਮੈਂ ਕਿਧਰ ਦੀ ਕਿਧਰ ਚਲੇ ਗਈ। ਘਰ ਤਾਂ ਗਿੱਲਾਂ ਨੇ ਵੀ ਲੈ ਲਿਆ ਹੈ। ਇਸੇ ਦਾ ਸੱਦਾ ਤਾਂ ਦੇਣ ਆਏ ਸਨ। ਪਤਾ ਹੁੰਦਾ ਇਨ੍ਹਾਂ ਏਥੋਂ ਉਜੜ ਜਾਣਾ ਹੈ ਅਸੀਂ ਅਜੇ ਹੋਰ ਘਰ ਨੂੰ ਹੱਥ ਨਾ ਪਾਉਂਦੇ। ਪਰ ਦੇਖੀਏ ਤਾਂ ਸਹੀ ਇਨ੍ਹਾਂ ਘਰ ਕਿਥੇ ਲਿਆ ਹੈ।

ਤੇ ਪਟੇਲਣ ਕਾਰਡ ਪੜ੍ਹਨ ਲੱਗ ਪਈ, "ਸਰਦਾਰਨੀ ਅਤੇ ਸਰਦਾਰ ਲਖਬੀਰ ਸਿੰਘ ਗਿੱਲ ਤੁਹਾਨੂੰ ਫਾਰਮਿੰਗਟਨ ਹਿੱਲਜ਼ ਵਿਖੇ ਆਪਣੇ ਨਵੇਂ ਲਏ ਘਰ ਦੀ ਖੁਸ਼ੀ 'ਚ ਰਖਾਏ ਸੁਖਮਣੀ ਸਾਹਿਬ..." ਤੇ ਪਟੇਲਣ ਨੇ ਅੱਗੇ ਪੜ੍ਹਨਾ ਛੱਡ ਦਿੱਤਾ। ਉਸ ਦੀ ਸੁਰਤ ਗੁਆਉਣ ਲਈ ਫਾਰਮਿੰਗਟਨ ਹਿੱਲਜ਼ ਹੀ ਕਾਫੀ ਸੀ। ਉਸ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ। ਫਾਰਮਿੰਗਟਨ ਹਿੱਲਜ਼ ਹੀ ਤਾਂ ਉਹ ਆਪਣਾ ਘਰ ਲੈ ਰਹੇ ਸਨ। ਉਹ ਪਟੇਲ ਸਾਹਿਬ ਵੱਲ ਨੱਸੀ ਤੇ ਜ਼ੋਰ ਜ਼ੋਰ ਨਾਲ ਉਸ ਦੀਆਂ ਲੱਤਾਂ ਝੰਜੋੜ ਕੇ ਜਗਾਉਣ ਲੱਗੀ, "ਉਠੋ ਜੀ ਉਠੋ, ਆਹ ਦੇਖੋ ਕੀ ਹੋਇਆ, ਰਿਐਲਟਰ ਨੂੰ ਫੋਨ ਕਰੋ, ਕੁਝ ਕਰੋ, ਅਸੀਂ ਨਹੀਂ ਇਹ ਘਰ ਲੈਣਾ..."।

# ਜੰਗਲ ਦਾ ਰਾਜਾ ਵੀ ਉਦਾਸ ਹੈ!

*ਸੱਚ ਹੈ ਕਿ ਸ਼ਰੀਫਾਂ ਨੇ ਕਦੇ ਲੁੱਚਿਆਂ ਨਾਲ ਗਲਵੱਕੜੀ ਨਹੀਂ ਪਾਈ। ਜਦੋਂ ਦੀ ਜੈ-ਮਾਲਾ ਰਸਮ ਬਣ ਗਈ ਹੈ, ਇਹਦੇ ਖੱਖੜੀਆਂ ਹੋਣ ਦੇ ਆਸਾਰ ਵਧ ਗਏ ਹਨ। ਵੇਸਵਾ ਦੇ ਕਮਰੇ ਵਿਚ ਸਭ ਤੋਂ ਘਟੀਆ ਪਰ ਸਭ ਤੋਂ ਵੱਧ ਹਾਰ-ਸ਼ਿੰਗਾਰ ਦਾ ਸਮਾਨ ਹੁੰਦਾ ਹੈ। ਜਦੋਂ ਦਾ ਭਗਵਿਆਂ ਹੇਠ ਕੰਜਰਖਾਨਾ ਖੁੱਲ੍ਹ ਗਿਆ ਹੈ, ਵੇਸਵਾਵਾਂ, ਸ਼ਰਮਾ ਕੇ ਕਹਿਣ ਲੱਗ ਪਈਆਂ ਹਨ ਦਿੱਲੀ ਦੇ ਜੀ.ਬੀ.ਰੋਡ, ਕਲਕੱਤੇ ਦੇ ਭਿੰਡੀ ਬਾਜ਼ਾਰ ਤੇ ਮੁੰਬਈ ਦੇ ਫਾਰਸ ਰੋਡ ਦਾ ਨਾਂ ਬਦਲ ਗਿਆ ਹੈ। ਅੱਜ ਕਲ ਅਸੀਂ ਰੱਬ ਦੇ ਠੇਕੇਦਾਰਾਂ ਦੇ ਕਬਜ਼ੇ ਵਿਚ ਹਾਂ। ਇਕ ਵਾਰ ਕਬੂਤਰ ਨੇ ਕਾਂ ਨੂੰ ਪੁੱਛਿਆ। ਤੂੰ ਸ਼ੈਤਾਨ ਕਿਉਂ ਏਂ? ਉੱਤਰ ਸੀ ਪਿਛਲੇ ਜਨਮ ਵਿਚ ਮੈਂ ਦਿੱਲੀ ਰਹਿੰਦਾ ਸੀ ਔਰੰਗਜੇਬ ਦਾ ਦਰਬਾਨ।' ਕੁੱਤੇ ਨੇ ਜਦੋਂ ਮਾਸ ਚਰੂੰਡਣਾ ਛੱਡ ਦਿੱਤਾ ਤਾਂ ਹੱਡਾ ਰੋੜੀ ਵਿਚ ਉੱਲੂ ਕੀਰਨੇ ਪਾਉਣ ਲੱਗ ਪੈਣਗੇ। ਪੌੜੀਆਂ ਨਾ ਹੁੰਦੀਆਂ ਤਾਂ ਚੁਬਾਰੇ ਕਿਸੇ ਨਹੀਂ ਪਾਉਣੇ ਸਨ, ਪੁਲ ਨਾ ਹੁੰਦੇ ਤਾਂ ਮਨੁੱਖ ਨੇ ਦਰਿਆ ਦੇ ਆਰ-ਪਾਰ ਖੜ੍ਹ ਕੇ ਕਿਹਾ ਕਰਨਾ ਸੀ ''ਦੂਰੋਂ ਫਤਿਹ ਕਬੂਲ ਕਰੋ।' ਪੁਲ ਲੰਘ ਕੇ, ਪੌੜੀਆਂ ਚੜ੍ਹ ਕੇ ਪਤਾ ਲਗਦਾ ਹੈ ਕਿ ਇਨ੍ਹਾਂ ਦੀ ਮਹੱਤਤਾ ਕਿੱਡੀ ਹੈ। ਜੇ ਚਿੱਤ ਇਕਾਗਰ ਹੈ ਤਾਂ ਸੋਚ ਕੇ ਵੇਖੋ ਘਰ ਦੇ ਖਰਚ ਕਰਜੇ ਦੀ ਰਕਮ ਅਤੇ ਦੁਸ਼ਮਣਾਂ ਦੀ ਗਿਣਤੀ ਵਧੀ ਹੀ ਜਾਂਦੀ ਹੈ। ਕਿਉਂਕਿ ਦੁਨੀਆਂ ਦੀ ਆਦਤ ਹੈ ਕਿ ਉਹ ਚੰਗੇ ਮੌਕਿਆਂ ਦਾ ਲਾਭ ਉਠਾਉਣ ਦਾ ਅਵਸਰ ਨਹੀਂ ਗੁਆਉਣਾ ਚਾਹੁੰਦੇ। ਸ਼ਮਸਾਨ ਘਾਟ 'ਤੇ ਲਾਸ਼ਾਂ ਫੂਕਣ ਵਾਲੇ ਇਕ ਬੰਦੇ ਨੇ ਰੱਬ ਨੂੰ ਦੁਹਾਈ ਦੇ ਕੇ ਕਿਹਾ 'ਹਾਏ ਓਏ ਰੱਬਾ ਬੰਦੇ ਨਾਂ ਬਦਲ ਬਦਲ ਕੇ ਆਈ ਜਾਂਦੇ ਨੇ।' 'ਸਰਕਾਰਾਂ ਬਦਲਦੀਆਂ ਰਹਿੰਦੀਆਂ ਨੇ, ਲੀਡਰ ਬਦਲਦੇ ਰਹਿੰਦੇ ਨੇ ਪਰ ਹਾਰ ਪਾਉਣ ਵਾਲੇ ਉਹੀ ਹੁੰਦੇ ਨੇ ਜਿਨ੍ਹਾਂ ਨੇ ਗਲ ਵਲ ਹੱਥ ਵਧਾਉਣ ਦੀ ਉਡੀਕ 'ਚ ਧੁੱਪੇ ਹੀ ਸੁੱਕਣੇ ਪੈਣਾ ਹੁੰਦਾ ਹੈ। ਸ਼ੇਰ ਤਾਂ ਸ਼ੇਰ ਸੀ, ਮਨੁੱਖ ਤੋਂ ਹਜ਼ਾਰਾਂ ਗੁਣਾਂ ਵੱਧ ਤਾਕਤਵਰ ਪਰ ਮਨੁੱਖ ਨੇ ਸ਼ਤਰੰਜ 'ਚ ਫਸਾ ਕੇ ਕਿਹਾ ਹੈ ਪਿੱਦੀ ਤਾਂ ਕੀ ਪਿੱਦੀ ਦਾ ਬੱਚਾ ਨ੍ਹੀ ਰਹਿਣ ਦਿਆਂਗੇ। ਇਸ ਲਈ ਉਹ ਆਪਣੇ ਅੱਥਰੂ ਆਪ ਹੀ ਪੂੰਝ ਕੇ ਕਹੀ ਜਾਂਦੈ ਕਿ ਹੇ ਰੱਬਾ ਧਿਆਨ ਨਾਲ ਸੁਣ ਇਹ ਬੰਦਿਆਂ ਦੀ ਖੁਸ਼ਖਬਰੀ ਤੇ ਮੇਰਾ ਦੁੱਖ ਹੈ ਕਿ ਜੰਗਲ 'ਚ ਲਾੜੇ ਬਿਨਾਂ ਮੁਕਲਾਵੇ ਕਿਵੇਂ ਆਉਣਗੇ?*

ਜੇ ਪ੍ਰਕ੍ਰਿਤੀ ਤੇ ਕੁਦਰਤ ਵਿਚ ਵਿਸ਼ਵਾਸ਼ ਹੈ ਤਾਂ ਇਸ ਗੱਲ ਨੂੰ ਵੀ ਮੰਨੋਗੇ ਕਿ ਰੱਬ ਨੇ ਸ਼ਾਇਦ ਸ਼ੇਰ ਨੂੰ ਸਭ ਤੋਂ ਵੱਧ ਤਾਕਤਵਰ ਤੇ ਸੁੰਦਰ ਜਾਨਵਰ ਇਸ ਕਰਕੇ ਬਣਾਇਆ ਹੈ ਤਾਂ ਕਿ ਜੰਗਲ ਦਾ ਰਾਜ ਮਨੁੱਖੀ ਹੱਥਾਂ ਵਿਚ ਨਾ ਚਲਾ ਜਾਵੇ। ਜੇ ਸ਼ੇਰ ਨਾ ਹੁੰਦਾ ਤਾਂ ਜੰਗਲ ਵਿਚ ਹਾਥੀਆਂ, ਬਘੇਲਿਆਂ, ਗੈਂਡਿਆਂ ਦੀ ਸਰਦਾਰੀ ਹੋਣੀ ਸੀ। ਵੱਡੀ ਮੱਛੀ ਛੋਟੀ ਮੱਛੀ ਨੂੰ ਨਿਗਲਦੀ ਆਈ ਹੈ ਤੇ ਫਿਰ ਜੰਗਲ ਵਿਚ ਕੋਈ ਲਾਅ-ਐਂਡ ਆਰਡਰ ਨਹੀਂ ਹੋਣਾ ਸੀ। ਜੰਗਲ ਵਿਚ ਦੰਗੇ ਹੋਣ ਦੀਆਂ ਸੰਭਾਵਨਾਵਾਂ ਵੱਧ ਹੋਣੀਆਂ ਸਨ। ਪਰ ਜਦੋਂ ਦਾ ਮਨੁੱਖ ਨੇ ਕੁਦਰਤ ਨਾਲ ਧੱਕਾ ਕਰਕੇ ਜੰਗਲ ਵਿਚ ਘੁਸਪੈਠ ਕਰ ਲਈ ਹੈ, ਵਿਗਿਆਨ ਇਨ੍ਹਾਂ ਨੂੰ ਆਪਣੇ ਕਬਜ਼ੇ ਹੇਠ ਕਰਨ ਦੇ ਆਹਰੇ ਲੈਣ ਲੱਗ ਪਿਆ ਹੈ, ਮੁੰਬਈ ਦੀ ਫ਼ਿਲਮੀ ਦੁਨੀਆਂ ਨਾਲੋਂ ਵੱਧ ਕੈਮਰੇ ਜੰਗਲ ਵਿਚ ਚੱਲ ਰਹੇ ਹਨ ਤਾਂ ਲਗਦਾ ਨਹੀਂ ਜੰਗਲ ਦੇ ਬਾਦਸ਼ਾਹ ਦੇ ਸਿੰਘਾਸ਼ਣ ਨੂੰ ਖਤਰਾ ਪੈਦਾ ਹੋ ਗਿਆ ਹੈ। ਜਿਸ ਸ਼ੇਰ ਦੀ ਹਰ ਹਰਕਤ ਨੂੰ, ਖਾਂਦੇ-ਪੀਂਦੇ, ਦੌੜਦੇ ਕਲੋਲਾਂ ਕਰਦੇ ਨੂੰ ਤੁਸੀਂ ਨਿੱਕੇ ਪਰਦੇ 'ਤੇ ਵੇਖ ਰਹੇ ਹੋ, ਉਹ ਸੈਟੇਲਾਈਟ ਕੈਮਰਿਆਂ ਦੀ ਮਿਹਰਬਾਨੀ ਨਾਲ ਨਹੀਂ, ਬਲਕਿ ਏਅਰਗੰਨਾਂ ਨਾਲ ਬੇਹੋਸ਼ ਕਰਕੇ ਉਹਦੇ ਗਲ 'ਚ ਤੇ ਲੱਤ 'ਚ ਲਟਕਦੇ ਨਿੱਕੇ ਕੈਮਰੇ ਉਹਦੇ ਇਕਾਂਤਮਈ ਜੀਵਨ ਤੋਂ ਪਰਦਾ ਚੁੱਕ ਰਹੇ ਹਨ। ਜਿਹੜਾ ਮਨੁੱਖ ਸ਼ੇਰ ਦੇ ਦਹਿਲ ਤੋਂ ਹੀ ਕੰਬਦਾ ਸੀ, ਉਸੇ ਨੇ ਉਸਦੀ ਜ਼ਿੰਦਗੀ ਵਿਚ ਸ਼ੈਤਾਨੀ ਦਾ ਕਿੱਲ ਠੋਕ ਦਿੱਤਾ ਹੈ। ਇੱਲਾਂ ਮੁੱਕ ਗਈਆਂ ਨੇ, ਪਰ ਡਾਇਨਾਸੋਰ ਤੋਂ ਬਾਅਦ ਜੇ ਕਿਸੇ ਦੁਨੀਆਂ ਦੇ ਤਾਕਤਵਰ, ਅਦਭੁੱਤ ਤੇ ਫੁਰਤੀਲੇ ਜਾਨਵਰ ਦੀ ਹੋਂਦ ਨੂੰ ਖਤਰਾ ਹੈ ਤਾਂ ਉਹ ਸਿਰਫ ਸ਼ੇਰ ਹੀ ਹੈ। ਜਿਸ ਸ਼ੇਰ ਨੂੰ ਪੰਜ ਹਜ਼ਾਰ ਈਸਵੀ ਪੂਰਬ ਪਹਿਲਾਂ ਭਾਰਤ ਵਿਚ ਲਿਆਂਦਾ ਗਿਆ ਸੀ। ਸਭ ਤੋਂ ਪਹਿਲਾਂ ਉਸਨੇ ਆਸਾਮ ਦੀ ਬਨੋਲੀ ਬੀਹੜ ਨਾਮੀ ਧਰਤੀ 'ਤੇ ਪੈਰ ਰੱਖਿਆ ਸੀ। ਮਨੁੱਖ ਉਹਦੇ ਨਾਂ ਤੋਂ ਹੀ ਪੱਤੇ ਵਾਂਗ ਕੰਬਦਾ ਸੀ। ਪਰ ਹੁਣ ਚਾਲਬਾਜ਼ੀਆਂ ਨਾਲ ਏਨੇ ਹਾਲਾਤ ਬਦਲ ਦਿੱਤੇ ਹਨ ਕਿ ਜਿਸ ਧਰਤੀ ਤੇ 1972 ਤੱਕ ਸ਼ੇਰਾਂ ਦੀ ਗਿਣਤੀ ਪੰਜ ਹਜ਼ਾਰ ਦੇ ਕਰੀਬ ਸੀ ਹੁਣ ਘਟ ਕੇ ਦੋ ਹਜ਼ਾਰ ਹੀ ਰਹਿ ਚੱਲੀ ਹੈ। ਇਸੇ ਲਈ ਜੰਗਲ ਦਾ ਹਾਕਮ ਟਟਿਹਣੇ ਜਿੱਡੇ ਮਨੁੱਖ ਅੱਗੇ ਫਰਿਆਦਾਂ ਤੇ ਵਾਸਤੇ ਪਾ ਰਿਹਾ ਹੈ 'ਰੱਬ ਦੇ ਵਾਸਤੇ ਮੈਨੂੰ ਬਚਾ ਲਵੋ।' ਸ਼ੇਰ ਦੀ ਜ਼ਿੰਦਗੀ 'ਤੇ ਚਰਚਾ ਇਸ ਕਰਕੇ ਕਰਨ ਲੱਗਾ ਹਾਂ ਕਿ ਕਿਤੇ ਉਹ ਦਿਨ ਨਾ ਆ ਜਾਵੇ ਜਦੋਂ ਅਗਲੀਆਂ ਪੀੜੀਆਂ ਨੂੰ ਫੋਟੋ ਵਿਖਾਕੇ ਕਹਿਣਾ ਪਵੇ ਕਿ 'ਇਕ ਸ਼ੇਰ ਹੁੰਦਾ ਸੀ ਜੰਗਲ ਦਾ ਰਾਜਾ।'

ਸ਼ੇਰ ਨਾਲ ਬੜੀਆਂ ਮਨਘੜਤ ਕਹਾਣੀਆਂ, ਉਹਦੇ ਜੀਵਨ 'ਤੇ ਖੋਜੀ ਡਾਕੂਮੈਂਟਰੀਜ਼ ਬਣੀਆਂ ਹਨ, ਉਹਦੇ ਮਾਸ ਖਾਣ ਨਾਲ ਜੁੜੀਆਂ ਬੜੀਆਂ ਦੰਦ-ਕਥਾਵਾਂ ਹਨ ਜਿਨ੍ਹਾਂ ਨੂੰ ਲੋਕ ਮਸਾਲੇ ਲਾ ਲਾ ਕੇ ਸੁਣਾਉਂਦੇ ਆਏ ਹਨ। ਪਰ 'ਪੰਜਾਬੀ ਟ੍ਰਿਬਿਊਨ' 'ਚ ਲੰਬਾ ਸਮਾਂ ਅੰਗ ਸੰਗ ਕਾਲਮ ਲਿਖਣ ਵਾਲੇ ਸ਼ਾਮ ਸਿੰਘ ਦੀ ਇਕ ਦਿਲਚਸਪ ਟਿੱਪਣੀ ਮੇਰੇ ਚੇਤੇ 'ਚੋਂ ਨਹੀਂ ਖਿਸਕੀ।' ਉਸਨੇ ਲਿਖਿਆ ਸੀ ਕਿ-

ਇਕ ਵਾਰ ਸ਼ੇਰ ਤੇ ਸ਼ੇਰਨੀ ਸਿੰਘਾਸਣ ਤੇ ਬੈਠੇ ਸਨ। ਸਾਹਮਣੇ ਗਿੱਦੜ ਆ ਕੇ ਬੈਠਿਆ ਤਾਂ ਸ਼ੇਰ ਨੇ ਖੜ੍ਹਾ ਹੋ ਕੇ ਸਲੂਟ ਮਾਰਿਆ।

ਸ਼ੇਰਨੀ ਹੈਰਾਨੀ ਨਾਲ ਬੋਲੀ 'ਮਹਾਰਾਜ ਕੀ ਗੱਲ ਅਮਰੀਕਾ ਹਮਲਾ ਕਰਨ ਲੱਗਾ ਐ, ਜਿਹੜਾ ਗਿੱਦੜ ਨੂੰ ਸਲਾਮ ਕਰਨ ਲੱਗ ਪਏ ਹੋ।''

'ਨਹੀਂ ਭਾਗਵਾਨੇ ਤੈਨੂੰ ਨ੍ਹੀ ਪਤਾ ਕਈ ਵਾਰ ਹਮਾਤੜ ਬੰਦਿਆਂ 'ਦੀ ਵੀ ਲੋੜ ਪੈ ਜਾਂਦੀ ਹੈ। ਸ਼ੇਰ ਨੇ ਸਹਿਜਤਾ ਨਾਲ ਕਿਹਾ।

ਗਿੱਦੜ ਨੇ ਅਗਲੀ ਵਾਰ ਮੁੱਛਾਂ ਤੇ ਹੱਥ ਫੇਰਿਆ ਤੇ ਦੋਹਾਂ ਵਲ ਵੇਖ ਕੇ ਮੁਸਕਰਾ ਪਿਆ।

ਮਹਾਰਾਜ ਕੀ ਕਰਦੇ ਓ ਤੁਸੀਂ ਜੰਗਲ ਦਾ ਰਾਜ-ਭਾਗ ਸੁਆਹ ਚਲਾਉਣੈ, ਇਹ ਗਿੱਦੜ ਭਬਕੀਆਂ ਮਾਰਨ ਲੱਗ ਪਿਐ।' ਸ਼ੇਰਨੀ ਹੋਰ ਤੱਤੀ ਹੋ ਗਈ।'

'ਹਊ ਪਰੇ ਕੁਝ ਨੀ ਹੁੰਦਾ ਬੈਠੀ ਰਹਿ ਰਮਾਨ ਨਾਲ।'

ਤੇ ਤੀਜੀ ਵਾਰ ਗਿੱਦੜ ਨੇ ਲਾਲ ਅੱਖਾਂ ਕੱਢੀਆਂ ਪੱਟ ਤੇ ਹੱਥ ਮਾਰਿਆ ਤੇ ਸ਼ੇਰ ਨੂੰ ਘੂਰਦਾ ਤੁਰ ਪਿਆ।

ਸ਼ੇਰਨੀ ਹੋ ਗਈ ਆਪੇ ਤੋਂ ਬਾਹਰ। ਕਹਿਣ ਲੱਗੀ 'ਵੰਗਾਂ ਪਾ ਲਓ, ਬਹਿ ਜੋ ਕਿਤੇ ਚੁੱਪ ਕਰਕੇ, ਲਾਹ ਦਿਓ ਬਾਦਸ਼ਾਹ ਵਾਲਾ ਮੁਕਟ।'

ਬਾਂਹ ਫੜ੍ਹਕੇ ਸ਼ੇਰ ਨਿਮਰਤਾ ਨਾਲ ਬੋਲਿਆ 'ਬਹਿ ਜਾ ਭਾਗਵਾਨੇ ਮੈਨੂੰ ਵੀ ਦੀਂਹਦਾ ਸਭ ਕੁਝ। ਅੱਜ ਕੱਲ ਇਹ 'ਜੰਗਲ ਟਾਈਮਜ਼' ਅਖ਼ਬਾਰ ਕੱਢਦੈ। ਚੁੱਪ ਈ ਭਲੀ ਐ।

ਅਸਲ ਵਿਚ ਇਹ ਇਕ ਵਿਅੰਗ ਨਹੀਂ ਸਗੋਂ ਉਸੇ ਵਰਤਾਰੇ ਦਾ ਹਿੱਸਾ ਹੈ ਕਿ ਸਮਾਜਿਕ ਤਾਣਾ-ਬਾਣਾ ਏਨਾ ਉਲਝ ਗਿਆ ਹੈ ਕਿ ਕੋਈ ਕਿਸੇ ਤੋਂ ਘੱਟ ਕਹਾਉਣ ਲਈ ਰਾਜੀ ਨਹੀਂ।

ਤੁਸੀਂ ਵੀ ਇਹ ਖ਼ਬਰ ਪੜ੍ਹੀ ਹੋਵੇਗੀ ਕਿ ਕੁਝ ਵਰ੍ਹੇ ਪਹਿਲਾਂ ਭੁਬਨੇਸ਼ਵਰ ਦੇ ਨੰਦਨਕਾਨਨ ਵਿਚ ਸ਼ੇਰਾਂ ਦੀ ਪਨਾਹਗਾਹ 'ਤੇ ਸਾਰੇ ਸ਼ੇਰਾਂ ਤੇ ਬਾਘਾਂ ਨੂੰ ਕੱਠਿਆਂ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੂੰ ਮਨੁੱਖੀ ਦਿਮਾਗ ਦੀ ਚਲਾਕੀ ਵਾਲੀ ਚਾਲੀ ਮਿੰਟ ਦੀ ਫ਼ਿਲਮ ਉਨ੍ਹਾਂ ਦੀ ਹੀ ਜੀਵਨੀ ਤੇ ਆਧਾਰਿਤ ਵਿਖਾਈ ਗਈ ਤਾਂ ਕਿਸੇ ਵੀ ਬਾਦਸ਼ਾਹ ਨੇ ਉੱਚੀ ਸਾਹ ਨਹੀਂ ਲਿਆ। ਫ਼ਿਲਮ ਖਤਮ ਹੋਣ ਤੇ ਸਾਰੇ ਇਕ ਦੂਜੇ ਵਲ ਵੇਖ ਕੇ ਅੱਖਾਂ ਚੋਂ ਅੱਥਰੂ ਸੁੱਟਦਿਆਂ ਕਹਿ ਰਹੇ ਸਨ 'ਹੈਂ! ਏਨਾ ਸ਼ੈਤਾਨ ਬਣ ਗਿਆ ਬੰਦਾ।'

ਅਸਲ ਵਿਚ ਸ਼ੇਰ ਦੀ ਔਖ ਲਿਆਉਣ ਵਿਚ ਵੀ ਅਮਰੀਕੀ ਡਾਲਰਾਂ ਦਾ ਹੀ ਅਸਿੱਧਾ ਯੋਗਦਾਨ ਹੈ। ਸ਼ੇਰ ਦੇ ਸ਼ਿਕਾਰ 'ਤੇ ਸਖਤ ਪਾਬੰਦੀਆਂ ਤੇ ਸਖ਼ਤ ਕਾਨੂੰਨ ਤਾਂ ਬਣੇ ਹਨ ਪਰ ਦੁੱਖ ਦੀ ਗੱਲ ਹੈ ਕਿ ਇਹ ਸ਼ਿਕਾਰ ਹਾਲੇ ਬੰਦ ਨਹੀਂ ਹੋਇਆ। ਕਿਉਂਕਿ ਕੌਮਾਂਤਰੀ ਬਾਜ਼ਾਰ ਵਿਚ ਸ਼ੇਰ ਦੀ ਖੱਲ ਦੀ ਕੀਮਤ ਦਸ ਹਜ਼ਾਰ ਤੋਂ ਪੰਝੀ ਹਜ਼ਾਰ ਡਾਲਰ ਤੱਕ ਵੀ ਪਹੁੰਚ ਜਾਂਦੀ ਹੈ। ਇਸੇ ਲਈ ਸ਼ੇਰ ਵਿਚਾਰਾ ਬਣਦਾ ਜਾ ਰਿਹਾ ਹੈ ਤੇ ਉਸਨੂੰ ਜਾਨ ਬਚਾਉਣੀ ਕਠਿਨ ਹੋ ਗਈ ਹੈ।

ਸ਼ੇਰ ਦੇ ਗ੍ਰਹਿਸਤੀ ਜੀਵਨ ਬਾਰੇ ਬੜੀਆਂ ਮਨਘੜਤ ਤੇ ਦਿਲਚਸਪ ਦੰਦਕਥਾਵਾਂ ਹਨ। ਪਰ ਕਿਉਂਕਿ ਉਹ ਇਕ ਬਾਦਸ਼ਾਹ ਰਿਹਾ ਹੈ ਇਸ ਲਈ ਉਹਦੇ ਰਾਜਿਆਂ-ਮਹਾਂਰਾਜਿਆਂ ਵਾਲੇ ਸ਼ੌਂਕ ਤੇ ਅਸੂਲ ਵੀ ਨਹੀਂ ਤਿਆਗੇ। ਮੰਨੋਗੇ ਕਿ ਸ਼ੇਰ ਜ਼ਿੰਦਗੀ ਵਿਚ ਇਕ ਵਾਰ ਰੁਮਾਂਸ ਕਰਦਾ ਹੈ, ਕਿਉਂਕਿ ਉਹਦੇ ਲਈ ਇਹ ਪਹਿਲਾ ਤੇ ਆਖਰੀ ਮੌਕਾ ਹੁੰਦਾ ਹੈ, ਇਸ ਲਈ ਉਹ ਮਸਤੀ ਤੇ ਤਾਕਤ ਦੇ ਨਸ਼ੇ ਵਿਚ ਅੰਨ੍ਹਾ ਹੋ ਜਾਂਦਾ ਹੈ। ਔਰਤਾਂ ਦੇ ਸਵਾ ਮਹੀਨੇ ਦੇ ਛਿਲੇ ਵਾਂਗ ਉਹ 45 ਦਿਨ ਤੱਕ ਸ਼ੇਰਨੀ ਦੇ ਸੰਗ ਰਹਿੰਦਾ ਹੈ। ਪਰ ਉਹਦੇ ਨਾਲ ਉਹ ਹਮਬਿਸਤਰ ਸਿਰਫ ਇਕ ਵਾਰ ਹੁੰਦਾ ਹੈ। ਇਨ੍ਹਾਂ ਦਿਨਾਂ ਵਿਚ ਉਹ ਆਪਣਾ ਸ਼ਿਕਾਰ ਭੰਡਾਰ ਕਰਕੇ ਰੱਖਦਾ ਹੈ ਤੇ ਜੰਗਲ ਦੇ ਕਰੀਬ ਛੇ ਮੀਲ ਦੇ ਘੇਰੇ ਵਿਚ ਜਾਨਵਰ ਤਾਂ ਕੀ ਕੋਈ ਚਿੜੀ ਪਰਿੰਦਾ ਵੀ ਨਹੀਂ ਕੁਸਕਦਾ। ਅਗਰ ਉਹਦੀ ਇਸ ਪਿਆਰ ਵਾਲੀ ਸਥਿਤੀ ਵਿਚ ਕਿਸੇ ਤੋਂ ਜਾਣੇ-ਅਣਜਾਣੇ ਵਿਚ ਦਖਲ ਅੰਦਾਜ਼ੀ ਹੋ ਜਾਵੇ ਤਾਂ ਸਮਝੋ ਉਹਦੀ ਖੈਰ ਨਹੀਂ। ਕਿਉਂਕਿ ਸ਼ੇਰਨੀ ਜੰਗਲ ਦੇ ਹੁਕਮਰਾਨ ਦੀ ਪਤਨੀ ਹੁੰਦੀ ਹੈ, ਇਸ ਲਈ ਉਹ ਬੱਚਿਆਂ ਦੇ ਵੱਗ ਕੁੱਤੀ ਦੇ ਕਤੂਰਿਆਂ ਵਾਂਗ ਨਹੀਂ ਪੈਦਾ ਕਰਦੀ। ਇਕ ਤੋਂ ਤਿੰਨ ਤੱਕ ਬੱਚਿਆਂ ਦੀ ਗਿਣਤੀ ਹੁੰਦੀ ਹੈ ਤੇ ਉਹ ਉਦੋਂ ਤੱਕ ਇਨ੍ਹਾਂ ਦੇ ਨਾਲ ਰਹਿੰਦੀ ਹੈ ਜਦੋਂ ਤੱਕ ਉਹ ਉਡਾਰ ਨਹੀਂ ਹੋ ਜਾਂਦੇ ਤੇ ਆਪਣਾ ਸ਼ਿਕਾਰ ਆਪ ਲੱਭਣ ਤੇ ਮਾਰਨ ਦੇ ਯੋਗ ਨਹੀਂ ਹੁੰਦੇ। ਸ਼ੇਰਾਂ ਦੀ ਘਟ ਰਹੀ ਗਿਣਤੀ ਨੂੰ ਵੇਖਦਿਆਂ ਜੀਵ-ਵਿਗਿਆਨੀਆਂ ਤੇ ਡਾਕਟਰਾਂ ਦੀ ਰਾਏ ਸੀ ਕਿ ਮਨੁੱਖ ਵਾਂਗ ਟੈਸਟ-ਟਿਊਬ ਬੇਬੀ ਵਾਲਾ ਨਵਾਂ ਤਰੀਕਾ ਅਪਣਾ ਕੇ ਉਨ੍ਹਾਂ ਦੀ ਗਿਣਤੀ ਨੂੰ ਵਧਾਇਆ ਜਾ ਸਕਦਾ ਹੈ। ਪਰ ਸ਼ੇਰ ਤੇ ਸ਼ੇਰਨੀ ਦੋਹਾਂ ਨੇ ਹੀ ਮਨੁੱਖ ਦਾ ਸਾਥ ਨਹੀਂ ਦਿੱਤਾ। ਸ਼ਾਇਦ ਇਸੇ ਮਾਮਲੇ ਵਿਚ ਦੋਹਾਂ ਨੇ ਸਿਹਤ ਵਿਗਿਆਨ ਦੇ ਢਿੱਡ ਵਿਚ ਲੱਤ ਮਾਰ ਦਿੱਤੀ ਹੈ।ਪ੍ਰਕ੍ਰਿਤੀ ਵਿਗਿਆਨੀ ਏ.ਪੀ.ਜੀ. ਨੇ ਆਪਣੀ ਪੁਸਤਕ 'ਐਨੀਮਲ ਕਿੰਗ' ਵਿਚ ਲਿਖਿਆ ਹੈ ਕਿ ਸ਼ੇਰ ਸਿਰਫ ਜਿੰਦਗੀ ਵਿਚ ਇਕ ਵਾਰ ਸੰਭੋਗ ਸਾਂਝ ਪੈਦਾ ਕਰਦਾ ਹੈ ਪਰ ਉਹ ਸ਼ੇਰਨੀ ਨਾਲ ਪਿਆਰ ਦੀ ਪੀਂਘ ਦੇ ਝੂਟੇ ਜ਼ਰੂਰ ਲੈਂਦਾ ਹੈ। ਭੁੱਖੇ ਤੇ ਗੁੱਸੇ 'ਚ ਆਏ ਸ਼ੇਰ ਨੂੰ ਕਾਬੂ ਕਰਨਾ ਸਿਰਫ ਸ਼ੇਰਨੀ ਨੂੰ ਆਉਂਦਾ ਹੈ ਜਦੋਂ ਉਹ ਉਹਦੀ ਪਿੱਠ ਤੇ ਸਿਰ ਸੁੱਟ ਕੇ ਲੇਟਦੀ ਹੈ।

ਏ.ਪੀ.ਜੀ. ਨੇ ਹੀ ਅੱਗੇ ਲਿਖਿਆ ਹੈ ਕਿ ਇਸ ਸਦੀ ਦੇ ਆਰੰਭ ਵਿਚ ਧਰਤੀ 'ਤੇ ਕਰੀਬ ਚਾਰ ਹਜ਼ਾਰ ਸ਼ੇਰ ਸਨ ਤੇ ਜਦੋਂ ਮਨੁੱਖੀ ਆਬਾਦੀ ਤੇ ਵਿਕਾਸ ਲਗਾਤਾਰ ਵਧਿਆ ਹੈ ਤਾਂ ਇਨ੍ਹਾਂ ਦੀ ਗਿਣਤੀ ਘੱਟ ਗਈ ਹੈ। ਇਨ੍ਹਾਂ ਨੂੰ ਬਚਾਉਣ ਦੇ ਤਰੀਕੇ ਸੋਚੇ ਜਾਣ ਲੱਗੇ ਹਨ। ਅੰਤਰ-ਰਾਸ਼ਟਰੀ ਪ੍ਰਕ੍ਰਿਤੀ ਸੰਗਠਨ ਅਤੇ ਵਣ ਜੀਵ ਬੋਰਡ ਨੇ ਸਾਰੇ ਸ੍ਰੋਤਾਂ ਨੂੰ ਮਿਲਾ ਕੇ 'ਪ੍ਰੋਜੈਕਟ ਟਾਈਗਰ ਯੋਜਨਾ' ਸ਼ੁਰੂ ਕੀਤੀ ਸੀ। ਇਸ ਯੋਜਨਾ ਤਹਿਤ ਸ਼ੇਰ ਵਾਂਗ ਹੋਰਨਾਂ ਜਾਨਵਰਾਂ ਦੀ ਘਾਟ ਰਹੀ ਹੋਂਦ ਨੂੰ ਬਚਾਉਣਾ ਤੇ ਇਨ੍ਹਾਂ ਦੀ ਪਰਵਰਿਸ਼ ਨੂੰ ਵਧੇਰੇ ਅਸਰ ਸਾਰ ਬਣਾਉਣਾ ਸ਼ਾਮਲ ਸੀ।

ਬਾਕੀਆਂ ਨਾਲੋਂ ਸ਼ੇਰ ਦੀ ਹੋਂਦ ਨੂੰ ਖਤਰਾ ਵਧ ਹੈ। ਆਪਣੇ 1970 'ਚ ਸ਼ੇਰ ਦੇ ਸ਼ਿਕਾਰ ਤੇ ਪਾਬੰਦੀ ਲੱਗੀ ਤੇ 1972 ਵਿਚ ਮੁੜ ਜੀਵ ਸੁਰੱਖਿਆ ਕਾਨੂੰਨ ਪਾਸ ਕਰਕੇ ਸ਼ਿਕਾਰ ਕਰਨ ਵਾਲੇ ਲਈ ਸਖ਼ਤ ਸਜ਼ਾ ਦੀ ਵਿਵਸਥਾ ਕੀਤੀ ਗਈ। 'ਜੇਕਰ ਮਨ 'ਚੋਂ ਭੈਅ ਅਤੇ ਸਹਿਮ ਕੱਢ ਦਿੱਤਾ ਜਾਵੇ ਤਾਂ ਸ਼ੇਰ ਬੇਹੱਦ ਖੂਬਸੂਰਤ ਜਾਨਵਰ ਹੈ। ਸ਼ੇਰ ਦੀ ਜ਼ਿੰਦਗੀ ਦਾ ਨੇੜੇ ਤੋਂ ਅਧਿਐਨ ਆਪਣੇ-ਆਪ ਵਿਚ ਅਜਿਹਾ ਕੰਮ ਹੈ, ਜੀਹਦੇ ਵਿਚ ਬਹੁਤ ਕੁਝ ਦਿਲਚਸਪ ਹੈ। ਸਭ ਤੋਂ ਵਧ ਦਿਲਚਸਪ ਗੱਲ ਇਹ ਹੈ ਕਿ ਬਾਘ ਵਾਂਗ ਸ਼ੇਰ ਦੀ ਜ਼ਿੰਦਗੀ ਦਾ ਇਕ ਹਿੱਸਾ ਸ਼ਿਕਾਰ ਦੀ ਭਾਲ ਵਿਚ ਲੰਘ ਜਾਂਦਾ ਹੈ ਤੇ ਆਮ ਤੌਰ 'ਤੇ ਉਹ 'ਕੱਲਾ ਹੀ ਸ਼ਿਕਾਰ ਕਰਨਾ ਪਸੰਦ ਕਰਦਾ ਹੈ। ਉਹ ਰਾਜੇ ਵਾਂਗ ਜਗੰਲ ਵਿਚ ਉੱਠਣ ਵਾਲੀ ਹਰ ਆਵਾਜ਼ 'ਤੇ ਕੰਨ ਅਤੇ ਅੱਖ ਟਿਕਾਈ ਰੱਖਦਾ ਹੈ। ਇਸੇ ਚੌਕਸੀ ਨਾਲ ਉਹ ਲੁਕ-ਛਿਪ ਕੇ ਜੀਅ ਰਹੇ ਜਾਨਵਰਾਂ ਦਾ ਸ਼ਿਕਾਰ ਕਰਕੇ ਆਪਣੀ ਭੁੱਖ ਮਿਟਾ ਸਕਦਾ ਹੈ। ਪੂਰੀ ਰਾਤ ਉਹ ਮਾਸਾਹਾਰੀ ਭੋਜਨ ਲਈ ਪੰਦਰਾਂ ਵੀਹ ਮੀਲ ਦੀ ਖਾਕ ਛਾਣ ਮਾਰਦਾ ਹੈ ਤੇ ਦਿਨੇ ਆਪਣਾ ਸ਼ਿਕਾਰ ਹਜ਼ਮ ਕਰਨ ਲਈ ਘੂਕ ਸੁੱਤਾ ਰਹਿੰਦਾ ਹੈ। ਸ਼ੇਰ ਨੂੰ ਪਿਆਸ ਬਹੁਤ ਲਗਦੀ ਹੈ, ਹਾਲਾਂ ਕਿ ਸਰਦੀਆਂ ਦੀ ਨਿੱਘੀ ਧੁੱਪ ਨੂੰ ਪਿਆਰ ਤੇ ਬਰਸਾਤ ਨੂੰ ਨਫਰਤ ਕਰਦਾ ਹੈ। ਉਹ ਪਾਣੀ ਦੇ ਨੇੜੇ ਰਹਿੰਦਾ ਹੈ। ਸ਼ੇਰ ਦਾ ਹਮਲਾ ਬਹੁਤ ਮਾਰੂ ਹੁੰਦਾ ਹੈ ਤੇ ਉਹ ਪਹਿਲੇ ਹੱਲੇ ਨਾਲ ਹੀ ਸ਼ਿਕਾਰ ਚਿੱਤ ਕਰ ਲੈਂਦਾ ਹੈ। ਆਦਮੀ ਉਸਦੇ ਅੜਿੱਕੇ ਆ ਜਾਵੇ ਤਾਂ ਉਹ ਆਂਡੇ ਵਾਂਗ ਫੇਹ ਸੁੱਟਦਾ ਹੈ। ਸ਼ੇਰ ਦੀ ਸੁੰਘਣ ਸ਼ਕਤੀ ਭਾਂਵੇ ਬਹੁਤ ਘੱਟ ਹੈ ਪਰ ਉਸਦੀ ਅੱਖ ਤੇ ਕੰਨ ਦਾ ਜੁਆਬ ਨਹੀਂ। ਖੂਨੀ ਪੰਜਿਆਂ ਵਿਚ ਏਨੀ ਨਰਮਈ ਵੀ ਹੈ ਕਿ ਉਹ ਬਿਨਾਂ ਖੜਾਕ ਕੀਤਿਆਂ ਜੰਗਲ ਵਿਚ ਘੁੰਮ ਫਿਰ ਸਕਦਾ ਹੈ। ਸ਼ੇਰ ਦੇ ਹਥਿਆਰ ਹਨ ਉਸਦੀਆਂ ਗਿਆਨ ਇੰਦਰੀਆਂ, ਆਤਮ ਸ਼ਕਤੀ ਤੇ ਆਕਾਰ, ਵਿਸ਼ਾਲ ਜੁਬਾੜਾ, ਮਜਬੂਤ ਤੇ ਤਿੱਖੇ ਦੰਦ ਤੇ ਸਭ ਤੋਂ ਵੱਡੀ ਉਹਦੀ ਬਿਜਲੀ ਵਰਗੀ ਗਰਜਣਾ। ਸ਼ੇਰ ਦੇ ਮੁਕਾਬਲੇ ਹਿਰਨ ਦੀ ਸੁੰਘਣ ਤੇ ਦੌੜਨ ਸ਼ਕਤੀ ਵਧ ਹੈ ਪਰ ਹਿਰਨ ਸ਼ੇਰ ਦਾ ਪ੍ਰਮੁੱਖ ਸ਼ਿਕਾਰ ਹੈ।

ਜਰਮਨ ਦੀਆਂ 'ਹੀਊਚੈਸਟ' ਦਵਾਈਆਂ ਦੁਨੀਆਂ ਵਿਚ ਮਸ਼ਹੂਰ ਹਨ ਪਰ ਜਾਣਦੇ ਹੋ ਕਿ ਹੀਉਚੈਸਟ ਲੁਧਿਆਣੇ ਦੀ ਇਕ ਬਸਤੀ ਜਿੱਡਾ ਪਿੰਡ ਹੈ। ਮੈਂ ਜਦੋਂ ਇਕ ਦਹਾਕਾ ਪਹਿਲਾਂ ਇਹ ਪਿੰਡ ਵੇਖਿਆ ਤਾਂ ਪਤਾ ਲੱਗਾ ਕਿ ਇਨ੍ਹਾਂ ਦੁਆਈਆਂ ਵਿਚ ਸ਼ੇਰ ਦਾ ਖੂਨ ਵੀ ਵਰਤਿਆ ਜਾਂਦਾ ਹੈ ਤੇ ਜਪਾਨ 'ਚ ਘੜੀਆਂ ਬਣਾਉਣ ਵਾਂਗ ਹਰ ਘਰ 'ਚ ਹੀ ਦੁਅਈਆਂ ਬਣਦੀਆਂ ਹਨ। ਮਕਾਨ ਢਾਹੁਣ, ਮਿੱਟੀ ਪੁੱਟਣ ਦੀਆਂ ਮਸ਼ੀਨਾਂ ਬਣਾਉਣ ਵਾਲੀ ਜਰਮਨ ਦੀ ਜੇ.ਬੀ.ਕੰਪਨੀ ਨੇ ਸ਼ੇਰ ਦੇ ਜੁਬਾੜੇ 'ਤੇ ਆਧਾਰਿਤ ਹੀ ਮਸ਼ੀਨਾਂ ਬਣਾਈਆਂ ਹਨ।

ਸ਼ੇਰ ਕਈ ਦਿਨ ਭੁੱਖਾ ਰਹਿ ਸਕਦਾ ਹੈ ਤੇ ਕਈ ਵਾਰ ਉਸਨੂੰ ਸ਼ਿਕਾਰ ਫੜਨ ਲਈ ਅਨੇਕਾਂ ਯਤਨ ਕਰਨੇ ਪੈਂਦੇ ਹਨ। ਇਸੇ ਲਈ ਉਹ ਜਦੋਂ ਮੌਕਾ ਮਿਲਦਾ ਹੈ ਸ਼ਿਕਾਰ ਹਥੋਂ ਨਹੀਂ ਜਾਣ ਦੇਂਦਾ। ਕਿਉਂਕਿ ਉਸਨੂੰ ਅਗਲਾ ਸ਼ਿਕਾਰ ਮਿਲਣ ਦਾ ਭਰੋਸਾ ਨਹੀਂ ਹੁੰਦਾ। ਸ਼ੇਰ ਕਈ ਵਾਰ ਮਜ਼ਬੂਰੀ ਵਸ ਬਾਂਦਰ ਤੇ ਚਿੜੀਆਂ ਖਾਣ ਤਕ ਦੀ ਉਤਰ ਆਉਂਦਾ ਹੈ। ਉਹ ਸਿਰਫ ਭੁੱਖ ਲਈ ਸ਼ਿਕਾਰ ਮਾਰਦਾ ਹੈ, ਸ਼ਿਕਾਰ ਖੇਡਣਾ ਉਸਦੀ ਆਦਤ ਨਹੀਂ ਹੈ। ਆਮ ਤੌਰ ਤੇ ਸ਼ੇਰ ਤੇ ਮਨੁੱਖ ਰੂ-ਬ-ਰੂ ਹੋ ਜਾਣ ਤਾਂ ਸੱਪ ਵਾਂਗ ਉਹ ਪਹਿਲਾਂ ਹਮਲਾ ਨਹੀਂ ਕਰਦਾ। ਬਿਨਾ ਉਕਸਾਏ ਅਜਿਹਾ ਸੰਭਵ ਨਹੀਂ। ਜੇ ਆਦਮੀ ਦਾ ਸ਼ਿਕਾਰ ਕਰਨ ਲਈ ਉਸਨੂੰ ਮਜ਼ਬੂਰ ਹੋਣਾ ਪਵੇ ਤਾਂ ਮਾਨਵ ਪ੍ਰਕਿਰਤੀ ਦੀ ਸਮਝ ਦਾ ਲੋਹਾ ਮੰਨਣਾ ਪੈਂਦਾ ਹੈ ਤੇ ਉਹਦੇ ਸ਼ਿਕਾਰ ਕਰਨ ਦੇ ਤਰੀਕੇ ਤੇ ਤਰਕ ਦਾ ਵੀ ਪਤਾ ਲਗਦਾ ਹੈ। ਆਮ ਤੌਰ 'ਤੇ ਉਹ ਆਦਮੀ ਦਾ ਸ਼ਿਕਾਰ ਉਸ ਵੇਲੇ ਕਰਦਾ ਹੈ ਜਦੋਂ ਉਸਨੂੰ ਜ਼ਖ਼ਮੀ ਕਰ ਦਿੱਤਾ ਗਿਆ ਹੋਣੇ। ਜਾਂ ਫਿਰ ਉਹ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨ ਤੋਂ ਅਸਮਰੱਥ ਹੋ ਗਿਆ ਹੋਵੇ।

ਤੁਹਾਨੂੰ ਨੌ ਸਾਲ ਪਿੱਛੇ ਲੈ ਕੇ ਚਲਦਾ ਹਾਂ, ਜਦੋਂ ਜੂਨ 2000 ਵਿਚ ਉੜੀਸਾ ਦੀ ਰਾਜਧਾਨੀ ਭੁਵਨੇਸ਼ਵਰ ਦੇ ਨੰਦਨਕਾਨਨ ਚਿੜੀਆਂ ਘਰ ਵਿਚ ਇਕ ਦਰਜਨ ਦੇ ਕਰੀਬ ਬਾਘਾਂ ਦੀ ਮੌਤ ਨੇ ਭਾਰਤ ਦੇ ਜੀਵ-ਵਿਗਿਆਨ, ਜੀਵ-ਵਿਗਿਆਨੀਆਂ ਤੇ ਇਨ੍ਹਾਂ ਨਾਲ ਤੇਹ-ਮੋਹ ਕਰਨ ਵਾਲੇ ਲੋਕਾਂ ਨੂੰ ਗਹਿਰਾ ਝਟਕਾ ਦਿੱਤਾ ਤਾਂ ਜੰਗਲ ਦੇ ਬਾਦਸ਼ਾਹ ਨੂੰ ਅਰਥੀ ਤੇ ਪਿਆ ਦੇਖ ਕੇ ਲੋਕ ਉਦਰ ਗਏ 'ਅਖੇ ਇਹ ਕੀ ਹੋ ਗਿਆ ਹੈ?' ਵਰਨਣਯੋਗ ਹੈ ਕਿ ਇਸ ਚਿੜੀਆ ਘਰ ਵਿਚ ਪੰਜ ਦੇ ਕਰੀਬ ਦੁਨੀਆਂ ਦੇ ਅਦਭੁੱਤ ਤੇ ਸੁੰਦਰ ਬਾਘ ਸਨ ਤੇ ਇਨ੍ਹਾਂ ਦੀ ਮੌਤ ਨਾਲ ਕੇਂਦਰੀ ਜੀਵ ਵਿਗਿਆਨ ਵਿਭਾਗ ਵੀ ਚਿੰਤਤ ਹੋ ਗਿਆ। ਇਥੇ ਹੀ ਦੁਨੀਆਂ ਦੀ ਸਭ ਤੋਂ ਕੀਮਤੀ ਨਸਲ ਵਾਲੇ ਮਨੀਪੁਰੀ ਹਿਰਨ ਵੀ ਮਰੇ। ਜਦੋਂ ਮੈਂ ਉਸ ਵੇਲੇ ਦੇ ਤਤਕਾਲੀਨ ਭਾਰਤ ਦੇ ਜੰਗਲੀ ਜੀਵਾਂ ਬਾਰੇ ਮੁੱਖ ਨਿਗਰਾਨ ਐਸ.ਕੇ.ਪਟਨਾਇਕ ਨਾਲ ਦਿੱਲੀ ਵਿਚ ਗੱਲ ਕੀਤੀ ਤਾਂ ਉਸਨੇ ਇਸ ਗੱਲ ਨੂੰ ਮੰਨਿਆ ਕਿ ਇਹ ਬਿਮਾਰੀ ਨਾਲ ਨਹੀਂ ਸਗੋਂ ਸਾਡੀ ਅਣਗਹਿਲੀ ਨਾਲ ਮਰੇ ਹਨ ਤੇ ਇਨ੍ਹਾਂ ਬਾਘਾਂ ਦੀ ਘਾਟ ਪੂਰੀ ਹੋ ਹੀ ਨਹੀਂ ਸਕੇਗੀ। ਇਸ ਵੇਲੇ ਆਪਣੇ ਭਾਰਤ ਵਿਚ ਜਾਨਵਰਾਂ ਦੀਆਂ ਪੰਜਾਹ ਦੇ ਕਰੀਬ ਪਨਾਹਗਾਹਾਂ (ਸੈਂਕਚੂਅਰੀਜ਼) ਹਨ ਤੇ ਚਿੜੀਆਂ ਘਰਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਗ੍ਰੀਨ ਫੋਰੈਸਟ (ਗੁਜਰਾਤ) ਵਿਚ ਸਭ ਤੋਂ ਵਧ ਸ਼ੇਰ ਹਨ, ਹਜਾਰੀ ਬਾਗ ਨੈਸ਼ਨਲ ਪਾਰਕ (ਬਿਹਾਰ) ਵਿਚ ਸਭ ਤੋਂ ਵਧ ਬਾਘ, ਟਾਈਗਰ ਸੁੰਦਰ ਵਣ (ਪੱਛਮੀ ਬੰਗਾਲ ਵਿਚ ਨੀਲਗਾਏ, ਆਸਾਮ ਦੀ ਕਾਜੀਰੰਗ ਪਨਾਹਗਾਹ ਵਿਚ ਗੈਂਡਾ ਹੈ। ਨੰਦਨ ਕਾਨਨ ਜਦੋਂ ਦੁਰਲੱਭ ਜਾਨਵਰਾਂ ਦੀ ਮੌਤ ਨਾਲ ਸੱਖਣਾ ਹੋਇਆ ਤਾਂ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੂੰ ਵੀ ਅੱਥਰੂ ਸੁੱਟਣੇ ਪਏ। ਕਿਉਂਕਿ ਇਹ ਨਸਲ ਹਾਸਿਲ ਕਰਨ ਲਈ ਆਸਟ੍ਰੇਲੀਆ ਨੇ ਪ੍ਰਤੀ ਬਾਘ ਦੋ ਲੱਖ ਅਮਰੀਕਨ ਡਾਲਰ ਦੇਣ ਦੀ ਪੇਸ਼ਕਸ਼ ਕੀਤੀ ਸੀ।

ਸ਼ੇਰ ਦਾ ਭਵਿੱਖ ਇਸ ਵੇਲੇ ਖ਼ਤਰੇ ਵਿਚ ਹੈ। ਸਿਡਨੀ 'ਚ ਇਨ੍ਹਾਂ ਦੀ ਪੈਦਾਇਸ਼ ਵਧਾਉਣ ਲਈ ਡਾਕਟਰਾਂ ਦੇ ਯਤਨਾਂ ਨੂੰ ਸ਼ੇਰਨੀ ਨੇ ਅੱਖਾਂ ਕੱਢ ਕੇ ਵਿਖਾ ਦਿੱਤੀਆਂ। ਅਮਰੀਕਾ ਦੁਨੀਆਂ ਦੇ ਵਧੀਆ ਸ਼ੇਰ 'ਕੱਠੇ ਕਰਨ ਵਿਚ ਸਫਲ ਨਹੀਂ ਹੋ ਰਿਹਾ, ਇਹ ਇਸ ਕਰਕੇ ਸੰਭਵ ਨਹੀਂ ਹੋ ਰਿਹਾ ਕਿਉਂਕਿ ਸਬੂਤ ਨਾ ਵੀ ਹੋਣ ਤਾਂ ਵੀ ਸੱਚ ਹੈ ਕਿ ਸ਼ੇਰ 45 ਦਿਨਾਂ ਤੋਂ ਬਾਅਦ ਸਾਰੀ ਉਮਰ ਨਿਪੁੰਸਕ ਹੀ ਹੁੰਦਾ ਹੈ, ਤੇ ਪੰਜਾਬ ਵਿਚਲੇ ਗੁਪਤ ਰੋਗਾਂ ਦੇ ਮਾਹਿਰ ਵੀ ਉਹਨੂੰ ਆਪਣੇ ਪਿੱਛੇ ਨਹੀਂ ਲਗਾ ਸਕਦੇ।

ਜਿਸ ਰਾਜੇ ਦੀ ਆਪਣੀ ਹੋਂਦ ਨੂੰ ਖਤਰਾ ਹੋਵੇ ਉਹ ਪਰਜਾ ਜਾਂ ਮੰਤਰੀ ਮੰਡਲ ਪ੍ਰਤੀ ਕੀ ਗੰਭੀਰ ਹੋਵੇਗਾ? ਕਿਉਂਕਿ ਜੰਗਲ ਦੇ ਰਾਜੇ ਦਾ ਮੰਤਰੀ ਮੰਡਲ ਘਟਦਾ ਜਾ ਰਿਹਾ ਹੈ। ਮੁੱਕਦਾ ਜਾ ਰਿਹਾ ਹੈ ਤੇ ਇਸੇ ਲਈ ਉਹ ਉਦਾਸ ਹੈ। ਮਨੁੱਖ ਉਹਦੇ ਅੱਗੇ ਕੈਮਰੇ ਲਗਾ ਕੇ ਉਹਦੇ ਅੱਥਰੂਆਂ ਦੀ ਗਿਣਤੀ ਕਰਨ ਲੱਗ ਪਿਆ ਹੈ।

ਜਿਹੜਾ ਮਨੁੱਖ ਆਪਣੇ-ਆਪ ਨੂੰ ਸ਼ੇਰ ਕਹਾਉਣ ਲੱਗ ਪਿਆ ਹੈ, ਲਗਦਾ ਨਹੀਂ ਉਹਨੇ ਸ਼ੇਰ ਦੇ ਪੰਜੇਬਾਂ ਪਾ ਦਿੱਤੀਆਂ ਹਨ। ਇਸੇ ਲਈ ਉਹ ਭਰਮ ਦਾ ਪੱਟਿਆ ਪਿਆ ਹੈ।

## ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ: 925-752-8025

## ਸਾਧ ਸਰਕਾਰੀ ਹੈ!

**ਐਸ. ਅਸ਼ੋਕ ਭੌਰਾ**

ਮਰ ਮਰ ਕੇ ਅਸੀਂ ਜ਼ਿੰਦਗੀ ਰੋਜ਼ ਗੁਜਾਰੀ ਹੈ।
ਹੁੰਦੀ ਜਾਂਦੀ ਪੰਡ ਫਿਕਰਾਂ ਦੀ ਭਾਰੀ ਹੈ।
ਗੱਲ ਗੱਲ 'ਤੇ ਦਿਲਬਰੀਆਂ ਜਿਹੜੇ ਦਿੰਦੇ ਸੀ,
ਉਨ੍ਹਾਂ ਹੀ ਪਿੱਠ 'ਚ ਛੁਰੀ ਵਗਾਹ ਕੇ ਮਾਰੀ ਹੈ।
ਮਾਂ ਬਣਨ ਦੇ ਚਾਅ ਤਾਂ ਪੂਰੇ ਹੋ ਗਏ ਨੇ,
ਪਰ ਊਂ ਕਹਿੰਦੇ ਨੇ ਲੋਕੀਂ ਕੁੜੀ ਕੁਆਰੀ ਹੈ।
ਕਾਬੂ ਕਰਨਾ ਚਾਹੁੰਦੈ ਬੰਦਾ ਹੰਸਾਂ ਨੂੰ,
ਪਰ ਰੋੜਾਂ ਦੀ ਬੈਠਾ ਚੋਗ ਖਿਲਾਰੀ ਹੈ।
ਦੋਸ਼ ਤਾਂ ਲੱਗਾ ਜਬਰੀ ਹਬਸ ਮਿਟਾਉਣੇ ਦਾ,
ਖੜੀਆਂ ਮੁੱਛਾਂ ਫਿਰ ਵੀ ਇਹ ਸਰਦਾਰੀ ਹੈ।
ਨਜ਼ਰਾਂ ਫਿਰਨ ਇਕੱਲੀ ਵੱਡੀ ਭਾਬੀ 'ਤੇ
ਉਂਜ ਕਹਿੰਦੇ ਨੇ ਨਾਲ ਵੀਰ ਦੇ ਯਾਰੀ ਹੈ।
ਖੰਡ ਖਾਣੋਂ ਨ੍ਹੀਂ ਹਟਦਾ ਰੋਗੀ ਸ਼ੂਗਰ ਦਾ,
ਲਾਲ ਪਰੀ ਨੇ ਮੱਤ ਕਮਲੇ ਦੀ ਮਾਰੀ ਹੈ।
ਚਿੱਟੇ ਕੱਪੜੇ ਪਾ ਕੇ ਬੈਠਾ ਮਟਕੇ ਕੋਲ,
ਚੁੰਨੀਆਂ ਜਿਹੜਾ ਰੰਗਦਾ ਰੋਜ਼ ਲਲਾਰੀ ਹੈ।
ਜਨਤਾ ਭੋਲੀ ਭਾਲੀ ਸਿੰਗ ਫਸਾ ਬੈਠੀ,
ਇਹ ਲਾਲ ਬੱਤੀ ਦੇ ਹੇਠ ਸਾਧ ਸਰਕਾਰੀ ਹੈ।

# ਗੁਰੂ ਅਰਜਨ ਦੇਵ ਦੀ ਸ਼ਹਾਦਤ, ਸੱਚ ਦੀ ਸਿਆਸਤ ਤੇ ਹਰਵਿੰਦਰ ਭੰਡਾਲ

*ਪੰਜਾਬ ਟਾਈਮਜ਼ ਦੇ 14 ਨਵੰਬਰ ਦੇ ਅੰਕ ਵਿਚ ਅਮਰਜੀਤ ਸਿੰਘ ਗਰੇਵਾਲ ਵਲੋਂ ਲਿਖੀ ਅਤੇ ਹਾਲ ਹੀ ਵਿਚ ਛਪੀ ਗੁਰੂ ਅਰਜਨ ਦੇਵ ਜੀ ਬਾਰੇ ਕਿਤਾਬ ਸੰਬੰਧੀ ਹਰਵਿੰਦਰ ਭੰਡਾਲ ਅਤੇ ਗੁਰਬਚਨ ਦੇ ਵਿਚਾਰ ਅਸੀਂ ਛਾਪੇ ਸਨ। ਉਨ੍ਹਾਂ ਵਿਚਾਰਾਂ ਸੰਬੰਧੀ ਡਾ. ਰਾਜੇਸ਼ ਸ਼ਰਮਾ ਦਾ ਇਹ ਲੇਖ ਪਾਠਕਾਂ ਦੀ ਦਿਲਚਸਪੀ ਲਈ ਇਥੇ ਛਾਪ ਰਹੇ ਹਾਂ। -ਸੰਪਾਦਕ*

-ਡਾ. ਰਾਜੇਸ਼ ਸ਼ਰਮਾ



'ਪੰਜਾਬ ਟਾਈਮਜ਼' ਦੇ 14, ਨਵੰਬਰ 2009 ਦੇ ਅੰਕ ਵਿਚ ਹਰਵਿੰਦਰ ਭੰਡਾਲ ਵਲੋਂ ਅਮਰਜੀਤ ਗਰੇਵਾਲ ਦੀ ਪੁਸਤਕ 'ਸੱਚ ਦੀ ਸਿਆਸਤ' ਦਾ ਰਿਵੀਊ ਦਿਲਚਸਪ ਵੀ ਹੈ ਤੇ ਸ਼ਬਦਾਂ ਵਿਚ ਗੁੰਦਿਆ ਹੋਇਆ ਵੀ ਹੈ। ਪਰ ਚੰਗਾ ਹੁੰਦਾ ਜੇਕਰ ਭੰਡਾਲ ਨੇ ਉਸਦੀ ਰਚਨਾ ਤੇ ਅਜਿਹੀ ਬੇਦਰਦੀ ਨਾਲ ਸੁਹਾਗਾ ਫੇਰਨ ਤੋਂ ਪਹਿਲਾਂ ਗਰੇਵਾਲ ਹੋਰਾਂ ਦੇ ਤਰੀਕਾਕਾਰ ਨੂੰ ਜ਼ਰਾ ਹੋਰ ਵਧੇਰੇ ਗਹੁ ਨਾਲ ਸਮਝ ਵੀ ਲਿਆ ਹੁੰਦਾ।

ਪੁਸਤਕ ਵਿਚ ਜਿਸ ਤਰ੍ਹਾਂ ਦਾ ਤਰਕ ਅਤੇ ਜਿਸ ਗੰਭੀਰ ਅੰਦਾਜ਼ ਵਿਚ ਪੇਸ਼ ਕੀਤਾ ਗਿਆ ਹੈ, ਉਸ ਕੋਲੋਂ ਸੁਭਾਵਕ ਹੀ ਇਹ ਮੰਗ ਕੀਤੀ ਜਾਂਦੀ ਹੈ ਕਿ ਉਹ ਇਕ ਦੂਰੀ ਤੇ ਖਲੋ ਕੇ ਜ਼ਰਾ ਨਿਰਪੱਖ ਢੰਗ ਨਾਲ ਉਪਰਲੇ ਤਰਕ ਨੂੰ ਖੋਲ੍ਹਦਾ। ਵੈਸੇ ਵੀ ਜਦੋਂ ਅਸੀਂ ਕਿਸੇ ਅਜਿਹੀ ਰਚਨਾ ਨੂੰ ਬੌਧਿਕ ਫ਼ੈਸਲੇ ਵਿਚੋਂ ਦੀ ਲੰਘਾਉਣਾ ਹੋਵੇ ਤਾਂ ਸਾਨੂੰ ਜਜ਼ਬਿਆਂ ਦੇ ਇਕ ਪਾਸੜ ਵੇਗ ਤੋਂ ਇਕ ਦੂਰੀ ਬਣਾ ਕੇ ਰੱਖਣ ਦਾ ਫਰਜ਼ ਨਿਭਾਉਣਾ ਪੈਂਦਾ ਹੈ। ਕਿਸੇ ਵੀ ਦਾਨਸ਼ਵਰ ਨੂੰ ਇਹ ਹੱਕ ਨਹੀਂ ਮਿਲ ਜਾਂਦਾ ਕਿ ਉਹ ਰਚਨਾ ਦੀ ਗਹਿਰਾਈ ਵਿਚ ਜਾਏ ਤੋਂ ਬਿਨਾਂ ਹੀ ਰਚਨਾ ਦਾ ਮਹਿਜ਼ ਚੀਰ ਹਰਨ ਕਰਕੇ ਲੁੱਡੀਆਂ ਪਾਈ ਜਾਵੇ।

ਇਹ ਠੀਕ ਹੈ ਕਿ ਗਰੇਵਾਲ ਦੀ ਕਿਤਾਬ ਵੀ ਊਣਤਾਈਆਂ ਤੋਂ ਖਾਲੀ ਨਹੀਂ ਪਰ ਇਸ ਹਕੀਕਤ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਪੁਸਤਕ ਅਤੀ ਗੰਭੀਰ ਵੀ ਹੈ। ਇਸ ਲਈ ਰਚਨਾ ਵਿਚ ਜਿਹੜੇ ਅਹਿਮ ਨੁਕਤੇ ਉਠਾਏ ਗਏ ਹਨ, ਉਨ੍ਹਾਂ ਬਾਰੇ ਬਹਿਸ ਵੀ ਨਿਸਚੇ ਹੀ ਮਿਆਰੀ ਤੇ ਸੰਜੀਦਾ ਹੋਣੀ ਚਾਹੀਦੀ ਸੀ ਪਰ ਰਿਵੀਊਕਾਰ ਗੈਰ ਪ੍ਰਸੰਗਕ ਨੁਕਤਿਆਂ ਵਿਚ ਹੀ ਉਲਝਿਆ ਰਿਹਾ। ਮੇਰਾ ਖ਼ਿਆਲ ਹੈ ਕਿ ਰਿਵੀਊਕਾਰ ਕਿਤਾਬ ਪੜ੍ਹ ਕੇ ਗਲਤ ਸਿੱਟਿਆਂ ਉਤੇ ਸ਼ਾਇਦ ਇਸ ਕਰਕੇ ਪਹੁੰਚਿਆ, ਕਿਉਂਕਿ ਉਹ ਆਪਣੀ ਪੂਰਬ ਨਿਸ਼ਚਿਤ ਪੁਜ਼ੀਸ਼ਨ ਤੋਂ ਮੁਕਤ ਨਹੀਂ ਹੋ ਸਕਿਆ ਅਤੇ ਇਸਦਾ ਪ੍ਰਤੱਖ ਸਬੂਤ ਸ਼ੁਰੂ ਤੋਂ ਹੀ ਮਿਲ ਜਾਂਦਾ ਹੈ।

ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਟੈਕਸਟ ਤੇ ਸਮਰੀ ਦੇ ਸੰਕਲਪ ਇਕ ਤਰ੍ਹਾਂ ਨਾਲ ਅਲੱਗ ਅਲੱਗ ਪੈਰਾਡਾਈਮ ਵਿਚੋਂ ਆਉਂਦੇ ਹਨ ਅਤੇ ਇਨ੍ਹਾਂ ਦੋਵਾਂ ਵਿਚ ਫ਼ਰਕ ਪੂਰੀ ਤਰ੍ਹਾਂ ਕਦੇ ਵੀ ਮਿਟ ਨਹੀਂ ਸਕਦਾ। ਇਹੀ ਕਾਰਨ ਹੈ ਕਿ ਕਿਤਾਬ ਦੀ ਸਮਰੀ ਦੇਣ ਦੀ ਕਾਹਲ ਵਿਚ ਭੰਡਾਲ ਇਕ ਤਰ੍ਹਾਂ ਦੇ ਜਾਲ ਵਿਚ ਫਸਦਾ ਪ੍ਰਤੀਤ ਹੁੰਦਾ ਹੈ। ਇਸੇ ਲਈ ਉਹ ਟੈਕਸਟ ਦਾ ਸਾਰ ਕੱਢਣ ਦੀ ਗਲਤੀ ਕਰਦਾ ਹੈ। ਕੋਈ ਵੀ ਸੰਜੀਦਾ ਪਾਠਕ ਜਦੋਂ ਭੰਡਾਲ ਦਾ ਰਿਵੀਊ ਪੜ੍ਹਨ ਤੋਂ ਬਾਅਦ ਗਰੇਵਾਲ ਦੀ ਟੈਕਸਟ ਨੂੰ ਪੜ੍ਹੇਗਾ ਤਾਂ ਉਹ ਸੁਭਾਵਕ ਹੀ ਇਹ ਮਹਿਸੂਸ ਕਰੇਗਾ ਕਿ ਰਿਵੀਊਕਾਰ ਕਿਤੇ ਨਾ ਕਿਤੇ ਟਪਲਾ ਖਾ ਗਿਆ ਹੈ। ਕਿਉਂਕਿ ਉਹ ਹਰ ਚੀਜ਼ ਨੂੰ ਆਪਣੀ ਇਕੋ ਪੂਰਵ ਨਿਸ਼ਚਿਤ ਪੁਜ਼ੀਸ਼ਨ 'ਤੇ ਲਿਆ ਉਸਨੂੰ ਬੇਰਹਿਮੀ ਨਾਲ ਛਾਂਗਦਾ ਪ੍ਰਤੀਤ ਹੁੰਦਾ ਹੈ।

ਵੈਸੇ ਗਰੇਵਾਲ ਆਪਣੀ ਪੁਸਤਕ ਵਿਚ ਇਸ ਗੱਲ ਦਾ ਕਿਤੇ ਵੀ ਦਾਅਵਾ ਨਹੀਂ ਕਰਦਾ ਕਿ ਇਤਿਹਾਸਕਾਰ ਕਿਸੇ ਖਾਸ ਉਦੇਸ਼ ਤੋਂ ਪ੍ਰੇਰਿਤ ਹੋ ਕੇ ਇਤਿਹਾਸ ਦੀ ਸਿਰਜਣਾ ਆਪਣੇ ਮਨੋਕਲਪਿਤ ਝੁਕਾਵਾਂ ਦੀ ਵਜ੍ਹਾ ਕਰਕੇ ਕਰਦੇ ਹਨ ਜਿਵੇਂ ਕਿ ਰਿਵੀਊਕਾਰ ਨੇ ਗਰੇਵਾਲ ਦੀ ਪੁਸਤਕ ਬਾਰੇ ਅਜੀਬੋ ਗਰੀਬ ਟਿੱਪਣੀ ਕੀਤੀ ਹੈ। ਇਸਦੇ ਉਲਟ ਗਰੇਵਾਲ ਤਾਂ ਸਗੋਂ ਬਾਰ-ਬਾਰ ਇਹ ਸਵੀਕਾਰ ਕਰਦਾ ਹੈ ਕਿ ਉਹ ਇਤਿਹਾਸ ਦੀਆਂ ਘਟਨਾਵਾਂ ਤੋਂ ਮੁਨਕਰ ਨਹੀਂ। ਗਰੇਵਾਲ ਤਾਂ ਇਸ ਗੱਲ ਉਤੇ ਜ਼ੋਰ ਦਿੰਦਾ ਹੈ ਕਿ ਇਤਿਹਾਸ ਦੀਆਂ ਘਟਨਾਵਾਂ ਪਾਰਦਰਸ਼ੀ ਰੂਪ ਵਿਚ ਸਾਡੇ ਤਕ ਕਦੇ ਵੀ ਨਹੀਂ ਪਹੁੰਚਦੀਆਂ। ਜੋ ਕੁਝ ਪਹੁੰਚਦਾ ਹੈ ਉਹ ਬਿਰਤਾਂਤਾਂ (discourses) ਦੇ ਮਾਧਿਅਮ ਰਾਹੀਂ ਸਾਡੇ ਤੱਕ ਪਹੁੰਚਦਾ ਹੈ ਉਦੋਂ ਹੀ ਸਾਨੂੰ ਉਨ੍ਹਾਂ ਦਾ ਪਤਾ ਲੱਗਦਾ ਹੈ। ਸੱਚ ਤਾਂ ਇਹ ਹੈ ਕਿ ਗਰੇਵਾਲ ਇਤਿਹਾਸ ਨੂੰ ਉੱਕਾ ਹੀ ਰੱਦ ਨਹੀਂ ਕਰਦਾ। ਉਹ ਤਾਂ ਕੇਵਲ ਰਵਾਇਤੀ ਇਤਿਹਾਸਕਾਰੀ ਬਾਰੇ ਨਰੋਏ ਸਵਾਲ ਹੀ ਖੜੇ ਕਰਦਾ ਹੈ।

ਉਂਜ ਭੰਡਾਲ ਦੀ ਇਹ ਧਾਰਨਾ ਠੀਕ ਹੈ ਕਿ ਅਜਿਹਾ ਕਰਦਿਆਂ ਉਹ ਕੁਝ ਵੀ ਮੌਲਿਕ ਜਾਂ ਨਵਾਂ ਨਹੀਂ ਕਰਦਾ। ਪਰ ਇਥੇ ਫਿਰ ਸਵਾਲ ਉਠਦਾ ਹੈ ਕਿ ਗਰੇਵਾਲ ਕੁਝ ਨਵਾਂ ਕਹਿਣ ਦਾ ਦਾਅਵਾ ਵੀ ਕਦੋਂ ਕਰ ਰਿਹਾ ਹੈ। ਪਤਾ ਨਹੀਂ ਰਿਵੀਊਕਾਰ ਕਿਹੋ ਜਿਹੇ 'ਨਵੇਂ' ਦੀ ਭਾਲ ਕਰ ਰਿਹਾ ਹੈ। ਸ਼ਾਇਦ ਉਸ ਦੀ ਵੀ ਆਮ ਲੋਕਾਂ ਵਾਲੀ ਇਹੋ ਧਾਰਨਾ ਬਣੀ ਹੋਈ ਹੈ ਜਿਸ ਮੁਤਾਬਕ ਅਸੀਂ ਇਤਿਹਾਸ ਦੀ ਕਿਤਾਬ ਵਿਚੋਂ ਜਾਂ ਤਾਂ ਨਵੇਂ ਇਤਿਹਾਸਕ ਤੱਥ ਲੱਭਦੇ ਹਾਂ ਜਾਂ ਕੋਈ ਨਵਾਂ ਬਿਰਤਾਂਤਕ ਸਰੂਪ (discoursive form) ਭਾਲਦੇ ਫਿਰਦੇ ਰਹਿੰਦੇ ਹਾਂ। ਇਸਦੇ ਉਲਟ ਗਰੇਵਾਲ ਦਾ ਮੁੱਖ ਮੁੱਦਾ ਤਾਂ ਇਤਿਹਾਸਕਾਰੀ ਬਾਰੇ ਕੁਝ ਵੱਡੇ ਤੇ ਮਹੱਤਵਪੂਰਨ ਸਵਾਲ ਖੜ੍ਹੇ ਕਰਨਾ ਹੈ ਅਤੇ ਇੰਜ ਉਸਦੀ ਆਪਣੀ ਪੁਜ਼ੀਸ਼ਨ ਇਕ ਸਭਿਆਚਾਰਕ ਆਲੋਚਕ (cultural critic) ਦੀ ਤਾਂ ਹੋ ਸਕਦੀ ਹੈ, ਪਰ ਇਤਿਹਾਸਕਾਰ ਦੀ ਕਦੇ ਨਹੀਂ। ਸੱਚ ਤਾਂ ਇਹ ਹੈ ਕਿ ਮੌਲਿਕਤਾ ਪ੍ਰਤੀ ਭੰਡਾਲ ਦੇ ਆਕਰਸ਼ਣ ਉਤੇ ਵੀ ਸਵਾਲੀਆ ਚਿੰਨ੍ਹ ਲੱਗਣਾ ਚਾਹੀਦਾ ਹੈ। ਇਹੋ ਜਿਹਾ ਆਕਰਸ਼ਣ ਅਸਿੱਧੇ ਰੂਪ ਵਿਚ ਸਾਨੂੰ ਇਕ ਤਰ੍ਹਾਂ ਨਾਲ ਧਰਮ-ਸ਼ਾਸਤਰੀ ਪਹੁੰਚ ਵਿਧੀ ਦੇ ਨੇੜੇ ਲੈ ਜਾਂਦਾ ਹੈ ਜਿਥੇ ਅਸੀਂ ਅਕਸਰ ਹੀ ਸ਼ੁਧਤਾ ਤੇ ਕਿਸੇ ਅੰਤਿਮ ਸੱਚ ਦੀ ਭਾਲ ਵਿਚ ਭਟਕਦੇ ਰਹਿੰਦੇ ਹਾਂ। ਇਹੋ ਜਿਹੀ ਗੁਮਰਾਹਕੁੰਨ ਪਹੁੰਚ ਦਾ ਖੰਡਨ ਬੁੱਧ ਮੱਤ ਵਿਚ ਵੀ ਕਦੇ ਬੜੀ ਚੰਗੀ ਤਰ੍ਹਾਂ ਨਾਲ ਕੀਤਾ ਜਾ ਚੁਕਿਆ ਹੋਇਆ ਹੈ। ਜਾਂ ਫਿਰ ਅਸੀਂ ਇਹ ਕਹਿ ਸਕਦੇ ਹਾਂ ਕਿ ਮੌਲਿਕਤਾ ਦੀ ਇਹ ਕਸ਼ਿਸ਼ ਅਜੋਕੀ ਪੂੰਜੀਵਾਦੀ-ਉਪਭੋਗਵਾਦੀ ਬਿਰਤੀ ਦੀ ਲਖਾਇਕ ਹੋ ਸਕਦੀ ਹੈ ਜਿਸਦੇ ਫੰਦੇ ਨਾਲ ਨਿਤ ਨਵੇਂ ਫੈਸ਼ਨ ਦਾ ਲਾਲਚ ਦੇ ਕੇ ਗਾਹਕਾਂ ਨੂੰ ਫਾਹਿਆ ਜਾਂਦਾ ਹੈ। ਭੰਡਾਲ ਨੂੰ ਗੰਭੀਰ ਪਾਠਕ ਹੋਣ ਦੀ ਹੈਸੀਅਤ ਵਿਚ, ਨਵੀਨਤਾ ਦੇ ਦਾਅਵਿਆਂ ਦੀਆਂ ਵੰਨ-ਸਵੰਨੀਆਂ ਵਿਚਾਰਧਾਰਕ ਪਰਤਾਂ ਤੋਂ ਵੀ ਸੁਚੇਤ ਰਹਿਣਾ ਚਾਹੀਦਾ ਸੀ।

ਪੁਸਤਕ 'ਸੱਚ ਦੀ ਸਿਆਸਤ' ਦੀ ਸਾਡੀ ਆਪਣੀ ਪੜ੍ਹਤ ਇਹ ਹੈ ਕਿ ਇਸਦੀ ਪ੍ਰਵਚਨੀ ਜੁਗਤ ਵਿਚ ਕੋਈ ਨਵੀਂ ਸੱਚਾਈ ਸਥਾਪਤ ਕਰਨ ਦੀ ਚੇਸ਼ਟਾ ਭਲੇ ਹੀ ਨਹੀਂ ਹੈ-ਫਿਰ ਵੀ ਇਸਦੀ ਸਮੁੱਚੀ ਪਹੁੰਚ ਦੇ ਸੱਜਰੇਪਣ ਕਰਕੇ ਇਸਦੇ ਪੱਖ ਵਿਚ ਬਥੇਰਾ ਕੁਝ ਕਿਹਾ ਜਾ ਸਕਦਾ ਹੈ। ਜਿਹਾ ਕਿ ਗਰੇਵਾਲ ਨੇ ਸ਼ੁਰੂ 'ਚ ਹੀ ਬੜੀ ਚੰਗੀ ਤਰ੍ਹਾਂ ਨਾਲ ਸਪੱਸ਼ਟ ਕੀਤਾ ਹੋਇਆ ਹੈ ਕਿ ਉਨ੍ਹਾਂ ਨੂੰ ਸਬੰਧਤ ਵਿਸ਼ੇ ਤੇ ਸੈਮੀਨਾਰ ਵਾਸਤੇ ਪਰਚਾ ਲਿਖ ਕੇ ਦੇਣ ਲਈ ਆਖਿਆ ਗਿਆ ਸੀ। ਉਨ੍ਹਾਂ ਨੂੰ ਕੋਈ ਨੀਰਸ ਜਿਹਾ ਪਰਚਾ ਲਿਖਣ ਨਾਲੋਂ ਵਾਰਤਾਲਾਪੀ ਟੈਕਸਟ (dialogic text) ਬੁਕ ਦੇਣ ਦਾ ਕਾਰਜ ਵਧੇਰੇ ਸਹੀ ਲਗਿਆ। ਕੋਈ ਕਥਿਤ ਨਵੀਂ 'ਸੱਚਾਈ' ਲੱਭ ਕੇ ਲਿਆਉਣ ਲਈ ਵਿਦਵਤਾਪੂਰਨ ਪਰਚਾ ਲਿਖਣ ਦੀ ਪ੍ਰਵਚਨੀ ਜੁਗਤ ਨਾਲ ਜਿਸ ਕਿਸਮ ਦੀਆਂ ਹਉਂਵਾਦੀ ਤਾਨਾਸ਼ਾਹੀ ਸੁਰਾਂ ਜੁੜੀਆਂ ਹੋਈਆਂ ਹਨ, ਉਨ੍ਹਾਂ ਬਾਰੇ ਅੱਜ ਦੇ ਅਦਾਕਮਿਕ ਦੌਰ ਵਿਚ ਸਭਨਾਂ ਨੂੰ ਹੀ ਭਲੀਭਾਂਤ ਇਲਮ ਹੈ ਅਤੇ ਉਨ੍ਹਾਂ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਨੂੰ ਵਧੇਰੇ ਵਿਸਥਾਰ ਨਾਲ ਖੋਲਣ ਲਈ ਸਾਡੀ ਇਸ ਟਿੱਪਣੀ ਵਿਚ ਗੁੰਜਾਇਸ਼ ਵੀ ਨਹੀਂ ਹੈ। ਗਰੇਵਾਲ ਦੀ ਪੁਸਤਕ ਦੀ ਪ੍ਰਵਚਨੀ ਜੁਗਤ ਦੀ ਚੋਣ ਇਹ ਦਸਣ ਲਈ ਆਪਣੇ ਆਪ ਵਿਚ ਹੀ ਕਾਫੀ ਹੈ ਕਿ ਉਨ੍ਹਾਂ ਦਾ ਕੋਈ ਸੱਚ ਸਥਾਪਤ ਕਰਨ ਦਾ ਦਾਈਆ ਬਿਲਕੁਲ ਵੀ ਨਹੀਂ। ਸਮੇਤ ਅਜਿਹੇ ਕਿਸੇ ਦਾਅਵੇ ਦੇ ਕਿ ਸੱਚ ਕੋਈ ਹੁੰਦਾ ਹੀ ਨਹੀਂ ਹੈ।

ਸਾਡੀ ਸਮਝ ਅਨੁਸਾਰ ਭੰਡਾਲ ਦੀ ਪੜ੍ਹਤ ਦੇ ਅਜਿਹੇ ਛਿੱਥੇਪਣ ਦਾ ਵੱਡਾ ਕਾਰਨ ਉਨ੍ਹਾਂ ਦੀ ਬਾਈਨਰੀ ਪਹੁੰਚ ਵਿਚ ਵੀ ਨਿਹਿਤ ਹੈ। ਉਹ ਅੰਤਰਮੁਖੀ-ਬਾਹਰਮੁਖੀ ਵਰਗੀ ਜੁਗਾੜਬਾਜ਼ੀ ਤੋਂ ਪਾਰ ਜਾ ਕੇ ਝਾਕਣ ਤਕ ਲਈ ਵੀ ਤਿਆਰ ਹੀ ਨਹੀਂ ਹਨ। ਜਦੋਂਕਿ ਪੁਸਤਕ 'ਸੱਚ ਦੀ ਸਿਆਸਤ' ਆਪਣਾ ਕੰਮ ਸ਼ੁਰੂ ਹੀ ਇਸ ਕਿਸਮ ਦੀ ਰਵਾਇਤੀ ਜੁਗਾੜਬੰਦੀ ਨੂੰ ਤੱਜ ਕੇ ਅਰੰਭ ਕਰਦੀ ਹੈ।

ਅਸਲ ਵਿਚ ਜ਼ਰਾ ਕੁ ਗਹੁ ਨਾਲ ਵੇਖਿਆਂ ਹੀ ਪਤਾ ਲਗ ਜਾਂਦਾ ਹੈ ਕਿ ਲੇਖਕ ਜਦੋਂ ਇਤਿਹਾਸ ਅਤੇ ਸਿਮਰਤੀ ਜਾਂ ਯਾਦ ਦੇ ਰਿਸ਼ਤੇ ਦੀ ਗੱਲ ਕਰਦਾ ਵੀ ਹੈ ਤਾਂ ਉਥੇ ਵੀ ਉਹ ਬੜੀ ਸਾਵਧਾਨੀ ਨਾਲ ਪ੍ਰਵਚਨ ਦੇ ਰੂਪ ਵਿਚ ਤੀਸਰੀ ਟਰਮ ਨੂੰ ਨਾਲ ਲੈ ਆਉਂਦਾ ਹੈ ਜੋ ਕਿ ਇਤਿਹਾਸ ਤੇ ਸਿਮਰਤੀ ਦੋਵਾਂ ਨੂੰ ਸ਼ੇਪ ਕਰ ਰਹੀ ਹੁੰਦੀ ਹੈ। ਅਮਲੀ ਤੌਰ 'ਤੇ ਪ੍ਰਵਚਨ ਦੀ ਆਪਣੀ ਅਹਿਮ ਥਾਂ ਹੈ ਜੋ ਕਿ ਪੁਸਤਕ ਵਿਚ ਸਾਮ੍ਹਣੇ ਲਿਆਂਦੀਆਂ ਜਾ ਰਹੀਆਂ ਉਦਾਹਰਨਾਂ ਅਤੇ ਇਸਦੇ ਵਿਸ਼ੇ ਵਸਤੂ ਦੇ ਨਿਭਾਅ ਤੋਂ ਹੀ ਭਲੀਭਾਂਤ ਮਲੂਮ ਹੁੰਦਾ ਚਲਿਆ ਜਾਂਦਾ ਹੈ। ਕਿਧਰੇ ਵੀ ਕਿਸੇ ਕਿਸਮ ਦਾ ਕੋਈ ਕਥਿਤ ਅਨੁਭਵ ਅਤੀਤ ਕਿਸਮ ਦਾ ਧੁੰਦੂਕਾਰ ਨਹੀਂ ਹੈ। ਭੰਡਾਲ ਦੇ ਜਜ਼ਬੇ ਪ੍ਰਤੀ ਸਨਮਾਨ ਦੇ ਬਾਵਜੂਦ ਅਸੀਂ ਇਹ ਕਹਿਣ 'ਤੇ ਮਜ਼ਬੂਰ ਹਾਂ ਕਿ ਉਹ 'ਸੱਚ ਦੀ ਸਿਆਸਤ' ਵਿਚ ਜਿਸ ਕਿਸਮ ਦੀ ਦੋ-ਟੁੱਕ ਸਰਲ ਸਪੱਸ਼ਟਤਾ ਦੀ ਆਸ ਰਖੀ ਬੈਠੇ ਹਨ ਉਹ ਵੀ ਕੋਈ ਬਾਤ ਨਹੀਂ ਹੈ। ਗਰੇਵਾਲ

## ਰੀਵੀਊ ਦਰ ਰੀਵੀਊ

ਮੁੱਦਿਆਂ ਨੂੰ ਜੇਕਰ ਹਿਸਾਬ ਦੇ ਸਵਾਲਾਂ ਵਾਂਗੂ ਹਲ ਕਰਨ ਦੀ ਬਜਾਏ ਪੇਚੀਦਾ ਬਣਾਈ ਜਾਂਦੇ ਦਿਖਾਈ ਦਿੰਦੇ ਹਨ ਉਹ ਇਸ ਕਰਕੇ ਕਿ ਉਹ ਇਤਿਹਾਸ ਅਤੇ ਸਿਮਰਤੀ ਦੇ ਰਿਸ਼ਤਿਆਂ ਸਬੰਧੀ ਬੜੀ ਹੀ ਬੁਨਿਆਦੀ ਅਹਿਮੀਅਤ ਵਾਲੇ ਸਵਾਲਾਂ ਨੂੰ ਚੁੱਕਣ ਦਾ ਜੋਖ਼ਮ ਉਠਾ ਰਹੇ ਹਨ। ਭੰਡਾਲ ਦੀ ਸ਼ਾਸਤਰੀ ਮਾਰਕਸਵਾਦੀ ਪਹੁੰਚ ਕਰਕੇ ਉਨ੍ਹਾਂ ਨੂੰ ਮੌਜ ਇਸ ਗੱਲ ਦੀ ਹੈ ਕਿ ਉਨ੍ਹਾਂ ਦੇ ਭਾਣੇ ਇਸ ਕਿਸਮ ਦੇ ਬੁਨਿਆਦੀ ਅਹਿਮੀਅਤ ਵਾਲੇ ਸਵਾਲ ਕਦੋਂ ਦੇ ਹੱਲ ਹੋਏ ਹਵਾ ਹੋ ਚੁੱਕੇ ਹਨ।

ਹਰਵਿੰਦਰ ਭੰਡਾਲ ਦੀਆਂ ਇਸੇ ਤਰ੍ਹਾਂ ਦੀਆਂ ਮਨੌਤਾਂ ਹੀ ਹਨ ਜਿਨ੍ਹਾਂ ਦੇ ਆਸਰੇ ਉਹ ਅਮਰਜੀਤ ਗਰੇਵਾਲ ਦੇ ਸਿਰ ਇਹ ਦੋਸ਼ ਮੜ੍ਹ ਦਿੰਦੇ ਹਨ ਕਿ ਪੁਸਤਕ ਵਿਚਲੀ ਵਾਰਤਾਲਾਪ ਵਿਚ ਹਿੱਸਾ ਲੈਣ ਵਾਲੇ ਗਰੇਵਾਲ ਦੇ ਸਾਰੇ ਸੰਗੀ ਆਪਣੇ ਆਪ ਵਿਚ ਕੁਝ ਵੀ ਨਹੀਂ ਮਹਿਜ਼ ਗਰੇਵਾਲ ਹੋਰਾਂ ਦੇ ਧੁਤੂ ਹੀ ਹਨ। ਅਸਲ ਵਿਚ ਇਥੇ ਇਕ ਹੋਰ ਨੁਕਤਾ ਵੀ ਉਠਾਇਆ ਜਾ ਸਕਦਾ ਹੈ ਕਿ ਹਰਵਿੰਦਰ ਭੰਡਾਲ ਦੇ ਪ੍ਰਤੀਕਰਮ ਦੀਆਂ ਆਪਣੀਆਂ ਮਨੌਤਾਂ ਹਨ, ਜੋ ਅਮਰਜੀਤ ਗਰੇਵਾਲ ਨੂੰ ਇਕ ਚਤੁਰ ਬੁਣਤੀਕਾਰ ਵਜੋਂ ਅੰਗ ਰਹੀਆਂ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਟੈਕਸਟ ਦੇ ਕਰਤਾ ਵਜੋਂ ਗਰੇਵਾਲ ਖੁਦ ਵੀ ਤਾਂ ਘਾੜਤ ਹੀ ਹੈ...ਉਹ ਖੁਦ ਹੋਵੇ ਜਾਂ ਉਸਦੇ ਵਾਰਤਾਲਾਪੀ ਸਾਥੀ। ਉਨ੍ਹਾਂ ਵਿਚੋਂ ਕੋਈ ਵੀ ਰਵਾਇਤੀ ਕਾਰਟੇਜ਼ੀ ਸਮਝ ਅਨੁਸਾਰ ਨਿਰਪੱਖ ਆਤਮ ਨਹੀਂ ਹਨ ਬਲਕਿ ਉਹ ਸਾਰੇ ਹੀ ਖੁਦ ਵੀ ਸਬੰਧਤ ਪ੍ਰਵਚਨ ਦੇ ਜੁਗਾੜ ਵਿਚ ਬੀੜੇ ਹੋਏ ਸਪੀਕਿੰਗ ਸਬਜੈਕਟ ਵਜੋਂ ਹੀ ਬੋਲ ਰਹੇ ਹਨ। ਲੱਗਦਾ ਹੈ ਕਿ ਭੰਡਾਲ ਇਹ ਗੱਲ ਮੰਨਣ ਤੋਂ ਪੱਕੇ ਤੌਰ 'ਤੇ ਹੀ ਆਕੀ ਹਨ ਕਿ ਅਕੱਟ ਸੱਚਾਈਆਂ ਜਾਂ ਕਹੋ ਕਿ ਅੰਤਿਮ ਸੱਚਾਈਆਂ ਦੀਆਂ ਭਾਲਾਂ ਜਾਂ ਉਨ੍ਹਾਂ ਦੇ ਦਾਅਵਿਆਂ ਦਾ ਯੁੱਗ ਬੀਤ ਚੁੱਕਾ ਹੈ। ਚੰਗਾ ਹੁੰਦਾ ਜੇਕਰ ਉਹ ਸਮਕਾਲੀ ਪੰਜਾਬੀ ਗਿਆਨ-ਸਭਿਆਚਾਰ ਜਾਂ ਅਭਿਆਸ ਦੇ ਇਸ ਪਲ ਨੂੰ ਜ਼ਰਾ ਖੁਲ੍ਹ ਦਿਲੀ ਨਾਲ ਸਵੀਕਾਰ ਕਰਦੇ। ਅਖੀਰ ਵਿਚ ਅਸੀਂ ਇਹ ਕਹੇ ਬਿਨਾ ਨਹੀਂ ਰਹਿ ਸਕਦੇ ਕਿ ਹਰਵਿੰਦਰ ਦਾ ਪ੍ਰਤੀਕਰਮ ਪੰਜਾਬ ਦੇ ਗਿਆਨ ਅਭਿਆਸ ਦੇ ਸੰਕਟ ਦਾ ਹੀ ਲਛਣ ਹੈ।

# ਪੰਜਾਬ ਸਰਕਾਰ ਦੀ ਆਮਦਨੀ ਵਧਾਉਣ ਵਾਸਤੇ ਕੁਝ ਮਸ਼ਵਰੇ

**ਹਰਜਾਪ ਸਿੰਘ ਔਜਲਾ**

ਮੈਨੂੰ ਬੜਾ ਰੰਜ ਹੁੰਦਾ ਹੈ ਜਦੋਂ ਪੰਜਾਬ ਸਰਕਾਰ ਅਰਥਸ਼ਾਸਤਰ ਅਤੇ ਅਰਥਵਿਗਿਆਨ ਦੇ ਅਸੂਲਾਂ ਨੂੰ ਛਿੱਕੇ ਟੰਗ ਕੇ ਫਜ਼ੂਲਖਰਚੀਆਂ ਕਰਦੀ ਹੈ। ਲੇਕਿਨ ਨਿਰੀ ਸਰਕਾਰ ਦੀ ਨਿੰਦਿਆ ਹੀ ਕਾਫੀ ਨਹੀਂ, ਸਰਕਾਰ ਨੂੰ ਆਪਣੀ ਕਮਾਈ ਵਧਾਉਣ ਵਾਸਤੇ ਮਸ਼ਵਰੇ ਦੇਣੇ ਵੀ ਜ਼ਰੂਰੀ ਹਨ। ਇਸੇ ਹੀ ਤਰ੍ਹਾਂ ਦੇ ਚੰਦ ਮਸ਼ਵਰੇ ਲੈ ਕੇ ਆਪ ਜੀ ਦੇ ਸਨਮੁਖ ਹੋ ਰਿਹਾ ਹਾਂ। ਕੁਝ ਦਿਨ ਹੋਏ ਪੰਜਾਬ ਦੇ ਨੌਜਵਾਨ ਅਤੇ ਜ਼ਹੀਨ ਲੋਕ ਨਿਰਮਾਣ ਮਹਿਕਮੇ ਦੇ ਵਜ਼ੀਰ ਸ. ਪਰਮਿੰਦਰ ਸਿੰਘ ਢੀਂਡਸਾ ਨੇ ਪੰਦਰਾਂ ਕਰੋੜ ਰੁਪਏ ਦੀ ਰਾਸ਼ੀ ਖਰਚ ਕੇ ਨਵੀਂ ਤਾਮੀਰ ਹੋਈ ਸੀਸਵਾਂ-ਬੱਦੀ ਸੜਕ ਦਾ ਉਦਘਾਟਨ ਕੀਤਾ। ਇਹ ਬੜਾ ਮੁਬਾਰਕ ਅਵਸਰ ਸੀ। ਸੜਕ ਦਾ ਇਹ ਇਕ ਅਜਿਹਾ ਟੋਟਾ ਹੈ, ਜਿਸ ਉਪਰ ਖਰਚਾ ਬਹੁਤ ਘੱਟ ਆਇਆ ਹੈ ਪਰ ਇਸ ਤੋਂ ਸਰਕਾਰ ਅਤੇ ਪੰਜਾਬ ਦੇ ਲੋਕਾਂ ਨੂੰ ਕਈ ਗੁਣਾਂ ਵਧ ਲਾਭ ਹੋਵੇਗਾ। ਇਸ ਸੜਕ ਦੇ ਮੁਕੰਮਲ ਹੋਣ ਨਾਲ ਨਾ ਸਿਰਫ ਚੰਡੀਗੜ੍ਹ ਤੋਂ ਬੱਦੀ ਜਾਣ ਵਾਸਤੇ ਹੀ ਵੀਹ ਕਿਲੋਮੀਟਰ ਘੱਟ ਫਾਸਲਾ ਤੈਅ ਕਰਨਾ ਪਵੇਗਾ, ਬਲਕਿ ਪੰਜਾਬ ਦੇ ਤਮਾਮ ਮਹਾਨਗਰਾਂ ਤੋਂ ਹਿਮਾਚਲ ਪ੍ਰਦੇਸ਼ ਦੇ ਪ੍ਰਮੁਖ ਉਦਯੋਗਿਕ ਨਗਰ ਬੱਦੀ ਜਾਣ ਵਾਸਤੇ ਘੱਟ ਫਾਸਲਾ ਤੈਅ ਕਰਨਾ ਹੋਵੇਗਾ। ਇਸ ਨਾਲ ਮੁਹਾਲੀ ਜ਼ਿਲ੍ਹੇ ਦੇ ਸਭ ਤੋਂ ਵਧ ਪਛੜੇ ਹੋਏ ਖਿਜ਼ਰਾਬਾਦ-ਸੀਸਵਾਂ ਇਲਾਕੇ ਦੀ ਜੂਨ ਵੀ ਸੁਧਰੇਗੀ।

ਬੱਦੀ ਵਾਸਤੇ ਨਵੀਂ ਸੜਕ ਬਣਨ ਨਾਲ ਪੰਜਾਬ ਸਰਕਾਰ ਦੀ ਆਮਦਨੀ ਵਿਚ ਚੋਖਾ ਵਾਧਾ ਹੋ ਸਕਦਾ ਹੈ। ਬੱਦੀ ਤੋਂ ਬਰਾਸਤਾ ਸੀਸਵਾਂ, ਕੁਰਾਲੀ, ਰੋਪੜ, ਬਲਾਚੌਰ, ਨਵਾਂਸ਼ਹਿਰ, ਫਗਵਾੜਾ ਅਤੇ ਜਲੰਧਰ ਸ਼ਹਿਰ, ਅੰਮ੍ਰਿਤਸਰ ਤਾਈਂ ਇਕ ਨਵਾਂ ਬੱਸ ਰੂਟ ਬਣ ਸਕਦਾ ਹੈ। ਇਸੇ ਹੀ ਤਰ੍ਹਾਂ ਬੱਦੀ ਤੋਂ ਬਰਾਸਤਾ ਸੀਸਵਾਂ, ਕੁਰਾਲੀ, ਮੋਰਿੰਡਾ, ਸਮਰਾਲਾ ਪੰਜਾਬ ਦੀ ਉਦਯੋਗਿਕ ਰਾਜਧਾਨੀ ਲੁਧਿਆਣਾ ਤਾਈਂ ਨਵਾਂ ਰੂਟ ਵਜੂਦ ਵਿਚ ਆ ਜਾਂਦਾ ਹੈ ਤਾਂ ਫਿਰੋਜ਼ਪੁਰ ਤਾਈਂ ਖੁੱਲ੍ਹ ਜਾਂਦਾ ਹੈ। ਤੀਜਾ ਰੂਟ ਬੱਦੀ ਤੋਂ ਬਰਾਸਤਾ ਸੀਸਵਾਂ, ਕੁਰਾਲੀ, ਮੋਰਿੰਡਾ, ਸਰਹਿੰਦ, ਪਟਿਆਲਾ ਪੰਜਾਬ ਦੀ ਬਿਜਲੀ ਦੀ ਰਾਜਧਾਨੀ ਬਠਿੰਡਾ ਤਾਈਂ ਖੁੱਲ੍ਹ ਜਾਂਦਾ ਹੈ। ਚੌਥਾ ਰਸਤਾ ਬੱਦੀ ਤੋਂ ਬਰਾਸਤਾ ਸੀਸਵਾਂ, ਮੁੱਲਾਂਪੁਰ ਗਰੀਬਦਾਸ, ਮੁਹਾਲੀ ਅਤੇ ਚੰਡੀਗੜ੍ਹ ਨੂੰ ਖੁੱਲ੍ਹ ਜਾਂਦਾ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜਲਦੀ ਤੋਂ ਜਲਦੀ ਬੱਦੀ-ਅੰਮ੍ਰਿਤਸਰ, ਬੱਦੀ-ਲੁਧਿਆਣਾ, ਬੱਦੀ-ਫਿਰੋਜ਼ਪੁਰ, ਬੱਦੀ-ਪਟਿਆਲਾ, ਬੱਦੀ-ਮੋਹਾਲੀ ਅਤੇ ਬੱਦੀ-ਬਠਿੰਡਾ ਬੱਸ ਰੂਟਾਂ ਦੀ ਖੁੱਲ੍ਹੀ ਬੋਲੀ ਕਰੇ। ਇਸ ਬੋਲੀ ਤੋਂ ਪੰਜਾਬ ਸਰਕਾਰ ਦੇ ਖਜ਼ਾਨੇ ਵਿਚ ਕਰੋੜਾਂ ਰੁਪਏ ਵਾਧੂ ਆ ਸਕਦੇ ਹਨ। ਖੈਰ, ਰੋਡ ਟੈਕਸ ਦੇ ਤੌਰ 'ਤੇ ਹਰ ਸਾਲ ਹੋਣ ਵਾਲੀ ਆਮਦਨ ਤਾਂ ਸਾਲ ਦਰ ਸਾਲ ਆਉਂਦੀ ਹੀ ਰਹੇਗੀ। ਹੋਰ ਤਾਂ ਹੋਰ ਪਠਾਨਕੋਟ-ਬੱਦੀ-ਸ਼ਿਮਲਾ, ਅੰਮ੍ਰਿਤਸਰ-ਬੱਦੀ-ਸ਼ਿਮਲਾ, ਫਿਰੋਜ਼ਪੁਰ-ਬੱਦੀ-ਸ਼ਿਮਲਾ ਅਤੇ ਲੁਧਿਆਣਾ-ਬੱਦੀ-ਸ਼ਿਮਲਾ ਬੱਸ ਰੂਟਾਂ ਦਾ ਫਸਲਾ ਵੀ ਘਟ ਜਾਵੇਗਾ। ਪੈਟਰੋਲ ਅਤੇ ਡੀਜ਼ਲ ਦਾ ਖਰਚ ਵੀ ਘਟੇਗਾ, ਸਫਰ ਦਾ ਸਮਾਂ ਵੀ ਘਟੇਗਾ ਅਤੇ ਪੰਜਾਬ ਸਰਕਾਰ ਦੀ ਆਮਦਨੀ ਵੀ ਵਧੇਗੀ। ਰਸਤੇ ਵਿਚ ਢਾਬੇ ਅਤੇ ਪੈਟਰੋਲ ਪੰਪ ਵੀ ਬਣਨਗੇ।

ਪੰਜਾਬ ਸਰਕਾਰ ਇਕ ਹੋਰ ਕੰਮ ਵੀ ਕਰ ਸਕਦੀ ਹੈ। ਸੀਸਵਾਂ ਇਕ ਬੜੀ ਕਦੀਮੀ ਉਜੜਿਆ ਹੋਇਆ ਵਪਾਰਕ ਕਸਬਾ ਹੈ। ਇਸ ਨੂੰ ਮੁੜ ਤੋਂ ਵਸਾਇਆ ਜਾ ਸਕਦਾ ਹੈ। ਮੁਹਾਲੀ ਅਤੇ ਚੰਡੀਗੜ੍ਹ ਵਿਚ ਜ਼ਮੀਨਾਂ, ਜਾਇਦਾਦਾਂ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਜਿਹੜੇ ਲੋਕ ਇਨ੍ਹਾਂ ਮਹਾਨਗਰਾਂ ਵਿਚ ਰਿਹਾਇਸ਼ ਨਹੀਂ ਕਰ ਸਕਦੇ, ਉਨ੍ਹਾਂ ਦੇ ਵਸੇਬੇ ਲਈ ਸੀਸਵਾਂ ਵਿਚ ਇਕ ਆਧੁਨਿਕ ਉਪਨਗਰ ਵਸਾਇਆ ਜਾ ਸਕਦਾ ਹੈ। ਤਕਰੀਬਨ ਪੰਜ ਸੌ ਏਕੜ ਜ਼ਮੀਨ ਪੰਜ ਸੌ ਕਰੋੜ ਰੁਪਏ ਤੋਂ ਘੱਟ ਕੀਮਤ 'ਤੇ ਸਰਕਾਰ ਖਰੀਦ ਸਕਦੀ ਏ। ਇਸ ਦੀਆਂ ਸੜਕਾਂ, ਬਿਜਲੀ ਪਾਣੀ ਅਤੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਨ ਤੇ ਦੋ-ਤਿੰਨ ਸੌ ਕਰੋੜ ਰੁਪਏ ਹੋਰ ਖਰਚ ਕਰਕੇ ਸਰਕਾਰ ਪੰਦਰਾਂ ਸੌ ਕਰੋੜ ਰੁਪਏ ਤੋਂ ਵੱਧ ਕਮਾ ਸਕਦੀ ਹੈ। ਅਜਿਹੇ ਪੈਸੇ ਦੀ ਸਰਕਾਰ ਨੂੰ ਸਖ਼ਤ ਜ਼ਰੂਰਤ ਹੈ।

ਸੀਸਵਾਂ ਪਿੰਡ ਛੋਟੀਆਂ ਛੋਟੀਆਂ ਪਹਾੜੀਆਂ ਵਿਚ ਘਿਰਿਆ ਹੋਇਆ ਹੈ। ਇਥੇ ਪਾਣੀ ਦੀ ਸਖ਼ਤ ਕਮੀ ਹੈ। ਧਰਤੀ ਹੇਠਲਾ ਪਾਣੀ ਬਾਕੀ ਰੋਪੜ ਜ਼ਿਲ੍ਹੇ ਦੀ ਤਰ੍ਹਾਂ ਬੜਾ ਡੂੰਘਾ ਹੈ। ਅਲਬੱਤਾ ਇਥੋਂ ਦੀ ਇਕ ਚੋਅ ਜ਼ਰੂਰ ਵਗਦਾ ਹੈ। ਜੇਕਰ ਸੀਸਵਾਂ ਦੇ ਉਪਰਲੇ ਪਾਸੇ ਦੋ ਕੁ ਮੀਲ ਦੀ ਦੂਰੀ 'ਤੇ ਇਕ ਛੇ ਫੁੱਟ ਉਚਾ ਬਜਰੀ ਦਾ ਬੰਧ ਅਤੇ ਇਸੇ ਹੀ ਤਰ੍ਹਾਂ ਸੀਸਵਾਂ ਤੋਂ ਦੋ ਕੁ ਮੀਲ ਹੇਠਾਂ ਇਸੇ ਹੀ ਤਰ੍ਹਾਂ ਦਾ ਇਕ ਹੋਰ ਬੰਨ੍ਹ ਬਣਾ ਦਿੱਤੇ ਜਾਵੇ ਤਾਂ ਪੰਜ ਸੌ ਏਕੜ ਵਿਚ ਵਸੇ ਹੋਏ ਕਸਬੇ ਦੀਆਂ ਸਾਰੇ ਸਾਲ ਦੀਆਂ ਤਮਾਮ ਜ਼ਰੂਰਤਾਂ ਜੋਗਾ ਬਰਸਾਤੀ ਪਾਣੀ ਪ੍ਰਾਪਤ ਕੀਤਾ ਜਾ ਸਕਦਾ ਹੈ। ਬੰਨ੍ਹਾਂ ਉਪਰ ਆਇਆ ਖਰਚਾ ਸ਼ਹਿਰੀ ਖਪਤਕਾਰਾਂ ਤੋਂ ਮੀਟਰ ਲਗਾ ਕੇ ਵਸੂਲ ਕੀਤਾ ਜਾ ਸਕਦਾ ਹੈ।

ਹੁਣ ਗੱਲ ਕਰੀਏ ਕੈਨੇਡੀਅਨ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਅੰਮ੍ਰਿਤਸਰ ਫੇਰੀ ਦੀ। ਕੈਨੇਡੀਅਨ ਪ੍ਰਧਾਨ ਮੰਤਰੀ ਦਾ ਮੁਢਲਾ ਪ੍ਰੋਗਰਾਮ ਅੰਮ੍ਰਿਤਸਰ ਆਉਣ ਦਾ ਨਹੀਂ ਸੀ, ਉਨ੍ਹਾਂ ਨੇ ਬੰਗਲੌਰ ਜਾਣਾ ਸੀ ਜਿਥੇ ਜਾ ਕੇ ਸ਼ਾਇਦ ਉਹ ਭਾਰਤ ਅਤੇ ਕੈਨੇਡਾ ਦਰਮਿਆਨ ਸੂਚਨਾ ਤਕਨਾਲੋਜੀ ਬਾਰੇ ਕੋਈ ਨਵੀਆਂ ਸੰਧੀਆਂ ਕਰਦੇ ਜਾਂ ਸੰਭਾਵਨਾਵਾਂ ਅੰਜਾਮ ਦਿੰਦੇ। ਲੇਕਿਨ ਸਦਕੇ ਜਾਈਏ ਕੈਨੇਡਾ ਵਿਚ ਵਸਦੇ ਸਿੱਖਾਂ ਦੇ, ਜਿਨ੍ਹਾਂ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਉਪਰ ਐਨਾ ਦਬਾਅ ਪਾਇਆ ਕਿ ਉਨ੍ਹਾਂ ਨੂੰ ਬੰਗਲੌਰ ਛੱਡ ਕੇ ਅੰਮ੍ਰਿਤਸਰ ਦੀ ਫੇਰੀ ਮਾਰਨ ਲਈ ਮਜ਼ਬੂਰ ਹੋਣਾ ਪਿਆ। ਸਾਡੇ ਸਿੱਖਾਂ ਬਾਰੇ ਇਕ ਗੱਲ ਬੜੀ ਮਸ਼ਹੂਰ ਹੈ ਕਿ ਅਸੀਂ ਵੱਡੇ ਵੱਡੇ ਮੋਰਚੇ ਫਤਹਿ ਕਰਨ ਦੇ ਸਮਰੱਥ ਹਾਂ, ਪਰ ਫਤਹਿ ਤੋਂ ਉਸਦਾ ਫਾਇਦਾ ਨਹੀਂ ਉਠਾ ਸਕਦੇ। ਇਹੋ ਹੀ ਗੱਲ ਕੈਨੇਡੀਅਨ ਪ੍ਰਧਾਨ ਮੰਤਰੀ ਦੀ ਅੰਮ੍ਰਿਤਸਰ ਫੇਰੀ ਸਮੇਂ ਪੂਰੀ ਤਰ੍ਹਾਂ ਸਿੱਧ ਹੋਈ। ਅੰਤ ਵਿਚ ਇਹ ਫੇਰੀ ਜਲਦਬਾਜ਼ੀ ਵਿਚ ਕੀਤੀ ਹੋਈ ਯੋਜਨਾ ਤਹਿਤ ਕੀਤੀ ਕਰਵਾਈ ਹੀ ਸਾਬਤ ਹੋਈ। ਇਸ ਤੋਂ ਪੰਜਾਬ ਅਤੇ ਅੰਮ੍ਰਿਤਸਰ ਨੂੰ ਕੋਈ ਫਾਇਦਾ ਨਹੀਂ ਹੋਇਆ।

ਪਹਿਲੀ ਗੱਲ ਤਾਂ ਇਹ ਹੈ ਕਿ ਸ਼ਹਿਰ ਦੇ ਮੇਅਰ ਅਤੇ ਸ਼ਹਿਰ ਦੇ ਲੋਕ ਸਭਾ ਮੈਂਬਰ ਨੂੰ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਨੇੜੇ ਤੇੜੇ ਵੀ ਨਹੀਂ ਜਾਣ ਦਿੱਤਾ ਗਿਆ। ਅਸੀਂ ਜਿਹੜੇ ਲੋਕ ਅਮਰੀਕਾ ਵਿਚ ਵਸਦੇ ਹਾਂ, ਸਾਨੂੰ ਮੇਅਰ ਦੀ ਮਹੱਤਤਾ ਦਾ ਪੂਰੀ ਤਰ੍ਹਾਂ ਅਹਿਸਾਸ ਹੈ। ਨਿਊ ਯਾਰਕ ਜਾਂ ਫਿਲਾਡੇਲਫੀਆ ਵਿਚ ਕੋਈ ਵਿਦੇਸ਼ੀ ਸਰਬਰਾਹ ਤਸ਼ਰੀਫ ਲਿਆਵੇ ਤਾਂ ਉਸਦਾ ਸਵਾਗਤ ਕਰਨ ਵਾਸਤੇ ਮੇਅਰ ਸਭ ਤੋਂ ਮੋਹਰੀ ਹੋਇਆ ਕਰਦਾ ਹੈ। ਅਮਰੀਕਾ ਵਿਚ ਮੇਅਰ ਨੂੰ ਸ਼ਹਿਰ ਦਾ ਪ੍ਰਥਮ ਸ਼ਹਿਰੀ ਤਸੱਵੁਰ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਦੀ ਇਹ ਧੱਕੇਸ਼ਾਹੀ ਕੈਨੇਡੀਅਨ ਸ਼ਹਿਰੀਆਂ ਨੂੰ ਵੀ ਪਸੰਦ ਨਹੀਂ ਆਈ, ਉਨ੍ਹਾਂ ਨੇ ਇਸ ਫੇਰੀ ਨੂੰ ਨਾਕਾਮ ਆਖਿਆ ਹੈ। ਜਿਸ ਚੀਜ਼ ਦੀ ਮੰਗ ਉਪ ਮੁੱਖ ਮੰਤਰੀ ਨੇ ਕੀਤੀ ਹੈ, ਉਸ ਵਿਚ ਕੈਨੇਡੀਆਈ ਸਰਕਾਰ ਪੰਜਾਬ ਦੀ ਕੋਈ ਮਦਦ ਕਰ ਨਹੀਂ ਸਕਦੀ। ਕੈਨੇਡਾ ਵਿਚ ਬਿਜਲੀ ਜਾਂ ਤਾਂ ਪਾਣੀ ਤੋਂ ਬਣਾਈ ਜਾ ਰਹੀ ਹੈ, ਜਾਂ ਪੈਟਰੋਲੀਅਮ ਪਦਾਰਥਾਂ ਤੋਂ ਬਣਾਈ ਜਾਂਦੀ ਹੈ। ਪ੍ਰਮਾਣੂ ਬਿਜਲੀ ਕੈਨੇਡਾ ਬੜੀ ਘੱਟ ਪੈਦਾ ਕਰਦਾ ਹੈ। ਕੈਨੇਡਾ ਨੂੰ ਐਟਮੀ ਬਿਜਲੀ ਦੀ ਬਹੁਤੀ ਲੋੜ ਵੀ ਨਹੀਂ। ਪੰਜਾਬ ਵਿਚ ਸਾਡੇ ਕੋਲ ਨਾ ਕੋਈ ਵੱਡੀਆਂ ਝੀਲਾਂ ਹਨ ਅਤੇ ਨਾ ਹੀ ਉਚੀਆਂ ਉਚੀਆਂ ਆਬਸ਼ਾਰਾਂ ਹਨ। ਪੰਜਾਬ ਆਪਣੇ ਦਰਿਆ ਤੋਂ ਮਸਾਂ 200 ਮੈਗਾਵਾਟ ਬਿਜਲੀ ਹੀ ਪੈਦਾ ਕਰ ਸਕਦਾ ਹੈ, ਜੋ ਆਟੇ ਵਿਚ ਲੂਣ ਸਮਾਨ ਹੈ। ਪੈਟਰੋਲੀਅਮ ਪੰਜਾਬ ਪੈਦਾ ਨਹੀਂ ਕਰਦਾ। ਆਯਾਤ ਕੀਤਾ ਪੈਟਰੋਲੀਅਮ ਮਹਿੰਗਾ ਬਹੁਤ ਪੈਂਦਾ ਹੈ। ਬਾਕੀ ਰਹੀ ਗੱਲ ਪੰਜਾਬ ਦੀ ਜ਼ਰਾਇਤੀ ਪੈਦਾਵਾਰ ਦੀ-ਪੰਜਾਬ ਵਿਚ ਵਧੇਰੇ ਪੈਦਾਵਾਰ ਕਪਾਹ, ਨਰਮਾ, ਕਣਕ ਅਤੇ ਚੌਲਾਂ ਦੀ ਹੀ ਹੁੰਦੀ ਹੈ। ਕਪਾਹ ਦੇ ਉਦਯੋਗ ਵਿਚ ਕੈਨੇਡਾ ਭਾਰਤ ਤੋਂ ਬਹੁਤ ਪਛੜਿਆ ਹੋਇਆ ਹੈ। ਕੈਨੇਡਾ ਚੌਲਾਂ ਦੀ ਕਾਸ਼ਤ ਵੀ ਨਹੀਂ ਕਰ ਸਕਦਾ, ਕਿਉਂਕਿ ਮੌਸਮ ਬੜਾ ਠੰਢਾ ਹੈ। ਕਣਕ ਵਿਚ ਜਿੰਨਾ ਕੈਨੇਡਾ ਅੱਗੇ ਹੈ, ਓਨਾ ਹੀ ਭਾਰਤ। ਪੰਜਾਬ ਵਿਚ ਅਸੀਂ ਬਿਸਕੁਟਾਂ, ਫਲੇਕਸ ਅਤੇ ਹੋਰ ਚੀਜ਼ਾਂ ਦੇ ਕਾਰਖਾਨੇ ਲਗਾ ਸਕਦੇ ਹਾਂ ਪਰ ਬਿਜਲੀ ਦੀ ਕਮੀ ਕਾਰਨ ਕੋਈ ਸਨਅਤਕਾਰ ਪੰਜਾਬ ਦਾ ਰੁਖ ਨਹੀਂ ਕਰ ਰਿਹਾ। ਹਾਂ, ਪੰਜਾਬ ਤੋਂ ਪੰਜਾਬੀ ਦੇ ਹਜ਼ਾਰਾਂ ਅਧਿਆਪਕ ਕੈਨੇਡਾ ਜ਼ਰੂਰ ਭਰਤੀ ਕਰਕੇ ਲਿਜਾ ਸਕਦਾ ਹੈ।

# ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ

**ਗੁਰਪੁਰਬ ’ਤੇ ਵਿਸ਼ੇਸ਼**

**ਡਾ. ਗੁਰਨਾਮ ਕੌਰ***

ਸਿੱਖ ਧਰਮ ਦਾ ਸੰਸਾਰ ‘ਤੇ ਪ੍ਰਕਾਸ਼ ਗੁਰੂ ਨਾਨਕ ਦੇਵ ਜੀ ਨੇ ਕੀਤਾ। ਜਦੋਂ ਗੁਰੂ ਨਾਨਕ ਦੇਵ ਜੀ ਹਿੰਦੋਸਤਾਨ ਦੀ ਧਰਤੀ ‘ਤੇ ਆਏ ਅਤੇ ਉਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰੱਖੀ, ਉਦੋਂ ਇਸ ਦੇਸ਼ ਵਿਚ ਬਹੁਤ ਕਿਸਮ ਦੀਆਂ ਵੰਡੀਆਂ ਪਈਆਂ ਹੋਈਆਂ ਸਨ। ਇਹ ਸਮਾਜ ਵੱਖਰੀਆਂ ਵੱਖਰੀਆਂ ਜਾਤਾਂ, ਵੱਖਰੇ-ਵੱਖਰੇ ਧਾਰਮਿਕ ਫਿਰਕਿਆਂ ਵਿਚ ਵੰਡਿਆ ਹੋਇਆ ਸੀ। ਲੋਕ ਊਚ-ਨੀਚ, ਛੋਟੇ-ਵੱਡੇ ਦੀ ਭਾਵਨਾ ਨਾਲ ਏਨੇ ਗ੍ਰਸੇ ਹੋਏ ਸਨ ਕਿ ਆਪਸੀ ਨਫਰਤ ਦਾ ਬੋਲਬਾਲਾ ਸੀ। ਭਾਰਤ



ਵਿਚ ਪਠਾਣ ਮੁਸਲਮਾਨਾਂ ਦਾ ਰਾਜ ਸੀ। ਇੱਥੇ ਹੀ ਬਸ ਨਹੀਂ, ਬਾਹਰੋਂ ਵੀ ਲਗਾਤਾਰ ਹਮਲੇ ਹੋ ਰਹੇ ਸਨ। ਅਜਿਹਾ ਹੀ ਹਮਲਾ ਮੁਗਲ ਬਾਦਸ਼ਾਹ ਬਾਬਰ ਨੇ ਗੁਰੂ ਨਾਨਕ ਦੇਵ ਜੀ ਦੇ ਵੇਲੇ ਕੀਤਾ ਜਿਸ ਵਿਰੁਧ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਵੀ ਆਵਾਜ਼ ਉਠਾਈ। ਬਾਬਰ ਨਾਲ ਹੀ ਹਿੰਦੋਸਤਾਨ ‘ਤੇ ਮੁਗਲਾਂ ਦਾ ਰਾਜ ਕਾਇਮ ਹੋ ਗਿਆ। ਗੁਲਾਮੀ ਦੀ ਜਕੜ ਹਿੰਦੋਸਤਾਨੀ ਸਮਾਜ ‘ਤੇ ਹੋਰ ਵਧ ਗਈ। ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੀ ਅਧਿਆਤਮਕ, ਧਾਰਮਿਕ ਅਤੇ ਸਮਾਜਿਕ ਬਰਾਬਰੀ ਦਾ ਸਿਧਾਂਤ ਦਿੱਤਾ ਅਤੇ ਉਨ੍ਹਾਂ ਨੇ ਦੱਸਿਆ ਕਿ ਸਵੈ-ਮਾਣ ਤੋਂ ਬਿਨਾ ਕੀਤੀ ਹੋਈ ਪੂਜਾ ਵੀ ਸਫਲ ਨਹੀਂ ਹੁੰਦੀ। ਇਸ ਸਿਧਾਂਤ ਨੂੰ ਅੱਗੇ ਤੋਰਨ ਲਈ ਅਤੇ ਲੋਕਾਂ ਵਿਚ ਇਸ ਸੂਝ ਨੂੰ ਪੱਕਿਆਂ ਕਰਨ ਲਈ ਉਨ੍ਹਾਂ ਨੇ ਗੁਰੂ ਪਰੰਪਰਾ ਨੂੰ ਅੱਗੇ ਤੋਰਿਆ ਅਤੇ ਆਪਣੀ ਜੋਤਿ ਭਾਈ ਲਹਿਣੇ ਵਿਚ ਰੱਖ ਕੇ ਉਸਨੂੰ ਗੁਰੂ ਅੰਗਦ ਬਣਾਇਆ ਅਤੇ ਦੂਸਰੇ ਗੁਰੂ ਥਾਪਿਆ। ਇਸ ਤਰ੍ਹਾਂ ਇਹ ਗੁਰੂ ਜੋਤਿ ਗੁਰੂ ਅੰਗਦ ਦੇਵ ਜੀ ਤੋਂ ਤੀਜੇ ਗੁਰੂ ਗੁਰੂ ਅਮਰਦਾਸ, ਉਨ੍ਹਾਂ ਤੋਂ ਚੌਥੇ ਗੁਰੂ ਰਾਮਦਾਸ, ਫਿਰ ਪੰਜਵੇਂ ਗੁਰੂ ਅਰਜਨ ਦੇਵ, ਛੇਵੇਂ ਗੁਰੂ ਹਰਗੋਬਿੰਦ, ਗੁਰੂ ਹਰ ਰਾਇ ਸਤਵੀਂ ਜੋਤਿ ਅਤੇ ਅੱਠਵੇਂ ਗੁਰੂ ਹਰਕ੍ਰਿਸ਼ਨ ਤੋਂ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਪਾਸ ਪਹੁੰਚੀ।

ਗੁਰੂ ਤੇਗ ਬਹਾਦਰ ਜੀ ਛੇਵੀਂ ਨਾਨਕ ਜੋਤਿ ਗੁਰੂ ਹਰਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਪੁੱਤਰ ਸਨ ਜਿਨ੍ਹਾਂ ਦਾ ਜਨਮ ਮਾਤਾ ਨਾਨਕੀ ਦੇ ਘਰ ਅੰਮ੍ਰਿਤਸਰ ਵਿਖੇ ਇਕ ਅਪ੍ਰੈਲ 1621 ਈਸਵੀ ਨੂੰ ਹੋਇਆ। ਗੁਰੂ ਤੇਗ ਬਹਾਦਰ ਜੀ ਦੇ ਚਾਰ ਵੱਡੇ ਭਰਾ ਬਾਬਾ ਗੁਰਦਿੱਤਾ, ਬਾਬਾ ਸੂਰਜ ਮੱਲ, ਬਾਬਾ ਅਨੀ ਰਾਇ ਅਤੇ ਬਾਬਾ ਅਟੱਲ ਜੀ ਸਨ ਅਤੇ ਇਕ ਵੱਡੀ ਭੈਣ ਬੀਬੀ ਵੀਰੋ ਜੀ ਸਨ। ਮੁਗਲ ਬਾਦਸ਼ਾਹਾਂ ਵਲੋਂ ਪਰਜਾ ਦੇ ਹੱਕ ਦਿਨੋ ਦਿਨ ਦਬਾਏ ਜਾ ਰਹੇ ਸਨ। ਸਿੱਖ ਧਰਮ ਦੇ ਸੰਸਥਾਗਤ ਰੂਪ ਨੂੰ ਮਜ਼ਬੂਤ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਹੋਰ ਸੰਤਾਂ, ਭਗਤਾਂ ਅਤੇ ਸੂਫੀ ਦਰਵੇਸ਼ ਬਾਬਾ ਫਰੀਦ ਜੀ ਦੀ ਬਾਣੀ ਨੂੰ ਭਾਈ ਗੁਰਦਾਸ ਤੋਂ ਇਕ ਥਾਂ ਲਿਖਵਾ ਕੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ। ਇਸ ਤਰ੍ਹਾਂ ਸਿੱਖ ਧਰਮ ਹੋਰ ਮਜ਼ਬੂਤ ਹੋ ਗਿਆ ਅਤੇ ਦਿਨ ਰਾਤ ਫੈਲ ਰਿਹਾ ਸੀ। ਹਕੂਮਤ ਤੋਂ ਇਹ ਗੱਲ ਬਰਦਾਸ਼ਤ ਨਹੀਂ ਸੀ ਹੋ ਰਹੀ। ਗੁਰੂ ਅਰਜਨ ਦੇਵ ਜੀ ਨੂੰ ਧਰਮ ਦੀ ਮਜ਼ਬੂਤੀ ਵਾਸਤੇ ਸ਼ਹੀਦ ਹੋਣਾ ਪਿਆ। ਗੁਰੂ ਹਰਗੋਬਿੰਦ ਸਾਹਿਬ ਨੇ ਧਰਮ ਦੀ ਰੱਖਿਆ ਵਾਸਤੇ ਦੋ ਤਲਵਾਰਾਂ ਪਹਿਨੀਆਂ ਇਕ ਮੀਰੀ ਦੀ ਅਤੇ ਦੂਸਰੀ ਪੀਰੀ ਦੀ। ਗੁਰੂ ਤੇਗ ਬਹਾਦਰ ਜੀ ਨੂੰ ਅਜਿਹੇ ਮਾਹੌਲ ਵਿਚ ਬਚਪਨ ਤੋਂ ਹੀ ਖਾਸ ਸਿੱਖਿਆ ਅਤੇ ਦੀਖਿਆ ਦਿੱਤੀ ਗਈ। ਉਨ੍ਹਾਂ ਦੀ ਸ਼ਾਸਤਰ ਅਤੇ ਸ਼ਸਤਰ ਵਿਦਿਆ ਦਾ ਪ੍ਰਬੰਧ ਬਾਬਾ ਬੁੱਢਾ ਜੀ, ਭਾਈ ਗੁਰਦਾਸ ਅਤੇ ਭਾਈ ਬਿਧੀਚੰਦ ਦੀ ਦੇਖ ਰੇਖ ਹੇਠ ਕੀਤਾ ਗਿਆ। ਗੁਰੂ ਹਰਗੋਬਿੰਦ ਸਾਹਿਬ ਮੁਗਲਾਂ ਦਾ ਟਾਕਰਾ ਕਰਨ ਦੇ ਨਾਲ ਨਾਲ ਗੁਰਮਤਿ ਦਾ ਪ੍ਰਚਾਰ ਵੀ ਲਗਾਤਾਰ ਕਰ ਰਹੇ ਸਨ। ਇਸ ਲਈ ਬਾਲਕ ਤੇਗ ਬਹਾਦਰ ਦਾ ਪਾਲਣ-ਪੋਸ਼ਣ ਮਾਤਾ ਨਾਨਕੀ ਜੀ ਦੀ ਦੇਖ ਰੇਖ ਅੰਦਰ ਬਹੁਤ ਸੰਭਾਲ ਅਤੇ ਲਾਡ ਪਿਆਰ ਨਾਲ ਹੋ ਰਿਹਾ ਸੀ। ਬਚਪਨ ਤੋਂ ਹੀ ਉਹ ਵਾਹਿਗੁਰੂ ਦੀ ਭਗਤੀ ਵਿਚ ਲੀਨ ਰਹਿੰਦੇ ਸਨ ਪਰ ਇਸ ਦੇ ਨਾਲ ਨਾਲ ਸ਼ਿਕਾਰ ਖੇਡਣ ਅਤੇ ਸ਼ਸਤਰ ਵਿਦਿਆ ਵਲ ਵੀ ਪੂਰਾ ਧਿਆਨ ਦਿੰਦੇ ਸਨ। ਆਪਦੇ ਬਚਪਨ ਦਾ ਮੁਢਲਾ ਸਮਾਂ ਸ੍ਰੀ ਅੰਮ੍ਰਿਤਸਰ ਵਿਚ ਬੀਤਿਆ। ਜਦੋਂ 1930 ਵਿਚ ਗੁਰੂ ਹਰਗੋਬਿੰਦ ਸਾਹਿਬ ਅੰਮ੍ਰਿਤਸਰ ਛੱਡ ਕੇ ਕਰਤਾਰਪੁਰ (ਜ਼ਿਲਾ ਜਲੰਧਰ) ਵਿਖੇ ਆ ਵਸੇ ਤਾਂ ਬਾਲਕ ਤੇਗ ਬਹਾਦਰ ਦੀ ਉਮਰ ਨੌਂ ਸਾਲ ਸੀ। ਇੱਥੇ ਆ ਕੇ ਵੀ ਗੁਰੂ ਹਰਗੋਬਿੰਦ ਨੂੰ ਮੁਗਲਾਂ ਨਾਲ ਆਖਰੀ ਅਤੇ ਚੌਥਾ ਯੁੱਧ ਕਰਨਾ ਪਿਆ। ਇਸ ਯੁੱਧ ਵਿਚ (ਗੁਰੂ) ਤੇਗ ਬਹਾਦਰ ਜੀ ਨੇ ਵੀ ਹਿੱਸਾ ਲਿਆ ਅਤੇ ਬਹੁਤ ਦਲੇਰੀ ਅਤੇ ਸੂਰਬੀਰਤਾ ਨਾਲ ਯੁੱਧ ਕੀਤਾ। ਕਿਹਾ ਜਾਂਦਾ ਹੈ ਕਿ ਆਪ ਨੇ ਜਿਸ ਮੁਹਾਰਤ ਨਾਲ ਤਲਵਾਰ ਚਲਾਈ ਉਸ ਤੋਂ ਹੀ ਇਨ੍ਹਾਂ ਦਾ ਨਾਮ ਤੇਗ ਮਲ ਤੋਂ ਤੇਗ ਬਹਾਦਰ ਪਿਆ। ਉਦੋਂ ਦੇ ਰਿਵਾਜ਼ ਅਨੁਸਾਰ ਆਪ ਦਾ ਵਿਆਹ ਛੋਟੀ ਉਮਰ ਵਿਚ ਹੀ ਕਰਤਾਰਪੁਰ ਦੇ ਵਾਸੀ ਭਾਈ ਲਾਲ ਚੰਦ ਦੀ ਪੁੱਤਰੀ ਗੁਜਰੀ ਨਾਲ ਕਰ ਦਿੱਤਾ ਗਿਆ। ਇਨ੍ਹਾਂ ਦੀ ਇਕੋ ਇਕ ਔਲਾਦ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਦਾ ਜਨਮ ਵਿਆਹ ਤੋਂ ਬਹੁਤ ਸਮੇਂ ਬਾਅਦ ਪਟਨਾ ਵਿਖੇ ਹੋਇਆ। ਨੌਵੀਂ ਨਾਨਕ ਜੋਤਿ ਗੁਰੂ ਤੇਗ ਬਹਾਦਰ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ। ਚਾਦਰ ਹੁੰਦੀ ਕੀ ਹੈ? ਚਾਦਰ ਸਰੀਰ ਉਤੇ ਓਢਣ ਵਾਲੇ ਕੱਪੜੇ ਨੂੰ ਕਿਹਾ ਜਾਂਦਾ ਹੈ ਅਤੇ ਸਾਡੇ ਸਭਿਆਚਾਰ ਵਿਚ ਚਾਦਰ ਨਾਲ ਬਹੁਤ ਸਾਰੀਆਂ ਰਵਾਇਤਾਂ ਅਤੇ ਸੰਸਕਾਰ ਜੁੜੇ ਹੋਏ ਹਨ। ਕੱਪੜੇ ਦੇ ਰੂਪ ਵਿਚ ਚਾਦਰ ਸਰੀਰ ਨੂੰ ਢਕਣ ਦਾ ਕੰਮ ਦਿੰਦੀ ਹੈ, ਸਰੀਰ ਦਾ ਜਿਥੇ ਨੰਗੇਜ਼ ਕੱਜਦੀ ਹੈ, ਉਥੇ ਸਰੀਰ ਨੂੰ ਗਰਮੀ ਅਤੇ ਸਰਦੀ ਤੋਂ ਬਚਾਉਂਦੀ ਹੈ। ਹਿੰਦੋਸਤਾਨੀ ਸਭਿਆਚਾਰ ਮੁਤਾਬਿਕ ਚਾਦਰ ਨਾਲ ਇਸਤਰੀ ਦੀ ਇੱਜ਼ਤ ਜੁੜੀ ਹੋਈ ਹੈ। ਆਪਣੇ ਚਰਿੱਤਰ, ਆਪਣੀ ਇੱਜ਼ਤ ਨੂੰ ਬਰਕਰਾਰ ਰੱਖਣਾ ਚਾਦਰ ਦੀ ਲਾਜ ਰੱਖਣਾ ਅਖਵਾਉਂਦਾ ਹੈ। ਕਿਸੇ ਇਸਤਰੀ ਵਲੋਂ ਪਤੀ ਦਾ ਤਿਆਗ ਕਰ ਦੇਣ ਨੂੰ ਜਾਂ ਕਿਸੇ ਇਸਤਰੀ ਦੀ ਬੇਇੱਜ਼ਤੀ ਕਰਨ ਨੂੰ ਚਾਦਰ ਲਾਹੁਣੀ ਕਿਹਾ ਜਾਂਦਾ ਹੈ। ਜਦੋਂ ਗੁਰੂ ਤੇਗ ਬਹਾਦਰ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ ਤਾਂ ਇਸ ਨਾਲ ਕਈ ਸਾਰੇ ਡੂੰਘੇ ਅਰਥ ਜੁੜ ਜਾਂਦੇ ਹਨ। ਆਪਣੇ ਬਲੀਦਾਨ ਨਾਲ ਉਨ੍ਹਾਂ ਨੇ ਹਿੰਦੋਸਤਾਨੀ ਸਮਾਜ ਦੀ ਇੱਜ਼ਤ ਰੱਖੀ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਦੀ ਰੱਖਿਆ ਕੀਤੀ ਅਤੇ ਉਨ੍ਹਾਂ ਨੂੰ ਸਿਰ ਚੁੱਕ ਕੇ ਜਿਊਣ ਦੀ ਜਾਂਚ ਦੱਸੀ। ਹਿੰਦ ਦੀ ਚਾਦਰ ਬਣਨ ਲਈ ਉਨ੍ਹਾਂ ਨੇ ਲਗਾਤਾਰ ਤਿਆਰੀ ਕੀਤੀ। ਇਤਿਹਾਸ ਵਿਚ ਇਹ ਜ਼ਿਕਰ ਮਿਲਦਾ ਹੈ ਕਿ ਗੁਰੂ ਤੇਗ ਬਹਾਦਰ ਅਜੇ ਛੋਟੇ ਹੀ ਸਨ ਤਾਂ ਗੁਰੂ ਹਰਗੋਬਿੰਦ ਸਾਹਿਬ ਨੇ ਬਚਨ ਕੀਤਾ ਸੀ ਕਿ ਉਹ ਆਪਣੇ ਦਾਦੇ ਪੰਚਮ ਗੁਰੂ ਅਰਜਨ ਦੇਵ ਸ਼ਾਂਤੀ ਦੇ ਪੁੰਜ ਵਾਂਗ ਹੀ ਆਪਣੇ ਸਰੀਰ ‘ਤੇ ਕਸ਼ਟ ਝੱਲਣਗੇ। ਗੁਰੂ ਹਰਗੋਬਿੰਦ ਸਾਹਿਬ ਕਰਤਾਰਪੁਰ ਦੇ ਯੁੱਧ ਤੋਂ ਬਾਅਦ ਕੀਰਤਪੁਰ ਆ ਗਏ। ਮਾਰਚ 1644 ਈ. ਵਿਚ ਗੁਰੂ ਹਰਗੋਬਿੰਦ ਸਿੰਘ ਜੋਤੀ ਜੋਤਿ ਸਮਾ ਗਏ।

ਗੁਰੂ ਹਰਿ ਰਾਇ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ‘ਤੇ ਬਿਠਾਇਆ। ਸਿੱਖ ਧਰਮ ਦੀ ਇਹ ਇਕ ਵਿਲੱਖਣ ਪਰੰਪਰਾ ਹੈ ਕਿ ਹਰ ਗੁਰੂ ਵਿਅਕਤੀ ਨੇ ਆਪਣੇ ਅਕਾਲ ਚਲਾਣੇ ਤੋਂ ਪਹਿਲਾਂ ਆਪਣੇ ਜਾਨਸ਼ੀਨ ਦੀ ਚੋਣ ਕੀਤੀ ਅਤੇ ਉਸਨੇ ਆਪਣੇ ਹੱਥੀਂ ਗੁਰੂ ਗੱਦੀ ਸੌਂਪ ਕੇ ਆਪ ਇਕ ਸਿੱਖ ਵਾਂਗ ਮੱਥਾ ਟੇਕਿਆ। ਜਦੋਂ ਗੁਰੂ ਹਰਕ੍ਰਿਸ਼ਨ ਬਹੁਤ ਛੋਟੀ ਉਮਰ ਵਿਚ ਭਾਵ ਬਚਪਨ ਵਿਚ ਹੀ 30 ਮਾਰਚ, 1664 ਈ. ਨੂੰ ਜੋਤੀ ਜੋਤਿ ਸਮਾਏ ਉਦੋਂ ਉਹ ਦਿੱਲੀ ਵਿਚ ਸਨ ਅਤੇ (ਗੁਰੂ) ਤੇਗ ਬਹਾਦਰ ਬਕਾਲੇ ਭਗਤੀ ਕਰ ਰਹੇ ਸਨ। ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਉਹ ਬਿਮਾਰੀ ਨਾਲ ਬਹੁਤ ਕਮਜ਼ੋਰ ਹੋ ਗਏ ਸਨ, ਸੰਗਤਾਂ ਨੇ ਸਤਿਕਾਰ ਨਾਲ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਹੁਣ ਗੁਰੂ ਜੀ ਉਨ੍ਹਾਂ ਨੂੰ ਕਿਸੇ ਦੇ ਲੜ ਲਾ ਕੇ ਜਾ ਰਹੇ ਹਨ? ਤਾਂ ਗੁਰੂ ਹਰਕ੍ਰਿਸ਼ਨ ਜੀ ਨੇ ਏਨਾ ਹੀ ਫੁਰਮਾਨ ਕੀਤਾ, “ਬਾਬਾ ਬਕਾਲੇ”॥ (ਗੁਰੂ) ਤੇਗ ਬਹਾਦਰ ਰਿਸ਼ਤੇ ਵਿਚ ਗੁਰੂ ਹਰਕ੍ਰਿਸ਼ਨ ਦੇ ਦਾਦਾ ਜੀ ਲਗਦੇ ਸਨ। ਇਸ ਲਈ ਇਸ ਤੋਂ ਇਹ ਨਤੀਜਾ ਭਲੀਭਾਂਤ ਕੱਢਿਆ ਜਾ ਸਕਦਾ ਹੈ ਕਿ ਤੇਗ ਬਹਾਦਰ ਜੋ ਰਿਸ਼ਤੇ ਵਿਚ ਉਨ੍ਹਾਂ ਦੇ ਬਾਬਾ ਸਨ ਅਤੇ ਬਾਬਾ ਨਾਨਕ ਦੀ ਗੱਦੀ ‘ਤੇ ਨੌਵੇਂ ਗੁਰੂ ਵਜੋਂ ਜਿਨ੍ਹਾਂ ਨੇ ਬਿਰਾਜਮਾਨ ਹੋਣਾ ਹੈ, ਉਹ ‘ਬਕਾਲੇ’ ਹਨ। ਮਾਤਾ ਨਾਨਕੀ ਜੀ ਦੀ ਆਗਿਆ ਅਨੁਸਾਰ 20 ਮਾਰਚ, 1665 ਈ. ਨੂੰ ਆਪ ਨੂੰ ਪਰੰਪਰਾ ਅਨੁਸਾਰ ਤਿਲਕ ਲਾ ਕੇ ਅਤੇ ਨਰੀਅਲ ਤੇ ਪੰਜ ਪੈਸੇ ਰੱਖ ਕੇ ਮੱਥਾ ਟੇਕ ਦਿੱਤਾ ਗਿਆ।

ਗੁਰੂ ਬਣਨ ਤੋਂ ਪਿੱਛੋਂ ਗੁਰੂ ਤੇਗ ਬਹਾਦਰ ਜੀ ਨੇ ਸੋਢੀਆਂ ਅਤੇ ਮਸੰਦਾਂ ਨਾਲ ਬੜੀ ਸਹਿਣਸ਼ੀਲਤਾ ਨਾਲ ਨਜਿਠਿਆ। ਇਸੇ ਤਰ੍ਹਾਂ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁਜਾਰੀਆਂ ਨੇ ਜਦੋਂ ਦਰਵਾਜ਼ੇ ਬੰਦ ਕਰ ਲਏ ਤਾਂ ਆਪ ਬਹੁਤ ਸ਼ਾਂਤ ਰਹੇ। ਗੁਰੂ ਤੇਗ ਬਹਾਦਰ ਜੀ ਦੇ ਗੁਰਗੱਦੀ ‘ਤੇ ਬੈਠਣ ਵੇਲੇ ਤੱਕ ਔਰੰਗਜ਼ੇਬ ਦੇ ਜ਼ੁਲਮ ਜਨਤਾ ’ਤੇ ਬਹੁਤ ਵਧ ਗਏ ਸੀ। ਔਰੰਗਜ਼ੇਬ ਆਪ ਕੱਟੜ ਸੁੰਨੀ ਮੁਸਲਮਾਨ ਸੀ। ਉਹ ਸਾਰੀ ਜਨਤਾ ਨੂੰ ਹੀ ਸੁੰਨੀ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਇਹੀ ਕਾਰਨ ਸੀ ਕਿ ਜਿੱਥੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਉਨ੍ਹਾਂ ‘ਤੇ ਭਾਂਤ-ਭਾਂਤ ਦੇ ਜ਼ੁਲਮ ਹੋ ਰਹੇ ਸੀ, ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੇ ਟੈਕਸ ਤਾਰਨੇ ਪੈਂਦੇ ਸਨ, ਖਾਸ ਕਰਕੇ ਜਜ਼ੀਆ ਦੇਣਾ ਪੈਂਦਾ ਸੀ, ਸੰਗੀਤ ਦੀ ਸਾਰੇ ਰਾਜ ਵਿਚ ਮਨਾਹੀ ਸੀ, ਹਿੰਦੂਆਂ ਦੀ ਹਰ ਤਰ੍ਹਾਂ ਨਾਲ ਬੇਇੱਜ਼ਤੀ ਕੀਤੀ ਜਾਂਦੀ ਸੀ। ਸ਼ੀਆ ਮੁਸਲਮਾਨਾਂ ਨੂੰ ਵੀ ਔਰੰਗਜ਼ੇਬ ਦੀ ਕ੍ਰੋਪੀ ਦਾ ਅਕਸਰ ਸ਼ਿਕਾਰ ਹੋਣਾ ਪੈ ਜਾਂਦਾ ਸੀ। ਥਾਂ-ਥਾਂ ਮੰਦਰ ਢਾਹੇ ਜਾ ਰਹੇ ਸਨ, ਮੂਰਤੀਆਂ ਤੋੜੀਆਂ ਜਾ ਰਹੀਆਂ ਸਨ। ਹਿੰਦੂਆਂ ਦੇ ਜਨੇਊ ਉਤਾਰ ਕੇ ਅਤੇ ਉਨ੍ਹਾਂ ਨੂੰ ਡਰਾ ਧਮਕਾ ਕੇ ਮੁਸਲਮਾਨ ਬਣਾਇਆ ਜਾ ਰਿਹਾ ਸੀ। ਹਿੰਦੋਸਤਾਨ ਇਕ ਧਾਰਮਿਕ ਮੁਲਕ ਹੈ ਅਤੇ ਇੱਥੇ ਆਪਣੇ ਧਰਮ ਨੂੰ ਮੰਨਣ ਤੋਂ ਹੀ ਮਨਾਹੀ ਸੀ। ਧਾਰਮਿਕ ਆਜ਼ਾਦੀ ਬਿਲਕੁਲ ਖਤਮ ਹੋ ਗਈ ਸੀ। ਗੁਰੂ ਤੇਗ ਬਹਾਦਰ ਜੀ ਨੇ ਆਮ ਲੋਕਾਂ ਦੇ ਇਸ ਦੁੱਖ ਦਰਦ ਨੂੰ ਸਮਝਿਆ ਅਤੇ ਲੋਕਾਂ ਦੀ ਪੀੜ ਵੰਡਾਉਣ ਲਈ ਧਰਮ ਕੀ ਹੈ? ਇਸ ਦਾ ਪ੍ਰਚਾਰ ਕਰਨ ਲਈ ਬਕਾਲੇ ਤੋਂ ਸੰਗਤਾਂ ਨਾਲ ਕੀਰਤਪੁਰ ਵਲ ਚਾਲੇ ਪਾ ਦਿੱਤੇ। ਰਸਤੇ ਵਿਚ ਥਾਂ-ਥਾਂ ਗੁਰੂ ਤੇਗ ਬਹਾਦਰ ਲੋਕਾਂ ਨੂੰ ਵਾਹਿਗੁਰੂ ਦੇ ਨਾਮ ਸਿਮਰਨ ਦਾ ਉਪਦੇਸ਼ ਦਿੰਦੇ, ਦੁਖੀ ਦੀਨਾਂ ਦਾ ਦਰਦ ਵੰਡਾਉਂਦੇ ਕੀਰਤਪੁਰ ਸਾਹਿਬ ਆ ਗਏ। ਉਥੇ ਉਨ੍ਹਾਂ ਨੇ ਜ਼ਮੀਨ ਖਰੀਦ ਕੇ ਆਨੰਦਪੁਰ ਸਾਹਿਬ ਦੀ ਨੀਂਹ ਰੱਖੀ ਅਤੇ ਨਵਾਂ ਨਗਰ ਵਸਾਇਆ। ਇਹੀ ਆਨੰਦਪੁਰ ਸਾਹਿਬ ਦਸਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਆਉਣ ਵਾਲੇ ਸਰਬ ਸਮਿਆਂ ਵਾਸਤੇ ਖਾਲਸੇ ਦੀ ਜਨਮ ਭੂਮੀ ਬਣ ਗਿਆ। ਅੰਮ੍ਰਿਤ ਧਾਰਨ ਕਰਨ ਵੇਲੇ ਸਿੱਖ ਦਾ ਪੁਰਾਣਾ ਜਨਮ, ਗੋਤ, ਜਾਤ, ਵਿਸ਼ਵਾਸ ਸਭ ਬਦਲ ਜਾਂਦਾ ਹੈ ਉਹ ਇਕ ਅਕਾਲ ਪੁਰਖ ਦਾ ਭਗਤ ਹੋ ਜਾਂਦਾ ਹੈ, ਜਿਸ ਦਾ ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਕੌਰ ਅਤੇ ਉਹ ਵਾਸੀ ਆਨੰਦਪੁਰ ਦਾ ਹੋ ਜਾਂਦਾ ਹੈ।

ਔਰੰਗਜ਼ੇਬ ਦੇ ਜ਼ੁਲਮ ਦੀ ਤਲਵਾਰ ਹਿੰਦੂਆਂ ਤੇ ਹੋਰ ਮਾਰੂ ਹੁੰਦੀ ਜਾ ਰਹੀ ਸੀ। ਪੂਰਬੀ ਭਾਰਤ ਖਾਸ ਕਰਕੇ ਬਿਹਾਰ, ਉੜੀਸਾ ਅਤੇ ਬੰਗਾਲ ਉਸ ਦੇ ਜ਼ੁਲਮ ਦਾ ਵਧ ਸ਼ਿਕਾਰ ਹੋ ਰਿਹਾ ਸੀ। ਕਸ਼ਮੀਰ ਵਿਚ ਔਰੰਗਜ਼ੇਬ ਵਲੋਂ ਤੈਨਾਤ ਗਵਰਨਰ ਕਸਮੀਰੀ ਪੰਡਤਾਂ ਨੂੰ ਜਬਰੀ ਮੁਸਲਮਾਨ ਬਣਾਉਣ ’ਤੇ ਤੁਲਿਆ ਹੋਇਆ ਸੀ। ਗੁਰੂ ਤੇਗ ਬਹਾਦਰ ਨਾਮ ਸਿਮਰਨ ਰਾਹੀਂ ਲੋਕਾਂ ਅੰਦਰ ਅਧਿਆਤਮਕ ਬਲ ਪੈਦਾ ਕਰਨ ਲਈ ਪੂਰਬੀ ਭਾਰਤ ਦੇ ਦੌਰੇ ‘ਤੇ ਨਿਕਲੇ। ਉਨ੍ਹਾਂ ਨੇ ਭਾਰਤੀ ਮਿਥਿਹਾਸ ਵਿਚੋਂ ਉਦਾਹਰਣਾਂ ਦੇ ਦੇ ਕੇ ਸਮਝਾਇਆ ਕਿ ਨਾਮ ਸਿਮਰਨ ਕਿਸ ਤਰ੍ਹਾਂ ਮਨੁੱਖ ਦੇ ਅੰਦਰ ਸ਼ਕਤੀ ਪੈਦਾ ਕਰ ਕੇ ਉਸਨੂੰ ਬੰਧਨ ਤੋਂ ਪਾਰ ਹੋਣ ਦੀ ਸਮਰਥਾ ਬਖਸ਼ਦਾ ਹੈ। ਨਾਮ ਸਿਮਰਨ ਨਾਲ ਮਨੁੱਖ ਅਕਾਲ ਪੁਰਖ ਦੀ ਮਿਹਰ ਦਾ ਭਾਗੀ ਬਣਦਾ ਹੈ। ਜਿਵੇਂ:

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ।
ਜਿਹ ਸਿਮਰਤ ਗਨਿਕਾ ਸੀ ਉਧਾਰੀ
ਤਾ ਕੋ ਜਸੁ ਉਰਿਧਾਰੋ॥ ਰਹਾਉ॥ ਅਤੇ
ਅਜਾਮਲੁ ਪਾਪੀ ਜਗੁ ਜਾਨੈ
ਨਿਮਖ ਮਾਹਿ ਨਿਸਤਾਰਾ।
ਨਾਨਕੁ ਕਹਤੁ ਚੇਤਿ ਚਿੰਤਾਮਨਿ
ਤੈ ਭੀ ਉਤਰਹਿ ਪਾਰਾ॥3॥4॥

ਗੁਰੂ ਤੇਗ ਬਹਾਦਰ ਜੀ ਨੇ ਮਨੁੱਖਾਂ ਨੂੰ ਸਗਲ ਭੈ ਦਾ ਤਿਆਗ ਕਰ ਕੇ ਸਿਰਫ ਤੇ ਸਿਰਫ ਪਰਮਾਤਮਾ ਦੇ ਭੈ ਵਿਚ ਜਿਊਣ ਦੀ ਜਾਂਚ ਦੱਸੀ। ਉਨ੍ਹਾਂ ਨੇ ਹਨੇਰੇ ਮਨਾਂ ਨੂੰ ਅਧਿਆਤਮਕ ਚਾਨਣ ਬਖਸ਼ਿਆ ਅਤੇ ਗਿਆਨੀ ਪੁਰਸ਼ ਵਾਸਤੇ ਮਾਪਦੰਡ ਇਹ ਰੱਖਿਆ ਕਿ ਜਿਹੜਾ ਮਨੁੱਖ ਕਿਸੇ ਹੋਰ ਦਾ ਡਰ ਨਹੀਂ ਮੰਨਦਾ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ, ਅਸਲੀ ਗਿਆਨੀ ਉਹੀ ਹੈ। ਦੂਸਰੇ ਦੇ ਭੈ ਵਿਚ ਜੀਣ ਵਾਲਾ ਜਾਂ ਦੂਸਰੇ ਨੂੰ ਭੈ ਦੇਣ ਵਾਲਾ ਗਿਆਨੀ ਨਹੀਂ ਹੋ ਸਕਦਾ। ਭੈ ਤੋਂ ਸੁਤੰਤਰ ਮਨੁੱਖ ਹੀ ਮਾਨਸਿਕ ਬੁਲੰਦੀਆਂ ਨੂੰ ਛੂਹ ਸਕਦਾ ਹੈ ਅਤੇ ਕਿਸੇ ਨੂੰ ਭੈ ਨਾ ਦੇਣ ਵਾਲਾ ਮਨੁੱਖ ਹੀ ਧਾਰਮਿਕ ਤੌਰ ‘ਤੇ ਉਦਾਰ ਹੋ ਸਕਦਾ ਹੈ। ਇਸ ਤਰ੍ਹਾਂ ਇਕ ਨਿਰਭਉ ਤੇ ਨਿਰਵੈਰ ਮਨੁੱਖ ਹੀ ਅਸਲੀ ਗਿਆਨੀ ਹੈ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ
ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨਿ॥16॥

ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਨੇ ਦੱਬੇ, ਕੁਚਲੇ ਕਮਜ਼ੋਰ ਹੋ ਚੁੱਕੇ ਲੋਕਾਂ ਵਿਚ ਇਕ ਨਵੀਂ ਰੂਹ ਫੂਕੀ ਤਾਂ ਕਿ ਉਹ ਦ੍ਰਿੜ ਹੋ ਕੇ ਔਰੰਗਜ਼ੇਬ ਦੇ ਜ਼ੁਲਮਾਂ ਦਾ ਮੁਕਾਬਲਾ ਇਕ ਮੁੱਠ ਹੋ ਕੇ ਕਰ ਸਕਣ। ਇਸ ਯਾਤਰਾ ਦੌਰਾਨ ਗੁਰੂ ਸਾਹਿਬ ਪਟਨੇ ਕਾਫੀ ਦੇਰ ਰੁਕੇ ਅਤੇ ਇੱਥੇ ਹੀ ਬਾਲਕ (ਗੁਰੂ) ਗੋਬਿੰਦ ਸਿੰਘ ਦਾ ਜਨਮ ਹੋਇਆ। ਇਥੇ ਹੀ ਪਰਿਵਾਰ ਨੂੰ ਛੱਡ ਕੇ ਗੁਰੂ ਸਾਹਿਬ ਬੰਗਾਲ ਅਤੇ ਅਸਾਮ ਵਲ ਚਲੇ ਗਏ। ਇਹ ਯਾਤਰਾ ਪੂਰਨ ਕਰਕੇ ਜਦੋਂ ਗੁਰੂ ਤੇਗ ਬਹਾਦਰ ਵਾਪਸ ਪਟਨਾ ਆਏ ਤਾਂ ਉਦੋਂ ਤਕ ਗੁਰੂ ਗੋਬਿੰਦ ਸਿੰਘ ਜਿਨ੍ਹਾਂ ਦਾ ਬਚਪਨ ਦਾ ਨਾਂ ਗੋਬਿੰਦ ਰਾਏ ਸੀ, ਤਕਰੀਬਨ ਚਾਰ ਸਾਲ ਦੇ ਹੋ ਚੁੱਕੇ ਸਨ। ਉਥੋਂ ਹੀ ਗੁਰੂ ਤੇਗ ਬਹਾਦਰ ਬਨਾਰਸ ਅਤੇ ਅਯੁੱਧਿਆ ਆਦਿ ਨਗਰਾਂ ਵਿਚੋਂ ਹੁੰਦੇ ਹੋਏ ਆਨੰਦਪੁਰ ਸਾਹਿਬ ਵਾਪਸ ਆ ਗਏ ਅਤੇ ਕੁਝ ਸਮਾਂ ਪਿੱਛੋਂ ਪਰਿਵਾਰ ਵੀ ਵਾਪਸ ਆ ਗਿਆ।

ਉਤਰੀ ਭਾਰਤ ਵਿਚ ਲੋਕਾਂ ਨੂੰ ਇਸ ਗੱਲ ਦਾ ਇਲਮ ਸੀ ਕਿ ਕਿਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਸਿਧਾਂਤਾਂ ਦੀ ਖਾਤਰ ਆਪਣੀ ਜਾਨ ਵਾਰ ਦਿੱਤੀ ਅਤੇ ਗੁਰੂ ਹਰਗੋਬਿੰਦ ਸਾਹਿਬ ਨੇ ਜ਼ੁਲਮ ਦੇ ਟਾਕਰੇ ਲਈ ਤਲਵਾਰ ਉਠਾਈ ਸੀ। ਇਸੇ ਕਰਕੇ ਕਸ਼ਮੀਰੀ ਪੰਡਿਤ ਆਪਣੇ ਧਰਮ ਦੀ ਰੱਖਿਆ ਵਾਸਤੇ ਆਪਸ ਵਿਚ ਵਿਚਾਰ ਕਰਕੇ, ਆਪਣੀ ਬੇਨਤੀ ਲੈ ਕੇ ਗੁਰੂ ਜੀ ਪਾਸ ਆਏ ਕਿ ਮੁਗਲਾਂ ਦੇ ਜ਼ੁਲਮਾਂ ਤੋਂ ਉਨ੍ਹਾਂ ਨੂੰ ਬਚਾਇਆ ਜਾਵੇ ਅਤੇ ਉਨ੍ਹਾਂ ਦੇ ਧਰਮ ਦੀ ਰੱਖਿਆ ਕੀਤੀ ਜਾਵੇ। ਇਤਿਹਾਸਕਾਰ ਦੱਸਦੇ ਹਨ ਕਿ ਉਨ੍ਹਾਂ ਦੀ ਬੇਨਤੀ ਸੁਣ ਕੇ ਗੁਰੂ ਤੇਗ ਬਹਾਦਰ ਜੀ ਬਹੁਤ ਗੰਭੀਰ ਹੋ ਕੇ ਸੋਚਣ ਲਗ ਪਏ ਤਾਂ ਉਨ੍ਹਾਂ ਦੇ ਸਾਹਿਬਜ਼ਾਦੇ ਗੋਬਿੰਦ ਸਿੰਘ ਵੀ ਉਥੇ ਆ ਗਏ ਜਿਨ੍ਹਾਂ ਦੀ ਉਮਰ ਉਸ ਵੇਲੇ ਤਕਰੀਬਨ ਨੌਂ ਸਾਲ ਸੀ। ਉਨ੍ਹਾਂ ਨੇ ਗੁਰੂ ਪਿਤਾ ਨੂੰ ਉਨ੍ਹਾਂ ਦੀ ਗੰਭੀਰਤਾ ਦਾ ਕਾਰਨ ਪੁੱਛਿਆ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਾਰਨ ਦੱਸਿਆ ਅਤੇ ਨਾਲ ਹੀ ਕਿਹਾ ਕਿ ਉਨ੍ਹਾਂ ਦੇ ਧਰਮ ਦੀ ਰੱਖਿਆ ਲਈ ਕਿਸੇ ਮਹਾਂਪੁਰਸ਼ ਨੂੰ ਕੁਰਬਾਨੀ ਦੇਣੀ ਪਵੇਗੀ। ਇਸ ’ਤੇ ਸਾਹਿਬਜ਼ਾਦੇ ਨੇ ਬੇਨਤੀ ਕੀਤੀ ਕਿ ਆਪ ਤੋਂ ਵੱਡਾ ਮਹਾਂਪੁਰਖ ਹੋਰ ਕੌਣ ਹੋ ਸਕਦਾ ਹੈ? ਪੁੱਤਰ ਦਾ ਉਤਰ ਸੁਣ ਕੇ ਗੁਰੂ ਜੀ ਨੂੰ ਤਸੱਲੀ ਹੋਈ ਅਤੇ ਗੁਰੂ ਜੀ ਖੁਸ਼ ਹੋ ਗਏ। ਇਹ ਤਸੱਲੀ ਅਤੇ ਖੁਸ਼ੀ ਪੁੱਤਰ ਦੀ ਸਿਆਣਪ ‘ਤੇ ਹੋਈ ਕਿ ਉਹ ਹੁਣ ਅੱਗੋਂ ਪੂਰੀ ਜ਼ਿੰਮੇਵਾਰੀ ਸੰਭਾਲ ਲੈਣਗੇ। ਕਮਜ਼ੋਰ ਅਤੇ ਲਿਤਾੜੇ ਜਾ ਰਹੇ ਲੋਕਾਂ ਵਿਚ ਨਵੀਂ ਰੂਹ ਫੂਕਣ ਲਈ ਉਨ੍ਹਾਂ ਨੇ ਆਪਣਾ ਸੀਸ ਦੇਣ ਦਾ ਫੈਸਲਾ ਕਰ ਲਿਆ। ਪੰਡਤਾਂ ਨੂੰ ਕਿਹਾ ਕਿ ਉਹ ਜਾ ਕੇ ਔਰੰਗਜ਼ੇਬ ਨੂੰ ਕਹਿ ਦੇਣ ਕਿ ਜੇ ਉਹ ਉਨ੍ਹਾਂ ਦੇ ਰਹਿਨੁਮਾ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲੈਣ ਵਿਚ ਸਫਲ ਹੋ ਜਾਣ ਤਾਂ ਉਹ ਸਾਰੇ ਵੀ ਮੁਸਲਮਾਨ ਬਣ ਜਾਣਗੇ। ਪੰਡਤਾਂ ਨੇ ਗੁਰੂ ਜੀ ਦਾ ਇਹ ਸੰਦੇਸ਼ ਲਾਹੌਰ ਸੂਬੇ ਰਾਹੀਂ ਔਰੰਗਜ਼ੇਬ ਕੋਲ ਪਹੁੰਚਾ ਦਿੱਤਾ ਅਤੇ ਉਸਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਦਿੱਤਾ। ਗੁਰੂ ਜੀ ਆਪਣੇ ਮਕਸਦ ਨੂੰ ਪੂਰਾ ਕਰਨ ਲਈ ਆਨੰਦਪੁਰ ਸਾਹਿਬ ਤੋਂ ਦਿੱਲੀ ਵਲ ਚਲ ਪਏ। ਥਾਂ-ਥਾਂ ਸੰਗਤਾਂ ਨੂੰ ਉਪਦੇਸ਼ ਕਰਦੇ ਆਗਰੇ ਪਹੁੰਚ ਗਏ ਜਿੱਥੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

**ਗੁਰੂ ਤੇਗ ਬਹਾਦਰ ਜੀ ਨੇ ਦੱਬੇ, ਕੁਚਲੇ ਕਮਜ਼ੋਰ ਹੋ ਚੁੱਕੇ ਲੋਕਾਂ ਵਿਚ ਇਕ ਨਵੀਂ ਰੂਹ ਫੂਕੀ ਤਾਂ ਕਿ ਉਹ ਦ੍ਰਿੜ ਹੋ ਕੇ ਔਰੰਗਜ਼ੇਬ ਦੇ ਜ਼ੁਲਮਾਂ ਦਾ ਮੁਕਾਬਲਾ ਇਕ ਮੁੱਠ ਹੋ ਕੇ ਕਰ ਸਕਣ। ਇਸ ਯਾਤਰਾ ਦੌਰਾਨ ਗੁਰੂ ਸਾਹਿਬ ਪਟਨੇ ਕਾਫੀ ਦੇਰ ਰੁਕੇ ਅਤੇ ਇਥੇ ਹੀ ਬਾਲਕ (ਗੁਰੂ) ਗੋਬਿੰਦ ਸਿੰਘ ਦਾ ਜਨਮ ਹੋਇਆ। ਇਥੇ ਹੀ ਪਰਿਵਾਰ ਨੂੰ ਛੱਡ ਕੇ ਗੁਰੂ ਸਾਹਿਬ ਬੰਗਾਲ ਅਤੇ ਅਸਾਮ ਵਲ ਚਲੇ ਗਏ। ਇਹ ਯਾਤਰਾ ਪੂਰਨ ਕਰਕੇ ਜਦੋਂ ਗੁਰੂ ਤੇਗ ਬਹਾਦਰ ਵਾਪਸ ਪਟਨਾ ਆਏ ਤਾਂ ਉਦੋਂ ਤਕ ਗੁਰੂ ਗੋਬਿੰਦ ਸਿੰਘ ਜਿਨ੍ਹਾਂ ਦਾ ਬਚਪਨ ਦਾ ਨਾਂ ਗੋਬਿੰਦ ਰਾਏ ਸੀ, ਤਕਰੀਬਨ ਚਾਰ ਸਾਲ ਦੇ ਹੋ ਚੁੱਕੇ ਸਨ। ਉਥੋਂ ਹੀ ਗੁਰੂ ਤੇਗ ਬਹਾਦਰ ਬਨਾਰਸ ਅਤੇ ਅਯੁੱਧਿਆ ਆਦਿ ਨਗਰਾਂ ਵਿਚੋਂ ਹੁੰਦੇ ਹੋਏ ਆਨੰਦਪੁਰ ਸਾਹਿਬ ਵਾਪਸ ਆ ਗਏ ਅਤੇ ਕੁਝ ਸਮਾਂ ਪਿੱਛੋਂ ਪਰਿਵਾਰ ਵੀ ਵਾਪਸ ਆ ਗਿਆ। ਉਤਰੀ ਭਾਰਤ ਵਿਚ ਲੋਕਾਂ ਨੂੰ ਇਸ ਗੱਲ ਦਾ ਇਲਮ ਸੀ ਕਿ ਕਿਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਸਿਧਾਂਤਾਂ ਦੀ ਖਾਤਰ ਆਪਣੀ ਜਾਨ ਵਾਰ ਦਿੱਤੀ ਅਤੇ ਗੁਰੂ ਹਰਗੋਬਿੰਦ ਸਾਹਿਬ ਨੇ ਜ਼ੁਲਮ ਦੇ ਟਾਕਰੇ ਲਈ ਤਲਵਾਰ ਉਠਾਈ।**

ਔਰੰਗਜ਼ੇਬ ਨੇ ਇਸਲਾਮ ਕਬੂਲ ਕਰਵਾਉਣ ਲਈ ਗੁਰੂ ਤੇਗ ਬਹਾਦਰ ਜੀ ’ਤੇ ਬਹੁਤ ਜ਼ੋਰ ਪਾਇਆ। ਉਨ੍ਹਾਂ ਨੇ ਤਰ੍ਹਾਂ ਤਰ੍ਹਾਂ ਦੇ ਲਾਲਚ ਵੀ ਦਿੱਤੇ ਅਤੇ ਡਰਾਵੇ ਵੀ ਦਿੱਤੇ। ਪਰ ਗੁਰੂ ਸਾਹਿਬ ਤਾਂ ਡੁਬਦਿਆਂ ਨੂੰ ਤਾਰਨ ਆਏ ਸੀ, ਉਹ ਤਾਂ ਦੁਖੀਆਂ ਦਾ ਸਹਾਰਾ ਬਣਨ ਆਏ ਸਨ।

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਕੁਰਬਾਨੀ ਦੇ ਕੇ ਧਰਮ ਦੀ ਰੱਖਿਆ ਕੀਤੀ ਅਤੇ ਹਿੰਦ ਦੀ ਚਾਦਰ ਕਹਿਲਾਏ। ਇਸ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਇਤਿਹਾਸ ਰਚਿਆ ਉਸਨੇ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਕੱਟਿਆ।

*905-866-6091

## ਕਹਾਣੀ

# ਮੌਤ ਦੀ ਕਾਮਨਾ...

ਪ੍ਰੇਮ ਪ੍ਰਕਾਸ਼

ਮੇਰੇ ਚਾਚਾ ਸੋਮਨਾਥ ਭੱਲਾ ਉਰਫ ਸੋਮੀ ਸ਼ਾਹ ਦੀ ਕਿਰਿਆ ਗੌੜਾਂ ਵਾਲੇ ਮੰਦਰ 'ਚ ਹੁਣੇ ਮੁੱਕੀ ਏ। ਸਾਰੇ ਸਾਕ ਸਬੰਧੀ ਤੋਰ ਦਿੱਤੇ ਗਏ ਨੇ। ਹੁਣ ਸ਼ਾਹਾਂ ਦੀ ਏਸ ਖਸਤਾ ਹਾਲ ਹਵੇਲੀ ਦੇ ਵਿਹੜੇ 'ਚ ਅਸੀਂ ਚਾਚੇ ਤਾਏ ਦੇ ਪੁੱਤ, ਨੂੰਹਾਂ ਤੇ ਪੋਤੇ ਪੋਤੀਆਂ ਬਹਿ ਕੇ ਅੱਠ ਨੌਂ ਮਹੀਨਿਆਂ ਦੇ ਦੁੱਖ ਨੂੰ ਆਖਰੀ ਵਾਰ ਮੰਨ ਕੇ ਵਿਦਾ ਕਰ ਰਹੇ ਹਾਂ। ਪੰਡਤ ਜੀ ਥਾਲ 'ਚ ਲੱਡੂ, ਰੋਲੀ, ਮੌਲੀ ਤੇ ਹੋਰ ਪਤਾ ਨਹੀਂ ਕੀ ਕੀ ਪਾਈ ਕਥਾ ਦਾ ਭੋਗ ਪਾਉਣ ਲਈ ਆਖਰੀ ਮੰਤਰ ਪੜ੍ਹ ਰਹੇ ਨੇ। ਫੇਰ ਸਭ ਨੂੰ 'ਸੁਖੀ ਵਸੋਂ' ਦਾ ਆਸ਼ੀਰਵਾਦ ਦੇਣ ਬਾਅਦ ਉਹ ਵੀ ਆਪਣਾ ਤੁਲਾ ਦਾਨ ਲੈ ਕੇ ਤੁਰ ਜਾਣਗੇ। ਤੁਲਾ ਦਾਨ ਮੈਂ ਈ ਕਰਨਾ ਏ। ਮੈਂ ਹੀ ਸਭ ਤੋਂ ਵੱਡਾ ਹਾਂ। ਚਾਚੇ ਦਾ ਮੁੰਡਾ ਛੋਟਾ ਸੀ, ਏਸ ਲਈ ਮੈਂ ਹੀ ਚਾਚੇ ਦੇ ਮਰਨ 'ਤੇ ਕਰਮੀ ਧਰਮੀ ਬੈਠਿਆ ਸੀ।

ਤੜਕੇ ਤਿੰਨ ਵਜੇ ਸਾਹ ਪੂਰੇ ਹੋਏ ਸੀ। ਅਸੀਂ ਅੱਧ ਰਾਤ ਦੇ ਜਾਗਦੇ ਸੀ। ਕੋਈ ਵੀ ਡਾਕਟਰ ਅਤਿਵਾਦੀਆਂ ਤੋਂ ਡਰਦਾ ਰਾਤ ਨੂੰ ਦੇਖਣ ਨਹੀਂ ਸੀ ਆਇਆ। ਤਾਈ ਦੇ ਕਹਿਣ 'ਤੇ ਅਸੀਂ ਬੀਮਾਰ ਨੂੰ ਢਾਈ ਵਜੇ ਈ ਮੰਜੇ 'ਤੋਂ ਲਾਹ ਲਿਆ ਸੀ। ਤਾਈ ਨੇ ਪੱਕਾ ਫਰਸ਼ ਗਊ ਦੇ ਗੋਹੇ ਨਾਲ ਲਿੱਪ ਲਿਆ ਸੀ। ਸਿਰ ਦਾ ਕੱਪੜਾ ਸੁਆਰ ਕੇ ਉਹਨੇ ਚਾਚੇ ਦੇ ਪੈਰਾਂ ਨੂੰ ਹੱਥ ਲਾ ਕੇ ਦੇਖਿਆ ਸੀ। ਚੂੰਢੀ ਵੱਢ ਕੇ ਦੇਖੀ ਤੇ ਮੈਂ ਨਬਜ਼ ਟੋਂਹਦਾ ਰਿਹਾ।...'ਬੱਸ।...'ਹੇ ਰਾਮ' ਆਖ ਕੇ ਤਾਈ ਨੇ ਮੂੰਹ ਢਕ ਦਿੱਤਾ ਸੀ। ਸਾਰੇ ਘਰ 'ਚ ਮਾਤਮ ਛਾ ਗਿਆ ਸੀ। ਜ਼ਨਾਨੀਆਂ ਰੋ ਰਹੀਆਂ ਸਨ ਤੇ ਮਰਦ ਇਕ ਬੈਠਕ ਦੀਆਂ ਮੰਜੀਆਂ ਚੱਕ ਕੇ ਦਰੀਆਂ ਵਿਛਾ ਕੇ ਬਹਿ ਗਏ ਸੀ।

ਇਹ ਸੀਨ ਏਸੇ ਘਰ ਦਾ ਨਹੀਂ, ਪਿਛਲੇ ਕਈ ਵਰ੍ਹਿਆਂ ਤੋਂ ਬਹੁਤੇ ਹਿੰਦੂਆਂ ਦੇ ਤੇ ਕੁਝ ਸਿੱਖਾਂ ਦੇ ਘਰਾਂ 'ਚ ਵੀ ਬਣ ਰਹੇ ਨੇ।...ਦਿਨ ਚੜ੍ਹੇ ਹੋਰ ਲੋਕ 'ਕੱਠੇ ਹੋਣ ਲੱਗ ਪਏ ਸੀ। ਮੈਂ ਅੱਡੇ ਵਾਲੇ ਪੀ ਸੀ ਓ, ਜਿਥੇ ਦਿਨ ਰਾਤ ਸੀ ਆਰ ਪੀ ਐਫ ਦਾ ਪਹਿਰਾ ਰਹਿੰਦਾ ਏ, ਤੋਂ ਸਾਰੇ ਸਾਕਾਂ ਨੂੰ ਫੋਨ 'ਤੇ ਸੂਚਨਾ ਦੇ ਦਿੱਤੀ ਸੀ ਕਿ ਸਸਕਾਰ ਪੂਰੇ ਸਵਾ ਬਾਰਾਂ ਵਜੇ ਕਰ ਦੇਣਾ ਏ। ਤਾਂ ਜੋ ਸਾਰੇ ਸਾਕ ਦਿਨ ਛਿਪਣ ਤੋਂ ਪਹਿਲਾਂ ਪਹਿਲਾਂ ਆਪਣੇ ਘਰਾਂ ਨੂੰ ਮੁੜ ਜਾਣ। ਦੂਰ ਦੇ ਸਾਕਾਂ ਨੂੰ ਕਿਹਾ ਕਿ ਤੁਸੀਂ ਕਿਰਿਆ 'ਤੇ ਈ ਆ ਜਾਣਾ। ਹੁਣ ਕੌਣ ਕਰੇ ਏਨੀਆਂ ਰਸਮਾਂ, ਵੱਢ ਟੁੱਕ ਤੇ ਗੋਲੀਆਂ ਨਾਲ ਰੋਜ਼ ਹੁੰਦੀਆਂ ਏਨੀਆਂ ਮੌਤਾਂ ਦੇ ਜ਼ਮਾਨੇ 'ਚ...। ਸਭ ਕੁਝ ਆਪਣੇ ਆਪ ਹੋਣ ਲੱਗ ਪਿਆ ਸੀ। ਪਿਛਲੇ ਅੱਠਾਂ ਕੁ ਵਰ੍ਹਿਆਂ ਤੋਂ ਇਹ ਫੂਹੜੀਆਂ ਵਿਛਣੀਆਂ ਆਮ ਜਿਹੀ ਗੱਲ ਹੋ ਗਈ ਸੀ। ਦਿੱਲੀ ਬੈਠੇ ਦਾ ਮੇਰਾ ਦਿਲ ਹਰ ਵੇਲੇ ਏਥੇ ਈ ਰਹਿੰਦਾ ਸੀ। ਕਲਪਨਾ ਨੇ ਮੇਰਾ ਜਿਊਣਾ ਔਖਾ ਕਰ ਦਿੱਤਾ ਸੀ। ਮੈਂ ਵੀ ਏਥੇ ਦੀਆਂ ਫੂਹੜੀਆਂ 'ਤੇ ਆਣ ਬੈਠਾ।

ਬਰ੍ਹਮੇ ਪਾਧੇ ਦੇ ਮੁੰਡੇ ਨੇ ਮੰਦਰ 'ਤੋਂ ਫਰਸ਼ ਲਿਆ ਕੇ ਦਰਾਂ ਅੱਗੇ ਵਿਛਾ ਦਿੱਤੇ। ਲੋਕ ਆਈ ਗਏ, ਬਹਿ ਕੇ ਗੋਡਾ ਨੀਵਾਂ ਕਰ ਕੇ ਚਲੇ ਜਾਂਦੇ ਰਹੇ। ਨਾਲ ਦੇ ਤਿੰਨ ਮੁਹੱਲੇ ਹਿੰਦੂ ਸਿੱਖਾਂ ਦੇ ਰਲ ਮਿਲੇ ਨੇ। ਜੱਟ, ਗੌੜ ਬ੍ਰਾਹਮਣ ਤੇ ਤਰਖਾਣ ਲੁਹਾਰ ਬਹੁਤੇ। ਫਕੀਰੀਆ ਮਿਸਤਰੀ ਆਪੇ ਪ੍ਰਬੰਧ ਕਰ ਕੇ ਬਾਂਸ ਦੀ ਸੀੜ੍ਹੀ ਤਿਆਰ ਕਰਨ ਲੱਗ ਪਿਆ ਸੀ।

ਫੂਹੜੀ 'ਤੇ ਬੈਠੇ ਲੋਕ ਮਰਨ ਵਾਲੇ ਦੀਆਂ ਗੱਲਾਂ ਤੋਂ ਅੱਕ ਕੇ ਆਮ ਗੱਲਾਂ ਕਰ ਰਹੇ ਸੀ। ਕੋਈ ਹਿੰਦੂ ਨਾਲ ਬੈਠੇ ਸਿੱਖ ਸਾਹਮਣੇ ਸਿੱਖ ਖਾੜਕੂਆਂ ਨੂੰ ਨਿੰਦਦਾ ਨਹੀਂ ਸੀ। ਜਿਹੜਾ ਆਉਂਦਾ ਸੀ, ਚਾਚੇ ਦੇ ਮੁੰਡੇ ਤੇ ਮੇਰੇ ਕੋਲ ਮੌਤ ਦਾ ਅਫਸੋਸ ਕਰਦਾ ਤੇ ਔਖਾ ਜਿਹਾ ਸਾਹ ਭਰ ਕੇ 'ਜੋ ਭਾਵੀ ਨੂੰ ਮਨਜ਼ੂਰ' ਆਖ ਕੇ ਚੁੱਪ ਕਰਕੇ ਬਹਿ ਜਾਂਦਾ। ਕੋਈ ਜਣਾ ਏਨਾ ਜ਼ਰੂਰ ਕਹਿੰਦਾ, ''ਬਸ ਜੀ, ਜਿੰਨੇ ਸਾਹ ਲੈਣੇ ਸੀ...। ਦਵਾਈ ਕੀ ਕਰ ਸਕਦੀ ਐ।''

ਜਦ ਦਿਨ ਚੜ੍ਹੇ ਨੂੰ ਚਾਚੇ ਦਾ ਸਾਲਾ, ਸਾਲੀ ਤੇ ਹੋਰ ਸਾਕ ਆਏ ਤਾਂ ਅੰਦਰ ਬਾਹਰ ਚੀਕਾਂ ਪਈਆਂ। ਫੇਰ ਅੰਦਰਲੇ ਵਿਹੜੇ 'ਚ ਬਹਿ ਕੇ ਰੋਣ ਬਾਅਦ ਸਿੱਖ ਖਾੜਕੂਆਂ ਵਲੋਂ ਚਾਚੇ ਨੂੰ ਚੱਕ ਲਿਜਾਣ ਤੇ ਤਿੰਨਾਂ ਮਹੀਨਿਆਂ ਬਾਅਦ ਪੁਲਿਸ ਵਲੋਂ ਅਤਿਵਾਦੀਆਂ ਦੇ ਮਰਨ ਬਾਅਦ ਚਾਚੇ ਦੀ ਰਿਹਾਈ ਤੇ ਫੇਰ ਲੰਮੀ ਬੀਮਾਰੀ ਦੀਆਂ ਗੱਲਾਂ ਹੋਈਆਂ। ਸਾਰੀਆਂ ਔਰਤਾਂ ਰਿਸ਼ਤੇਦਾਰ ਸਨ।

''ਉਹ ਤਾਂ ਰੁਪਈਆ ਮੰਗਦੇ ਸੀ ਦੋ ਲੱਖ ਨਗਦ।'' ਛੁਡਾਉਣ ਵਾਲਾ ਵਿਚੋਲਾ ਕਹਿੰਦਾ।

''...ਨਾਲੇ ਕਹਿੰਦੇ, ਜੇ ਰੁਪਈਆ ਤਿਆਰ ਨਹੀਂ ਤਾਂ ਦੋ ਕੀਲੇ ਲਵਾ ਦਿਓ ਜਰਨੈਲ ਸਿੰਘ ਬਰਾੜ ਦੇ ਨਾਉਂ। ਬੈਅ ਕਰਾ ਦਿਓ।'' ਗਵਾਂਢੀ ਬਾਬਾ ਗੁਰਬਖਸ਼ਾ ਬੋਲਿਆ।

''ਮੈਂ ਕਿਹਾ, ''ਭਾਈ, ਜੇ ਕੀਲੇ ਲਵਾ ਵੀ ਦੇਂਦੇ ਤਾਂ...ਇਹ ਹਾਲ ਖ਼ਬਰਨੀ ਕਦ ਦਾ ਕੀਤਾ ਪਿਆ ਹੋਣਾ ਸੀ।...ਇਹ ਕੋਈ ਜਿਊਣ ਦਾ ਹੱਜ ਸੀ?''

ਅੱਗੇ ਮੈਂ ਕੁਝ ਨਾ ਬੋਲ ਸਕਿਆ। ਮਤੇ ਇਹ ਗੱਲਾਂ ਕੰਧਾਂ ਪਾੜ ਕੇ ਦੂਜੇ ਖਾੜਕੂਆਂ ਤਕ ਪਹੁੰਚ ਜਾਣ। ਹਾਲੇ ਕਿਹੜਾ ਮੁੱਕਿਆ ਏ ਕੰਮ।

ਉੱਠ ਕੇ ਮੈਂ ਇਕ ਦਰੀ ਹੋਰ ਵਿਛਾਣ ਲੱਗ ਪਿਆ ਸੀ। ਤਦੇ ਚਾਚੇ ਦੇ ਆੜੀ ਮਿਸਤਰੀ ਕੁੰਦਨ ਸਿੰਘ ਨੇ ਮੇਰੇ ਕੰਨ 'ਚ ਕਿਹਾ, ''ਮੈਂ ਚੌਕੀਦਾਰ ਨੂੰ ਮਰਗ ਬਾਰੇ ਦੱਸ ਦਿੱਤੈ। ਚਾਰਜੀ ਘਨਸ਼ਾਮ ਆ ਗਿਐ।''

ਮੈਂ ਵੀ ਕੰਮ ਦੇ ਬਹਾਨੇ ਰੋਣ ਵਾਲਿਆਂ ਤੋਂ ਬਾਹਰ ਹੋ ਗਿਆ ਸੀ। ਹੁਣ ਕਿੰਨਾ ਕੁ ਰੋਵਾਂ? ਪਿਛਲੇ ਕਈ ਸਾਲ ਦਿੱਲੀ ਬੈਠਾ ਰੋਂਦਾ ਰਿਹਾ ਹਾਂ। ਹੁਣ ਸਾਲ ਤੋਂ ਹੈਥੇ ਰੋ ਰਿਹਾ ਹਾਂ। ਪਹਿਲਾਂ ਚਾਚੇ ਦੇ ਚੱਕਣ 'ਤੇ, ਜਦ ਰਾਤ ਨੂੰ ਆਏ ਸੀ ਪ੍ਰਾਹੁਣੇ ਬਣ ਕੇ। ਉਹ ਗੱਡੀ ਬਾਹਰ ਖੜ੍ਹੀ ਕਰ ਕੇ ਅੰਦਰ ਆਏ ਚਾਚੇ ਨੂੰ ਮਿਲਣ। ਦੋ ਗੱਲਾਂ ਕੀਤੀਆਂ ਤੇ ਕਹਿੰਦੇ ਸੁਣਦੇ ਨਾਲ ਲੈ ਗਏ। ਸਾਨੂੰ ਉਦੋਂ ਪਤਾ ਲੱਗਿਆ ਜਦ ਚਾਚੇ ਦੀ ਥਾਂ ਓਪਰਿਆਂ ਦਾ ਫੋਨ ਆਇਆ, ''ਆਪਣਾ ਬੰਦਾ ਚਾਹੀਦੈ ਤਾਂ ਦੋ ਲੱਖ ਰੁਪਈਆ ਲੈ ਕੇ ਫਲਾਣੀ ਤਰੀਕ ਨੂੰ ਫਲਾਣੀ ਥਾਂ 'ਤੇ ਮਿਲੋ, ਐਨੇ ਵਜੇ। ਕਿਸੇ ਨੂੰ ਦੱਸਣਾ ਨਹੀਂ। ਨਹੀਂ ਤਾਂ ਦੂਜੇ ਦਿਨ ਆਪਣੇ ਪਿੰਡ ਦੇ ਰਾਹ 'ਚੋਂ ਇਹਦੀ ਲੋਥ ਚੱਕ ਲਿਓ।...ਆਪੇ ਲੱਭ ਕੇ।''

ਅਸੀਂ ਅੰਗਾਂ ਸਾਕਾਂ ਤੇ ਵਾਕਫਾਂ ਨਾਲ ਸਲਾਹ ਕੀਤੀ। ਪੁਲਿਸ ਨੂੰ ਦੱਸੇ ਬਿਨਾ ਵਿਚੋਲਿਆਂ ਰਾਹੀਂ ਸੌਦਾ ਕਰਨ ਦੇ ਜਤਨ ਕੀਤੇ। ਫੇਰ ਦੋ ਮਹੀਨਿਆਂ ਬਾਅਦ ਪੁਲਿਸ ਵਲੋਂ ਛੁਡਾਣ 'ਤੇ ਮਹੀਨਾ ਭਰ ਚਾਚੇ ਨੂੰ ਘਰ 'ਚ ਜਿਉਂਦਿਆਂ ਰੱਖਣ ਲਈ ਪੁਲਿਸ ਦਾ ਮੂੰਹ ਭਰਦੇ ਰਹੇ। ਫੇਰ ਚਾਚੇ ਦੀਆਂ ਬੀਮਾਰੀਆਂ ਲੱਭਦਿਆਂ ਤੇ ਇਲਾਜ ਕਰਾਉਂਦਿਆਂ ਸਮਾਂ ਸਦੀ ਵਾਂਗ ਲੰਘਿਆ। ਲੁਧਿਆਣੇ ਦੇ ਹਸਪਤਾਲ ਦੇ ਗੇੜੇ। ਇਲਾਜਾਂ ਤੋਂ ਨਿਰਾਸ਼ ਹੋ ਕੇ ਘਰ ਬਹਿ ਗਏ ਸੀ। ਆਪਣੇ ਲਹੂ ਦੇ ਜੀਅ ਨੂੰ ਆਪਣੇ ਸਾਹਮਣੇ ਤਿਲ ਤਿਲ ਕਰ ਕੇ ਮਰਦੇ ਨੂੰ ਦੇਖਣ ਲਈ। ਤੇ ਹੁਣ ਕੱਫਨ 'ਚ ਲਿਪਟਿਆ...।

ਜਦ ਅਸੀਂ ਪੁਲਿਸ ਤੋਂ ਚਾਚੇ ਨੂੰ ਲੈ ਕੇ ਆਏ ਤਾਂ ਉਹ ਸਾਨੂੰ ਤੇ ਘਰ ਨੂੰ ਇੰਜ ਦੇਖਦਾ ਸੀ, ਜਿਵੇਂ ਉਹਦੇ ਲਈ ਸਭ ਕੁਝ ਓਪਰਾ ਹੋਵੇ। ਇਕ ਉਹਨੇ ਚੰਗੀ ਤਰ੍ਹਾਂ ਮੈਨੂੰ ਪਛਾਣਿਆ ਸੀ। ਉਹਨੂੰ ਵੀ ਮੇਰਾ ਈ ਨਾਂ ਯਾਦ ਸੀ। ਜਦ ਕੋਈ ਗੱਲ ਹੁੰਦੀ ਤਾਂ ਹਾਕ ਮਾਰਦਾ, ''ਦੇਵ ਰਾਜ!'' ਸੁਫਨਿਆਂ 'ਚ ਵੀ ਉਹਨੂੰ ਮੈਂ ਈ ਦਿੱਸਦਾ ਸੀ। ਅਸੀਂ ਅੱਠਵੀਂ ਤਕ 'ਕੱਠੇ ਪੜ੍ਹੇ ਸੀ। ਰਾਤ ਨੂੰ ਚੁਬਾਰੇ 'ਚ ਇਕੋ ਮੰਜੇ 'ਤੇ ਕੱਠੇ ਸੌਂਦੇ ਸੀ। ਫੇਰ ਇਹ ਸਕੂਲੋਂ ਹਟ ਗਿਆ ਤੇ ਮੈਂ ਵੱਡੇ ਸਕੂਲ ਚਲਿਆ ਗਿਆ। ਜਦ ਪੂਰੇ ਟੱਬਰ ਦੇ ਸਾਰੇ ਜੀਅ ਵਿਆਹੇ ਗਏ ਤਦ ਸਾਡੇ ਘਰ ਅੱਡੋ ਅੱਡ ਹੋਏ ਸੀ। ਫੇਰ ਵੀ ਰੋਟੀ ਵੇਲੇ ਕੋਈ ਜਣਾ ਜਿਥੇ ਬੈਠਾ ਹੁੰਦਾ, ਉਥੇ ਈ ਰੋਟੀ ਖਾ ਲੈਂਦਾ। ਉਥੇ ਈ ਤਾਸ਼ ਖੇਡਦਾ ਸੌਂ ਜਾਂਦਾ।

***ਸਮਾਂ ਪੈਣ ਨਾਲ ਪੁਲਿਸ ਤਕੜੀ ਹੋ ਗਈ। ਖਾੜਕੂਆਂ ਦੇ ਨਾਲ ਉਨ੍ਹਾਂ ਦੇ ਟੱਬਰ ਵੀ ਖਤਮ ਕੀਤੇ ਜਾਣ ਲੱਗੇ। ਉਨ੍ਹਾਂ ਦੇ ਲੀਡਰਾਂ ਨੇ ਈ ਉਨ੍ਹਾਂ ਨੂੰ ਮਰਵਾ ਦਿੱਤਾ, ਮੁਖਬਰੀਆਂ ਕਰ ਕਰ ਕੇ। ਹਾਲਾਤ ਨਾਰਮਲ ਹੋਣ ਲੱਗ ਪਏ। ਮੇਰਾ ਟੱਬਰ ਮੈਨੂੰ ਦਿੱਲੀ ਸੱਦੇ। ਪਰ ਮੇਰਾ ਮਨ ਆਪਣੇ ਬੀਮਾਰ ਪਿਤਾ ਜੀ ਤੇ ਚਾਚੇ ਸੋਮੀ ਨੂੰ ਛੱਡ ਕੇ ਜਾਣ ਨੂੰ ਮੰਨੇ ਨਾ। ਅਸਲ 'ਚ ਮੇਰੇ ਮਨ 'ਚ ਇਹ ਸੰਸਾ ਪੈ ਗਿਆ ਸੀ ਕਿ ਹੁਣ ਪਿਤਾ ਜੀ ਨੇ ਬਚਣਾ ਨਹੀਂ। ਚਾਚਾ ਵੀ ਇਵੇਂ ਰਿੜਕ ਰਿੜਕ ਕੇ ਮਰ ਜਾਊਗਾ। ਚਾਚਾ ਤਾਂ ਪੂਰਾ ਹੋ ਗਿਆ, ਹੁਣ ਪਿਤਾ ਜੀ ਦੀ ਵਾਰੀ ਏ। ਉਹ ਆਪ ਕਹਿ ਰਹੇ ਨੇ ਕਿ ਅਜਿਹੇ ਦਿਨ ਦੇਖਣ ਤੋਂ ਪਹਿਲਾਂ ਈ ਮੇਰੀ ਗੱਲ ਮੁੱਕ ਜਾਂਦੀ ਤਾਂ ਚੰਗਾ ਹੁੰਦਾ। ਜਿੱਦਣ ਉਨ੍ਹਾਂ ਨੂੰ ਰਾਤ ਨੂੰ ਟੱਟੀਆਂ ਲੱਗਦੀਆਂ ਨੇ ਤਾਂ ਤਾਈ ਦਾ ਸਾਰਾ ਟੱਬਰ ਮੇਰੇ ਨਾਲ ਜਾਗਦਾ ਏ। ਆਖਰੀ ਸਾਹ ਦੀ ਉਡੀਕ ਕਰਦਾ ਏ। ਹੁਣ ਖਾੜਕੂ ਤੇ ਉਨ੍ਹਾਂ ਦੇ ਰਿਸ਼ਤੇਦਾਰ ਜ਼ਮੀਨਾਂ ਵੇਚ ਵੇਚ ਕੇ ਯੂ ਪੀ ਜਾਂ ਵਲੈਤ ਨੂੰ ਭੱਜਣ ਲੱਗ ਪਏ ਸੀ। ਪੁਲਿਸ ਦਾ ਰਾਜ ਹੋ ਗਿਆ ਏ। ਉਹ ਜੀਹਨੂੰ ਚਾਹੁਣ ਬਚਾ ਲੈਣ ਤੇ ਜੀਹਨੂੰ ਚਾਹੁਣ ਮਾਰ ਦੇਣ।***

ਸਾਰਾ ਟੱਬਰ ਉਹਦੇ ਗਵਾਚਣ 'ਤੇ ਏਨਾ ਨਹੀਂ ਸੀ ਰੋਇਆ, ਜਿੰਨਾ ਹੁਣ ਰੋ ਰਿਹਾ ਸੀ।...ਜਦ ਚਾਚਾ ਖਾੜਕੂਆਂ ਤੋਂ ਛੁੱਟ ਕੇ ਆਇਆ ਸੀ ਤਾਂ ਉਹਦਾ ਸਰੀਰ ਤਾਂ ਅੱਗੇ ਨਾਲੋਂ ਭਾਰੀ ਸੀ। ਚਿਹਰਾ ਵੀ ਚੰਗਾ ਲੱਗਦਾ ਸੀ, ਪਰ ਅੱਖਾਂ ਜਿਵੇਂ ਘੁੰਮਦੀਆਂ ਨਹੀਂ ਸਨ। ਧਿਰੀ ਕਿਸੇ ਨੂੰ ਦੇਖਦੀ ਤਾਂ ਉਸੇ 'ਤੇ ਟਿਕੀ ਰਹਿੰਦੀ। ਇਕ ਵਾਰ ਤਾਂ ਉਹਨੇ ਮੈਨੂੰ ਆਪਣੇ ਮੁੰਡੇ ਤੇ ਚਾਚੀ ਬਾਰੇ ਪੁੱਛ ਈ ਲਿਆ, ''ਇਹ ਕੌਣ ਨੇ?''

ਅਸੀਂ ਰੋਟੀ ਪਾ ਕੇ ਦਿੱਤੀ, ਉਹਨੇ ਖਾ ਲਈ। ਫੇਰ ਓਸੇ ਮੰਜੇ 'ਤੇ ਪੈ ਕੇ ਸੌਂ ਗਿਆ। ਮੈਂ ਜਾ ਕੇ ਆਪਣੇ ਦੋਸਤ ਡਾਕਟਰ ਲੂੰਬਾ ਨੂੰ ਬੁਲਾ ਲਿਆਇਆ। ਉਹਨੇ ਚੈੱਕ ਅੱਪ ਕੀਤਾ। ਕੁਝ ਗੱਲਾਂ ਪੁੱਛੀਆਂ। ਉਹਨੇ ਕੋਈ ਦਵਾਈ ਨਹੀਂ ਦਿੱਤੀ। ਕਹਿੰਦਾ, ''ਹਾਲੇ ਇਕ ਹਫਤਾ ਇਹਨੂੰ ਨਵੇਂ ਹਾਲਾਤ ਨੂੰ ਸਮਝਣ ਦਿਓ। ਹੌਲ ਤੋਂ ਬਾਹਰ ਨਿਕਲਣ ਦਿਓ।''

ਦੂਜੇ ਦਿਨ ਅਖ਼ਬਾਰਾਂ 'ਚ ਚੌਕ ਮਹਿਤੇ ਤੋਂ ਆਏ ਨਵੇਂ ਡੀ ਐਸ ਪੀ ਖਰਬੰਦਾ, ਜੀਹਦੇ ਹੱਥ 'ਚ ਸਾਰਾ ਕੇਸ ਤੇ ਖਾੜਕੂ ਜਰਨੈਲ ਸਿੰਘ ਬਰਾੜ ਦੇ ਫਾਰਮ ਹਾਊਸ 'ਤੇ ਹਮਲਾ ਬੋਲਣ ਦੀ ਅਖਬਾਰਾਂ 'ਚ ਖਬਰ ਸੀ, ਨੇ ਲੰਮੀ ਚੌੜੀ ਕਹਾਣੀ ਪਾਈ ਸੀ। ਰੱਬ ਜਾਣੇ ਕੀ ਸੱਚ ਸੀ ਤੇ ਕੀ ਝੂਠ। ਅਖਬਾਰਾਂ 'ਚ ਖਬਰ ਨਾਲ ਸੜਦੇ ਫਾਰਮ ਹਾਊਸ ਦੀ ਫੋਟੋ ਵੀ ਛਪੀ ਸੀ। ਜੀਹਦੇ ਵਿਚ ਦੂਰ ਖੜ੍ਹੇ ਪੁਲਿਸ ਕਰਮਚਾਰੀ ਘੇਰਾ ਪਾਈਂ ਫਾਇਰਿੰਗ ਕਰਦੇ ਦਿਸਦੇ ਸੀ। ਉਹਨੇ ਦੱਸਿਆ ਸੀ ਕਿ ਉਨ੍ਹਾਂ ਨੂੰ ਮੁਖਬਰ ਤੋਂ ਉਸ ਡੇਰੇ 'ਚ ਖਾੜਕੂਆਂ ਦੇ ਰਹਿਣ ਦਾ ਪਤਾ ਚੱਲਿਆ। ਨਾਲੇ ਉਨ੍ਹਾਂ ਨਾਲ ਲਾਲਾ ਸੋਮ ਨਾਥ ਭੱਲਾ ਉਰਫ ਸੋਮੀ ਦੇ ਹੋਣ ਦਾ। ਪੁਲਿਸ ਨੇ ਅੱਧੀ ਕੁ ਰਾਤ ਨੂੰ ਛਾਪਾ ਮਾਰਿਆ ਤਾਂ ਅੰਦਰੋਂ ਮਾਡਰਨ ਵੈਪਨਾਂ ਤੋਂ ਗੋਲੀਆਂ ਚੱਲਣੀਆਂ ਸ਼ੁਰੂ ਹੋ ਗਈਆਂ। ਪੁਲਿਸ ਨੇ ਜਵਾਬੀ ਫਾਇਰਿੰਗ ਕੀਤੀ। ਕੋਈ ਢਾਈ ਘੰਟੇ ਗੋਲੀਆਂ ਚੱਲਦੀਆਂ ਰਹੀਆਂ। ਅਸੀਂ ਬਰਸਟਾਂ ਮਾਰ ਕੇ ਦਰਵਾਜ਼ੇ ਤੋੜ ਦਿੱਤੇ। ਜਦ ਅੰਦਰੋਂ ਗੋਲੀ ਆਉਣੀ ਬੰਦ ਹੋ ਗਈ ਤਾਂ ਪੁਲਿਸ ਨੇ ਨੇੜੇ ਹੋ ਕੇ ਬਾਰੀਆਂ ਤੋੜ ਦਿੱਤੀਆਂ। ਦੋ ਕਮਰਿਆਂ ਨੂੰ ਅੱਗ ਲਾ ਦਿੱਤੀ। ਅੰਦਰ ਗਏ ਤਾਂ ਵੱਡੇ ਕਮਰੇ 'ਚ ਚਾਰ ਖਾੜਕੂਆਂ ਦੀਆਂ ਬੇਪਛਾਣ ਲਾਸ਼ਾਂ ਮਿਲੀਆਂ। ਪੰਜਵਾਂ ਬੇਹੋਸ਼ ਪਿਆ ਸੀ। ਲਾਲਾ ਸੋਮਨਾਥ ਇਕ ਹੋਰ ਕਮਰੇ 'ਚ ਮੰਜੇ ਦੇ ਥੱਲੇ ਪਿਆ ਸੀ। ਉਹਦੇ ਕੋਲ ਇਕ ਜ਼ਨਾਨੀ ਲੁਕੀ ਬੈਠੀ ਸੀ। ਉਹ ਆਪਣਾ ਨਾਂ ਭਾਨ ਕੌਰ ਉਰਫ ਭਾਨੀ, ਪਿੰਡ ਚਹਿਲਾਂ ਦੇ ਝਿਊਰਾਂ ਦੀ ਨੂੰਹ ਦੱਸਦੀ ਏ। ਉਹ ਕਹਿੰਦੀ ਕਿ ਉਹਨੂੰ ਉਹ ਖੇਤ ਗਈ ਨੂੰ ਚੱਕ ਲਿਆਏ ਸੀ। ਉਹ ਡੇਰੇ 'ਚ ਰੋਟੀ ਪਕਾਉਂਦੀ ਤੇ ਡੰਗਰ ਸਾਂਭਦੀ ਸੀ।

ਛੇਵਾਂ ਖਾੜਕੂ ਖੂੰਜੇ ਦੇ ਕਮਰੇ ਵਿਚੋਂ ਮਿਲਿਆ। ਇਹਦੀ ਪਛਾਣ ਜਰਨੈਲ ਸਿੰਘ ਬਰਾੜ ਦੇ ਰੂਪ 'ਚ ਹੋਈ। ਉਹ ਗੋਲੀਆਂ ਨਾਲ ਜ਼ਖਮੀ ਸੀ। ਹਸਪਤਾਲ ਲਿਜਾਂਦਿਆਂ ਉਹਦੀ ਮੌਤ ਹੋ ਗਈ। ਇਹਦੇ 'ਤੇ ਸੱਤ ਕਤਲ ਕੇਸ ਸਨ। ਸਿਰ 'ਤੇ ਪੱਚੀ ਲੱਖ ਰੁਪਏ ਦਾ ਇਨਾਮ ਸੀ। ਇਹਨੇ ਕਈ ਬੰਦੇ ਅਗਵਾ ਕੀਤੇ ਸਨ। ਲਾਸ਼ਾਂ ਦੀ ਪਛਾਣ ਹੋਣੀ ਏ।...ਹਾਂ, ਹਾਂ, ਬੰਦੇ ਛੇ ਈ ਸੀ। ਹੋ ਸਕਦੈ ਕਿ ਕੋਈ ਭੱਜ ਗਿਆ ਹੋਵੇ। ਛੇ ਏ.ਕੇ. ਸੰਤਾਲੀ, ਦੋ ਕਾਰਬਾਈਨਾਂ ਤੇ ਬਾਰਾਂ ਹੈਂਡ ਗਰਨੇਡ, ਚਾਰ ਦੇਸੀ ਪਿਸਤੌਲਾਂ ਕੁਝ ਆਰ ਡੀ ਐਕਸ ਤੇ ਕਈ ਕਿਸਮਾਂ ਦੇ ਕਾਰਤੂਸ ਮਿਲੇ ਨੇ।...ਉਨ੍ਹਾਂ ਨੇ ਮੁਕਾਬਲੇ ਵੇਲੇ ਚਲਾਏ ਵੀ ਬਥੇਰੇ।

ਹਾਲੇ ਸਾਨੂੰ ਆਪ ਨੂੰ ਕੁਝ ਪਤਾ ਨਹੀਂ ਸੀ ਲੱਗਿਆ ਕਿ ਚਾਚੇ ਨਾਲ ਕੀ ਬੀਤੀ ਏ ਜਾਂ ਖਾੜਕੂਆਂ ਦਾ ਕੀ ਬਣਿਆ ਤੇ ਲੋਕਾਂ ਨੂੰ ਪਤਾ ਨਹੀਂ ਕਿਥੋਂ ਖਬਰਾਂ ਮਿਲ ਗਈਆਂ। ਕਹਿੰਦੇ ਇਹ ਤਾਂ ਝਗੜਾ ਜ਼ਮੀਨ ਦਾ ਸੀ। ਬਰਾੜ ਨਾਲ ਸੌਦਾ ਹੋ ਗਿਆ ਸੀ ਦੋ ਕਿੱਲਿਆਂ ਦਾ। ਬਿਆਨਾ ਨਹੀਂ ਸੀ ਹੋਇਆ। ਲਾਲੇ ਮੁੱਕਰ ਗਏ। ਦੇਵ ਰਾਜ ਨੇ ਰੋਕ ਦਿੱਤੇ। ਕਹਿੰਦਾ ਕਾਹਨੂੰ ਮਿੱਟੀ ਦੇ ਭਾਅ ਦੇਣੀ ਐ। ਪਹਿਲਾਂ ਸੌਦਾ ਕੁਲਛੇਤਰ ਦੇ ਨੇੜੇ ਦੀ ਜ਼ਮੀਨ ਦਾ ਕਰ ਲਈਏ।...ਹੁਣ ਤਾਂ ਡੀ ਐਸ ਪੀ ਖਰਬੰਦਾ ਨੂੰ ਸ਼ਾਹਾਂ ਨੇ ਪੈਸਾ ਚੜ੍ਹਾਇਆ। ਤਦ ਉਹਨੇ ਰੇਡ ਮਾਰਿਆ। ਉਹਨੇ ਵੀ ਫੇਰ ਕਸਰ ਨਹੀਂ ਛੱਡੀ। ਬਰਾੜ ਸਣੇ ਸਾਰੇ ਖਾੜਕੂ ਸਣੇ ਡੇਰੇ ਦੇ ਫੂਕ ਦਿੱਤੇ। ਹੁਣ ਸੋਮੀ ਅੱਧਾ ਸੁਦਾਈ ਹੋਇਆ ਫਿਰਦੈ। ਇਲਾਜ ਕਰਾ ਰਹੇ ਨੇ ਲੁਧਿਆਣੇ ਦੇ ਹਸਪਤਾਲ 'ਚੋਂ। ਭਾਈ ਸਾਨੂੰ ਕੀ ਪਤਾ, ਇਹ ਗੱਲਾਂ ਤਾਂ ਭਾਨੀ ਦੱਸਦੀ ਐ। ਜਿਹੜੀ ਚਾਰ ਮਹੀਨੇ ਡੇਰੇ ਰਹੀ, ਹੁਣ ਠਾਣੇ ਬੈਠੀ ਐ। ਹੁਣ ਉਹਦੀ ਸੇਵਾ ਵੀ ਹੁੰਦੀ ਐ ਤੇ ਰਾਖੀ ਵੀ। ਬਈ ਕਿਤੇ ਕੋਈ ਗੋਲੀ ਨਾ ਮਾਰ ਦੇਵੇ। ਬਾਹਰ ਨ੍ਹੀਂ ਨਿਕਲਣ ਦਿੰਦੇ। ਹੌਲਦਰ ਮੱਘਰ ਸਿਉਂ ਕਹਿੰਦਾ ਸੀ ਬਈ ਉਹ ਘੜਘੁੱਲੇ ਵਰਗੀ ਹੋਈ ਪਈ ਐ, ਲੁੱਚੀ ਜਹਾਨ ਦੀ। ਪਹਿਲਾਂ ਖਾੜਕੂ ਖਵਾਂਦੇ ਰਹੇ ਤੇ ਹੁਣ ਪੁਲਿਸ।

ਕੁਝ ਦਿਨ ਬਾਅਦ ਪੁਲਿਸ ਹਿਰਾਸਤ 'ਚ ਬੈਠੀ ਭਾਨੀ ਦਾ ਬਿਆਨ ਅਖਬਾਰਾਂ 'ਚ ਛਪਿਆ। ਕਹਿੰਦੀ, ''ਮੈਨੂੰ ਤਾਂ ਪਤਾ ਨਹੀਂ ਉਹ ਬੰਦੇ ਕੀ ਕਰਦੇ ਸੀ। ਕਿਥੇ ਜਾਂਦੇ ਸੀ ਤੇ ਕਿਥੋਂ ਆਉਂਦੇ ਸੀ। ਮੈਂ ਤੇ ਬਾਬਾ ਸੋਮੀ ਕੱਲੇ ਹੁੰਦੇ ਸੀ ਪਿੱਛੇ, ਡੰਗਰਾਂ ਦੀ ਸਾਂਭ ਸੰਭਾਲ ਨੂੰ, ਘਰ ਦੀ ਸਾਫ ਸਫਾਈ ਕਰਨ ਤੇ ਰੋਟੀ ਪਾਣੀ ਤਿਆਰ ਕਰਨ ਨੂੰ।..ਨਹੀਂ ਜੀ, ਉਨ੍ਹਾਂ ਨੇ ਪਹਿਲੇ ਤਿੰਨ ਦਿਨ ਬਾਬੇ ਨੂੰ ਕੁਸ਼ ਨਹੀਂ ਕਿਹਾ। ਫੇਰ ਜਦ ਪਿਛਲਿਆਂ ਨੇ ਕੁਸ਼ ਨਾ ਕੀਤਾ ਤਾਂ ਐਵੇਂ ਮਾਰੀ ਜਾਂਦੇ। ਜਿਵੇਂ ਜਾਨਵਰਾਂ ਨਾਲ ਖੇਲ੍ਹਾਂ ਕਰੀਦੀਆਂ ਨੇ। ਬਾਬੇ ਦੇ ਸੱਟਾਂ ਵੀ ਬਹੁਤ ਲੱਗਦੀਆਂ। ਉਹ ਡਰਦਾ ਮਾਰਿਆ ਊਂਈ ਗਿਰੀ ਜਾਂਦਾ। ਸਾਰਿਆਂ ਮੂਹਰੇ ਹੱਥ ਜੋੜੀ ਜਾਂਦਾ। ਕਦੇ ਮੇਰੇ ਮੂਹਰੇ ਵੀ ਜੋੜ ਕੇ ਖੜ੍ਹ ਜਾਂਦਾ। ਮੈਨੂੰ ਬੜੀ ਸ਼ਰਮ ਆਉਂਦੀ। ਸਿਆਣੇ ਬਿਆਣੇ ਤੇ ਏਨੀਆਂ ਇੱਜ਼ਤਾਂ ਵਾਲੇ ਬਾਬੇ ਨਾਲ ਹੁੰਦਾ ਇਹ ਕਾਰਾ ਦੇਖ ਕੇ। ਮੈਨੂੰ ਜਦ ਕਦੇ ਮੌਕਾ ਮਿਲਦਾ, ਉਨ੍ਹਾਂ ਦੇ ਗਿਆਂ 'ਤੇ, ਮੈਂ ਤੱਤੇ ਲੋਗੜ ਦਾ ਸੇਕ ਦਿੰਦੀ ਹੁੰਦੀ ਸੀ, ਬਾਬੇ ਦੀਆਂ ਗੁੱਝੀਆਂ ਸੱਟਾਂ 'ਤੇ।''

ਚਾਚੇ ਨੂੰ ਲੁਧਿਆਣੇ ਦੇ ਡਾਕਟਰ ਦੀ ਦਵਾਈ ਨਾਲ ਫਰਕ ਪੈਣ ਲੱਗ ਗਿਆ ਸੀ ਤਾਂ ਉਹ ਪਹਿਲਾਂ ਘਰਦਿਆਂ ਤੇ ਫੇਰ ਰਿਸ਼ਤੇਦਾਰਾਂ ਨੂੰ ਪਛਾਨਣ ਲੱਗ ਗਿਆ ਸੀ। ਪਰ ਜਦ ਉਹਨੂੰ ਡਰ ਲੱਗਦਾ ਤਾਂ ਮੈਨੂੰ ਹਾਕਾਂ ਮਾਰਨ ਲੱਗ ਪੈਂਦਾ। ਮੈਂ ਕਈ ਕਈ ਘੰਟੇ ਉਹਦੇ ਕੋਲ ਬੈਠਾ ਉਹਦੇ ਨਾਲ ਗੱਲਾਂ ਕਰਦਾ ਰਹਿੰਦਾ। ਕਿੱਥੇ ਤਾਂ ਪੰਜਾਬ ਤੋਂ ਹਿੰਦੂ ਭੱਜ ਕੇ ਦਿੱਲੀ ਨੂੰ ਜਾ ਰਹੇ ਸਨ ਤੇ ਕਿੱਥੇ ਮੈਂ ਦਿੱਲੀ ਤੋਂ ਏਥੇ ਆਇਆ ਬੈਠਾ ਸੀ। ਚਾਚੇ ਦੀ ਯਾਦ ਸ਼ਕਤੀ ਪੰਜਵਾਂ ਕੁ ਹਿੱਸਾ ਕੰਮ ਕਰਦੀ ਸੀ। ਉਹਨੂੰ ਬਚਪਨ ਦੀਆਂ ਸਕੂਲ ਵੇਲੇ ਦੀਆਂ ਗੱਲਾਂ ਵਧ ਯਾਦ ਸਨ। ਆਪਣੇ ਵਿਆਹ ਤੇ ਆਪਣੇ ਬੱਚਿਆਂ ਦੇ ਬਚਪਨ ਵਾਲਾ ਖਾਨਾ ਖਾਲੀ ਸੀ। ਏਸ ਕਰਕੇ ਮੈਨੂੰ ਫੜੀ ਬੈਠਾ ਦੱਸੀ-ਪੁੱਛੀ ਜਾਂਦਾ, ਉਹ ਜਿਹੜਾ ਆਪਣਾ ਮਾਸਟਰ ਹੁੰਦਾ ਸੀ ਨਾ ਢਿੱਡਲ।

ਆਪਾਂ ਜਦ ਛੇੜਦੇ...। ਉਹ ਜਦ ਕੁਝ ਚਿਰ ਚੁੱਪ ਬਹਿੰਦਾ ਤਾਂ ਕਹਿੰਦਾ, ''ਮੈਨੂੰ ਰੋਟੀ ਦੇ ਦੇ। ਭੁੱਖ ਲੱਗੀ ਐ। ਮੈਂ ਥੋੜ੍ਹੀ ਜਿਹੀ ਦੇ ਦਿੰਦਾ। ਕਿਉਂਕਿ ਉਹਨੇ ਵਾਰ ਵਾਰ ਮੰਗਣੀ ਹੁੰਦੀ। ਉਹ ਕਦੇ ਰੋਟੀ ਦੇਣ ਆਈ ਚਾਚੀ ਦੇ ਕਦੇ ਕਿਤੇ ਹੱਥ ਲਾ ਦਿੰਦਾ। ਉਹਨੂੰ ਪਤਾ ਈ ਨਾ ਹੁੰਦਾ ਕਿ ਕੋਈ ਹੋਰ ਵੀ ਦੇਖ ਰਿਹਾ ਏ। ਕਦੇ ਮੈਨੂੰ ਕਹਿੰਦਾ, ''ਚੱਲ ਆਪਾਂ ਢਿੱਡਲ ਮਾਸਟਰ ਦੇ ਘਰ ਚੱਲੀਏ।''

ਉਹਨੂੰ ਕੁਝ ਯਾਦ ਈ ਨਹੀਂ ਸੀ ਕਿ ਇਹ ਗੱਲ ਪੰਜਾਹ ਬਵੰਜਾ ਸਾਲ ਪੁਰਾਣੀ ਏ। ਡਾਕਟਰਾਂ ਦਾ ਕਹਿਣਾ ਸੀ ਕਿ ਇਹ ਅਲਜ਼ਾਈਮਰ ਦੀ ਬੀਮਾਰੀ ਏ। ਬੰਦੇ ਦੀਆਂ ਯਾਦਾਂ ਖੁੱਡਿਆਂ 'ਚ ਬੈਠੇ ਕਬੂਤਰਾਂ ਵਰਗੀਆਂ ਹੁੰਦੀਆਂ ਨੇ। ਕਦੇ ਕੋਈ ਕਬੂਤਰ ਉੱਡ ਜਾਂਦਾ ਏ। ਖਾਨਾ ਖਾਲੀ ਹੋ ਜਾਂਦਾ ਏ। ਕਦੇ ਉਹ ਮੁੜ ਵੀ ਆਉਂਦਾ ਏ। ਦੇਖੋ, ਜੇ ਫਰਕ ਪੈ ਜਾਵੇ। ਲੱਕ ਜਾਂ ਸਿਰ ਦੀ ਸੱਟ ਕਰ ਕੇ ਸਾਰਾ ਨਰਵਸ ਸਿਸਟਮ ਵੀ ਖਰਾਬ ਹੋ ਸਕਦਾ ਏ।

ਚਾਚਾ ਸੋਮੀ ਭੁੱਖ-ਭੁੱਖ ਕਰਦਾ ਕਿੰਨੀਆਂ ਈ ਰੋਟੀਆਂ ਖਾ ਜਾਂਦਾ। ਉਹਦਾ ਪੇਟ ਖਰਾਬ ਹੋ ਜਾਂਦਾ। ਅਸੀਂ ਫੇਰ ਪੇਟ ਦੀਆਂ ਦਵਾਈਆਂ ਦੇਣ ਲੱਗ ਪੈਂਦੇ। ਇਕ ਦਿਨ ਉਹ ਸਵੇਰੇ ਉੱਠ ਕੇ ਮੈਨੂੰ ਲੱਭਦਾ ਸਾਡੇ ਘਰ ਆ ਗਿਆ। ਮੇਰੇ ਪਿਤਾ ਜੀ ਬੀਮਾਰ ਸਨ। ਮੈਂ ਆਪਣੇ ਘਰ ਸੌਣ ਲੱਗ ਪਿਆ ਸੀ। ਕਹਿੰਦਾ, ਇਹ ਕੌਣ ਪਿਐ? ਮੈਂ ਕਿਹਾ, ''ਪਿਤਾ ਜੀ''। ਉਹਨੇ ਮੂੰਹ ਨੰਗਾ ਕਰ ਕੇ ਦੇਖਿਆ। ਕੁਝ ਪਲ ਸੋਚਦਾ ਰਿਹਾ ਤੇ ਫੇਰ ਰੋਣ ਲੱਗ ਪਿਆ। ਕਹਿੰਦਾ, ਇਹ ਬੀਰਾ ਜੀ ਐ? ਇਹ ਕਿਥੇ ਚਲਿਆ ਗਿਆ ਸੀ?...ਮੈਂ ਭਲਾ ਕੀ ਦੱਸਦਾ। ਉਹਨੇ ਪਿਤਾ ਜੀ ਨੂੰ 'ਪੈਰੀ ਪੈਣਾ' ਕਿਹਾ ਤੇ ਪਰ੍ਹੇ ਹੋ ਕੇ ਬਹਿ ਕੇ ਸੋਚਦਾ ਰਿਹਾ।

ਮੈਨੂੰ ਲੱਗਿਆ ਕਿ ਉਹਦੀ ਯਾਦ ਦਾ ਇਕ ਖਾਨਾ ਖੁਲ੍ਹ ਗਿਆ ਏ। ਉਹ ਸਭ ਨੂੰ ਪਛਾਨਣ ਲੱਗ ਪਿਆ। ਪਰ ਬੀਤਿਆ ਸਮਾਂ ਪੂਰੀ ਤਰ੍ਹਾਂ ਉਹਦੀ ਪਕੜ 'ਚ ਨਹੀਂ ਸੀ ਆਉਂਦਾ। ਅਸੀਂ ਡਾਕਟਰ ਦੇ ਗਏ ਤਾਂ ਉਹ ਖੁਸ਼ ਸੀ ਕਿ ਉਹਦੇ ਮਰੀਜ਼ 'ਚ ਫਰਕ ਪੈ ਰਿਹਾ ਸੀ। ਪਰ ਉਹਦੇ ਲੱਕ ਦੀ ਕਮਜ਼ੋਰੀ ਨਹੀਂ ਸੀ ਜਾਂਦੀ ਪਈ। ਉਹ ਬਹਿ ਤਾਂ ਧੱਕ ਦੇ ਕੇ ਜਿਸਮ ਸਿੱਟ ਕੇ ਜਾਂਦਾ ਸੀ, ਪਰ ਉੱਠਣ ਲਈ ਕਿਸੇ ਦਾ ਸਹਾਰਾ ਭਾਲਦਾ ਸੀ। ਡਾਕਟਰ ਨੇ ਬਹੁਤ ਸਾਰੇ ਚੈਕਅਪ ਤੇ ਟੈਸਟਾਂ ਦੇ ਬਾਅਦ ਦੱਸਿਆ ਕਿ ਇਹਦੇ ਸੈਂਸਿਰੀ ਸਿਸਟਮ 'ਚ ਖਰਾਬੀ ਪੈਦਾ ਹੋ ਗਈ ਏ। ਇਹਦੇ ਨਾਲ ਲੱਕ ਵਾਲਾ ਹਿੱਸਾ ਡੈਡ ਹੋਣ ਲੱਗ ਪਿਆ ਏ। ਇਹ ਬੀਮਾਰੀ ਆਪੇ ਠੀਕ ਵੀ ਹੋ ਸਕਦੀ ਏ ਤੇ ਵਧ ਵੀ ਸਕਦੀ ਏ।...ਇਹਦੀਆਂ ਲੱਤਾਂ ਤੇ ਲੱਕ ਦੀ ਮਾਲਿਸ਼ ਕਰਿਆ ਕਰੋ।

ਜਦ ਦੋ ਮਹੀਨਿਆਂ ਬਾਅਦ ਕੋਈ ਫਰਕ ਨਾ ਪਿਆ ਤਾਂ ਅਸੀਂ ਸੋਚਦੇ ਕਿ ਜੇ ਇੰਨਾ ਕੁ ਹੀ ਰਹੇ ਤਾਂ ਵੀ ਠੀਕ ਏ। ਉਹਦੀ ਯਾਦ ਸ਼ਕਤੀ ਤਾਂ ਥੋੜ੍ਹੀ ਬਹੁਤ ਮੁੜ ਰਹੀ ਸੀ। ਤਦੇ ਉਹ ਸਵੇਰੇ ਉੱਠ ਕੇ ਸਾਡੇ ਘਰ ਆਉਂਦਾ ਤੇ ਪਹਿਲਾਂ ਪਿਤਾ ਜੀ ਦੇ ਮੰਜੇ ਕੋਲ ਜਾਂਦਾ। ਉਨ੍ਹਾਂ ਦੇ ਪੈਰੀਂ ਹੱਥ ਲਾ ਕੇ ''ਬੀਰੇ ਪੈਰੀ ਪੈਨਾ'' ਕਹਿੰਦਾ ਤੇ ਫੇਰ ਮੇਰੇ ਨਾਲ ਗੱਲਾਂ ਕਰਦਾ ਚਾਹ ਪੀਂਦਾ। ਉਹਨੂੰ ਖਾੜਕੂਆਂ ਦੇ ਡੇਰੇ ਦੀਆਂ ਗੱਲਾਂ ਵੀ ਯਾਦ ਆਉਣ ਲੱਗ ਪਈਆਂ ਸਨ। ਉਨ੍ਹਾਂ ਦੇ ਚਿਹਰੇ ਵੀ। ਭਾਨੀ ਦੀਆਂ ਖਲਾਈਆਂ ਰੋਟੀਆਂ ਵੀ।...ਥਾਣੇ 'ਚ ਭਾਨੀ ਨੇ ਵੀ ਦੱਸਿਆ ਸੀ ਉਹਨੂੰ ਸੁਫਨੇ ਵਾਂਗ ਕੁਝ ਕੁਝ ਯਾਦ ਏ ਕਿ ਜਦ ਵੀ ਸ਼ਾਹ ਨੂੰ ਕੋਈ ਬੰਦਾ ਬਹੁਤਾ ਤੰਗ ਕਰਦਾ ਸੀ ਤਾਂ ਭਾਨੀ ਆ ਕੇ ਛੁਡਾ ਕੇ ਆਪਣੀ ਖੁਰਲੀ ਵਾਲੇ ਕਮਰੇ 'ਚ ਲੈ ਜਾਂਦੀ ਸੀ।

''ਭਾਨੀ ਹੁਣ ਕਿੱਥੇ?'' ਅਚਾਨਕ ਚਾਚੇ ਨੇ ਪੁੱਛਿਆ ਸੀ। ਮੈਂ ਨਹੀਂ ਦੱਸਿਆ ਕਿ ਉਹ ਜੁਡੀਸ਼ੀਅਲ ਰੀਮਾਂਡ 'ਤੇ ਪੁਲਿਸ ਹਿਰਾਸਤ 'ਚ ਏ। ਸਿਰਫ ਏਨਾ ਕਿਹਾ, ''ਆਪਣੇ ਘਰ ਚਲੀ ਗਈ ਹੋਣੀ ਐ।''

ਸਮਾਂ ਪੈਣ ਨਾਲ ਪੁਲਿਸ ਤਕੜੀ ਹੋ ਗਈ। ਖਾੜਕੂਆਂ ਦੇ ਨਾਲ ਉਨ੍ਹਾਂ ਦੇ ਟੱਬਰ ਵੀ ਖਤਮ ਕੀਤੇ ਜਾਣ ਲੱਗੇ। ਉਨ੍ਹਾਂ ਦੇ ਲੀਡਰਾਂ ਨੇ ਈ ਉਨ੍ਹਾਂ ਨੂੰ ਮਰਵਾ ਦਿੱਤਾ, ਮੁਖਬਰੀਆਂ ਕਰ ਕਰ ਕੇ। ਹਾਲਾਤ ਨਾਰਮਲ ਹੋਣ ਲੱਗ ਪਏ। ਮੇਰਾ ਟੱਬਰ ਮੈਨੂੰ ਦਿੱਲੀ ਸੱਦੇ। ਪਰ ਮੇਰਾ ਮਨ ਆਪਣੇ ਬੀਮਾਰ ਪਿਤਾ ਜੀ ਤੇ ਚਾਚੇ ਸੋਮੀ ਨੂੰ ਛੱਡ ਕੇ ਜਾਣ ਨੂੰ ਮੰਨੇ ਨਾ। ਅਸਲ 'ਚ ਮੇਰੇ ਮਨ 'ਚ ਇਹ ਸੰਸਾ ਪੈ ਗਿਆ ਸੀ ਕਿ ਹੁਣ ਪਿਤਾ ਜੀ ਨੇ ਬਚਣਾ ਨਹੀਂ। ਚਾਚਾ ਵੀ ਇਵੇਂ ਰਿੜਕ ਰਿੜਕ ਕੇ ਮਰ ਜਾਊਗਾ। ਚਾਚਾ ਤਾਂ ਪੂਰਾ ਹੋ ਗਿਆ, ਹੁਣ ਪਿਤਾ ਜੀ ਦੀ ਵਾਰੀ ਏ। ਉਹ ਆਪ ਕਹਿ ਰਹੇ ਨੇ ਕਿ ਅਜਿਹੇ ਦਿਨ ਦੇਖਣ ਤੋਂ ਪਹਿਲਾਂ ਈ ਮੇਰੀ ਗੱਲ ਮੁੱਕ ਜਾਂਦੀ ਤਾਂ ਚੰਗਾ ਹੁੰਦਾ। ਜਿੱਦਣ ਉਨ੍ਹਾਂ ਨੂੰ ਰਾਤ ਨੂੰ ਟੱਟੀਆਂ ਲੱਗਦੀਆਂ ਨੇ ਤਾਂ ਤਾਈ ਦਾ ਸਾਰਾ ਟੱਬਰ ਮੇਰੇ ਨਾਲ ਜਾਗਦਾ ਏ। ਆਖਰੀ ਸਾਹ ਦੀ ਉਡੀਕ ਕਰਦਾ ਏ। ਹੁਣ ਖਾੜਕੂ ਤੇ ਉਨ੍ਹਾਂ ਦੇ ਰਿਸ਼ਤੇਦਾਰ ਜ਼ਮੀਨਾਂ ਵੇਚ ਵੇਚ ਕੇ ਯੂ ਪੀ ਜਾਂ ਵਲੈਤ ਨੂੰ ਭੱਜਣ ਲੱਗ ਪਏ ਸੀ। ਪੁਲਿਸ ਦਾ ਰਾਜ ਹੋ ਗਿਆ ਏ। ਉਹ ਜੀਹਨੂੰ ਚਾਹੁਣ ਬਚਾ ਲੈਣ ਤੇ ਜੀਹਨੂੰ ਚਾਹੁਣ ਮਾਰ ਦੇਣ।

ਹੁਣ ਚੋਣਾਂ ਹੋਈਆਂ ਤਾਂ ਅਕਾਲੀ ਸਰਕਾਰ ਬਣ ਗਈ ਏ। ਹਿੰਦੂਆਂ ਨੂੰ ਮਾਰ ਮੁਕਾਣ ਲਈ 'ਧਰਮ ਯੁੱਧ' ਦੀ ਸਹੁੰ ਖਾਣ ਵਾਲੇ ਮੰਤਰੀ ਬਣ ਗਏ ਨੇ। ਬਹੁਤ ਸਾਰੇ ਖਾੜਕੂ ਜਾਂ ਸ਼ੱਕੀ ਖਾੜਕੂ ਰਿਹਾਅ ਕਰ ਦਿੱਤੇ ਗਏ ਨੇ। ਉਨ੍ਹਾਂ ਨੂੰ ਮੁੜ ਵਸਾਉਣਾ ਸ਼ੁਰੂ ਹੋ ਗਿਆ ਏ। ਦਰਬਾਰ ਸਾਹਿਬ 'ਤੇ ਫੌਜੀ ਹਮਲੇ ਵੇਲੇ ਫੌਜ ਤੋਂ ਭਗੌੜੇ ਹੋਏ ਧਰਮੀ ਫੌਜੀਆਂ ਨੂੰ ਸਰੋਪੇ ਤੇ ਸਨਮਾਨ ਦਿੱਤੇ ਜਾ ਰਹੇ ਨੇ। ਪੈਨਸ਼ਨਾਂ ਲਾਉਣ ਦੇ ਐਲਾਨ ਕੀਤੇ ਜਾ ਰਹੇ ਨੇ। ਅਤਿਵਾਦੀਆਂ 'ਤੇ ਹਮਲੇ ਕਰਨ ਵਾਲੇ ਪੁਲਿਸ ਅਫਸਰਾਂ ਦੇ ਖਿਲਾਫ ਮੁਕੱਦਮੇ ਚਲਾਏ ਜਾ ਰਹੇ ਨੇ।



# ਲਿਖਣਾ ਛੱਡਣਾ ਵੀ ਕਮਾਈ ਦਾ ਸਾਧਨ ਬਣਿਆ

## ਸਫ਼ਰ ਜ਼ਿੰਦਗੀ ਦਾ

**ਬਖ਼ਸ਼ਿੰਦਰ**

ਕਈ ਵਾਰ ਲਿਖਣ ਨਾਲੋਂ ਪੜ੍ਹਨਾ ਤੇ ਸੁਣਨਾ ਬਹੁਤ ਜ਼ਿਆਦਾ ਅਹਿਮ ਹੋ ਜਾਂਦੇ ਹਨ। ਪਿਛਲੇ ਦਿਨੀਂ ਮੇਰੇ ਇਕ ਪੱਤਰਕਾਰ ਦੋਸਤ ਨੇ ਮੈਨੂੰ 'ਸਿਟੀਜ਼ਨਜ਼ ਜਰਨਲਿਜ਼ਮ ਇਨੀਸ਼ੀਏਟਿਵ ਇਨ ਛੱਤੀਸਗੜ੍ਹ' ਦੇ ਬਾਨੀ ਮੈਂਬਰ ਸ਼ੁਭਰਾਂਸ਼ੂ ਚੌਧਰੀ ਵਲੋਂ ਲਿਖੀ ਹੋਈ ਇਕ ਰਿਪੋਰਟ ਈ-ਮੇਲ ਰਾਹੀਂ ਭੇਜੀ ਸੀ। ਇਹ ਰਿਪੋਰਟ ਪੜ੍ਹ ਕੇ ਮੈਂ ਨਾ ਸਿਰਫ ਬੇਚੈਨ ਹੋ ਗਿਆ, ਸਗੋਂ ਸੋਚਣ ਵੀ ਲੱਗ ਪਿਆ ਕਿ ਭਾਵੇਂ ਲੂਣ-ਅਚਾਰ ਨਾਲ ਹੀ ਸਹੀ, ਜਿਸ ਧੰਦੇ ਰਾਹੀਂ ਕਮਾਈ ਹੋਈ ਰੋਟੀ ਸਾਰੀ ਉਮਰ ਖਾਧੀ ਹੈ, ਉਸ ਦੇ ਸਿਰ ਉੱਪਰ ਇਹ ਕੋਹੇ ਪ੍ਰਛਾਵੇਂ ਛਾ ਚੱਲੇ ਹਨ। ਮੈਂ ਚਾਹਾਂਗਾ ਕਿ ਤੁਸੀਂ ਵੀ ਸਾਥੀ ਸ਼ੁਭਰਾਂਸ਼ੂ ਚੌਧਰੀ ਦੀ ਉਹ ਰਿਪੋਰਟ ਹੀ ਪੜ੍ਹ ਲਓ। ਇਹ ਰਿਪੋਰਟ ਇਸ ਤਰ੍ਹਾਂ ਹੈ;

ਛੱਤੀਸਗੜ੍ਹ ਵਿਚ ਮੀਡੀਆ, ਨਕਸਲੀਆਂ ਅਤੇ 'ਸਲਵਾ ਜੂਡਮ' ਵਿਚਾਲੇ ਹੁੰਦੇ ਟਕਰਾਅ ਜਾਂ ਸਥਾਨਕ ਲੋਕਾਂ ਅਤੇ ਵਪਾਰਕ ਅਦਾਰਿਆਂ ਵਿਚਾਲੇ ਹੁੰਦੇ ਟਕਰਾਅ ਦੀਆਂ ਖ਼ਬਰਾਂ ਕਿੰਦਾਂ ਦਿੰਦਾ ਹੈ? ਬੜੀ ਸਿੱਧੀ ਜਿਹੀ ਗੱਲ ਹੈ, ਦਿੰਦਾ ਹੀ ਨਹੀਂ। ਛੱਤੀਸਗੜ੍ਹ ਵਿਚ ਪੱਤਰਕਾਰਾਂ ਉੱਤੇ ਹੋਰ ਹੀ ਕਿਸਮ ਦਾ ਦਬਾਅ ਹੈ। ਉਨ੍ਹਾਂ ਨੂੰ ਉਹ ਖ਼ਬਰਾਂ ਨਾ ਦੇਣ ਬਦਲੇ ਪੈਸੇ ਦਿੱਤੇ ਜਾਂਦੇ ਹਨ, ਜਿਹੜੀਆਂ ਸਰਕਾਰ ਵਿਚ ਰਸੂਖ਼ ਰੱਖਣ ਵਾਲਿਆਂ, ਚਾਹੇ ਉਹ ਸਨਅਤੀ ਘਰਾਣੇ ਹੋਣ ਜਾਂ ਸੂਬਾਈ ਅਧਿਕਾਰੀ, ਦੇ ਹਿੱਤਾਂ ਦੇ ਖ਼ਿਲਾਫ਼ ਭੁਗਤਦੀਆਂ ਹੋਣ।

ਮੈਂ 'ਸਲਵਾ ਜੂਡਮ' ਦੀ ਇਕ ਰੈਲੀ ਦੀ ਖ਼ਬਰ ਲੈਣ ਲਈ ਬਹਿਰਾਮਗੜ੍ਹ ਗਿਆ ਹੋਇਆ ਸੀ। ਬਹਿਰਾਮਗੜ੍ਹ, ਦੱਖਣੀ ਛੱਤੀਸਗੜ੍ਹ ਦੇ ਜ਼ਿਲਾ ਬੀਜਾਪੁਰ ਦਾ ਇਕ ਛੋਟਾ ਜਿਹਾ ਸ਼ਹਿਰ ਹੈ। ਇਸ ਸ਼ਹਿਰ ਵਿਚ ਸੂਬਾਈ ਸਰਕਾਰ, ਮਾਓਵਾਦੀਆਂ ਨਾਲ ਖ਼ੂਨੀ ਟਕਰਾਅ ਵਿਚ ਉਲਝੀ ਹੋਈ ਹੈ।

ਸਰਕਾਰ ਮੁਤਾਬਕ 'ਸਲਵਾ ਜੂਡਮ', ਮਾਓਵਾਦੀਆਂ ਦੇ ਖ਼ਿਲਾਫ਼ ਉੱਠੇ ਹੋਏ ਲੋਕਾਂ ਦੀ ਇਕ ਆਪ ਮੁਹਾਰੀ ਲਹਿਰ ਹੈ ਜਦੋਂਕਿ ਮਨੁੱਖੀ ਹੱਕਾਂ ਲਈ ਜੂਝ ਰਹੇ ਲੋਕਾਂ ਦਾ ਕਹਿਣਾ ਹੈ ਕਿ ਇਹ ਸੂਬੇ ਦੀ ਸਰਕਾਰ ਵਲੋਂ ਪੈਦਾ ਕੀਤਾ ਹੋਇਆ ਗੁੰਡਿਆਂ ਦਾ ਟੋਲਾ ਹੈ। ਇਹ ਰੈਲੀ (ਜਲੂਸ) ਜੰਗਲ ਵਿਚੋਂ ਲੰਘਦੇ, ਉਨ੍ਹਾਂ ਭੀੜੇ ਕਬਾਇਲੀ ਰਾਹਾਂ ਥਾਣੀਂ ਲੰਘਣੀ ਸੀ, ਜਿਨ੍ਹਾਂ ਵਿਚੀਂ ਕੋਈ ਗੱਡੀ ਨਹੀਂ ਲੰਘ ਸਕਦੀ। ਇਸ ਲਈ 'ਸਲਵਾ ਜੂਡਮ' ਦੇ ਆਗੂ ਮਹਿੰਦਰ ਕਰਮਾ ਨੇ ਬਹੁਤ ਮਿਹਰਬਾਨੀ ਕਰਦਿਆਂ ਮੇਰੇ ਲਈ ਇਕ ਮੋਟਰ ਸਾਈਕਲ ਦੀ ਮਗਰਲੀ ਸੀਟ ਦੀ ਸਵਾਰੀ ਦਾ ਪ੍ਰਬੰਧ ਕਰ ਦਿੱਤਾ ਸੀ।

ਮੋਟਰਸਾਈਕਲ ਜੰਗਲ ਵਿਚੋਂ ਬਹੁਤ ਸੌਖਾ ਲੰਘ ਗਿਆ ਤੇ ਉਹ ਰਾਹ ਵਿਚ ਖੜ੍ਹੇ ਕਈ ਕਬਾਇਲੀ ਟੋਲਿਆਂ ਵਿਚਾਲਿਓਂ ਵੀ ਨਿਕਲਦਾ ਹੋਇਆ ਅੱਗੇ ਚਲਿਆ ਗਿਆ। ਮੈਨੂੰ ਮੋਟਰ ਸਾਈਕਲ ਚਲਾਉਣ ਵਾਲੇ ਨਾਲ ਗੱਲਬਾਤ ਕਰਦਿਆਂ ਪਤਾ ਲੱਗਿਆ ਕਿ ਉਹ ਇਕ ਸਥਾਨਕ ਪੱਤਰਕਾਰ ਹੈ। ਸੱਚੀਂ ਉਸ ਦਿਨ ਕੀਤੀ ਮੋਟਰ ਸਾਈਕਲ ਦੀ ਸਵਾਰੀ, ਮੇਰੇ ਲਈ ਸਥਾਨਕ ਪੱਤਰਕਾਰੀ ਦਾ 'ਕ੍ਰੈਸ਼ ਕੋਰਸ' ਸਾਬਤ ਹੋਈ। ਉਹ ਪੱਤਰਕਾਰ, ਛੱਤੀਸਗੜ੍ਹ ਦੇ ਇਕ ਵੱਡੇ ਰੋਜ਼ਾਨਾ ਅਖ਼ਬਾਰ ਲਈ ਕੰਮ ਕਰਦਾ ਸੀ।

''ਤੁਹਾਨੂੰ ਕਿੰਨੀ ਤਨਖ਼ਾਹ ਮਿਲਦੀ ਹੈ?'' ਮੈਂ ਉਸਨੂੰ ਪੁੱਛਿਆ।

''ਮੈਨੂੰ ਤਨਖ਼ਾਹ ਨਹੀਂ ਮਿਲਦੀ,'' ਉਸ ਦਾ ਜੁਆਬ ਸੀ।

''ਤਾਂ ਫਿਰ ਰੋਟੀ-ਰੋਜ਼ੀ ਲਈ ਕੀ ਕਰਦੇ ਹੈ?''

''ਮੈਂ ਲਿਖਣਾ ਛੱਡ ਕੇ ਰੋਟੀ ਕਮਾਉਂਦਾ ਹਾਂ'', ਉਸ ਦਾ ਜੁਆਬ ਸੀ।

ਮੈਨੂੰ ਹੈਰਾਨ ਹੋਇਆ ਦੇਖ ਕੇ ਉਸ ਨੇ ਸਪੱਸ਼ਟ ਕੀਤਾ, ਇੱਥੇ ਪੱਤਰਕਾਰੀ ਲਿਖਣਾ ਛੱਡਣ ਦਾ ਹੁਨਰ ਹੈ। ਮੈਂ ਹਰ ਮਹੀਨੇ ਲਿਖਣਾ ਛੱਡ ਕੇ ਪੰਜ ਹਜ਼ਾਰ ਰੁਪਏ ਕਮਾਉਂਦਾ ਹਾਂ।''

ਮੈਂ ਫਿਰ ਵੀ ਉਸ ਦੀ ਗੱਲ ਦਾ ਮਤਲਬ ਨਹੀਂ ਸਮਝਿਆ ਸੀ। ''ਪੱਤਰਕਾਰ ਹੁੰਦਿਆਂ ਸਾਨੂੰ ਪਤਾ ਹੁੰਦੈ ਕਿ ਫਲਾਣਾ ਬੰਦਾ ਕੀ ਕਰ ਰਿਹਾ ਹੈ। ਸਾਨੂੰ ਇਹ ਵੀ ਪਤਾ ਹੁੰਦੈ ਕਿ ਭ੍ਰਿਸ਼ਟ ਕਾਰਵਾਈਆਂ ਕੌਣ ਕਰਾਉਂਦੈ ਤੇ ਉਹ ਕਿਧਰੋਂ ਸ਼ੁਰੂ ਹੁੰਦੀਆਂ ਹਨ,'' ਉਹ ਦੱਸੀ ਜਾ ਰਿਹਾ ਸੀ, ਉਸਨੂੰ ਭ੍ਰਿਸ਼ਟਾਚਾਰ ਬਾਰੇ ਨਾ ਲਿਖਣ ਦੀ ਫੀਸ ਮਿਲਦੀ ਹੈ। ਇਹੋ ਸਾਡੀ ਤਨਖਾਹ ਹੈ।''

ਉਸਨੇ ਇਹ ਵੀ ਕਿਹਾ, ਉਸਨੂੰ ਤਨਖ਼ਾਹ ਮਿਲਣੀ ਹੀ ਬੰਦ ਨਹੀਂ, ਸਗੋਂ ਅਸੀਂ ਖ਼ਬਰਾਂ ਇਕੱਠੀਆਂ ਕਰਨ ਤੇ ਫਿਰ ਉਨ੍ਹਾਂ ਨੂੰ ਹੈੱਡ ਆਫਿਸ ਤਕ ਭੇਜਣ ਦਾ ਖ਼ਰਚਾ ਵੀ ਪੱਲਿਓਂ ਕਰਦੇ ਹਾਂ। ਸਾਡਾ ਗੁਜ਼ਾਰਾ ਏਦਾਂ ਹੀ ਹੋਈ ਜਾਂਦੈ। ਜ਼ਿਲਾ ਹੈੱਡਕੁਆਰਟਰਜ਼ ਵਿਚ ਕੁਝ ਪੱਤਰਕਾਰ ਹਨ, ਜਿਨ੍ਹਾਂ ਨੂੰ ਨਿਸ਼ਾਨੀ ਮੂਜਬ ਤਨਖ਼ਾਹ ਮਿਲਦੀ ਹੈ, ਪਰ ਅਸਲੀਅਤ ਇਹ ਹੈ ਕਿ ਉਹ ਉਸ ਤਨਖਾਹ ਤੋਂ ਕਿਤੇ ਵਧ ਕਮਾਉਂਦੇ ਹਨ।''

''ਪੈਸਾ ਬਣਾਉਣ ਲਈ ਇਹਦੇ ਵਰਗਾ ਸੌਖਾ ਧੰਦਾ ਹੋਰ ਕੋਈ ਨਹੀਂ।'' ਉਸਨੇ ਵਿਆਖਿਆ ਕੀਤੀ, ''ਅਸੀਂ 'ਸਲਵਾ ਜੂਡਮ' ਦੀਆਂ ਚੰਗਿਆਈਆਂ ਵੀ ਜਾਣਦੇ ਹਾਂ ਤੇ ਬੁਰਿਆਈਆਂ ਵੀ ਜਾਣਦੇ ਹਾਂ, ਪਰ ਅਸੀਂ ਉਸ ਦੀਆਂ ਬੁਰਿਆਈਆਂ ਨਹੀਂ ਲਿਖਦੇ, ਜਿਸ ਦਾ ਕਾਰਨ ਬਹੁਤ ਸਪੱਸ਼ਟ ਹੈ,'' ਉਸ ਨੇ ਇਹ ਗੱਲ 'ਸਲਵਾ ਜੂਡਮ' ਦੇ ਆਗੂ ਮਹਿੰਦਰ ਕਰਮਾ, ਜੋ ਨੇੜੇ ਹੀ ਖੜ੍ਹੇ ਸਨ, ਵਲ ਦੇਖਦਿਆਂ ਕਹੀ। ਕਰਮਾ ਛੱਤੀਸਗੜ੍ਹ ਦੀ ਵਿਰੋਧੀ ਧਿਰ ਦੇ ਆਗੂ ਵੀ ਹਨ। ਛੱਤੀਸਗੜ੍ਹ ਵਿਚ ਤਕਰੀਬਨ ਹਰ ਅਖ਼ਬਾਰ ਅਜੇ ਵੀ 'ਸ਼ਲਵਾ ਜੂਡਮ' ਦਾ ਹਵਾਲਾ ਇਕ ਅਮਨਪਸੰਦ ਲੋਕ-ਲਹਿਰ ਵਜੋਂ ਦਿੰਦਾ ਹੈ ਜਦੋਂਕਿ ਇਸ ਗਰੁੱਪ ਵਲੋਂ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਕਰਾਉਣ ਦੀਆਂ ਬਹੁਤ ਸਾਰੀਆਂ ਖ਼ਬਰਾਂ ਵੀ ਕੌਮੀ ਅਖ਼ਬਾਰਾਂ ਵਿਚ ਛਪ ਚੁੱਕੀਆਂ ਹਨ।

ਰੈਲੀ ਤੋਂ ਬਾਅਦ ਮੈਂ ਐਸ ਆਰ ਅਤੇ ਸਥਾਨਕ ਪੇਂਡੂ ਲੋਕਾਂ ਵਿਚਾਲੇ ਹੋਣੀ ਸੰਭਵ ਇਕ ਮੀਟਿੰਗ ਦੀ ਖ਼ਬਰ ਲੈਣ ਪਿੰਡ ਧੁਰਲੀ ਚਲਿਆ ਗਿਆ। ਇਹ ਵਪਾਰਕ ਅਦਾਰਾ ਇਕ ਪਲਾਂਟ ਲਾਉਣ ਲਈ ਸਥਾਨਕ ਜ਼ਮੀਨ-ਮਾਲਕਾਂ ਤੋਂ 'ਕੋਈ ਇਤਰਾਜ਼ ਨਹੀਂ ਪ੍ਰਮਾਣ ਪੱਤਰ' (ਐਨ.ਓ.ਸੀ.) ਮੰਗ ਰਿਹਾ ਸੀ।

ਜਦੋਂ ਅਸੀਂ ਧੁਰਲੀ ਪਹੁੰਚੇ, ਪੇਂਡੂ ਲੋਕਾਂ ਦੀ ਇਕ ਟੋਲੀ ਸਾਡੇ ਵਲ ਆਈ ਤੇ ਧਮਕੀ ਭਰੇ ਲਹਿਜੇ ਵਿਚ ਕਹਿਣ ਲੱਗੀ, ''ਤੁਸੀਂ ਐਸ ਆਰ'' ਦੇ ਦਲਾਲ ਹੋ ਨਾ?'' ਉਨ੍ਹਾਂ ਨੇ ਸਾਡਾ ਕੈਮਰਾ ਦੇਖ ਲਿਆ। ਕੁਝ ਦੇਰ ਬਾਅਦ ਉਹ ਫਿਰ ਬੋਲੇ, ਸਾਰੇ ਪੱਤਰਕਾਰ, ਸਨਅਤਕਾਰਾਂ ਦੇ ਦੱਲੇ ਵੀ ਹਨ। ਤੁਸੀਂ ਪਿੰਡੋਂ ਨਿਕਲ ਜਾਓ, ਅਸੀਂ ਤੁਹਾਡੇ ਨਾਲ ਗੱਲ ਨਹੀਂ ਕਰਨੀ।'' ਮੈਂ ਉਸ ਪਿੰਡ ਵਿਚ ਪੱਤਰਕਾਰਾਂ ਲਈ ਇੰਨੀ ਨਫਰਤ ਦੇਖ ਕੇ ਹੱਕਾ-ਬੱਕਾ ਰਹਿ ਗਿਆ।

ਦਾਂਤੇਵਾੜਾ ਵਿਚ ਮੇਰੀ ਦਾਸਤਾਨ ਸੁਣ ਕੇ ਕੁਝ ਪੱਤਰਕਾਰਾਂ ਨੇ ਮੈਨੂੰ ਬਹੁਤ ਹੀ ਵੇਰਵੇ ਨਾਲ ਦੱਸਿਆ ਕਿ ਪੱਤਰਕਾਰਾਂ ਨੂੰ ਆਪਣਾ ਮੂੰਹ ਬੰਦ ਰੱਖਣ ਲਈ 'ਐਸ ਆਰ' ਵਾਲੇ ਕਿੰਨੀਆਂ ਮੋਟੀਆਂ-ਮੋਟੀਆਂ ਰਕਮਾਂ ਦਿੰਦੇ ਹਨ। ਓਦਾਂ ਬਦਕਿਸਮਤੀ ਨਾਲ ਉਹ ਮੈਨੂੰ ਇਸ ਦਾ ਕੋਈ ਸਬੂਤ ਨਾ ਦੇ ਸਕੇ। ਧੁਰਲੀ ਵਿਚ ਲੋਕਾਂ ਨੇ ਮੈਨੂੰ ਕਿਹਾ ਸੀ, ਉਸ ਸਰਕਾਰ ਨੂੰ ਦੱਸ ਦਿਓ, ਜੇ ਉਹ ਸਾਡੀ ਜ਼ਮੀਨ ਲੈਣੀ ਚਾਹੁੰਦੀ ਹੈ ਤਾਂ ਉਹ ਸਾਡੀਆਂ ਲਾਸ਼ਾਂ ਵਿਛਾ ਦੇਵੇ। ਉਹ ਸਾਨੂੰ ਮਾਰ ਕੇ ਹੀ ਇਹ ਜ਼ਮੀਨ ਲੈ ਸਕੇਗੀ।''

ਦਿੱਲੀ ਵਿਚ ਮੈਂ 'ਇੰਡੋ ਏਸ਼ੀਅਨ ਨਿਊਜ਼ ਸਰਵਿਸ' ਦੀ ਉਹ ਖ਼ਬਰ ਪੜ੍ਹ ਕੇ ਹੈਰਾਨ ਹੋ ਗਿਆ, ਜਿਸ ਵਿਚ ਇਹ ਦਾਅਵਾ ਕੀਤਾ ਹੋਇਆ ਸੀ ਕਿ ਧੁਰਲੀ ਦੇ ਲੋਕ 'ਐਸ ਆਰ' ਨੂੰ ਆਪਣੀ ਜ਼ਮੀਨ ਦੇਣੀ ਮੰਨ ਗਏ ਹਨ।

ਉਸ ਰਿਪੋਰਟ ਵਿਚ ਇਹ ਵੀ ਕਿਹਾ ਹੋਇਆ ਸੀ ਕਿ ਲੋਕ 'ਐਸ ਆਰ' ਵਲੋਂ ਦਿੱਤੇ ਗਏ ਵਸੇਬਾਨਾਮੇ ਤੋਂ ਇੰਨੇ ਖੁਸ਼ ਹਨ ਕਿ ਉਨ੍ਹਾਂ ਨੇ ਸਰਕਾਰ ਨੂੰ ਇਕ ਚਿੱਠੀ ਲਿਖ ਕੇ ਜ਼ਮੀਨ ਦੇਣ ਲਈ ਰਜ਼ਾਮੰਦੀ ਜ਼ਾਹਰ ਕੀਤੀ ਹੈ। ਇਹ ਰਿਪੋਰਟ 'ਦਾ ਟਾਈਮਜ਼ ਆਫ ਇੰਡੀਆ', 'ਦਾ ਹਿੰਦੂ ਬਿਜ਼ਨੈੱਸ ਲਾਈਨ' ਅਤੇ 'ਦਾ ਇਕਾਨਮਿਕ ਟਾਈਮਜ਼' ਵਰਗੇ ਅਖ਼ਬਾਰਾਂ ਵਿਚ ਬਹੁਤ ਹੀ ਟਿਕਾਅ ਕੇ ਛਾਪੀ ਹੋਈ ਸੀ। ਇਸ ਵਿਚ ਇਹ ਵੀ ਲਿਖਿਆ ਹੋਇਆ ਸੀ ਕਿ ਕਿੰਨੇ ਲੋਕਾਂ ਦੇ ਦਸਤਖ਼ਤ ਇਸ ਚਿੱਠੀ ਉੱਤੇ ਕੀਤੇ ਹੋਏ ਹਨ ਤੇ ਇਹ ਚਿੱਠੀ ਕਿਸ ਨੂੰ ਦਿੱਤੀ ਗਈ ਹੈ।

ਮੈਨੂੰ ਇਸ ਖ਼ਬਰ 'ਤੇ ਯਕੀਨ ਨਹੀਂ ਹੋ ਰਿਹਾ ਸੀ। ਮੈਂ ਸੋਚਿਆ ਕਿ ਜੇ ਇਹ ਖ਼ਬਰ ਇੰਨੇ ਅਖ਼ਬਾਰਾਂ ਨੇ ਛਾਪੀ ਹੈ ਤਾਂ ਇਹ ਲਾਜ਼ਮੀ ਸੱਚੀ ਹੋਵੇਗੀ। ਕੁਝ ਦਿਨ ਇਸ ਬਾਰੇ ਸੋਚਣ-ਵਿਚਾਰਨ ਤੋਂ ਬਾਅਦ ਮੈਂ ਉਸ ਖ਼ਬਰ ਵਿਚ ਦੱਸੇ ਹੋਏ ਅਧਿਕਾਰੀ ਨੂੰ ਫੋਨ ਕੀਤੇ ਬਿਨਾ ਨਾ ਰਹਿ ਸਕਿਆ। ਉਹ ਅਧਿਕਾਰੀ ਯਾਨਿ ਐਸ.ਡੀ.ਐਮ. ਅੰਬਾਲਗਮ ਇਹ ਸੁਣ ਕੇ ਹੱਕੀ-ਬੱਕੀ ਰਹਿ ਗਈ। ਸੁਣਦਿਆਂ ਹੀ ਉਹ ਬੋਲੀ, ਉਹ ਕਿਹੜੀ ਚਿੱਠੀ? ਤੁਸੀਂ ਕਿਹੜੇ ਅਖ਼ਬਾਰ ਦੀ ਗੱਲ ਕਰਦੇ ਹੋ? ਮੈਨੂੰ ਕੋਈ ਚਿੱਠੀ ਨਹੀਂ ਦਿੱਤੀ ਗਈ ਤੇ ਜਿੱਥੋਂ ਤਕ ਮੈਨੂੰ ਇਲਮ ਹੈ, ਕੋਈ ਜ਼ਮੀਨ ਦੇਣ ਲਈ ਰਜ਼ਾਮੰਦ ਵੀ ਨਹੀਂ ਹੋਇਆ।'' ''ਤਾਂ ਕੀ ਉਨ੍ਹਾਂ ਨੇ ਉਹ ਚਿੱਠੀ ਕਿਸੇ ਹੋਰ ਅਫਸਰ ਨੂੰ ਦੇ ਦਿੱਤੀ? ਮੈਂ ਪੁੱਛਿਆ।

ਉ ਨਹੀਂ! ਮੈਂ ਹੀ ਇਥੇ ਜ਼ਮੀਨ ਰੋਕਣ ਸਬੰਧੀ ਆਫੀਸਰ-ਇਨ-ਚਾਰਜ ਹਾਂ। ਜੇ ਉਨ੍ਹਾਂ ਨੇ ਇਹ ਚਿੱਠੀ ਕਿਸੇ ਹੋਰ ਨੂੰ ਵੀ ਦਿੱਤੀ ਹੁੰਦੀ ਤਾਂ ਉਹ ਮੇਰੇ ਕੋਲ ਹੀ ਆਉਣੀ ਸੀ। ਮੈਨੂੰ ਤੁਹਾਡੀ ਗੱਲ 'ਤੇ ਯਕੀਨ ਨਹੀਂ ਹੋ ਰਿਹਾ,'' ਉਸ ਬੀਬੀ ਨੇ ਕਿਹਾ।

ਬੀਬੀ ਅੰਬਾਲਗਮ ਦੇ ਕਹਿਣ 'ਤੇ ਮੈਂ ਉਸ ਨੂੰ ਫੈਕਸ ਰਾਹੀਂ ਉਹ ਲੇਖ ਭੇਜੇ। ਉਸਨੇ 'ਐਸ ਆਰ' ਨੂੰ ਨੋਟਿਸ ਭੇਜ ਕੇ ਉਸ ਖ਼ਬਰ ਬਾਰੇ ਵਿਆਖਿਆ ਕਰਨ ਦਾ ਹੁਕਮ ਦਿੱਤਾ। ਉਸ ਲੇਖ ਵਿਚ ਛੱਤੀਸਗੜ੍ਹ ਵਿਖੇ 'ਐਸ ਆਰ' ਦੇ ਮੁਖੀ ਦਾ ਉਹ ਕਥਨ ਵੀ ਦਰਜ ਸੀ, ਜਿਸ ਰਾਹੀਂ ਉਸ ਨੇ ਲੋਕਾਂ ਵਲੋਂ ਇਹ ਚਿੱਠੀ ਲਿਖਣ ਬਾਰੇ ਟਿੱਪਣੀ ਕੀਤੀ ਹੋਈ ਸੀ।

ਬੀਬੀ ਅੰਬਾਲਗਮ ਦੇ ਕਹਿਣ ਮੁਤਾਬਕ 'ਐਸ ਆਰ' ਵਲੋਂ ਇਹ ਜੁਆਬ ਆਇਆ ਹੈ ਕਿ ਇਸ ਵਿਚ ਪੱਤਰਕਾਰ ਦੀ ਗ਼ਲਤੀ ਹੈ। ਇਸ ਤੋਂ ਬਾਅਦ ਅੰਬਾਲਗਮ ਨੂੰ ਦਾਂਤੇਵਾੜਾ ਤੋਂ ਤਬਦੀਲ ਕਰ ਦਿੱਤਾ ਗਿਆ। ਅਖ਼ਬਾਰ ਦੇ ਪੱਤਰਕਾਰ ਤੋਂ ਇਸ ਬਾਰੇ ਕੋਈ ਪੜਤਾਲ ਨਹੀਂ ਕੀਤੀ ਗਈ। ਇਸ ਤੋਂ ਬਾਅਦ ਮੈਂ ਰਾਏਪੁਰ ਤੋਂ ਕੌਮੀ ਅਖ਼ਬਾਰਾਂ ਵਿਚ ਛਪਾਈਆਂ ਜਾਂਦੀਆਂ ਖ਼ਬਰਾਂ ਬਹੁਤ ਧਿਆਨ ਨਾਲ ਪੜ੍ਹਨ ਲੱਗ ਪਿਆ। ਮੈਂ ਉਨ੍ਹਾਂ ਖ਼ਬਰਾਂ ਵਿਚੋਂ ਜੋ ਦੇਖਿਆ ਉਹ ਇਸ ਤਰ੍ਹਾਂ ਹੈ।

'ਇੰਡੀਅਨ ਐਕਸਪ੍ਰੈਸ' ਨੇ ਮੁੱਖ ਪੰਨੇ ਉੱਤੇ ਇਕ ਰਿਪੋਰਟ ਛਾਪੀ ਕਿ ਨਕਸਲੀਆਂ ਨੇ ਤਿੰਨ ਕਿਸਾਨ ਇਸ ਲਈ ਮਾਰ ਸੁੱਟੇ ਕਿਉਂਕਿ ਉਹ ਨਕਸਲੀਆਂ ਵਲੋਂ ਖੇਤੀ ਕਰਨ 'ਤੇ ਪਾਬੰਦੀ ਲਗਾਈ ਹੋਣ 'ਤੇ ਵੀ ਖੇਤੀ ਕਰਦੇ ਸਨ। ਮੈਂ ਉੱਥੇ ਰਹਿਣ ਸਮੇਂ ਨਕਸਲੀਆਂ ਵਲੋਂ ਇਹੋ ਜਿਹੀ ਕੋਈ ਪਾਬੰਦੀ ਲਾਈ ਨਹੀਂ ਸੁਣੀ ਸੀ। ਮੈਨੂੰ ਕੁਝ ਲੋਕਾਂ ਨੇ ਫੋਨ ਰਾਹੀਂ ਦੱਸਿਆ ਸੀ ਕਿ ਨਕਸਲੀਆਂ ਨੇ ਤਿੰਨ ਬੰਦੇ ਮਾਰੇ ਹਨ, ਪਰ ਉਨ੍ਹਾਂ ਦਾ ਖੇਤੀਬਾੜੀ ਨਾਲ ਕੋਈ ਸਬੰਧ ਨਹੀਂ। ਉਨ੍ਹਾਂ ਨੇ ਦੱਸਿਆ ਕਿ ਪਿੰਡ ਚਿੰਤਾਗੁਫਾ ਵਿਚ ਖੇਤੀ ਪੂਰੇ ਜ਼ੋਰ-ਸ਼ੋਰ ਨਾਲ ਜਾਰੀ ਹੈ।

ਚਿੰਤਾਗੁਫਾ ਦੇ ਸਾਬਕਾ ਸਰਪੰਚ ਨੇ ਮੈਨੂੰ ਫੋਨ 'ਤੇ ਦੱਸਿਆ ਕਿ ਇਹ ਬੰਦੇ ਖੇਤੀ ਕਰਨ 'ਤੇ ਨਹੀਂ, ਸਗੋਂ ਪੁਲੀਸ ਨਾਲ ਉਨ੍ਹਾਂ ਦੇ ਕਥਿਤ ਸਬੰਧਾਂ ਕਾਰਨ ਮਾਰੇ ਗਏ ਹਨ। ਜੇ ਮੈਂ ਕਿਸੇ ਖ਼ਬਰ ਦੀ ਪੜਤਾਲ ਕਰਨ ਲਈ ਦਿੱਲੀ ਤੋਂ ਚਿੰਤਾਗੁਫਾ ਦੇ ਲੋਕਾਂ ਨੂੰ ਫੋਨ ਕਰ ਸਕਦਾ ਹਾਂ ਤਾਂ ਰਾਏਪੁਰ ਤੋਂ ਪੱਤਰਕਾਰ ਇਸ ਤਰ੍ਹਾਂ ਕਿਉਂ ਨਹੀਂ ਕਰ ਸਕੇ? ਮੈਂ ਉਸ ਤੋਂ ਅਗਲੇ ਹਫ਼ਤੇ ਇਕ ਸਥਾਨਕ ਅਖ਼ਬਾਰ ਵਿਚ ਛਪਦੇ ਆਪਣੇ ਕਾਲਮ ਵਿਚ ਇਹ ਲਿਖਿਆ ਸੀ।

ਉਸ ਅਖ਼ਬਾਰ ਨੇ ਮੇਰਾ ਕਾਲਮ, ਇਹ ਕਹਿ ਕੇ ਛਾਪਣਾ ਬੰਦ ਕਰ ਦਿੱਤਾ ਕਿ ਮੇਰਾ ਲੇਖ ਸਹੀ ਨਹੀਂ ਸੀ ਤੇ ਉਸ ਵਿਚ ਝੂਠ ਤੁੰਨ੍ਹਿਆ ਹੋਇਆ ਸੀ। ਇਹ ਰਿਪੋਰਟ ਪੜ੍ਹ ਕੇ ਤੁਸੀਂ ਕੀ ਮਹਿਸੂਸ ਕਰ ਰਹੇ ਹੋ? ਮੈਂ ਤਾਂ ਇਹ ਸੋਚ ਰਿਹਾ ਹਾਂ ਕਿ ਜੇ ਛੱਤੀਸਗੜ੍ਹ ਵਿਚ ਪੱਤਰਕਾਰੀ ਨੂੰ ਚੁੰਬੜੀ ਇਹ ਬਿਮਾਰੀ ਕਿਤੇ ਬਾਕੀ ਮੁਲਕ ਵਿਚ ਵੀ ਫੈਲ ਗਈ ਤਾਂ ਸਰਕਾਰ ਦਾ ਚੌਥਾ ਪੀਲ ਪਾਵਾ ਢਹਿ ਜਾਵੇਗਾ, ਕਲਮਕਾਰੀ ਤੇ ਪੱਤਰਕਾਰੀ ਦਾ ਕੋਈ ਅਰਥ ਨਹੀਂ ਰਹਿ ਜਾਵੇਗਾ। ਇਹ ਬਿਮਾਰੀ ਅੱਗੇ ਫੈਲਣ ਤੋਂ ਰੋਕਣ ਲਈ ਕੁਝ ਕੀਤਾ ਜਾ ਸਕਦਾ ਹੈ? ਇਹ ਸੁਆਲ ਵੀ ਹੈ ਤੇ ਇਕ ਫ਼ਿਕਰ ਵੀ।

# ਮੌਤ ਦੀ ਕਾਮਨਾ..

ਮਰਨ ਵਾਲੇ ਸ਼ੱਕੀ ਅਤਿਵਾਦੀਆਂ ਦੀਆਂ ਪਤਨੀਆਂ ਨੂੰ ਪੈਨਸ਼ਨਾਂ ਲਾਈਆਂ ਜਾ ਰਹੀਆਂ ਨੇ। ਉਨ੍ਹਾਂ 'ਚ ਚਾਚੇ ਸੋਮੀ ਨੂੰ ਚੱਕਣ ਵਾਲੇ ਜਰਨੈਲ ਸਿੰਘ ਬਰਾੜ ਦੀ ਪਤਨੀ ਵੀ ਸ਼ਾਮਲ ਏ। ਉਹ ਆਪਣੇ ਪੁੱਤ ਤੇ ਧੀ ਨੂੰ ਲੈ ਕੇ ਯੂ ਪੀ 'ਚ ਕਿਤੇ ਜਾ ਲੁਕੀ ਸੀ।

ਲੋਕੀਂ ਆਪਣੇ ਬੀਮਾਰ ਜੀਆਂ ਦੇ ਰਾਜ਼ੀ ਹੋਣ ਤੇ ਲੰਮੀ ਉਮਰ ਭੋਗਣ ਦੀ ਕਾਮਨਾ ਕਰਦੇ ਨੇ। ਕਦੇ ਮੈਂ ਵੀ ਕੀਤੀ ਸੀ। ਪਰ ਫੇਰ ਅਜਿਹਾ ਦਿਨ ਵੀ ਆਇਆ ਕਿ ਮੈਂ ਪਹਿਲਾਂ ਚਾਚੇ ਸੋਮੀ ਤੇ ਫੇਰ ਪਿਤਾ ਜੀ ਦੀ ਮੌਤ ਦੀ ਕਾਮਨਾ ਕੀਤੀ ਸੀ।

ਦਿਨ ਚੰਗੇ ਮੁੜਨ ਦੀ ਆਸ 'ਚ ਮੈਂ ਦਿੱਲੀ ਮੁੜਨ ਦੀ ਤਿਆਰੀ ਕਰਨ ਲੱਗਿਆ ਤਾਂ ਪਿਤਾ ਜੀ ਓਸੇ ਸ਼ਾਮ ਨੂੰ ਪੂਰੇ ਹੋ ਗਏ। ਫੇਰ ਸਾਰੇ ਅੰਗ ਸਾਕ ਜੁੜੇ। ਦਿੱਲੀ ਤੋਂ ਮੇਰਾ ਵੱਡਾ ਮੁੰਡਾ ਆ ਗਿਆ। ਰੀਤਾਂ ਰਸਮਾਂ ਪੂਰੀਆਂ ਕੀਤੀਆਂ ਗਈਆਂ। ਚੌਥੇ ਦਿਨ ਈ ਉਠਾਲਾ ਕਰ ਦਿੱਤਾ ਗਿਆ। ਫੇਰ ਸਾਰੇ ਅੰਗ ਸਾਕ ਆਪਣੇ ਆਪਣੇ ਘਰੀਂ ਕੰਮਾਂ 'ਤੇ ਚਲੇ ਗਏ।

ਅਗਲੀ ਸਵੇਰ ਨੂੰ ਜਦ ਮੇਰਾ ਛੋਟਾ ਭਾਈ ਮੈਨੂੰ ਸਕੂਟਰ 'ਤੇ ਬਹਾ ਕੇ ਰੇਲਵੇ ਸਟੇਸ਼ਨ 'ਤੇ ਛੱਡਣ ਚੱਲਿਆ ਤਾਂ ਤਾਈ ਕਹਿੰਦੀ, ''ਭਾਈ ਪਹਿਲਾਂ ਗੁਰਦਵਾਰੇ ਤੇ ਦੇਵੀ ਦੁਆਲੇ ਮੱਥਾ ਟੇਕ ਆਓ। ਮਰਨ ਵਾਲਿਆਂ ਦੀਆਂ ਆਤਮਾਵਾਂ ਠੰਢੀਆਂ ਸਪੁੱਤੀਆਂ ਹੋ ਕੇ ਬਹਿ ਜਾਂਦੀਆਂ ਨੇ।'' ਓਸ ਸਵੇਰ ਪਹਿਲੀ ਵਾਰ ਮੈਂ ਤਾਈ ਦੀ ਗੱਲ ਨਾ ਮੰਨੀ। ਮੈਂ ਬਾਬੇ ਦੀ ਹਵੇਲੀ ਮੂਹਰੇ ਜੁੱਤੀ ਲਾਹ ਕੇ ਮੱਥਾ ਟੇਕਿਆ। ਫੇਰ ਭਾਈ ਦੇ ਘਰ ਦੇ ਦਰਾਂ 'ਤੇ ਸਿਰ ਨਿਵਾਇਆ। ਜਿਥੇ ਪਿਤਾ ਜੀ ਸਾਨੂੰ ਲੈ ਕੇ ਆਏ ਸੀ। ਫੇਰ ਆਪਣੇ ਚਾਚੇ ਤੇ ਬਾਪ ਦੀ ਮੌਤ ਦੀ ਕਲਪਨਾ ਕਰਨ ਵਾਲੇ ਏਸ ਪਾਪੀ ਨੇ ਕਾਮਨਾ ਕੀਤੀ ਕਿ ...'ਹੇ ਖ਼ੂਨੀ ਧਰਤੀ ਮਾਂ! ਮੈਨੂੰ ਮੁੜ ਕੇ ਤੇਰੇ ਦਰਸ਼ਨ ਨਸੀਬ ਨਾ ਹੋਣ'

# ਨਾਜਾਇਜ਼ ਮੁਆਫ਼ੀਨਾਮਾ

**-ਖੋਜੀ ਕਾਫਰ**

ਇਹ ਦਾਸਤਾਂ ਵਾਪਰੀ ਸੀ ਇਕ ਦਿਨ ਸੰਨ 1985 ਦੀ ਤਿੱਖੀ ਲੰਮੀ ਸਰਦ ਰੁੱਤੇ। ਵੇਲਾ ਹੋਣੈ ਆਥਣ ਦੇ ਕੋਈ ਨੌਂ ਕੁ ਵਜੇ ਦਾ ਅਤੇ ਲਾਇਬਰੇਰੀ ਬੰਦ ਹੋਣੀ ਸੀ ਦਸ ਵਜੇ। ਪਰ ਉਦੋਂ ਜਿਹੇ ਪਬਲਿਕ ਦੀ ਆਵਾਜਾਈ ਘਟ ਗਈ ਸੀ। ਬਰਫਾਨੀ ਝੱਖੜ ਸਦਕਾ, ਜਿਹੜਾ ਪਿਛਲੇ ਦੋ ਦਿਨਾਂ ਤੋਂ ਚਲਦਾ ਆ ਰਿਹਾ ਸੀ, ਕਦੇ ਵਧ ਤੇ ਕਦੀ ਘੱਟ। ਫੁੱਟਪਾਥਾਂ 'ਤੇ ਭਾਰੇ ਲੰਮੇ ਕੋਟ ਅਤੇ ਸਨੋ-ਬੂਟ ਪਾਈ ਲੋਕ ਲੰਘਦੇ ਦਿਸ ਵੀ ਰਹੇ ਸਨ। ਬਰਫ ਅੱਟੀਆਂ ਸੜਕਾਂ 'ਤੇ ਕਾਰਾਂ ਵੀ ਚੱਲ ਰਹੀਆਂ ਸਨ, ਪਰ ਮੱਧਮ ਚਾਲੇ। ਕਾਰਾਂ ਦੀ ਛੱਤ, ਹੁੱਡ ਅਤੇ ਪਿਛਲੇ ਟਰੰਕ 'ਤੇ ਰੂੰ ਵਰਗੀ ਸੱਜਰੀ ਬਰਫ ਚੌਕੜੀ ਮਾਰੀ ਬੈਠੀ ਦਾ ਦ੍ਰਿਸ਼ ਬੜਾ ਮਨਮੋਹਕ ਪਿਆ ਲੱਗੇ। ਵਿਚੇ ਈ ਕਮੇਟੀ ਦੀ ਨਿੱਕੀ-ਵੱਡੀ ਮਸ਼ੀਨਰੀ ਸੜਕਾਂ ਅਤੇ ਫੁੱਟਪਾਥਾਂ ਤੋਂ ਬਰਫ ਚੁੱਕ ਚੁੱਕ ਟਰੱਕਾਂ 'ਚ ਲੱਦੀ ਜਾਂਦੀ ਵੀ ਨਜ਼ਰੀਂ ਪਏ ਤੇ ਮੈਂ ਵਾਹਵਾ ਵਿਸਮਾਦੀ ਸੁਰ ਵਿਚ ਸਾਂ ਭਈ ਪਿੰਜੇ ਰੂੰ ਵਰਗੀ ਕੂਲੀ ਅਤੇ ਸਾਫ ਬਰਫ਼ 'ਤੇ ਘਰ ਤੱਕ ਤਿੰਨ ਕੁ ਕਿਲੋਮੀਟਰ ਤੁਰਨਾ ਬੜਾ ਆਨੰਦ ਆਵੇਗਾ। ਪਰ ਨਾਲ ਈ ਮੈਂ ਮਗਨ ਸਾਂ ਆਪਣੇ ਕੰਮ ਵਿਚ ਜਦੋਂ ਮੇਰੇ ਸਿਰ 'ਤੇ ਅਣਕਿਆਸਿਆ ਬੰਬ ਆਣ ਫਟਿਆ। ਹੋਇਆ ਸੀ ਇੰਝ :

ਮੇਰੀ ਇਕ ਅਫਸਰ ਲੈਸਲੀ ਹਾਰਿੰਗਟਨ ਮੇਰੇ ਟੇਬਲ ਦੇ ਸਾਹਮਣੇ ਆਣ ਖੜ੍ਹੀ ਹੋਈ ਤੇ ਬੋਲੀ, ''ਮੈਂ ਤੈਥੋਂ ਮੁਆਫੀ ਮੰਗਣ ਆਈ ਆਂ। ਹੱਕਾ ਬੱਕਾ ਹੋਏ ਨੇ ਮੈਂ ਸਿਰ ਛੰਡਿਆ ਕਿਧਰੇ ਇਹ ਸੁਪਨਾ ਤਾਂ ਨਹੀਂ। ਪਰ ਮੇਰੇ ਮੂਹਰੇ ਖੜ੍ਹੀ ਸੀ ਸ਼ਾਖਸਾਤ ਲੈਸਲੀ। ਚਿਹਰੇ 'ਤੇ ਦੋਸ਼ੀਆਂ ਵਾਲੀ ਪਰਤ, ''ਲੈਸਲੀ...ਮੁਆਫੀ...ਮੈਥੋਂ?... ਮੇਰੀ ਝੁੰਜਲਾਹਟ ਵਿਲਕੀ, ''ਤੂੰ ਤਾਂ ਮੇਰੇ ਨਾਲ ਕੋਈ ਵਧੀਕੀ ਨਹੀਂ ਕੀਤੀ, ਮੁਆਫੀ ਕਾਸ ਦੀ?''

ਸਾਡੇ ਆਪਣੀ ਤਅਲੁਕਾਤ ਅਫ਼ਸਰ-ਮੁਤਾਹਿਤ ਦੇ ਨਾਲ ਈ ਸਾਊ ਮਿੱਤਰਾਂ ਵਾਲੇ ਵੀ ਸਨ ਜਿਵੇਂ ਪੱਛਮ 'ਚ ਅਕਸਰ ਹੁੰਦੈ। ਨਾਲ ਈ ਮੈਂ ਆਪਣੀ ਯਾਦਾਸ਼ਤ 'ਚ ਮਧਾਣੀ ਮਾਰਦਿਆਂ, ਭਈ ਕਿਧਰੇ ਮੈਂ ਕੋਈ ਗਲਤੀ, ਗੁਸਤਾਖੀ ਨਾ ਕਰ ਲਈ ਹੋਵੇ। ਮੈਂ ਗੁਆਚ ਗਿਆ... ਮੇਰੀ ਮਦਦ ਕਰ ਤੂੰ ਮੈਥੋਂ ਮੁਆਫੀ ਕੇਸ ਗੱਲ ਦੀ ਮੰਗੀ ਆ?

''ਵੇਖ ਸਾਡੇ ਵਡੇਰਿਆਂ ਤੁਹਾਡੇ 'ਤੇ ਬੜੇ ਜ਼ੁਲਮ ਕੀਤੇ ਸਨ। ਉਨ੍ਹਾਂ ਦੇ ਗੁਨਾਹਾਂ ਬਦਲੇ ਮੈਂ ਤੈਥੋਂ ਮੁਆਫੀ ਮੰਗ ਕੇ ਮਨ ਤੋਂ ਬੋਝ ਲਾਹ ਰਹੀ ਹਾਂ। ਦੂਜਾ ਤੇਰੇ ਰਾਹੀਂ ਇਕ ਤਰ੍ਹਾਂ ਨਾਲ ਤੇਰੀ ਸਾਰੀ ਕੌਮ ਅਤੇ ਦੇਸ਼ ਤੋਂ ਵੀ ਮੁਆਫੀ ਮੰਗਣ ਵਾਂਗ ਮਹਿਸੂਸ ਕਰ ਰਹੀ ਹਾਂ। ''ਐਸ ਮੁਕਾਮ 'ਤੇ ਮੈਂ ਲੈਸਲੀ ਦੀ ਗੱਲ ਫੜ ਲਈ, ਉਹ ਹਿੰਦੋਸਤਾਨ 'ਚ ਅੰਗਰਜ਼ੀ ਅਹਿਦ ਦੌਰਾਨ ਹੋਏ ਜ਼ੁਲਮ ਅਤੇ ਸਖਤੀਆਂ ਦੀ ਬਾਤ ਪਾ ਰਹੀ ਸੀ.. ਤੇ ਉਹਦਾ ਅੰਗਰੇਜ਼ੀ ਲਹੂ ਆਪਣੇ ਉਚੇ ਆਚਰਣ ਦਾ ਸਿਰ ਹੋਰ ਉਚਾ ਚੁੱਕ ਰਿਹਾ ਸੀ।

''ਲੈਸਲੀ ਬੈਠ ਜਾਹ ਪਹਿਲੇ'', ਮੈਂ ਆਖਿਆ। ਹੁਣ ਤਕ ਉਹ ਮੇਰੇ ਸਾਹਮਣੇ ਖੜ੍ਹੀ ਈ ਸੀ, ਉਦਾਸ ਮੁਦਰਾ 'ਚ। ਫੇਰ ਮੈਂ ਉਹ ਕਈ ਵੇਰਵੇ ਦਿੱਤੇ, ਹਿੰਦ/ਪੰਜਾਬ ਦੀਆਂ ਲੋਕਰਾਜੀ ਸਰਕਾਰਾਂ ਦੇ ਤਸੀਹੇ-ਕੇਂਦਰਾਂ, ਨਕਲੀ ਮੁਕੱਦਮਿਆਂ, ਗੋਲੀ ਕਾਂਡਾਂ ਅਤੇ ਹਿਰਾਸਤੀ ਮੌਤਾਂ ਦੇ। ਲੈਸਲੀ ਬੜੀ ਗੰਭੀਰਤਾ ਨਾਲ ਸੁਣਦੀ ਕਿਸੇ ਤਜਰਬੇਕਾਰ ਸੀਨੀਅਰ ਜੱਜ ਵਾਂਗੂੰ। ਮੈਂ ਦੱਸਿਆ ਕਿ ਅੰਗਰੇਜ਼ੀ ਦੇ ਦੋ ਸੌ ਸਾਲ ਦੇ ਤਮਾਮ ਜ਼ੁਲਮ ਸਾਡੇ ਕੌਮੀ ਸਰਕਾਰੀ ਜ਼ੁਲਮ ਸਾਹਮਣੇ ਤਾਂ ਛਟਾਂਕੀ ਵੀ ਨਹੀਂ ਰਹਿ ਜਾਂਦੇ। ਉਹ ਏਸ 'ਤੇ ਨਾ ਹੈਰਾਨ ਹੀ ਹੋਈ ਅਤੇ ਨਾ ਹੀ ਕੋਈ ਟਿੱਪਣੀ ਕੀਤੀ। ਮੇਰੇ ਲਈ ਸਮਝਣਾ ਔਖਾ ਨਹੀਂ ਸੀ, ਲੈਸਲੀ ਵਰਗੀ ਸੁਚੇਤ ਕੁੜੀ ਨੂੰ ਹਿੰਦ/ਪੰਜਾਬ ਵਿਚਲੇ ਸਾਰੇ ਕਾਲੇ ਕਾਰਿਆਂ ਦਾ ਜ਼ਰੂਰ ਪਤਾ ਹੋਣੈ।

''ਖੈਰ, ਜੋ ਵੀ ਆ, ਮੈਂ ਕਈ ਦਿਨਾਂ ਤੋਂ ਤੈਥੋਂ ਮੁਆਫੀ ਮੰਗਣ ਬਾਰੇ ਸੋਚਦੀ ਆ ਰਹੀ ਹਾਂ ਅਤੇ ਮੇਰੀ ਮੁਆਫੀ ਦੀ ਭਾਵਨਾ 'ਚ ਹੈਣੀ ਕੋਈ ਵੀ ਢਿੱਲ... ਮੈਨੂੰ ਲੱਗਦੈ ਏਸ ਨਾਲ ਮੈਂ ਅੰਗਰੇਜ਼ ਕੌਮ ਨੂੰ ਸੁਰਖਰੂ ਕਰ ਰਹੀ ਹਾਂ, ਨਾ ਵਧ ਨਾ ਘੱਟ'', ਆਖਦੀ ਲੈਸਲੀ ਮੇਰੇ ਕੋਲੋਂ ਡਰਦੀ ਹੋਈ। ਦੋਸਤੋ! ਅੰਗਰੇਜ਼ ਦਿਮਾਗ ਬਹੁਤ ਡੂੰਘਾ ਜੇ। ਮੈਂ ਅਜੇ ਤਕ ਨਿਰਣਾ ਨਹੀਂ ਜੇ ਕਰ ਪਾਇਆ:ਲੈਸਲੀ ਨੇ ਮੁਆਫੀ ਈ ਮੰਗ ਲਈ ਸੀ ਕਿ ਇਸ ਦੇ ਨਾਲ ਨਾਲ ਉਹਦੇ ਅੰਗਰੇਜ਼ੀ ਤਰੀਕਾਕਾਰ ਰਾਹੀਂ ਹਿੰਦ ਪੰਜਾਬ ਦੀਆਂ ਕੌਮੀ ਅਤੇ ਲੋਕਰਾਜੀ ਸਰਕਾਰਾਂ ਦੇ ਮੂੰਹ 'ਤੇ ਹੜਬੁੱਚ ਵੀ ਜੜ ਦਿੱਤਾ ਸੀ।

# ਐਸ. ਮਹਿੰਦਰ:ਪੰਜਾਬ ਦਾ ਸਭ ਤੋਂ ਵੱਧ ਮਾਣਮੱਤਾ ਸੰਗੀਤ ਨਿਰਦੇਸ਼ਕ



ਹਰਜਾਪ ਸਿੰਘ ਔਜਲਾ

ਇਹ ਗੱਲ 1956 ਦੀ ਹੈ। ਲਤਾ ਮੰਗੇਸ਼ਕਰ ਦੀ ਰੂਹ ਨੂੰ ਨਸ਼ਿਆ ਦੇਣ ਵਾਲੀ ਆਵਾਜ਼ ਵਿਚ ਗਾਇਆ ਗੀਤ 'ਗੁਜ਼ਰਾ ਹੂਆ ਜ਼ਮਾਨਾ ਆਤਾ ਨਹੀਂ ਦੋਬਾਰਾ, ਹਾਫਿਜ਼ ਖ਼ੁਦਾ ਤੁਮਹਾਰਾ' ਹਰ ਕਿਸੇ ਦੀ ਜ਼ੁਬਾਨ 'ਤੇ ਸੀ। ਆਲ ਇੰਡੀਆ ਰੇਡੀਓ, ਰੇਡੀਓ ਪਾਕਿਸਤਾਨ ਅਤੇ ਰੇਡੀਓ ਸਿਲੋਨ ਤੋਂ ਹਰ ਰੋਜ਼ ਵਾਰ ਵਾਰ ਇਹ ਗੀਤ ਸੁਣਾਇਆ ਜਾਂਦਾ ਸੀ। ਇਹ ਗੀਤ ਮਧੂ ਬਾਲਾ ਨੂੰ ਹੀਰੋਇਨ ਲੈ ਕੇ ਬਣਾਈ ਗਈ ਸੁਪਰ ਹਿੱਟ ਫਿਲਮ 'ਸ਼ੀਰੀਂ ਫਰਹਾਦ' ਵਿਚੋਂ ਸੀ। ਬਿਨਾ ਸ਼ੱਕ ਲਤਾ ਮੰਗੇਸ਼ਕਰ ਨੇ ਇਸ ਗੀਤ

**ਹਰਜਾਪ ਸਿੰਘ ਔਜਲਾ**

ਨੂੰ ਗਾਉਂਦਿਆਂ ਇਸ ਨਾਲ ਪੂਰਾ ਇਨਸਾਫ ਕੀਤਾ ਸੀ ਪਰ ਇਸ ਦਾ ਅਸਲ ਹਰਫ ਰੂਹ ਨੂੰ ਛੂਹ ਦੇਣ ਵਾਲੀ ਤਰਜ਼ ਬਣਾਉਣ ਵਾਲੇ ਸੰਗੀਤਕਾਰ ਨੂੰ ਜਾਂਦਾ ਸੀ ਜੋ ਕਿ ਸੰਗੀਤ ਨਿਰਦੇਸ਼ਕ ਐਸ. ਮਹਿੰਦਰ ਸਨ। ਹੁਣ ਪਾਕਿਸਤਾਨ ਵਿਚ ਚਲੇ ਗਏ ਪੱਛਮੀ ਪੰਜਾਬ ਵਿਚ ਜੰਮੇ ਪਲੇ ਸੰਗੀਤ ਨਿਰਦੇਸ਼ਕ ਐਸ. ਮਹਿੰਦਰ ਦਾ ਪੂਰਾ ਨਾਂ ਹੈ ਮਹਿੰਦਰ ਸਿੰਘ ਸਰਨਾ। ਕੁਝ ਲੋਕ ਉਸ ਨੂੰ ਮਹਿੰਦਰ ਸਿੰਘ ਬਖ਼ਸ਼ੀ ਕਰਕੇ ਵੀ ਜਾਣਦੇ ਹਨ। 1950ਵਿਆਂ ਵਿਚ ਐਸ. ਮਹਿੰਦਰ ਹਿੰਦੀ ਫਿਲਮਾਂ ਦੇ ਇਕ ਨੌਜਵਾਨ ਸੰਗੀਤ ਨਿਰਦੇਸ਼ਕ ਸਨ। ਭਾਵੇਂ ਉਹ ਫਿਲਮ ਸੰਗੀਤ ਦੇ ਮੋਢੀਆਂ ਰਾਏ ਚੰਦਰ ਬੋਰਲ, ਤਿਮੀਰ ਬਰਾਨ, ਪੰਕਜ ਮਲਿਕ, ਗੁਲਾਮ ਹੈਦਰ, ਖੇਮ ਚੰਦ ਪ੍ਰਕਾਸ਼ ਅਤੇ ਅਨਿਲ ਵਿਸ਼ਵਾਸ ਵਰਗਾ ਵੱਡਾ ਨਾਂ ਨਹੀਂ ਸੀ ਪਰ ਉਹ ਦੂਜੀ ਪੀੜ੍ਹੀ ਦੇ ਸੰਗੀਤ ਨਿਰਦੇਸ਼ਕਾਂ ਵਿਚੋਂ ਸੀ ਜਿਨ੍ਹਾਂ ਵਿਚ ਸਚਿਨ ਦੇਵ ਬਰਮਨ, ਸੱਜਾਦ ਹੁਸੈਨ, ਪੰਡਿਤ ਹੁਸਨਾ ਲਾਲ ਭਗਤ ਰਾਮ, ਮਦਨ ਮੋਹਨ, ਸ਼ੰਕਰ ਜੈਕਿਸ਼ਨ ਅਤੇ ਨੌਸ਼ਾਦ ਦੇ ਨਾਂ ਸ਼ਾਮਲ ਹਨ। ਉਹ ਆਪਣੇ ਸਮਕਾਲੀ ਬਹੁਤ ਸਾਰੇ ਸੰਗੀਤ ਨਿਰਦੇਸ਼ਕਾਂ ਨਾਲੋਂ ਕਿਤੇ ਵਧੀਆ ਸੰਗੀਤਕਾਰ ਸੀ। ਜਿਹੜੇ ਗੀਤਾਂ ਲਈ ਉਸ ਨੇ ਸੰਗੀਤ ਤਿਆਰ ਕੀਤਾ ਉਨ੍ਹਾਂ ਵਿਚੋਂ ਬਹੁਤੇ ਲਾਹੌਰ ਤੋਂ ਆਏ ਤਨਵੀਰ ਨਕਵੀ ਦੇ ਲਿਖੇ ਹੋਏ ਸਨ।

1956 ਦਾ ਸਾਲ ਹਿੰਦੀ ਫਿਲਮ ਸੰਗੀਤ ਲਈ ਇਕ ਬਹੁਤ ਮਹਾਨ ਸਾਲ ਸੀ। ਉਸ ਸਾਲ ਕਿੰਨੀਆਂ ਹੀ ਅਜਿਹੀਆਂ ਫਿਲਮਾਂ ਰਿਲੀਜ਼ ਹੋਈਆਂ ਜਿਨ੍ਹਾਂ ਦਾ ਸੰਗੀਤ ਬੇਮਿਸਾਲ ਕਿਹਾ ਜਾ ਸਕਦਾ ਹੈ। ਇਨ੍ਹਾਂ ਵਿਚ ਹੁਸਨਾ ਲਾਲ ਭਗਤ ਰਾਮ ਦੇ ਸੰਗੀਤ ਨਾਲ ਸ਼ਿੰਗਾਰੀਆਂ 'ਸ਼ਮਾਂ ਪਰਵਾਨਾ' ਅਤੇ 'ਅਦਲ-ਏ-ਜਹਾਂਗੀਰ', ਸ਼ੰਕਰ ਜੈਕਿਸ਼ਨ ਦੇ ਸੰਗੀਤ ਨਿਰਦੇਸ਼ਕ ਵਿਚ ਤਿਆਰ 'ਪਟਰਾਣੀ', 'ਰਾਜ ਹਠ' ਅਤੇ 'ਚੋਰੀ ਚੋਰੀ' ਅਤੇ ਨੌਸ਼ਾਦ ਦੇ ਸੰਗੀਤ ਨਾਲ ਸ਼ਿੰਗਾਰੀ 'ਉੜਨ ਖਟੋਲਾ' ਆਦਿ ਫਿਲਮਾਂ ਸ਼ਾਮਲ ਹਨ। ਪਰ ਫਿਲਮ 'ਸ਼ੀਰੀਂ ਫਰਹਾਦ' ਦੇ ਸੰਗੀਤ ਦੀ ਆਪਣੀ ਹੀ ਥਾਂ ਹੈ। ਇਸ ਤੋਂ ਪਹਿਲਾਂ ਵੀ ਐਸ. ਮਹਿੰਦਰ 'ਸਿਹਰਾ', 'ਜੀਵਨ ਸਾਥੀ', 'ਸ਼ਾਦੀ ਕੀ ਰਾਤ', 'ਨੀਲੀ', 'ਬਹਾਦੁਰ', 'ਸ਼ਹਿਜ਼ਾਦਾ' ਅਤੇ 'ਪਾਪੀ' ਆਦਿ ਕਈ ਫਿਲਮਾਂ ਦਾ ਸੰਗੀਤ ਤਿਆਰ ਕਰ ਚੁੱਕਾ ਸੀ। ਪਰ ਇਕ ਇਰਾਨੀ ਪ੍ਰੀਤ ਕਹਾਣੀ ਉਤੇ ਆਧਾਰਤ ਫਿਲਮ 'ਸ਼ੀਰੀਂ ਫਰਹਾਦ' ਦਾ ਸੰਗੀਤ ਲਾਮਿਸਾਲ ਸੀ।

ਉਨ੍ਹਾਂ ਦਿਨਾਂ ਦੀ ਬਾਲੀਵੁੱਡ ਦੀ ਸਭ ਤੋਂ ਵੱਡੀ ਮਹਿਲਾ ਸੁਪਰ ਸਟਾਰ ਮਧੂ ਬਾਲਾ, ਜਿਸ ਨੇ ਕਿ ਫਿਲਮ ਵਿਚ ਮੁੱਖ ਰੋਲ ਨਿਭਾਇਆ ਹੈ, 'ਸ਼ੀਰੀਂ ਫਰਹਾਦ' ਦੇ ਸੰਗੀਤ 'ਤੇ ਇਸ ਕਦਰ ਫਿਦਾ ਸੀ ਕਿ ਫਿਲਮ ਦੀ ਸੂਟਿੰਗ ਦੇ ਲੰਮੇ ਸੈਸ਼ਨ ਤੋਂ ਬਾਅਦ ਜਦੋਂ ਉਹ ਘਰ ਪਰਤ ਰਹੀ ਸੀ ਤਾਂ ਰੂਹ ਨੂੰ ਨਸ਼ਿਆ ਦੇਣ ਵਾਲਾ ਸੰਗੀਤ ਤਿਆਰ ਕਰਨ ਲਈ ਐਸ. ਮਹਿੰਦਰ ਦਾ ਸ਼ੁਕਰੀਆ ਅਦਾ ਕਰਨ ਲਈ ਉਹ ਆਪ ਉਸ ਦੇ ਘਰ ਜਾ ਪਹੁੰਚੀ। ਇਸ ਫਿਲਮ ਦੇ ਨੌਂ ਗੀਤ ਸਨ ਅਤੇ ਸਾਰੇ ਹੀ ਬੇਹੱਦ ਹਿੱਟ ਹੋਏ। ਨਾਮੀ ਪਲੇਅਬੈਕ ਗਾਇਕਾਂ ਤਲਤ ਮਹਿਮੂਦ, ਹੇਮੰਤ ਕੁਮਾਰ ਅਤੇ ਮੁਹੰਮਦ ਰਫੀ ਨੇ ਇਸ ਫਿਲਮ ਦੇ ਗੀਤਾਂ ਲਈ ਆਪਣੀ ਆਵਾਜ਼ ਦਿੱਤੀ। ਉਨ੍ਹਾਂ ਦਿਨਾਂ ਵਿਚ ਬੇਹਤਰੀਨ ਫਿਲਮ, ਬੇਹਤਰੀਨ ਗੀਤ, ਬੇਹਤਰੀਨ ਸੰਗੀਤ ਅਤੇ ਬੇਹਤਰੀਨ ਅਦਾਕਾਰੀ ਲਈ ਦਿੱਤੇ ਜਾਂਦੇ ਅਜੋਕੇ ਰਾਸ਼ਟਰਪਤੀ ਪੁਰਸਕਾਰ ਮੌਜੂਦ ਨਹੀਂ ਸਨ।

ਐਸ. ਮਹਿੰਦਰ ਨੂੰ ਹਰ ਸਾਲ ਦਿੱਤਾ ਜਾਂਦਾ ਰਾਸ਼ਟਰਪਤੀ ਪੁਰਸਕਾਰ ਹਾਸਲ ਕਰਨ ਲਈ 14 ਸਾਲ ਦੀ ਉਡੀਕ ਕਰਨੀ ਪਈ ਅਤੇ ਇਹ ਪੁਰਸਕਾਰ 1970 ਵਿਚ ਮਿਲਿਆ ਉਸ ਦੀ ਸੁਪਰ ਹਿੱਟ ਫਿਲਮ 'ਨਾਨਕ ਨਾਮ ਜਹਾਜ਼ ਹੈ' ਨੂੰ। ਇਹ ਫਿਲਮ 1969 ਵਿਚ ਬਣੀ ਸੀ ਪਰ ਇਹ ਇਸ ਕਦਰ ਲੋਕਪ੍ਰਿਅ ਹੋਈ ਕਿ ਬਾਕਸ ਆਫਿਸ ਉਤੇ ਇਸ ਦੀ ਕਾਮਯਾਬੀ 1970 ਤੱਕ ਵੀ ਚੱਲਦੀ ਰਹੀ। ਇਸ ਫਿਲਮ ਵਿਚ ਗੁਰਮਤਿ ਸੰਗੀਤ ਵਿਚ ਬੇਹੱਦ ਸਤਿਕਾਰੇ ਜਾਂਦੇ ਭਾਈ ਸਮੁੰਦ ਸਿੰਘ ਜਿਹੇ ਰਾਗੀ ਦੀ ਆਵਾਜ਼ ਵਿਚ ਗਾਏ ਸ਼ਬਦ ਸਨ ਜਿਨ੍ਹਾਂ ਤੋਂ ਬਿਨਾ ਮੁਹੰਮਦ ਰਫੀ ਅਤੇ ਆਸ਼ਾ ਭੋਂਸਲੇ ਨੇ ਸੰਗੀਤ ਲਈ ਆਪਣੀ ਆਵਾਜ਼ ਦਿੱਤੀ। ਐਸ. ਮਹਿੰਦਰ ਇਹ ਪੁਰਸਕਾਰ ਹਾਸਲ ਕਰਕੇ ਬਹੁਤ ਖੁਸ਼ ਹੋਇਆ ਪਰ ਉਸ ਦਾ ਖਿਆਲ ਸੀ ਕਿ ਉਸ ਨੂੰ 'ਸ਼ੀਰੀਂ ਫਰਹਾਦ' ਦੇ ਸੰਗੀਤ ਲਈ ਵੀ ਅਜਿਹੇ ਹੀ ਕਿਸੇ ਆਦਰ ਮਾਣ ਨਾਲ ਨਿਵਾਜਿਆ ਜਾਣਾ ਚਾਹੀਦਾ ਸੀ। ਜਿਥੋਂ ਤੱਕ ਪੰਜਾਬੀ ਫਿਲਮਾਂ ਦਾ ਸਬੰਧ ਹੈ 'ਨਾਨਕ ਨਾਮ ਜਹਾਜ਼ ਹੈ' ਨੇ ਬਾਕਸ ਆਫਿਸ ਦੇ ਅਗਲੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ।

ਐਸ. ਮਹਿੰਦਰ ਦਾ ਜਨਮ 1925 ਵਿਚ ਅਣਵੰਡੇ ਪੰਜਾਬ ਦੇ ਜ਼ਿਲਾ ਮੰਟਗੁਮਰੀ ਦੇ ਪਿੰਡ ਸਿੱਲਾਂ ਵਾਲਾ ਵਿਚ ਹੋਇਆ। ਉਨ੍ਹਾਂ ਦੇ ਪਰਿਵਾਰ ਦੀਆਂ ਜੜ੍ਹਾਂ ਰਾਵਲਪਿੰਡੀ ਜ਼ਿਲੇ ਵਿਚ ਹਨ ਪਰ ਉਨ੍ਹਾਂ ਦੇ ਪਰਿਵਾਰ ਨੇ ਮੰਟਗੁਮਰੀ ਜ਼ਿਲੇ ਵਿਚ ਜ਼ਮੀਨਾਂ ਖਰੀਦ ਲਈਆਂ ਸਨ ਜਿਸ ਕਰਕੇ ਉਹ ਉਥੇ ਜਾ ਰਹਿਣ ਲੱਗੇ। ਉਸ ਦੇ ਪਿਤਾ ਸ. ਸੁਜਾਨ ਸਿੰਘ ਬਖ਼ਸ਼ੀ ਪੰਜਾਬ ਸਰਕਾਰ ਵਿਚ ਇਕ ਪੁਲਿਸ ਸਬ ਇੰਸਪੈਕਟਰ ਵਜੋਂ ਨੌਕਰੀ ਕਰਦੇ ਸਨ। ਛੇਤੀ ਹੀ ਪਰਿਵਾਰ ਇਕ ਵੱਡੇ ਅਤੇ ਖੁਸ਼ਹਾਲ ਸ਼ਹਿਰ ਲਾਇਲਪੁਰ ਜਾ ਵੱਸਿਆ ਜਿਥੇ 1935 ਦੇ ਕਰੀਬ ਬਾਲ ਮਹਿੰਦਰ ਸਿੰਘ ਪੰਥ ਪ੍ਰਸਿਧ ਰਾਗੀ ਸੰਤ ਸੁਜਾਨ ਸਿੰਘ ਦੇ ਸੰਪਰਕ ਵਿਚ ਆਇਆ। ਸੰਤ ਸੁਜਾਨ ਸਿੰਘ ਦੀ ਸ਼ਾਗਿਰਦੀ ਵਿਚ ਮਹਿੰਦਰ ਸਿੰਘ ਨੇ ਕਈ ਸਾਲ ਕਲਾਸੀਕਲ ਸੰਗੀਤ ਦੇ ਗੁਰ ਸਿੱਖੇ। ਕਈ ਸਾਲ ਲਾਇਲਪੁਰ ਰਹਿਣ ਪਿਛੋਂ ਐਸ. ਮਹਿੰਦਰ ਦਾ ਪਰਿਵਾਰ ਉਸ ਦੇ ਪਿਤਾ ਦੀ ਬਦਲੀ ਅਤੇ ਇੰਸਪੈਕਟਰ ਵਜੋਂ ਤਰੱਕੀ ਦੇ ਹੁਕਮ ਆ ਜਾਣ ਕਾਰਨ ਨਾਲ ਲੱਗਦੇ ਜ਼ਿਲਾ ਸ਼ੇਖ਼ੂਪੁਰਾ ਚਲਾ ਗਿਆ ਜਿਥੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਵੀ ਕੋਈ ਬਹੁਤੀ ਦੂਰ ਨਹੀਂ ਸੀ। ਨਨਕਾਣਾ ਸਾਹਿਬ ਦੇ ਨਜ਼ਦੀਕ ਰਹਿੰਦਿਆਂ ਐਸ. ਮਹਿੰਦਰ ਨੇ ਗੁਰਮਤਿ ਸੰਗੀਤ ਦੇ ਮਾਹਿਰ ਭਾਈ ਸਮੁੰਦ ਸਿੰਘ ਜੀ (1900-1972) ਪਾਸੋਂ ਕਲਾਸੀਕਲ ਸੰਗੀਤ ਦੀ ਸੰਜੀਦਾ ਸਿਖਲਾਈ ਹਾਸਲ ਕੀਤੀ। ਵਾਰ ਵਾਰ ਬਦਲੀਆਂ ਹੋਣ ਕਾਰਨ ਪਰਿਵਾਰ ਇਕ ਥਾਂ ਤੋਂ ਦੂਜੀ ਥਾਂ ਜਾਂਦਾ ਰਿਹਾ। ਕਿਉਂਕਿ ਐਸ. ਮਹਿੰਦਰ ਦੀ ਪੜ੍ਹਾਈ ਦਾ ਹਰਜ਼ਾ ਹੋ ਰਿਹਾ ਸੀ, ਇਸ ਲਈ 1940ਵਿਆਂ ਦੇ ਸ਼ੁਰੂ ਵਿਚ ਉਸ ਨੂੰ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਕੈਰੋਂ ਵਿਚ ਖਾਲਸਾ ਹਾਈ ਸਕੂਲ ਵਿਚ ਦਾਖਲ ਕਰਵਾ ਦਿੱਤਾ ਗਿਆ। ਪਰ ਉਸ ਦਾ ਸੰਗੀਤ ਲਈ ਪ੍ਰੇਮ ਕਦੇ ਵੀ ਮੱਠਾ ਨਾ ਪਿਆ।

1947 ਵਿਚ ਬਾਕੀ ਦੇ ਪਰਿਵਾਰ ਨੂੰ ਵੀ ਭਾਰਤ ਵਿਚ ਪੂਰਬੀ ਪੰਜਾਬ ਆਉਣਾ ਪਿਆ। ਕਲਾਸੀਕਲ ਸੰਗੀਤ ਲਈ ਪਿਆਰ ਐਸ. ਮਹਿੰਦਰ ਨੂੰ ਉਤਰ ਭਾਰਤੀ ਕਲਾਸੀਕਲ ਸੰਗੀਤ ਦੇ ਮੱਕਾ ਸਮਝੇ ਜਾਂਦੇ ਸ਼ਹਿਰ ਬਨਾਰਸ ਲੈ ਆਇਆ। ਬਨਾਰਸ, ਜਿਥੇ ਕਿ ਬਹੁਤ ਸਾਰੇ ਮਹਾਨ ਸੰਗੀਤਕਾਰਾਂ ਨੇ ਕਲਾਸੀਕਲ ਸੰਗੀਤ ਦੀ ਸਿਖਲਾਈ ਹਾਸਲ ਕੀਤੀ, ਵਿਚ ਕਲਾਸੀਕਲ ਸੰਗੀਤ ਦੀਆਂ ਵੱਖ ਵੱਖ ਧਾਰਾਵਾਂ ਦੀ ਦੋ ਕੁ ਸਾਲ ਸਿਖਲਾਈ ਲੈਣ ਪਿਛੋਂ ਐਸ. ਮਹਿੰਦਰ ਬੰਬਈ ਪਹੁੰਚ ਗਿਆ ਜੋ ਕਿ ਭਾਰਤ ਵਿਚ ਫਿਲਮ ਸਨਅਤ ਦਾ ਮੁੱਖ ਕੇਂਦਰ ਸੀ। ਇਥੇ ਪਹੁੰਚ ਕੇ ਉਸ ਨੇ ਫਿਲਮ ਸੰਗੀਤ ਤਿਆਰ ਕਰਨ ਉਪਰ ਆਪਣੀ ਹੱਥ ਅਜ਼ਮਾਈ ਕੀਤੀ ਅਤੇ ਉਸ ਦੀ ਪਹਿਲੀ ਕਾਮਯਾਬ ਫਿਲਮ 'ਨੀਲੀ' ਸੀ ਜਿਸ ਦਾ ਸੰਗੀਤ ਬਹੁਤ ਹਿੱਟ ਹੋਇਆ ਪਰ ਉਂਜ ਇਹ ਦਰਮਿਆਨੀ ਕਿਸਮ ਦੀ ਫਿਲਮ ਹੀ ਰਹੀ। ਇਸ ਕਾਮਯਾਬੀ ਨਾਲ ਫਿਲਮ ਸੰਗੀਤ ਤਿਆਰ ਕਰਨ ਦੇ ਕਿੱਤੇ ਵਿਚ ਅੜੇ ਰਹਿਣ ਦਾ ਉਸ ਦਾ ਇਰਾਦਾ ਪੱਕਾ ਹੋ ਗਿਆ।

1947 ਦੀ ਵੰਡ ਵੇਲੇ ਆਪਣੇ ਘਰ ਅਤੇ ਦਿਲ ਪਾਕਿਸਤਾਨੀ ਪੰਜਾਬ ਵਿਚ ਛੱਡ ਕੇ ਖਾਲੀ ਹੱਥੀਂ ਬਹੁਤ ਸਾਰੇ ਪੰਜਾਬੀ ਸ਼ਰਨਾਰਥੀ ਭਾਰਤ ਦੇ ਵੱਖ ਵੱਖ ਇਲਾਕਿਆਂ ਵਿਚ ਆ ਕੇ ਵੱਸੇ। ਹਰ ਸ਼ਰਨਾਰਥੀ ਲਈ ਭਾਵੇਂ ਉਹ ਭਾਰਤ ਦੇ ਕਿਸੇ ਵੀ ਹਿੱਸੇ ਵਿਚ ਵੱਸਿਆ, ਜ਼ਿੰਦਗੀ ਬਹੁਤ ਔਖੀ ਸੀ। ਇਹ ਗੱਲ ਐਸ. ਮਹਿੰਦਰ ਦੇ ਮਾਮਲੇ ਵਿਚ ਵੀ ਸਹੀ ਸੀ। ਬੰਬਈ ਵਿਚ ਜ਼ਿੰਦਗੀ ਔਖੀ ਸੀ ਪਰ ਭਾਰਤ ਦੇ ਸਭ ਤੋਂ ਵੱਡੇ ਵਪਾਰਕ ਕੇਂਦਰ ਵਿਚ ਕਾਮਯਾਬੀ ਦੇ ਇਮਕਾਨ ਜ਼ਿਆਦਾ ਸੀ। ਫਿਲਮ 'ਨੀਲੀ' ਦਾ ਸੰਗੀਤ ਤਿਆਰ ਕਰਦਿਆਂ ਐਸ. ਮਹਿੰਦਰ ਦਾ ਸੰਪਰਕ ਇਸ਼ਕ ਦੇ ਡੰਗੇ ਸੁਰੱਈਆ ਅਤੇ ਦੇਵ ਅਨੰਦ ਦੇ ਜੋੜੇ ਨਾਲ ਹੋਇਆ। ਦੋਵੇਂ ਚੋਰੀ ਚੋਰੀ ਧੁਨਾਂ ਬਣਾਉਣ ਦੇ ਉਸ ਦੇ ਸੈਸ਼ਨਾਂ ਵਿਚ ਆਇਆ ਕਰਦੇ ਸਨ। ਸੁਰੱਈਆ ਫਿਲਮ ਦੀ ਮੁੱਖ ਗਾਇਕਾ ਸੀ ਅਤੇ ਦੇਵ ਸਿਰਫ ਉਸ ਦਾ ਸੰਗ ਮਾਨਣ ਲਈ ਆਇਆ ਕਰਦਾ ਸੀ ਅਤੇ ਤਰਜ਼ਾਂ ਦੀ ਤਾਰੀਫ ਕਰਦਾ ਸੀ। ਐਸ. ਮਹਿੰਦਰ ਨੇ ਉਨ੍ਹਾਂ ਦੋਹਾਂ ਦੀਆਂ ਅੱਖਾਂ ਵਿਚ ਹਕੀਕੀ ਇਸ਼ਕ ਦੀ ਝਲਕ ਵੇਖੀ ਜੋ ਕਿ ਸੁਰੱਈਆ ਦੇ ਅੰਦਰਲਾ ਮਹਾਨ ਕਲਾਕਾਰ ਜਗਾਉਣ ਲਈ ਕਾਫੀ ਸੀ।

ਐਸ. ਮਹਿੰਦਰ ਨੇ ਫਿਰ ਫਿਲਮ ਨਿਰੇਦਸ਼ਕ ਵਜੋਂ ਫਿਲਮਸਤਾਨ ਸਟੂਡੀਓ ਵਿਚ ਨੌਕਰੀ ਕਰ ਲਈ ਜੋ ਕਿ ਉਨ੍ਹੀਂ ਦਿਨੀਂ ਕਿਸੇ ਟਕਸਾਲ ਦੇ ਸਿੱਕੇ ਘੜਨ ਵਾਂਗ ਫਿਲਮਾਂ ਤਿਆਰ ਕਰ ਰਿਹਾ ਸੀ। ਐਸ. ਮਹਿੰਦਰ ਨੇ ਕੋਈ ਪੰਜ ਸਾਲ ਫਿਲਮਸਤਾਨ ਲਈ ਸੰਗੀਤ ਤਿਆਰ ਕੀਤਾ। ਉਸ ਲਈ ਸੰਗੀਤ ਤਿਆਰ ਕਰਨ ਦਾ ਇਹ ਵੀ ਇਕ ਬਹੁਤ ਅਮੀਰ ਤਜ਼ਰਬਾ ਸੀ।

ਐਸ. ਮਹਿੰਦਰ ਦਾ ਯਕੀਨ ਹੈ ਕਿ ਅਮਰੀਕਾ ਜਿਸ ਨੂੰ ਕਿ ਵਿਸ਼ਵ ਦੇ ਸਭ ਸਭਿਆਚਾਰਕ ਗਰੁਪਾਂ ਦੀ ਰਿੱਝਦੀ ਦੇਗ ਸਮਝਿਆ ਜਾਂਦਾ ਹੈ, ਵਾਂਗ ਹੀ ਬੰਬਈ ਵੀ ਭਾਰਤ ਦੇ ਸਾਰੇ ਫਿਲਮ ਬਣਾਉਣ ਵਾਲੇ ਸਭਿਆਚਾਰਕ ਗਰੁਪਾਂ ਦਾ ਰਿੱਝਦੀ ਦੇਗ (ਮੈਲਟਿੰਗ ਪੌਟ) ਹੈ। ਬੰਬਈ ਨੇ ਅਨਿਲ ਵਿਸ਼ਵਾਸ, ਸਚਿਨ ਦੇਵ ਬਰਮਨ, ਸਲੀਲ ਚੌਧਰੀ ਅਤੇ ਹੇਮੰਤ ਕੁਮਾਰ ਜਿਹੇ ਬੇਹਤਰੀਨ ਸੰਗੀਤਕਾਰਾਂ ਨੂੰ ਆਕ੍ਰਸ਼ਿਤ ਕੀਤਾ ਹੈ ਜਿਨ੍ਹਾਂ ਨੇ ਹੋਰ ਸੰਗੀਤ ਨਿਰਦੇਸ਼ਕਾਂ ਨੂੰ ਪ੍ਰਭਾਵਿਤ ਕੀਤਾ। ਸੀ ਰਾਮਾ ਚੰਦਰ ਅਤੇ ਸ਼ੰਕਰ ਜੈ ਕਿਸ਼ਨ ਜਿਹੇ ਮਹਾਨ ਸੰਗੀਤਕਾਰ ਮਹਾਰਾਸ਼ਟਰ ਤੋਂ ਆਏ। ਸੱਜਾਦ ਹੁਸੈਨ ਅਤੇ ਗੁਲਾਮ ਮੁਹੰਮਦ ਕੇਂਦਰੀ ਭਾਰਤ ਤੋਂ ਆਏ, ਵਾਸੰਤ ਦੇਸਾਈ ਗੁਜਰਾਤ ਤੋਂ ਸੀ ਅਤੇ ਹੇਮ ਚੰਦ ਪ੍ਰਕਾਸ਼ ਨੇ ਰਾਜਸਥਾਨੀ ਸੰਗੀਤਕ ਵਿਰਾਸਤ ਦੀਆਂ ਮਹਾਨ ਪਰੰਪਰਾਵਾਂ ਦੀ ਤਰਜ਼ਮਾਨੀ ਕੀਤੀ।

ਬੰਬਈ ਵਿਚ ਉਤਾਰਾ ਕਰਨ ਵਾਲੇ ਸੰਗੀਤ ਨਿਰਦੇਸ਼ਕਾਂ ਦਾ ਸਭ ਤੋਂ ਵੱਡਾ ਗਰੁਪ ਪੰਜਾਬ ਤੋਂ ਸੀ। ਕਾਲਕ੍ਰਮ ਅਨੁਸਾਰ ਇਹ ਸਨ- ਉਸਤਾਦ ਝੰਡੇ ਖਾਨ, ਰਫੀਕ ਗਜ਼ਨਵੀ ਬੀ.ਏ., ਸ਼ਿਆਮ ਸੁੰਦਰ, ਖੁਰਸ਼ੀਦ ਅਨਵਰ, ਗੁਲਾਮ ਹੈਦਰ, ਫਿਰੋਜ਼ ਨਿਜ਼ਾਮੀ, ਰਸ਼ੀਦ ਅਤਰੇ, ਪੰਡਿਤ ਗੋਬਿੰਦ ਰਾਮ, ਪੰਡਿਤ ਹੁਸਨਾ ਲਾਲ ਭਗਤ ਰਾਮ, ਮਾਸਟਰ ਹੰਸ ਰਾਜ ਬਹਿਲ, ਵਿਨੋਦ, ਅੱਲਾ ਰੱਖਾ ਖਾਨ, ਸਰਦਾਰ ਮਲਿਕ, ਰੌਸ਼ਨ, ਮਦਨ ਮੋਹਨ, ਰਵੀ, ਖੱਯਾਮ, ਓ ਪੀ ਨੱਈਅਰ, ਸਰਦੂਲ ਕਵਾਤੜਾ ਅਤੇ ਊਸ਼ਾ ਖੰਨਾ। ਇਹ ਸੱਚਾਈ ਹੈ ਕਿ ਜਦੋਂ ਪੁਰਾਣੇ ਕੁੱਕੜਾਂ ਦੀ ਆਵਾਜ਼ ਭਰੜਾਉਣ ਲੱਗਦੀ ਹੈ ਤਾਂ ਨਵੇਂ ਬਾਂਗ ਦੇਣਾ ਸਿੱਖ ਜਾਂਦੇ ਹਨ। ਠੀਕ ਇਹੋ ਕੁਝ ਹੀ ਬੰਬਈ ਦੀ ਸੰਗੀਤ ਦੁਨੀਆਂ ਵਿਚ ਹੋ ਰਿਹਾ ਸੀ। ਐਸ. ਮਹਿੰਦਰ ਜਿਹੇ ਲੋਕਾਂ ਨੇ ਆਪਣੇ ਵਡੇਰਿਆਂ ਤੋਂ ਨਿਸ਼ਠਾ ਨਾਲ ਗੁਰ ਸਿੱਖੇ। ਉਸ ਦਾ ਅਸਲ ਸਟਾਈਲ ਪੰਜਾਬੀ ਮੂਲ ਦਾ ਸੀ, ਪਰ ਬਨਾਰਸ ਨੇ ਉਸ ਨੂੰ ਪੂਰਬੀ ਉਤਰ ਪ੍ਰਦੇਸ਼ ਦੀਆਂ ਸਨਾਤਨੀ ਪਰੰਪਰਾਵਾਂ ਸਿਖਾਈਆਂ ਜਦੋਂਕਿ ਬੰਬਈ ਨੇ ਉਸ ਦੇ ਸੰਗੀਤ ਦੇ ਕਿਰਦਾਰ ਨੂੰ ਅਸਲ ਭਾਰਤੀ ਰੂਪ ਦਿੱਤਾ।



ਐਸ. ਮਹਿੰਦਰ

ਫਿਲਮਸਤਾਨ ਸਟੂਡੀਓ ਨਾਲ ਸੰਗੀਤ ਨਿਰਦੇਸ਼ਕ ਵਜੋਂ ਇਕ ਕਾਮਯਾਬ ਰਿਸ਼ਤੇ ਤੋਂ ਬਾਅਦ ਐਸ. ਮਹਿੰਦਰ ਨੇ ਇਕ ਵੱਡੇ ਫਿਲਮ ਪ੍ਰੋਡਿਊਸਰ ਚੰਦੂ ਲਾਲ ਸ਼ਾਹ (ਰਣਜੀਤ ਮੂਵੀਟੋਨ) ਦੀਆਂ ਫਿਲਮਾਂ ਲਈ ਸੰਗੀਤ ਤਿਆਰ ਕਰਨਾ ਸ਼ੁਰੂ ਕੀਤਾ। ਇਨ੍ਹਾਂ ਵਿਚੋਂ ਜਿਹੜੀ ਇਕ ਬਹੁਤ ਜ਼ਿਆਦਾ ਮਸ਼ਹੂਰ ਹੋਈ ਉਹ ਸੀ 'ਜ਼ਮੀਨ ਕੇ ਤਾਰੇ'। ਇਸ ਫਿਲਮ ਦਾ ਸੰਗੀਤ ਚੋਖਾ ਹਿੱਟ ਹੋ ਗਿਆ। ਇਸ ਉਪਰੰਤ ਵਾਡੀਆ ਭਰਾਵਾਂ ਦੀ ਫਿਲਮ 'ਰਿਪੋਰਟਰ ਰਾਜੂ' ਲਈ ਐਸ. ਮਹਿੰਦਰ ਨੇ ਸੰਗੀਤ ਤਿਆਰ ਕੀਤਾ। ਫਿਲਮ ਪ੍ਰੋਡਿਊਸਰ ਰੂਪ ਕੇ ਸ਼ੋਰੀ ਦੀ ਫਿਲਮ 'ਏਕ ਲੜਕੀ ਸਾਤ ਲੜਕੇ' ਅਤੇ ਇਸ ਤੋਂ ਇਲਾਵਾ ਫਿਲਮ 'ਦੋ ਦੋਸਤ' ਦਾ ਸੰਗੀਤ ਵੀ ਉਸ ਨੇ ਹੀ ਤਿਆਰ ਕੀਤਾ।

ਐਸ. ਮਹਿੰਦਰ ਦੱਸਦਾ ਹੈ ਕਿ ਜਦੋਂ ਸੱਠਵਿਆਂ ਵਿਚ ਪੰਜਾਬੀ ਫਿਲਮ ਸੰਗੀਤ ਦੇ ਖੇਤਰ ਵਿਚ ਹੰਸ ਰਾਜ ਬਹਿਲ ਅਤੇ ਸਰਦੂਲ ਕਵਾਤੜਾ ਹੀ ਰਹਿ ਗਏ ਸਨ ਤਾਂ ਉਦੋਂ ਉਸ ਨੇ ਵੀ ਪੰਜਾਬੀ ਫਿਲਮਾਂ ਉਤੇ ਆਪਣਾ ਹੱਥ ਅਜ਼ਮਾਇਆ। ਫਿਲਮ ਦਰਸ਼ਕਾਂ ਦਾ ਹੁੰਗਾਰਾ ਬਹੁਤ ਵਧੀਆ ਸੀ। ਉਸ ਦੀ ਪਹਿਲੀ ਪੰਜਾਬੀ ਫਿਲਮ 'ਪਰਦੇਸੀ ਢੋਲਾ' (1960 ਵਿਚ ਸ਼ੁਰੂ ਕੀਤੀ ਗਈ ਅਤੇ 1962 ਵਿਚ ਰਿਲੀਜ਼ ਕੀਤੀ ਗਈ) ਦਾ ਸੰਗੀਤ ਹਿੱਟ ਰਿਹਾ। 'ਚੰਬੇ ਦੀ ਕਲੀ' ਫਿਲਮ ਲਈ ਉਸ ਦਾ ਸੰਗੀਤ ਵੀ ਚੰਗਾ ਚੱਲਿਆ। ਐਸ. ਮਹਿੰਦਰ ਦੇ ਇਕ ਦੋਸਤ ਇੰਦਰਜੀਤ ਸਿੰਘ ਹਸਨਪੁਰੀ ਨੇ ਇਕ ਪੰਜਾਬੀ ਫਿਲਮ 'ਦਾਜ' ਬਣਾਈ ਜਿਸ ਦੀਆਂ ਬਹੁਤ ਹੀ ਜਜ਼ਬਾਤੀ ਧੁਨਾਂ ਐਸ. ਮਹਿੰਦਰ ਨੇ ਤਿਆਰ ਕੀਤੀਆਂ। ਫਿਲਮ ਨੇ ਬਾਕਸ ਆਫਿਸ 'ਤੇ ਵੀ ਚੰਗਾ ਕਾਰੋਬਾਰ ਕੀਤਾ ਜਿਸ ਕਰਕੇ ਇਸ ਦੇ ਪ੍ਰੋਡਿਊਸਰ ਨੇ ਇਸ ਦਾ ਹਿੰਦੀ ਰੂਪ 'ਦਹੇਜ' ਤਿਆਰ ਕੀਤਾ। 'ਦਹੇਜ' ਦੇ ਗੀਤ ਵੀ ਇੰਦਰਜੀਤ ਹਸਨਪੁਰੀ ਦੇ ਲਿਖੇ ਸਨ ਅਤੇ ਸੰਗੀਤ ਐਸ. ਮਹਿੰਦਰ ਨੇ ਤਿਆਰ ਕੀਤਾ ਸੀ। ਬਾਅਦ ਵਿਚ 1970ਵਿਆਂ ਦੇ ਅਖੀਰ ਵਿਚ ਐਸ. ਮਹਿੰਦਰ ਨੇ ਕੁਝ ਗੈਰ ਫਿਲਮੀ ਪੰਜਾਬੀ ਐਲਬਮਾਂ ਲਈ ਵੀ ਸੰਗੀਤ ਤਿਆਰ ਕੀਤਾ। ਇਨ੍ਹਾਂ ਦੇ ਗਾਇਕ ਸੁਰਿੰਦਰ ਕੌਰ ਅਤੇ ਆਸਾ ਸਿੰਘ ਮਸਤਾਨਾ ਪੰਜਾਬੀ ਸੰਗੀਤ ਦੁਨੀਆਂ ਵਿਚ ਦੋ ਵੱਡੇ ਨਾਂ ਸਨ। ਇਹ ਗੈਰ ਫਿਲਮੀ ਐਲਬਮਾਂ ਵੀ ਬਹੁਤ ਚੱਲੀਆਂ। ਰੂਹ ਨੂੰ ਨਸ਼ਿਆ ਦੇਣ ਵਾਲੀਆਂ ਤਰਜ਼ਾਂ ਵਿਚ ਐਸ. ਮਹਿੰਦਰ ਦੀ ਛੋਹ ਤੁਸੀਂ ਸਹਿਜੇ ਹੀ ਮਹਿਸੂਸ ਕਰ ਸਕਦੇ ਹੋ।

ਐਸ. ਮਹਿੰਦਰ ਦਾ ਇਕ ਹੋਰ ਦੋਸਤ ਸ਼ਮਿੰਦਰ ਸਿੰਘ ਜੋ ਕਿ ਮੁਕਤਸਰ ਦਾ ਇਕ ਵੱਡਾ ਜ਼ਿੰਮੀਦਾਰ ਸੀ, ਜਮਾਂਦਰੂ ਹੀ ਬਹੁਤ ਵਧੀਆ ਗਾਇਕ ਸੀ। ਉਸ ਦੀ ਆਵਾਜ਼ ਵਿਚ 1950ਵਿਆਂ ਅਤੇ 60ਵਿਆਂ ਦੇ ਇਕ ਸੁਪਰ ਸਟਾਰ ਗਾਇਕ ਤਲਤ ਮਹਿਮੂਦ ਜਿਹਾ ਸੋਜ ਅਤੇ ਦਰਦ ਸੀ। ਸ਼ਮਿੰਦਰ ਪੰਜਾਬੀ ਫਿਲਮਾਂ ਬਣਾਉਣ ਉਤੇ ਹੱਥ ਅਜ਼ਮਾਈ ਕਰਨਾ ਚਾਹੁੰਦਾ ਸੀ ਅਤੇ ਇਹੋ ਇੱਛਾ ਉਸ ਨੂੰ ਬੰਬਈ ਖਿੱਚ ਲਿਆਈ। ਸੰਗੀਤਕਾਰ ਸਰਦੂਲ ਕਵਾਤੜਾ ਦੀ ਭਾਈਵਾਲੀ ਵਿਚ ਉਸ ਨੇ 'ਵਣਜਾਰਾ' ਸਮੇਤ ਕਈ ਫਿਲਮਾਂ ਬਣਾਈਆਂ। ਸ਼ਮਿੰਦਰ ਨੂੰ ਲਤਾ ਮੰਗੇਸ਼ਕਰ ਨਾਲ ਦੋਗਾਣੇ ਗਾਉਣ ਦੀ ਚਾਹਤ ਸੀ ਅਤੇ ਉਸ ਦੀ ਇਹ ਚਾਹਤ ਫਿਲਮ 'ਵਣਜਾਰਾ' ਵਿਚ ਪੂਰੀ ਹੋਈ। ਇਸ ਫਿਲਮ ਵਿਚ ਉਸ ਨੇ ਦੋ ਗੀਤ ਲਤਾ ਮੰਗੇਸ਼ਕਰ ਨਾਲ ਰਲ ਕੇ ਗਾਏ। ਸੰਗੀਤ ਸਰਦੂਲ ਕਵਾਤੜਾ ਨੇ ਤਿਆਰ ਕੀਤਾ। ਬਾਅਦ ਵਿਚ ਐਸ. ਮਹਿੰਦਰ ਨੇ ਸ਼ਮਿੰਦਰ ਨੂੰ ਲੈ ਕੇ ਫਿਲਮ 'ਦੁੱਖ ਭੰਜਨ ਤੇਰਾ ਨਾਮ' ਬਣਾਈ ਜੋ ਕਿ ਚੰਗੀ ਚੱਲੀ।

ਐਸ. ਮਹਿੰਦਰ ਦੀ ਆਖਰੀ ਹਿੰਦੀ ਫਿਲਮ 'ਮਹਿਲੋਂ ਕੇ ਖਵਾਬ' ਸੀ ਜੋ ਮਧੂ ਬਾਲਾ ਨੇ 1967 ਵਿਚ ਬਣਾਈ ਸੀ। ਭਾਰਤੀ ਫਿਲਮੀ ਪਰਦੇ ਦੀ ਇਸ ਪਹਿਲੀ ਮਹਿਲਾ ਦੀ ਸ਼ਾਇਦ ਇਹ ਆਖਰੀ ਫਿਲਮ ਸੀ। ਫਿਲਮ ਬਾਕਸ ਆਫਿਸ 'ਤੇ ਚੰਗੀ ਚੱਲ ਨਿਕਲੀ ਅਤੇ ਉਸ ਦਾ ਸੰਗੀਤ ਵੀ। ਭਰੀ ਜਵਾਨੀ ਵਿਚ ਮਧੂ ਬਾਲਾ ਦੀ ਬੇਮੌਕਾ ਮੌਤ ਨੇ ਐਸ. ਮਹਿੰਦਰ ਨੂੰ ਬੇਹੱਦ ਉਦਾਸ ਕਰ ਦਿੱਤਾ। ਉਹ ਇਸ ਨਤੀਜੇ 'ਤੇ ਪਹੁੰਚਿਆ ਕਿ ਹਿੰਦੀ ਫਿਲਮਾਂ ਲਈ ਸੰਗੀਤ ਤਿਆਰ ਕਰਨ ਦੇ ਖੇਤਰ ਵਿਚ ਬਹੁਤ ਸਾਰੇ ਨਵੇਂ ਖਿਡਾਰੀ ਆ ਰਹੇ ਹਨ ਅਤੇ ਇਸ ਵਿਚੋਂ ਸਰੋਦ ਗਾਇਬ ਹੋ ਰਹੀ ਹੈ ਅਤੇ ਇਸ ਦੀ ਥਾਂ ਸ਼ੋਰਮਚਾਊ ਭਾਂਡੇਭੰਨ ਸੰਗੀਤ ਲੈ ਰਿਹਾ ਹੈ। ਸੋ, ਉਸ ਨੇ ਆਪਣੀਆਂ ਜੜ੍ਹਾਂ ਵੱਲ ਜਾਣ ਦਾ ਫੈਸਲਾ ਕੀਤਾ ਅਤੇ ਪੰਜਾਬੀ ਫਿਲਮਾਂ ਲਈ ਸੰਗੀਤ ਤਿਆਰ ਕਰਨ ਵਾਲੇ ਪਾਸੇ ਲੱਗ ਗਿਆ। ਉਸ ਦੇ ਇਸ ਕਦਮ ਦਾ ਵੱਡਾ ਲਾਭ ਵੀ ਹੋਇਆ। 1970ਵਿਆਂ ਵਿਚ ਉਸ ਨੂੰ ਮਾਸਟਰ ਹੰਸ ਰਾਜ ਬਹਿਲ ਵਰਗੇ ਪੁਰਾਣੇ ਧੁਰੰਤਰਾਂ ਨਾਲੋਂ ਵੀ ਵੱਧ ਕੰਟਰੈਕਟ ਮਿਲੇ।

1960ਵਿਆਂ ਦੇ ਸ਼ੁਰੂ ਵਿਚ ਇਕ ਬੜੀ ਹੀ ਦਿਲਚਸਪ ਘਟਨਾ ਵਾਪਰੀ ਜੋ ਕਿ ਖੁਦ ਐਸ. ਮਹਿੰਦਰ ਨੇ ਮੈਨੂੰ ਸੁਣਾਈ। ਫਿਲਮ ਐਕਟਰ ਬਣਨ ਦੇ ਚੱਕਰ ਵਿਚ ਸ਼ਮਿੰਦਰ ਸਿੰਘ ਨੇ ਆਪਣੀ ਕੱਕੀ ਦਾਹੜੀ ਅਤੇ ਮੁੱਛਾਂ ਸਾਫ ਕਰਵਾ ਦਿੱਤੀਆਂ। ਲਤਾ ਮੰਗੇਸ਼ਕਰ ਨੇ ਉਸ ਨੂੰ ਇਕ ਸਾਬਤ ਸਬੂਤ ਸਿੱਖ ਵਜੋਂ ਹੀ ਦੇਖਿਆ ਸੀ। ਇਕ ਦਿਨ ਐਸ. ਮਹਿੰਦਰ ਦੇ ਨਾਲ ਸ਼ਮਿੰਦਰ ਸਿੰਘ ਦਾ ਟਾਕਰਾ ਲਤਾ ਮੰਗੇਸ਼ਕਰ ਨਾਲ ਹੋ ਗਿਆ। ਜਦੋਂ ਲਤਾ ਨੇ ਪੁੱਛਿਆ ਕਿ ਇਹ ਨੌਜਵਾਨ ਕੌਣ ਹੈ? ਤਾਂ ਐਸ. ਮਹਿੰਦਰ ਦਾ ਜਵਾਬ ਸੀ, 'ਇਹ ਆਪਣਾ ਸ਼ਮਿੰਦਰ ਹੈ।' ਲਤਾ ਨੇ ਮੋੜ ਮੋੜਿਆ, 'ਤੂੰ ਆਪਣੀ ਕੱਕੀ ਦਾਹੜੀ, ਮੁੱਛਾਂ ਅਤੇ ਪੱਗ ਨਾਲ ਏਡਾ ਸੋਹਣਾ ਲੱਗਦਾ ਸੀ, ਤੂੰ ਆਪਣੇ ਆਪ ਨਾਲ ਇਹ ਕਾਰਾ ਕਿਉਂ ਕੀਤਾ?' ਸ਼ਮਿੰਦਰ ਕੋਲੇ ਕੋਈ ਜਵਾਬ ਨਹੀਂ ਸੀ।

ਸੰਨ 1966 ਦੀ ਗੱਲ ਹੈ। ਪੰਥ ਪ੍ਰਸਿਧ ਸੰਗੀਤਕਾਰ ਭਾਈ ਸੰਤਾ ਸਿੰਘ ਜੀ ਬੰਬਈ ਆਏ। ਮੁਹੰਮਦ ਰਫੀ ਨੇ ਉਨ੍ਹਾਂ ਦਾ ਇਕ ਪ੍ਰੋਗਰਾਮ ਸੁਣਿਆ। ਮੁਹੰਮਦ ਰਫੀ, ਜੋ ਕਿ ਭਾਈ ਸੰਤਾ ਸਿੰਘ ਦੇ ਨਾਲ ਆਲ ਇੰਡੀਆ ਰੇਡੀਓ ਲਾਹੌਰ ਉਤੇ ਇਕ ਕੈਜ਼ੂਅਲ ਰੇਡੀਓ ਆਰਟਿਸਟ ਦੇ ਆਪਣੇ ਦਿਨਾਂ ਤੋਂ ਹੀ ਉਨ੍ਹਾਂ ਦਾ ਸ਼ੈਦਾਈ ਸੀ, ਨੂੰ ਉਨ੍ਹਾਂ ਦੀ ਆਵਾਜ਼ ਇਸ ਕਦਰ ਪਸੰਦ ਆਈ ਕਿ ਆਪਣੀ ਇਕ ਆਉਣ ਵਾਲੀ ਪੰਜਾਬੀ ਧਾਰਮਿਕ ਫਿਲਮ ਵਿਚ ਸ਼ਬਦ ਗਾਉਣ ਦੀ ਉਨ੍ਹਾਂ ਨੂੰ ਪੇਸ਼ਕਸ਼ ਕਰ ਦਿੱਤੀ। ਪਰ ਭਾਈ ਸੰਤਾ ਸਿੰਘ ਅਜਿਹੀਆਂ ਪੇਸ਼ਕਸ਼ਾਂ ਲਈ ਬਹੁਤ ਹੀ ਸਾਦਾ ਵਿਅਕਤੀ ਸਨ, ਉਨ੍ਹਾਂ ਕਿਸੇ ਫਿਲਮ ਲਈ ਗਾਉਣ ਤੋਂ ਸਾਫ ਇਨਕਾਰ ਕਰ ਦਿੱਤਾ। ਇਹ ਭਾਈ ਸੰਤਾ ਸਿੰਘ ਦੀ ਉਹੀ ਬੰਬਈ ਫੇਰੀ ਸੀ ਜਿਸ ਦੇ ਅਖੀਰ 'ਤੇ ਉਹ ਦਿੱਲੀ ਨੂੰ ਵਾਪਸ ਆਉਂਦਿਆਂ ਰੇਲ ਗੱਡੀ ਵਿਚ ਜ਼ਬਰਦਸਤ ਹਰਟ ਅਟੈਕ ਹੋਣ ਕਾਰਨ ਚਲਾਣਾ ਕਰ ਗਏ ਸਨ।

ਮੁਹੰਮਦ ਰਫੀ ਦੀ ਕਿਸੇ ਸਿੱਖ ਧਾਰਮਿਕ ਥੀਮ ਵਾਲੀ ਫਿਲਮ ਲਈ ਗਾਉਣ ਦੀ ਹਸ਼ਰਤ 1969 ਵਿਚ ਪੂਰੀ ਹੋਈ। ਅੰਮ੍ਰਿਤਸਰ ਤੋਂ ਸਿੰਧੀ ਭਰਾਵਾਂ ਰਾਮ ਮਹੇਸ਼ਵਰੀ ਅਤੇ ਪੰਨਾ ਲਾਲ ਮਹੇਸ਼ਵਰੀ ਨੇ ਸਿੱਖ ਅਕੀਦਿਆਂ 'ਤੇ ਆਧਾਰਤ ਇਕ ਪੰਜਾਬੀ ਫਿਲਮ ਬਣਾਉਣ ਦਾ ਫੈਸਲਾ ਕੀਤਾ। ਫਿਲਮ ਦਾ ਨਾਂ 'ਨਾਨਕ ਨਾਮ ਜਹਾਜ਼ ਹੈ' ਰਖਿਆ ਗਿਆ। ਐਸ. ਮਹਿੰਦਰ ਨਾਲ ਇਸ ਫਿਲਮ ਦਾ ਸੰਗੀਤ ਤਿਆਰ ਕਰਨ ਲਈ ਕੰਟਰੈਕਟ ਹੋਇਆ। ਫਿਲਮ ਦੀ ਕਹਾਣੀ ਕੁਝ ਇਸ ਤਰ੍ਹਾਂ ਸੀ ਕਿ ਕਈ ਇਕ ਸੀਨ ਹਰਿਮੰਦਰ ਸਾਹਿਬ ਵਿਚ ਫਿਲਮਾਏ ਜਾਣੇ ਸਨ। ਐਸ. ਮਹਿੰਦਰ ਨੇ ਸੋਚਿਆ ਕਿ ਇਨ੍ਹਾਂ

*(ਅਗਲੇ ਸਫੇ 'ਤੇ ਜਾਰੀ)*

ਦ੍ਰਿਸ਼ਾਂ ਦਾ ਸੰਗੀਤ ਬਹੁਤ ਹੀ ਸੰਵੇਦਨਸ਼ੀਲ ਵਿਸ਼ਾ ਹੈ, ਇਸ ਲਈ ਇਹ ਸਿੱਖ ਧਾਰਮਿਕ ਕਲਾਸੀਕਲ ਸੰਗੀਤ ਦੇ ਕਿਸੇ ਮਹਾਰਥੀ ਦੇ ਗਲੇ ਦਾ ਹੀ ਗਾਇਆ ਹੋਣਾ ਚਾਹੀਦਾ ਹੈ। ਇਸ ਲਈ ਉਸ ਨੇ ਆਜ਼ਾਦੀ ਤੋਂ ਪਹਿਲਾਂ ਦੇ ਦਿਨਾਂ ਦੇ ਆਪਣੇ ਉਸਤਾਦ ਭਾਈ ਸਮੁੰਦ ਸਿੰਘ ਹੋਰਾਂ ਨੂੰ ਕੁਝ ਸ਼ਬਦ ਗਾਉਣ ਦੀ ਬੇਨਤੀ ਕੀਤੀ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਭਾਈ ਸਮੁੰਦ ਸਿੰਘ ਪਾਸੋਂ ਐਸ. ਮਹਿੰਦਰ ਨੇ ਆਪਣੇ ਬਚਪਨ ਵਿਚ ਸਿੱਖ ਕਲਾਸੀਕਲ ਸੰਗੀਤ ਦੀ ਰਾਗ ਵਿਦਿਆ ਹਾਸਲ ਕੀਤੀ ਸੀ। ਸ਼ੁਰੂ ਵਿਚ ਭਾਈ ਸਮੁੰਦ ਸਿੰਘ ਨੇ ਵੀ ਹਿਚਕਚਾਹਟ ਵਿਖਾਈ ਪਰ ਅਖੀਰ ਉਹ ਫਿਲਮ ਲਈ ਗਾਉਣ ਵਾਸਤੇ ਮੰਨ ਗਏ। ਐਸ. ਮਹਿੰਦਰ ਦਾ ਯਕੀਨ ਹੈ ਕਿ ਜੋ ਥਾਂ ਫਿਲਮ 'ਮੁਗਲੇ ਆਜ਼ਮ' ਵਿਚ ਬੜੇ ਗੁਲਾਮ ਅਲੀ ਖਾਨ ਦੇ ਗਾਇਨ ਦੀ ਹੈ ਉਹੀ ਥਾਂ ਪੰਜਾਬੀ ਫਿਲਮ 'ਨਾਨਕ ਨਾਮ ਜਹਾਜ਼ ਹੈ' ਵਿਚ ਭਾਈ ਸਮੁੰਦ ਸਿੰਘ ਦੇ ਸ਼ਬਦ ਗਾਇਨ ਦੀ ਹੈ। ਜਿਵੇਂ ਕਿ ਆਪਾਂ ਸਾਰੇ ਜਾਣਦੇ ਹੀ ਹਾਂ 'ਨਾਨਕ ਨਾਮ ਜਹਾਜ਼ ਹੈ' ਹੁਣ ਤੱਕ ਦੀ ਸਭ ਤੋਂ ਵੱਧ ਹਿੱਟ ਪੰਜਾਬੀ ਫਿਲਮ ਹੈ। ਇਸ ਦਾ ਧਾਰਮਿਕ ਸਭਿਆਚਾਰਕ ਸੰਗੀਤ ਬੇਹੱਦ ਕਾਮਯਾਬ ਰਿਹਾ। ਜਿਥੋਂ ਤੱਕ ਇਸ ਦੇ ਸੰਗੀਤ ਦੀ ਵਿਕਰੀ ਦਾ ਸਵਾਲ ਹੈ ਇਸ ਨੇ ਪੰਜਾਬੀ ਫਿਲਮ ਸੰਗੀਤ ਦੇ ਅਗਲੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ। ਇਸ ਦੀਆਂ ਕੈਸਿਟਾਂ ਅਤੇ ਸੀਡੀਆਂ ਅੱਜ ਤੱਕ ਵੀ ਵਿਕ ਰਹੀਆਂ ਹਨ।



ਭਾਰਤ ਦੇ ਰਾਸ਼ਟਰਪਤੀ ਵਲੋਂ ਹਰ ਵਰ੍ਹੇ ਭਾਰਤੀ ਫਿਲਮ ਸਨਅਤ ਨੂੰ ਪੁਰਸਕਾਰ ਦਿੱਤੇ ਜਾਂਦੇ ਹਨ। ਇਨ੍ਹਾਂ ਵਿਚੋਂ ਇਕ ਪੁਰਸਕਾਰ ਸਾਲ ਦੇ ਸਭ ਤੋਂ ਵਧੀਆ ਤਿਆਰ ਕੀਤੇ ਗਏ ਸੰਗੀਤ ਲਈ ਹੁੰਦਾ ਹੈ। ਇਹ ਪੁਰਸਕਾਰ ਸਿਰਫ ਹਿੰਦੀ ਫਿਲਮ ਸਨਅਤ ਹੀ ਨਹੀਂ ਸਗੋਂ ਭਾਰਤ ਦੇ ਸਾਰੇ ਖਿਤਿਆਂ ਲਈ ਬਣੀਆਂ ਫਿਲਮਾਂ ਲਈ ਹੁੰਦਾ ਹੈ। ਸੰਗੀਤ ਲਈ ਉਪਰਲੇ ਦਾਅਵੇਦਾਰਾਂ ਵਿਚ ਕਈ ਸਾਰੀਆਂ ਦੱਖਣ ਭਾਰਤੀ ਫਿਲਮਾਂ ਵੀ ਸ਼ਾਮਲ ਸਨ। ਹਿੰਦੀ ਫਿਲਮਾਂ ਦਾ ਸੰਗੀਤ ਮਿਆਰ ਪੱਖੋਂ ਕਾਫੀ ਹੇਠਾਂ ਆ ਚੁੱਕਾ ਸੀ। ਰਵਾਇਤੀ ਭਾਰਤੀ ਲੋਕ ਅਤੇ ਸਨਾਤਨੀ ਸੰਗੀਤ ਅਲੋਪ ਹੋ ਰਿਹਾ ਸੀ ਅਤੇ ਇਸ ਦੀ ਥਾਂ ਮਿਲਗੋਭਾ ਪੱਛਮੀ ਸੰਗੀਤ ਹਿੰਦੀ ਸਿਨਮੇ ਵਿਚ ਡੂੰਘਾ ਪਾੜ ਪਾ ਰਿਹਾ ਸੀ। ਦੱਖਣੀ ਫਿਲਮਾਂ ਵਿਚ ਕਰਨਾਟਕੀ ਸਟਾਈਲ ਦਾ ਸੰਗੀਤ ਅਜੇ ਵੀ ਆਪਣੇ ਉਚੇ ਮਿਆਰ ਕਾਇਮ ਰੱਖ ਰਿਹਾ ਸੀ। ਐਸ. ਮਹਿੰਦਰ ਨੇ ਫਿਲਮ 'ਨਾਨਕ ਨਾਮ ਜਹਾਜ਼ ਹੈ' ਦੀਆਂ ਸਾਰੀਆਂ ਤਰਜ਼ਾਂ ਹਿੰਦੋਸਤਾਨੀ ਕਲਾਸੀਕਲ ਸੰਗੀਤ ਦੇ ਆਧਾਰ ਉਤੇ ਤਿਆਰ ਕੀਤੀਆਂ। ਇਹੋ ਵਜ੍ਹਾ ਹੈ ਕਿ ਪੂਰੇ ਸੋਚ ਵਿਚਾਰ ਅਤੇ ਪੁਣਛਾਣ ਤੋਂ ਬਾਅਦ 1970 ਦਾ ਬੇਹਤਰੀਨ ਫਿਲਮ ਸੰਗੀਤ ਦਾ ਪੁਰਸਕਾਰ ਐਸ. ਮਹਿੰਦਰ ਨੂੰ ਦਿੱਤਾ ਗਿਆ। ਜ਼ਾਹਰਾ ਤੌਰ 'ਤੇ ਇਹ ਪੁਰਸਕਾਰ ਮਿਲਣ 'ਤੇ ਅਤੇ ਉਹ ਵੀ ਇਕ ਪੰਜਾਬੀ ਫਿਲਮ ਨੂੰ, ਪੰਜਾਬ ਵਿਚ ਕਾਫੀ ਖੁਸ਼ੀ ਦਾ ਮਾਹੌਲ ਸੀ। 'ਨਾਨਕ ਨਾਮ ਜਹਾਜ਼ ਹੈ' ਦੀ ਲਾਮਿਸਾਲ ਕਾਮਯਾਬੀ ਨੇ ਸਿੱਖ ਧਾਰਮਿਕ ਕਥਾਵਾਂ ਦੇ ਆਧਾਰ ਉਤੇ ਚੰਗੀਆਂ ਫਿਲਮਾਂ ਬਣਾਉਣ ਲਈ ਰਾਹ ਪੱਧਰਾ ਕਰ ਦਿੱਤਾ। ਐਸ. ਮਹਿੰਦਰ ਨੇ ਇਨ੍ਹਾਂ ਵਿਚੋਂ ਬਹੁਤੀਆਂ ਸਿੱਖ ਧਾਰਮਿਕ ਫਿਲਮਾਂ ਦਾ ਸੰਗੀਤ ਤਿਆਰ ਕੀਤਾ। 'ਦੁੱਖ ਭੰਜਨ ਤੇਰਾ ਨਾਮ' ਉਸ ਦੀ ਅਗਲੀ ਫਿਲਮ ਸੀ, ਜੋ ਪੂਰੀ ਕਾਮਯਾਬ ਰਹੀ। ਇਸ ਪਿਛੋਂ ਦੋ ਹੋਰ ਫਿਲਮਾਂ 'ਮਨ ਜੀਤੇ ਜਗਿ ਜੀਤ' ਅਤੇ 'ਪਾਪੀ ਤਾਰੇ ਅਨੇਕ' ਆਈਆਂ। ਇਹ ਦੋਵੇਂ ਵੀ ਬਾਕਸ ਆਫਿਸ 'ਤੇ ਕਾਮਯਾਬ ਰਹੀਆਂ। ਇਹ ਸਾਰੀਆਂ ਫਿਲਮਾਂ 1970ਵਿਆਂ ਦੇ ਦਹਾਕੇ ਵਿਚ ਆਈਆਂ। ਇਨ੍ਹਾਂ ਵਿਚੋਂ ਕਈਆਂ ਦਾ ਸਦੀਆਂ ਤੱਕ ਯਾਦ ਰੱਖਣਯੋਗ ਸੰਗੀਤ ਐਸ. ਮਹਿੰਦਰ ਨੇ ਤਿਆਰ ਕੀਤਾ।

1970ਵਿਆਂ ਦੇ ਦਹਾਕੇ ਵਿਚ ਐਸ. ਮਹਿੰਦਰ ਨੇ ਕੁਝ ਪ੍ਰਾਈਵੇਟ ਐਲਬਮਾਂ ਲਈ ਵੀ ਸੰਗੀਤ ਤਿਆਰ ਕੀਤਾ ਜਿਨ੍ਹਾਂ ਵਿਚੋਂ ਕੁਝ ਸਿੱਖ ਭਗਤੀ ਸੰਗੀਤ ਦੀਆਂ ਸਨ ਅਤੇ ਕੁਝ ਪੰਜਾਬ ਦੇ ਲੋਕ ਸੰਗੀਤ ਦੀਆਂ। ਇਨ੍ਹਾਂ ਵਿਚੋਂ ਕਈਆਂ ਵਿਚ ਆਵਾਜ਼ ਸਦਾਬਹਾਰ ਗਾਇਕਾ ਸੁਰਿੰਦਰ ਕੌਰ ਦੀ ਸੀ।

ਐਸ. ਮਹਿੰਦਰ 1982 ਵਿਚ ਭਾਰਤ ਛੱਡ ਕੇ ਉਦੋਂ ਅਮਰੀਕਾ ਆ ਵੱਸਿਆ ਜਦੋਂ ਇਕ ਸੰਗੀਤਕਾਰ ਦੇ ਤੌਰ 'ਤੇ ਉਹ ਆਪਣੇ ਪੇਸ਼ੇ ਦੇ ਸਿਖਰ ਉਤੇ ਉਸ ਦੇ ਤਿਆਰ ਕੀਤੇ ਸੰਗੀਤ ਵਾਲੀ ਆਖਰੀ ਫਿਲਮ 'ਮੌਲਾ ਜੱਟ' ਸੀ ਜਿਸ ਵਿਚ ਮੁੱਖ ਰੋਲ ਦਾਰਾ ਸਿੰਘ ਦਾ ਸੀ। ਇਹ ਫਿਲਮ ਵੀ 1982 ਵਿਚ ਰਿਲੀਜ਼ ਹੋਈ।

ਅਮਰੀਕਾ ਵਿਚ ਰਹਿੰਦਿਆਂ ਐਸ. ਮਹਿੰਦਰ ਨੇ ਕੁਝ ਨਿਜੀ ਧਾਰਮਿਕ ਅਤੇ ਰੁਮਾਂਟਿਕ ਸੰਗੀਤ ਐਲਬਮਾਂ ਲਈ ਤਰਜ਼ਾਂ ਤਿਆਰ ਕੀਤੀਆਂ। ਇਨ੍ਹਾਂ ਵਿਚ ਕੈਨੇਡਾ ਦੇ ਇਕਬਾਲ ਮਾਹਲ ਦੀ ਤਰਫੋਂ ਤਿਆਰ ਕੀਤੀ ਗਈ ਰੋਸ਼ਨ ਪੁਖਰਾਜ ਦੀਆਂ ਗਜ਼ਲਾਂ ਦੀ ਇਕ ਐਲਬਮ ਵੀ ਸ਼ਾਮਲ ਹੈ। ਇਕ ਹੋਰ ਐਲਬਮ ਨਾਰਦਰਨ ਵਰਜ਼ੀਨੀਆ ਦੀ ਕੰਵਲ ਬਜਾਜ ਦੀ ਆਵਾਜ਼ ਵਿਚ ਵੀ ਹੈ। 1990ਵਿਆਂ ਵਿਚ ਜਾਰੀ ਕੀਤੀ ਗਈ ਆਸ਼ਾ ਭੋਂਸਲੇ ਦੀ ਆਵਾਜ਼ ਵਿਚ ਸ਼ਬਦਾਂ ਦੀ ਇਕ ਐਲਬਮ ਇਕ ਸੰਗੀਤਕ ਸ਼ਾਹਕਾਰ ਹੈ। ਐਸ. ਮਹਿੰਦਰ ਦਾ ਮਨ ਨਾਰਦਰਨ ਵਰਜ਼ੀਨੀਆ ਦੀ ਬੀਬੀ ਅਮਰਜੀਤ ਕੌਰ ਦੀ ਵਿਸਮਾਦੀ ਆਵਾਜ਼ ਵਿਚ ਸ਼ਬਦਾਂ ਦੀ ਇਕ ਜਾਂ ਇਕ ਤੋਂ ਵੱਧ ਸੀਡੀ ਤਿਆਰ ਕਰਨ ਦਾ ਵੀ ਹੈ। ਬੀਬੀ ਅਮਰਜੀਤ ਕੌਰ ਭਾਈ ਸੰਤਾ ਸਿੰਘ ਦੀ ਸ਼ਾਗਿਰਦ ਹੈ। ਪਰ ਬੰਬਈ ਹਵਾਈ ਸਫਰ ਕਰਕੇ ਜਾਣਾ ਉਸ ਲਈ ਦਿਨੋਂ ਦਿਨ ਔਖਾ ਹੁੰਦਾ ਜਾ ਰਿਹਾ ਹੈ। ਉਹ ਹਰ ਸਾਲ ਇਸ ਨਿਹਾਇਤ ਸਿਰਜਣਾਤਮਕ ਪ੍ਰਾਜੈਕਟ ਨੂੰ ਅੱਗੇ ਪਾਉਂਦਾ ਆ ਰਿਹਾ ਹੈ। ਉਮੀਦ ਹੈ ਕਿ ਕਿਸੇ ਦਿਨ ਉਹ ਆਪਣਾ ਹੌਸਲਾ ਇਕੱਤਰ ਕਰਕੇ ਬੰਬਈ ਰਿਕਾਰਡਿੰਗ ਲਈ ਜ਼ਰੂਰ ਪਹੁੰਚ ਜਾਏਗਾ। ਉਸ ਨਾਲ ਕੰਮ ਕਰਦੇ ਰਹੇ ਕਈ ਸਾਜ਼ੀ ਅਜੇ ਵੀ ਜਿਊਂਦੇ ਹਨ। ਮੈਨੂੰ ਲੱਗਦਾ ਹੈ ਕਿ ਇਹ ਦਿਨ ਬਹੁਤ ਦੂਰ ਨਹੀਂ ਹੈ। ਉਸ ਦਾ ਇਕ ਜਵਾਈ ਬੰਬਈ ਵਿਚ ਕਿਸੇ ਸ਼ਿਪਿੰਗ ਕੰਪਨੀ ਦਾ ਵੱਡਾ ਅਫਸਰ ਹੈ। ਉਹ ਐਸ. ਮਹਿੰਦਰ ਨੂੰ ਕਿਸੇ ਦਿਨ ਬੰਬਈ ਜਾਣ ਅਤੇ ਕੁਝ ਸਿਰਜਣਾਤਮਕ ਕੰਮ ਕਰਨ ਲਈ ਮਨਾ ਹੀ ਲਵੇਗਾ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਬਹੁਤੇ ਸੰਗੀਤ ਨਿਰਦੇਸ਼ਕ ਬੜੇ ਇਸ਼ਕੀਆ ਮਿਜਾਜ਼ ਦੇ ਰਹੇ ਹਨ ਅਤੇ ਉਨ੍ਹਾਂ ਦੇ ਵਿਆਹ ਬਾਹਰੇ ਸਬੰਧ ਬਹੁਤ ਹੀ ਸੌਖਿਆਂ ਜੁੜ ਜਾਂਦੇ ਰਹੇ ਪਰ ਐਸ. ਮਹਿੰਦਰ ਆਪਣੇ ਆਪ ਨੂੰ ਖੁਸ਼ਕਿਸਮਤ ਗਿਣਦਾ ਹੈ ਕਿ ਉਸ ਨੂੰ ਇਕ ਬਹੁਤ ਹੀ ਪਿਆਰੀ ਔਰਤ ਦਵਿੰਦਰ ਕੌਰ ਸਰਨਾ ਦਾ ਜੀਵਨ ਸਾਥ ਮਿਲਿਆ ਹੈ। ਦਵਿੰਦਰ ਕੌਰ ਹੁਣ ਪਾਕਿਸਤਾਨੀ ਪੰਜਾਬ ਵਿਚ ਰਹਿ ਗਏ ਗੁਜਰਾਤ ਜ਼ਿਲੇ ਦੇ ਇਕ ਚੱਢਾ ਪਰਿਵਾਰ ਦੀ ਧੀ ਹੈ। ਐਸ. ਮਹਿੰਦਰ ਦੇ ਦੋ ਪੁੱਤਰ ਅਤੇ ਦੋ ਧੀਆਂ ਹਨ ਅਤੇ ਸਾਰੇ ਵਿਆਹੇ ਹੋਏ ਹਨ। ਉਸ ਦੀ ਸਭ ਤੋਂ ਵੱਡੀ ਧੀ ਨਵੀਨ ਕੌਰ ਚੋਪੜਾ ਹੈ ਅਤੇ ਉਸ ਦਾ ਦੂਜਾ ਬੱਚਾ ਕੰਵਲਪ੍ਰੀਤ ਸਿੰਘ ਸਰਨਾ ਬੰਬਈ ਰਹਿੰਦਾ ਹੈ। ਉਸ ਦਾ ਤੀਜਾ ਬੱਚਾ ਰਿਸ਼ਮ ਕੌਰ ਸੇਠੀ ਹੈ ਜੋ ਕੈਲੀਫੋਰਨੀਆ ਰਹਿੰਦੀ ਹੈ ਅਤੇ ਚੌਥਾ ਬੱਚਾ ਸਤਿੰਦਰਪਾਲ ਸਿੰਘ ਸਰਨਾ 'ਸਨੀ' ਨਾਰਦਰਨ ਵਰਜ਼ੀਨੀਆ ਵਿਚ ਉਸ ਦੇ ਨਾਲ ਹੀ ਰਹਿੰਦਾ ਹੈ।

ਐਸ. ਮਹਿੰਦਰ ਬਾਰੇ ਇਕਬਾਲ ਸਿੰਘ ਮਾਹਲ ਨੇ ਆਪਣੀ ਪੁਸਤਕ 'ਸੁਰਾਂ ਦੇ ਸੌਦਾਗਰ' ਵਿਚ ਲਿਖਿਆ ਹੈ ਕਿ ਐਸ. ਮਹਿੰਦਰ ਇਕ ਲੰਮਾ-ਝੰਮਾ ਸਿੱਖ ਹੈ ਅਤੇ ਉਸ ਦੇ ਇਸ ਉਚੇ ਲੰਮੇ ਕੱਦ ਕਾਠ ਕਰਕੇ ਕਈ ਵੱਡੇ ਪ੍ਰਸਿਧ ਪ੍ਰਸੰਸ਼ਕ ਹਨ। ਐਕਟਰੈਸਾਂ ਵਿਚੋਂ ਸਭ ਤੋਂ ਵੱਡੀ ਉਸ ਦੀ ਪ੍ਰਸੰਸ਼ਕ ਸਵਰਗੀ ਮਧੂ ਬਾਲਾ ਰਹੀ ਹੈ। ਇਕ ਵਾਰੀ ਮਧੂ ਬਾਲਾ ਨੇ ਐਸ. ਮਹਿੰਦਰ ਨੂੰ ਆਪਣੇ ਨਾਲ ਵਿਆਹ ਕਰਾਉਣ ਦੀ ਤਜਵੀਜ਼ ਪੇਸ਼ ਕਰਕੇ ਬੜੀ ਕਸੂਤੀ ਸਥਿਤੀ ਵਿਚ ਫਸਾ ਦਿੱਤਾ ਸੀ। ਉਸ ਨੂੰ ਇਹ ਪਤਾ ਸੀ ਕਿ ਐਸ. ਮਹਿੰਦਰ ਪਹਿਲਾਂ ਹੀ ਵਿਆਹਿਆ ਹੋਇਆ ਹੈ।

ਮਧੂ ਬਾਲਾ ਨੂੰ ਇਸ ਗੱਲ ਦਾ ਵੀ ਪਤਾ ਸੀ ਕਿ ਬਾਲੀਵੁੱਡ ਵਿਚ ਅਸਚਰਜ ਚੀਜ਼ਾਂ ਵਾਪਰ ਜਾਂਦੀਆਂ ਹਨ ਅਤੇ ਕਿਉਂਕਿ ਇਹ ਤਜਵੀਜ਼ ਸੁੰਦਰਤਾ ਦੀ ਮੂਰਤੀ ਅਤੇ ਭਾਰਤ ਦੀ ਇਕ ਬਹੁਤ ਕਾਮਯਾਬ ਐਕਟਰੈਸ ਵਲੋਂ ਆਈ ਸੀ ਇਸ ਲਈ ਐਸ. ਮਹਿੰਦਰ ਸਮੇਤ ਕਿਸੇ ਵਿਚ ਵੀ ਇਨਕਾਰ ਕਰਨ ਦੀ ਜੁਰਅਤ ਹੀ ਨਹੀਂ ਸੀ ਹੋ ਸਕਦੀ। ਵਾਕਿਆ ਹੀ ਇਹ ਤਜਵੀਜ਼ ਕਿਸੇ ਨੂੰ ਸ਼ੈਦਾਈ ਕਰ ਦੇਣ ਵਾਲੀ ਸੀ। ਐਸ. ਮਹਿੰਦਰ ਇਸ ਤਜਵੀਜ਼ ਦੇ ਨਫੇ-ਨੁਕਸਾਨ ਬਾਰੇ ਕਈ ਦਿਨ ਸੋਚਦਾ ਰਿਹਾ। ਮਧੂ ਬਾਲਾ ਨੇ ਐਸ. ਮਹਿੰਦਰ ਦੀ ਪਤਨੀ ਦੇ ਆਪਣੇ ਗੁਜ਼ਾਰੇ ਅਤੇ ਬੱਚਿਆਂ ਦੀ ਪੜ੍ਹਾਈ ਲਈ ਇਕ ਖਾਸੀ ਵੱਡੀ ਰਕਮ ਦੇਣ ਦੀ ਵੀ ਤਜਵੀਜ਼ ਰੱਖੀ ਸੀ। ਐਸ. ਮਹਿੰਦਰ ਨੇ ਹੌਸਲਾ ਇਕੱਠਾ ਕੀਤਾ ਅਤੇ ਇਸ ਤਜਵੀਜ਼ ਨੂੰ ਇਨਕਾਰ ਕਰ ਦਿੱਤਾ। ਅੱਜ ਦੇ ਦਿਨ ਤੱਕ ਐਸ. ਮਹਿੰਦਰ ਆਪਣੀ ਪਤਨੀ ਨਾਲ ਰਹਿ ਰਿਹਾ ਹੈ ਅਤੇ ਇਹ ਸਾਥ ਅੱਧੀ ਸਦੀ ਤੋਂ ਵੀ ਵੱਧ ਦਾ ਹੈ। ਬੰਬਈ ਉਹ ਸ਼ਹਿਰ ਹੈ ਜਿਸ ਵਿਚ ਐਕਟਿੰਗ ਅਤੇ ਸੰਗੀਤ ਦੇ ਕਾਰੋਬਾਰ ਵਿਚ ਬਹੁਤ ਸਾਰੀਆਂ ਪਰੀ ਕਹਾਣੀਆਂ ਵਾਲੇ ਵਿਆਹ ਹੁੰਦੇ ਰਹਿੰਦੇ ਹਨ ਜੋ ਅਖੀਰ ਟੁੱਟ ਵੀ ਜਾਂਦੇ ਹਨ। ਪਰ ਐਸ. ਮਹਿੰਦਰ ਨੂੰ ਕੋਈ ਵੀ ਲੋਭ ਜਾਂ ਜ਼ਿੰਦਗੀ ਦਾ ਉਤਰਾਅ-ਚੜ੍ਹਾਅ ਥਿੜਕਾ ਨਹੀਂ ਸਕਿਆ।

## ਕੁਝ ਹਿੰਦੀ, ਉਰਦੂ ਤੇ ਪੰਜਾਬੀ ਫਿਲਮਾਂ ਜਿਨ੍ਹਾਂ ਦਾ ਸੰਗੀਤ ਐਸ. ਮਹਿੰਦਰ ਨੇ ਤਿਆਰ ਕੀਤਾ

| | | |
|---|---|---|
| ਗੀਤ ਔਰ ਆਂਸੂ | ਵੀਰ ਅਰਜੁਨ | ਸਰਫਰੋਸ਼ |
| ਸਿਹਰਾ | ਜ਼ਮੀਨ ਕੇ ਤਾਰੇ | ***ਪੰਜਾਬੀ ਫਿਲਮਾਂ:*** |
| ਜੀਵਨ ਸਾਥੀ | ਰਿਪੋਰਟਰ ਰਾਜੂ | ਪਰਦੇਸੀ ਢੋਲਾ |
| ਨੀਲੀ | ਨਾਤਾ | ਚੰਬੇ ਦੀ ਕਲੀ |
| ਸ਼ਾਦੀ ਕੀ ਰਾਤ | ਸ਼ੀਰੀਂ ਫਰਹਾਦ | ਤੇਰੀ ਮੇਰੀ ਇਕ ਜਿੰਦੜੀ |
| ਬਹਾਦੁਰ | ਨਯਾ ਪੈਸਾ | ਨਾਨਕ ਨਾਮ ਜਹਾਜ਼ ਹੈ |
| ਪਾਪੀ | ਮਹਿਲੋਂ ਕੇ ਖਵਾਬ | ਦੁੱਖ ਭੰਜਨ ਤੇਰਾ ਨਾਮ |
| ਸ੍ਰੀਮਤੀ ਜੀ | ਘਰ ਜਮਾਈ | ਮਨ ਜੀਤੇ ਜਗਿ ਜੀਤ |
| ਸੌ ਕਾ ਨੋਟ | ਜੈ ਭਵਾਨੀ | ਪਾਪੀ ਤਾਰੇ ਅਨੇਕ |
| ਅਲਾਦੀਨ ਕਾ ਬੇਟਾ | ਸੰਦਲੀ | ਦਾਜ |
| ਸ਼ਹਿਜ਼ਾਦਾ | ਏਕ ਲੜਕੀ ਸਾਤ ਲੜਕੇ | ਸੁਖੀ ਪਰਿਵਾਰ |
| ਕਾਰਵਾਂ | ਦੋ ਦੋਸਤ | ਫੌਜੀ ਚਾਚਾ |
| ਪਾਤਾਲਪਰੀ | ਪਿਕਨਿਕ | ਸੰਤੋ-ਬੰਤੋ |
| ਸੁਲਤਾਨ-ਏ-ਆਜ਼ਮ | ਦਹੇਜ | ਲਾਡਲੀ |
| ਕੈਪਟਨ ਸ਼ੇਰੂ | ਬਾਂਕੇ ਸਾਂਵਰੀਆ | ਮੁਗਲਾਨੀ ਬੇਗਮ |
| ਬੇਖਬਰ | ਜ਼ਰਕ ਖਾਨ | ਮੌਲਾ ਜੱਟ |

# ਜਿਸ ਤਨ ਲੱਗੀਆਂ ਸੋਈ ਜਾਣੇ

ਮੇਜਰ ਕੁਲਾਰ ਬੋਪਾਰਾਏ ਕਲਾਂ*

ਕਾਲੇ ਰੰਗ ਦੇ ਬੰਦੇ ਦਾ ਦਿਲ ਜ਼ਰੂਰੀ ਨਹੀਂ ਕਿ ਕਾਲਾ ਹੀ ਹੋਊ। ਕਈ ਵਾਰ ਗੋਰੇ ਰੰਗ ਵਾਲੇ ਗੋਰੇ ਰੰਗ ਦਾ ਅਜਿਹਾ ਡੰਗ ਮਾਰਦੇ ਹਨ ਕਿ ਕਾਲਾ ਨਾਗ ਵੀ ਹੈਰਾਨ ਹੋ ਜਾਂਦਾ ਹੈ। ਗੁਲਾਬ ਦਾ ਖਿੜਿਆ ਫੁੱਲ ਹਰੇਕ ਤੋੜਨਾ ਚਾਹੁੰਦਾ ਹੈ ਪਰ ਕਈ ਵਾਰ ਕੰਡਿਆਂ ਤੋਂ ਡਰਦਾ ਹੱਥ ਨਹੀਂ ਪਾਉਂਦਾ। ਮੁਟਿਆਰ ਕੁੜੀ ਦਾ ਹਾਣ ਹਰੇਕ ਨੂੰ ਚੰਗਾ ਲੱਗਦਾ ਹੈ ਨਾਲ ਉਸਦੇ ਮਗਰਮੱਛਾਂ ਵਰਗੇ ਭਰਾਵਾਂ ਤੋਂ ਵੀ ਡਰ ਲੱਗਦਾ ਹੈ, ਜਿਨ੍ਹਾਂ ਨੇ ਕੱਚਿਆਂ ਨੂੰ ਚੱਬ ਜਾਣਾ ਹੁੰਦਾ ਹੈ। ਪੁੱਤ ਦੀ ਤਮੰਨਾ ਕਈ ਵਾਰ ਮਾਂ ਨੂੰ ਚੌਰਾਹੇ ਵਿਚ ਟੂਣੇ ਤੋਂ ਟੱਪਣ ਲਈ ਮਜਬੂਰ ਕਰ ਦਿੰਦੀ ਹੈ। ਉਹੀ ਪੁੱਤ ਵੱਡਾ ਹੋ ਕੇ ਮਾਂ ਨੂੰ ਬਦਲਚਣ ਆਖ, ਮਾਂ ਦਾ ਸਿਰ ਪਾੜ ਦਿੰਦਾ ਹੈ। ਸੱਥ ਵਿਚ ਬੈਠ ਕੇ ਦਾਜ ਵਿਰੋਧੀ ਗੱਲਾਂ ਕਰਨ ਵਾਲੇ ਆਪਣੇ ਪੁੱਤ ਦੇ ਵਿਆਹ ਸਮੇਂ ਦਾਜ ਦੀ ਲਿਸਟ ਵਿਚੋਲੇ ਨੂੰ ਫੜਾਉਂਦੇ ਮੈਂ ਆਪਣੇ ਅੱਖੀਂ ਵੇਖੇ ਹਨ। ਅੱਜ ਦੇ ਲਾਲਚੀ ਯੁੱਗ ਵਿਚ ਕਿਸੇ ਦੇ ਮੂੰਹੋਂ ਨਿਕਲੀ ਗੱਲ ਦਾ ਯਕੀਨ ਕਰ ਲੈਣਾ ਮੂਰਖਤਾ ਹੈ। ਸੱਚ ਦਾ ਠੰਡਾ ਬੁੱਲ੍ਹਾ ਤਪਦੇ ਤਨਾਂ ਦਾ ਵਿਰੋਧੀ ਬਣ ਬੈਠਾ ਹੈ। ਮਾਪੇ ਪੁੱਤਰਾਂ ਦੀ ਖਾਤਰ ਆਪਣੇ ਨੈਣਾਂ ਦੀ ਜੋਤ ਗਵਾ ਲੈਂਦੇ ਹਨ ਪਰ ਸਰਬਣ ਪੁੱਤ ਵਰਗਾ ਜੰਮਣਾ ਔਖਾ ਹੈ।

ਅਸੀਂ ਆਪਣੇ ਦੇਸ਼ ਤੇ ਘਰ ਇਸ ਲਈ ਛੱਡੇ ਸਨ ਕਿ ਘਰਾਂ ਦੀ ਆਰਥਿਕ ਹਾਲਤ ਸੁਧਾਰੀ ਜਾਵੇ ਨਾ ਕਿ ਆਉਣ ਵਾਲੀ ਪੀੜ੍ਹੀ ਵਿਗਾੜੀ ਜਾਵੇ। ਅੱਜ ਤੋਂ 30-35 ਸਾਲ ਪਹਿਲਾ ਬੰਦਿਆਂ ਨੇ ਹੱਡ ਭੰਨਵੀਂ ਕਮਾਈ ਕਰਕੇ ਆਪਣੇ ਘਰਾਂ ਦੀ ਹਾਲਤ ਸੁਧਾਰੀ ਆਪਣੇ ਭੈਣ-ਭਰਾਵਾਂ ਦੇ ਵਿਆਹ ਕੀਤੇ, ਖੁਦ ਪੇਪਰਾਂ ਦੇ ਚੱਕਰਾਂ ਵਿਚ ਵਿਆਹ ਲੇਟ ਕਰਵਾਏ? ਆਪਣੇ ਭੈਣ-ਭਰਾਵਾਂ ਨੂੰ ਸੈਟ ਕਰਦੇ, ਆਪਣੇ ਮਾਤਾ-ਪਿਤਾ ਦੇ ਸਸਕਾਰ 'ਤੇ ਵੀ ਨਹੀਂ ਪਹੁੰਚ ਸਕੇ। ਵਿਆਹ ਵਾਲੀ ਉਮਰ ਟੱਪ ਕੇ ਫਿਰ ਵਿਆਹ ਕਰਵਾਏ ਜਿਹੜੇ ਅੱਧਿਉਂ ਵਧ ਵਿਚਾਲਿਓਂ ਟੁੱਟਦੇ ਰਹੇ। ਪੁਰਾਣੀ ਉਮਰ ਨਾ ਉਧਰ ਦੇ ਨਾ ਇਧਰ ਦੇ ਰਹੇ। ਜਿਨ੍ਹਾਂ ਦੇ ਪਰਿਵਾਰ ਟਾਈਮ ਨਾਲ ਇਥੇ ਪਹੁੰਚੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਔਲਾਦਾਂ ਨੇ ਅਗਲੇ ਘਰ ਵਿਖਾਏ। ਔਲਾਦ ਦੀ ਖਾਤਰ ਦਿਨ ਰਾਤ ਕੰਮ ਕਰਦੇ ਰਹੇ ਪਰ ਔਲਾਦ ਨੇ ਬਾਤ ਨਾ ਪੁੱਛੀ। ਧੀ-ਧਿਆਣੀਆਂ ਨੇ ਵੀ ਮਾਪਿਆਂ ਨੂੰ ਬਹੁਤ ਸਤਾਇਆ। ਪੁਰਾਣੇ ਖ਼ਿਆਲਾਂ ਦੇ ਪੰਜਾਬੀ ਵੀਰਾਂ ਤੋਂ ਇੱਥੇ ਦੀ ਜੰਮੀ ਹੋਈ ਨਵੀਂ ਪੀੜ੍ਹੀ ਦੇ ਖ਼ਿਆਲਾਂ ਨਾਲ ਰਲ ਨਹੀਂ ਹੁੰਦਾ। ਇੱਥੇ ਦੇ ਬੱਚੇ ਇਥੋਂ ਦੇ ਕਲਚਰ ਨੂੰ ਛੇਤੀ ਅਪਨਾਉਂਦੇ ਹਨ। ਪੰਜਾਬੀ ਕਲਚਰ ਨੂੰ ਉਨ੍ਹਾਂ ਲਈ ਅਪਨਾਉਣਾ ਔਖਾ ਹੁੰਦਾ ਹੈ। ਸਾਡੇ ਕੋਲ ਇਥੇ ਦੇ ਬੱਚਿਆਂ ਨਾਲ ਰਲ ਕੇ ਚੱਲਣ ਦਾ ਗੁਰ ਨਹੀਂ ਹੈ। ਸਾਡੀ ਪੁਰਾਣੀ ਸੋਚ ਸਾਨੂੰ ਨਵੀਂ ਸੋਚ ਦੇ ਹਾਣੀ ਬਣਨ ਨਹੀਂ ਦਿੰਦੀ।

ਵਿਚਕਾਰਲੀ ਉਮਰੇ ਪਰਦੇਸੀ ਵੀਰ ਦੋ ਪੁੜਾਂ ਵਿਚਕਾਰ ਆ ਜਾਂਦਾ ਹੈ। ਜਵਾਨੀ ਵਿਚ ਦੋ ਦੋ ਜੌਬਾਂ ਕਰਕੇ ਪਿੰਡ ਜ਼ਮੀਨ ਤੇ ਘਰ ਬਣਾਉਂਦਾ ਹੈ। ਆਪਣੇ ਭੈਣ-ਭਰਾਵਾਂ ਲਈ ਮਰਦਾ ਹੈ। ਪਿਛੋਕੜ ਨੂੰ ਸੰਵਾਰਦਾ ਭਵਿੱਖ ਵੀ ਖਰਾਬ ਕਰ ਲੈਂਦਾ ਹੈ। ਕੰਮ ਵਾਲੀ ਉਮਰ ਪਿੱਛੇ ਵਾਲਿਆਂ ਦੇ ਲੇਖੇ ਲਾ ਦਿੰਦਾ ਹੈ। ਆਪਣੇ ਬੱਚਿਆਂ ਲਈ ਟਾਈਮ ਨਹੀਂ ਬਚਦਾ। ਪਹਿਲਾਂ ਕਮਾਇਆ ਧਨ ਪਿਛਲੇ ਭਰਾ ਦੱਬ ਲੈਂਦੇ ਹਨ ਜਿਹੜਾ ਅਸਲੀ ਧਨ ਬੱਚੇ ਹੁੰਦੇ ਹਨ ਉਹ ਸਮੇਂ ਦੀ ਘਾਟ ਕਰਕੇ ਅਮਰੀਕਾ ਦੀ ਖੁੱਲ੍ਹ ਖੇਡ ਆਪਣੇ ਵਿਚ ਸਮਾਂ ਲੈਂਦੀ ਹੈ। ਔਲਾਦ ਦਾ ਫਿਕਰ ਫਿਰ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਕਹਿੰਦੇ ਨੇ ਚਿੰਤਾ ਚਿਖਾ ਨਾਲੋਂ ਵੀ ਭੈੜੀ ਹੈ। ਨਿੱਤ ਦਿਨ ਫਿਕਰਾਂ ਸੋਚਾਂ ਵਿਚ ਮੱਚਣਾ ਪਰਦੇਸੀ ਦੇ ਹਿੱਸੇ ਆ ਜਾਂਦਾ ਹੈ। ਜੇ ਕਿੱਤੇ ਪ੍ਰਦੇਸੀ ਪਿੰਡ ਜਾ ਕੇ ਆਪਣੀ ਜਾਇਦਾਦ ਤੋਂ ਹਿੱਸਾ ਮੰਗ ਲਵੇ ਤਾਂ ਫਿਰ ਬੰਤ ਸਿਉਂ ਵਰਗੀ ਹੁੰਦੀ ਹੈ।

ਬੰਤ ਸਿਉਂ ਨੇ ਜਾਨ ਤਲੀ ਤੇ ਧਰ ਕੇ ਅਮਰੀਕਾ ਦੀ ਮਿੱਟੀ ਤਲੀ ਤੇ ਰੱਖ ਮੱਥਾ ਟੇਕਿਆ। ਖੇਤਾਂ ਵਿਚ ਕੰਮ ਕਰਕੇ ਹੱਡ ਤੁੜਵਾਏ, ਚੋਰੀ-ਛੁਪੇ ਰਹਿ ਕੇ ਪਿੱਛੇ ਘਰਦਿਆਂ ਨੂੰ ਲੋਕਾਂ ਵਿਚ ਖੜ੍ਹਨ ਜੋਗੇ ਕੀਤਾ। ਦਸ-ਬਾਰਾਂ ਸਾਲਾਂ ਬਾਅਦ ਕਾਗਜ਼ ਬਣੇ, ਪਿੰਡ ਜਾ ਕੇ ਵਿਆਹ ਕਰਵਾਇਆ। ਇੱਥੇ ਦਾ ਸਿਟੀਜ਼ਨ ਬਣਦੇ-ਬਣਦੇ ਨੇ ਇੰਡੀਆ ਆਪ ਤਿੰਨ ਸਿਟੀਜਨ ਪੈਦਾ ਕਰ ਦਿੱਤੇ। ਦੋ ਸਾਲੀਂ ਪਿੰਡ ਗੇੜਾ ਮਾਰਦਾ ਰਿਹਾ। ਬਾਪੂ ਨੇ ਖੱਤ ਲਿਖ ਪਾ ਦੇਣਾ। ਆਪਣੇ ਨਾਲ ਲੱਗਦੇ ਦੋ ਕਿਲ੍ਹੇ ਮਿਲਦੇ ਹਨ। ਬੰਤ ਸਿਉਂ ਪੈਸੇ ਭੇਜੀ ਗਿਆ। ਹੁਣ ਜਦੋਂ ਉਸ ਦਾ ਪਰਿਵਾਰ ਆ ਗਿਆ ਤੇ ਪੈਸੇ ਭੇਜਣੇ ਬੰਦ ਹੋ ਗਏ। ਘਰ ਦੇ ਖਰਚ ਵਧ ਗਏ। ਬੱਚੇ ਜਵਾਨ ਹੋ ਗਏ। ਬੰਤ ਸਿਉਂ ਨੂੰ ਆਖਣ ਲੱਗੇ, "ਪਿਤਾ ਜੀ ਅਸੀਂ ਇੱਥੇ ਅਪਾਰਟਮੈਂਟ ਵਿਚ ਰਹਿੰਦੇ ਹਾਂ। ਤੁਸੀਂ ਪਿੰਡ ਚਾਚੇ ਹੋਣਾ ਤੋਂ ਪੈਸੇ ਮੰਗਾ ਕੇ ਘਰ ਕਿਉਂ ਨਹੀਂ ਲੈ ਲੈਂਦੇ। ਤੁਸੀਂ ਇੱਥੇ ਐਨਾ ਕੰਮ ਕਰਦੇ ਹੋ। ਚਾਚੇ ਹੋਣੀ ਤਾਂ ਵਿਹਲੇ ਰਹਿੰਦੇ ਹਨ, ਸਾਰਾ ਕੰਮ ਤਾਂ ਭਈਏ ਕਰਦੇ ਹਨ। ਤੁਹਾਨੂੰ 25 ਸਾਲ ਹੋ ਗਏ ਹਨ ਜੌਬ ਹੀ ਕਰੀ ਜਾਉਗੇ।"

ਬੰਤ ਸਿਉਂ ਸੋਚੀਂ ਪੈ ਗਿਆ। ਪਰਿਵਾਰ ਨਾਲ ਸਲਾਹ ਕਰਕੇ ਨਵੇਂ ਸਾਲ ਤੇ ਇੰਡੀਆ ਪਹੁੰਚ ਗਿਆ। ਪੰਜ-ਚਾਰ ਦਿਨ ਲੰਘੇ, ਦਿਲ ਤਕੜਾ ਕਰਕੇ ਬਾਪੂ ਜੀ ਨੂੰ ਪੈਸਿਆਂ ਬਾਰੇ ਆਖਿਆ। ਬਾਪੂ ਨੇ ਛੋਟੇ ਭਰਾਵਾਂ ਨਾਲ ਰਾਇ ਕਰਨ ਵਾਸਤੇ ਆਖ ਦਿੱਤਾ। ਛੋਟੇ ਭਰਾਵਾਂ ਨਾਲ ਗੱਲ ਤੋਰੀ ਤਾਂ ਉਨ੍ਹਾਂ ਨੇ ਅੱਗੋਂ ਸਿਰ ਚੜ੍ਹਿਆ ਕਰਜਾ ਗਿਣਾ ਦਿੱਤਾ। ਤੂੰ-ਤੂੰ ਮੈਂ-ਮੈਂ ਨਾਲ ਗੱਲ ਵਧ ਗਈ। ਰਿਸ਼ਤੇਦਾਰ ਇਕੱਠੇ ਕਰ ਲਏ। ਰਿਸ਼ਤੇਦਾਰਾਂ ਵੀ ਇੰਡੀਆ ਰਹਿੰਦੇ ਭਰਾਵਾਂ ਦਾ ਪੱਖ ਪੂਰਿਆ। ਗੱਲ ਮੁੱਕਦੀ ਹੋਈ ਕਿ ਜੋ ਜ਼ਮੀਨ ਬੈ-ਖਰੀਦੀ ਸੀ, ਉਹ ਤਾਂ ਦੋਵੇਂ ਛੋਟੇ ਭਰਾਵਾਂ ਦੇ ਨਾਂ ਸੀ, ਜੱਦੀ ਜ਼ਮੀਨ 'ਚੋਂ ਹਿੱਸਾ ਬਾਪੂ ਦੇ ਮਰਨ ਤੋਂ ਬਾਅਦ ਹੀ ਮਿਲੇਗਾ। ਜੇ ਘਰ ਵਿਚੋਂ ਹਿੱਸਾ ਲੈਣਾ ਤਾਂ ਸਾਨੂੰ ਦਸ ਲੱਖ ਰੁਪਿਆ ਦੇਣਾ ਪਾਊ। ਬੰਤ ਸਿਉਂ ਪੈਸੇ ਲੈਣ ਗਿਆ ਸੀ। ਉਨ੍ਹਾਂ ਨੇ ਉਲਟ ਉਸ ਵਲ ਰੁਪਏ ਕੱਢ ਦਿੱਤੇ। ਬੇਬੇ ਬਾਪੂ ਨਾ ਚਾਹੁੰਦਿਆਂ ਵੀ ਛੋਟਿਆਂ ਦੇ ਮੰਜੇ ਬੈਠਣ ਲਈ ਮਜਬੂਰ ਸਨ।

ਬੰਤ ਸਿਉਂ ਸੋਚਦਾ ਜੋ ਮੇਰੇ ਨਾਲ ਹੋਈ ਹੈ ਸਾਰੇ ਪਰਦੇਸੀਆਂ ਨਾਲ ਹੀ ਹੁੰਦੀ ਹੋਵੇਗੀ। ਛੋਟੀਆਂ ਭਰਜਾਈਆਂ ਜੋ ਸਾਗ ਵਿਚ ਘਿਉ ਪਾ ਕੇ ਦਿੰਦੀਆਂ ਸਨ, ਉਹ ਵੀ ਪਾਸਾ ਵੱਟ ਗਈਆਂ। ਛੋਟੇ-ਛੋਟੇ ਭਤੀਜੇ ਤੇ ਭਤੀਜੀਆਂ ਗੋਦੀ ਚੜ੍ਹਨੋਂ ਡਰਨ ਲੱਗ ਗਏ। ਬੰਤ ਸਿਉਂ ਅਮਰੀਕਾ ਵਿਚ ਆਪਣਾ ਘਰ ਬਣਾਉਂਦਾ-ਬਣਾਉਂਦਾ ਇੰਡੀਆ ਵਾਲੇ ਘਰ ਨੂੰ ਵੀ ਸਦਾ ਲਈ ਜੰਦਰੇ ਮਾਰ ਆਇਆ।

ਹੁਣ ਸੋਚਦਾ ਹੈ ਕਿਉਂ 20 ਸਾਲ ਦੀ ਕਮਾਈ ਇੰਡੀਆ ਭੇਜੀ? ਹੁਣ ਮੈਂ ਜਿਸ ਤਰ੍ਹਾਂ ਇੰਡੀਆ ਤੋਂ ਆਇਆ ਸੀ ਉਸੇ ਤਰ੍ਹਾਂ ਅੱਜ ਵੀ ਖਾਲੀ ਬੈਠਾਂ ਹਾਂ। ਕੀ ਮੇਰੀ ਔਲਾਦ ਵੀ ਮੇਰੇ ਵਾਂਗ ਸਾਰੀ ਉਮਰ ਜੌਬਾਂ ਕਰਕੇ ਹੱਡ ਤੁੜਵਾਏਗੀ? ਜੇ ਮੈਂ ਦੱਸ ਸਾਲ ਵੀ ਆਪਣੇ ਲਈ ਕੰਮ ਕਰ ਲੈਂਦਾ, ਸ਼ਾਇਦ ਮੈਨੂੰ ਅੱਜ ਇਹ ਦਿਨ ਨਾ ਵੇਖਣੇ ਪੈਂਦੇ।

ਕਈ ਵਾਰ ਸੋਚ ਆਉਂਦੀ ਹੈ ਕਿ ਇਹ ਕਹਾਣੀ ਸਾਡੇ ਸਾਰਿਆਂ ਦੀ ਨਾ ਬਣ ਜਾਵੇ। ਜ਼ਮੀਨਾਂ ਦੇ ਲੋੜੋਂ ਵਧ ਵਧੇ ਰੇਟ ਐਨ.ਆਰ.ਆਈ. ਵੀਰਾਂ ਦੇ ਲਈ ਘਾਤਕ ਸਿੱਧ ਹੋ ਰਹੇ ਹਨ। ਲਾਲਚ ਆਪਣੇ ਹੱਦ ਬੰਨੇ ਟੱਪ ਕੇ ਸਕੇ ਭਰਾਵਾਂ ਦੇ ਖੂਨ ਵਿਚ ਜ਼ਹਿਰ ਬਣ ਬੈਠਾ ਹੈ। ਮੈਂ ਨਹੀਂ ਕਹਿੰਦਾ ਕਿ ਸਾਰੇ ਹੀ ਭਰਾ, ਸਾਰੇ ਹੀ ਰਿਸ਼ਤੇਦਾਰ ਨਿਰਮੋਹੇ ਹੋ ਗਏ ਹਨ ਪਰ ਇੰਨੀਆ ਕਹਾਣੀਆਂ ਸੁਣ ਚੁੱਕਾ ਹਾਂ ਕਿ ਲੱਗਦਾ ਹੈ, ਭਰਾਵਾਂ ਤੋਂ ਤੁਹਾਨੂੰ ਖੂਨ ਦਾ ਰਿਸ਼ਤਾ ਨਹੀਂ ਜ਼ਹਿਰ ਦਾ ਪਿਆਲਾ ਮਿਲੇਗਾ। ਜਿੱਥੇ ਤੱਕ ਬਚ ਹੁੰਦਾ ਬਚੀਏ। ਭੈਣ ਭਰਾਵਾਂ ਦੀ ਜ਼ਿੰਦਗੀ ਬਣਾਉਂਦੇ ਹੋਏ ਆਪਣੀ ਜ਼ਿੰਦਗੀ ਤੋਂ ਨਾ ਹੱਥ ਧੋ ਬੈਠੀਏ। ਕਿਸੇ ਦੇ ਹੱਕਾਂ 'ਤੇ ਸੱਪ ਬਣ ਨਾ ਬੈਠੀਏ। ਪਰਮਾਤਮਾ ਸਾਨੂੰ ਸਾਰਿਆ ਨੂੰ ਸੁਮੱਤ ਬਖਸ਼ੇ।

*916-273-2856

# ਮੁਹੰਮਦ ਰਫੀ ਨੂੰ ਵੀ ਮਿਲਣਾ ਚਾਹੀਦੈ ਦਾਦਾ ਸਾਹਿਬ ਫਾਲਕੇ ਐਵਾਰਡ

**-ਮੁਹੰਮਦ ਯਹੀਆ ਅਨਸਾਰੀ**

ਇਹ ਖੁਸ਼ੀ ਵਾਲੀ ਖ਼ਬਰ ਹੈ ਕਿ ਗਾਇਕੀ ਦੇ ਸ਼ਹਿਨਸ਼ਾਹ ਮੰਨਾ ਡੇ ਨੂੰ ਉੱਚ-ਦੁਮਾਲੜੇ ਵਾਲੇ ਦਾਦਾ ਸਾਹਿਬ ਫਾਲਕੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ। ਇਸ ਸਨਮਾਨ ਲਈ ਉਹ ਹੱਕਦਾਰ ਵੀ ਸਨ। ਇਹ ਪੁਰਸਕਾਰ ਉਨ੍ਹਾਂ ਨੂੰ ਮਿਲਿਆ ਭਾਵੇਂ ਕੁਝ ਦੇਰ ਨਾਲ ਹੀ ਹੈ, ਪ੍ਰੰਤੂ ਇਹ ਅਤਿਅੰਤ ਸਵਾਗਤਯੋਗ ਹੈ। ਮੈਨੂੰ ਸਭ ਤੋਂ ਵਧ ਅਫ਼ਸੋਸ ਇਸ ਗੱਲ ਦਾ ਹੈ ਕਿ ਕੇਂਦਰ ਸਰਕਾਰ ਨੇ ਮੁਹੰਮਦ ਰਫ਼ੀ ਨੂੰ ਅੱਖੋਂ-ਪਰੋਖੇ ਹੀ ਕਰੀ ਰੱਖਿਆ ਹੈ, ਜੋ ਕਿ ਭਾਰਤ ਦਾ ਸਭ ਨਾਲੋਂ ਵਧੀਆ, ਸਭ ਨਾਲੋਂ ਵਧ ਪ੍ਰਤਿਭਾਵਾਨ ਅਤੇ ਖ਼ੁਦਾਰ ਗਾਇਕ ਸੀ ਜਿਹੜਾ ਕਿ ਬਿਨਾ ਕਿਸੇ ਚੁਣੌਤੀ ਦੇ ਇਕ ਮਹਾਂ-ਮਾਨਵ ਦੀ ਤਰ੍ਹਾਂ ਚਾਰ ਦਹਾਕਿਆਂ ਲਈ ਬਾਲੀਵੁੱਡ ਦੇ ਸੰਗੀਤਕ ਆਕਾਸ਼ ਉਪਰ ਛਾਇਆ ਰਿਹਾ। ਭਾਵੇਂ ਕੁਦਰਤ ਨੇ ਉਸਨੂੰ 55 ਸਾਲ ਦੀ ਛੋਟੀ ਉਮਰ ਵਿਚ ਹੀ ਸਾਡੇ ਕੋਲੋਂ ਖੋਹ ਲਿਆ, ਪਰ ਉਸ ਦੇ ਕੋਈ 20,000 ਤੋਂ ਵੱਧ ਗੀਤ 20 ਭਾਸ਼ਾਵਾਂ ਵਿਚ ਰਿਕਾਰਡਾਂ ਦੇ ਰੂਪ ਵਿਚ ਅੱਜ ਵੀ ਗੂੰਜਦੇ ਹਨ। ਇਸਤੋਂ ਇਲਾਵਾ ਵੱਡੀ ਗਿਣਤੀ ਵਿਚ ਗੈਰ-ਫ਼ਿਲਮੀ ਗੀਤ ਵੀ ਉਸ ਨੇ ਗਾਏ ਸਨ। ਤੁਸੀਂ ਕਿਸੇ ਵੀ ਅਤੇ ਕਿਹੋ ਜਿਹੇ ਵੀ ਅਵਸਰ ਲਈ ਚਾਹੋ, ਤੁਹਾਨੂੰ ਉਸ ਲਈ ਰਫ਼ੀ ਦੇ ਐਨ ਢੁਕਵੇਂ ਗੀਤ ਮਿਲ ਜਾਣਗੇ। ਗੱਲ ਭਾਵੇਂ ਭੰਗੜੇ, ਗਜ਼ਲ ਜਾਂ ਕੱਵਾਲੀ ਦੀ ਹੋਵੇ, ਜਾਂ ਫਿਰ ਰੁਮਾਂਟਿਕ ਗੀਤਾਂ ਦੀ, ਇਹ ਲੋਰੀਆਂ ਹੋਣ, ਸ਼ਾਸਤਰੀ ਸੰਗੀਤ ਹੋਵੇ ਜਾਂ ਲੋਕ ਗੀਤ, ਦੇਸ਼ਭਗਤੀ ਦਾ ਗੀਤ ਹੋਵੇ ਜਾਂ ਹਲਕਾ-ਫੁਲਕਾ ਗੀਤ, ਭਜਨ ਹੋਵੇ ਜਾਂ ਧੀ ਦੀ ਸ਼ਾਦੀ ਮੌਕੇ ਦਾ ਵਿਦਾਇਗੀ ਗੀਤ- ਰਫ਼ੀ ਦੀ ਆਵਾਜ਼ ਦਾ ਜਾਦੂ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੰਦਾ ਹੈ। ਮਹਾਂ-ਗਾਇਕ ਕੇ.ਐਲ. ਸਹਿਗਲ ਨੇ ਉਸਨੂੰ ਅਸ਼ੀਰਵਾਦ ਦਿੱਤਾ ਸੀ ਅਤੇ ਇਹ ਭਵਿੱਖਬਾਣੀ ਕੀਤੀ ਸੀ ਕਿ ਇਕ ਦਿਨ ਆਏਗਾ, ਜਦੋਂ ਉਹ ਉਸ ਤੋਂ (ਸਹਿਗਲ) ਵੀ ਅੱਗੇ ਨਿਕਲ ਜਾਏਗਾ। ਕਿਸ਼ੋਰ ਕੁਮਾਰ ਆਪਣੀਆਂ ਫ਼ਿਲਮਾਂ ਵਿਚ ਆਪਣੇ ਗੀਤ ਖੁਦ ਹੀ ਗਾਇਆ ਕਰਦਾ ਸੀ, ਪ੍ਰੰਤੂ ਉਸ ਨੇ ਵੀ ਤਿੰਨ ਜਾਂ ਚਾਰ ਗੀਤ ਰਫ਼ੀ ਕੋਲੋਂ ਸੰਗੀਤਬੱਧ ਕਰਵਾਏ ਸਨ।

ਰਫ਼ੀ ਦੀ ਕਮਾਲ ਦੀ ਹੁਨਰਮੰਦੀ ਯੁਗਾਂ-ਯੁਗਾਂਤਰਾਂ ਦੀਆਂ ਵਿਧੀਆਂ ਨੂੰ ਮਾਤ ਪਾ ਦਿੰਦੀ ਸੀ। ਉਸ ਵਿਚ ਹਰ ਪੀੜ੍ਹੀ ਦੀ ਆਵਾਜ਼ ਬਣਨ ਦੀ ਯੋਗਤਾ ਸੀ। ਉਸਦੀ ਜਾਦੂਮਈ ਅਤੇ ਮਰਦਾਵੀਂ ਆਵਾਜ਼ ਹਰੇਕ ਅਭਿਨੇਤਾ ਨੂੰ ਸੂਤ ਬੈਠ ਜਾਂਦੀ ਸੀ। ਜੇ ਕੋਈ ਮੁਕਾਬਲਾ ਕਰਨਾ ਹੋਵੇ ਤਾਂ ਉਹ ਕੇਵਲ ਲਾਮਿਸਾਲ ਲਤਾ ਮੰਗੇਸ਼ਕਰ ਨਾਲ ਹੀ ਕੀਤਾ ਜਾ ਸਕਦਾ ਹੈ। ਜੇ ਉਹ ਹੂਕ ਦੀ ਰਾਣੀ ਹੈ ਤਾਂ ਬਿਨਾਂ ਸ਼ੱਕ ਰਫ਼ੀ ਇਸ ਦਾ ਬਾਦਸ਼ਾਹ ਹੈ। ਵਿਅਕਤੀਗਤ ਤੌਰ ਉੱਤੇ ਉਹ ਬੇਮੇਚ ਹਨ, ਪ੍ਰੰਤੂ ਇਕੱਠੇ ਉਹ ਆਪਣੇ ਦੋਗਾਣਿਆਂ ਵਿਚ ਜਾਦੂਈ ਵੀ ਹਨ ਅਤੇ ਦੈਵੀ ਵੀ। ਉਹ ਤਾਂ ਅਜਿਹਾ ਇੱਕੋ-ਇਕ ਗਾਇਕ ਸੀ, ਜਿਹੜਾ ਮੁਕੇਸ਼ ਵੀ ਸੀ, ਤਲਤ ਮਹਿਮੂਦ ਵੀ, ਮਹਿੰਦਰ ਕਪੂਰ ਵੀ, ਮੰਨਾ ਡੇ ਵੀ ਅਤੇ ਕਿਸ਼ੋਰ ਕੁਮਾਰ ਵੀ। ਉਹ ਤਾਂ ਇਨ੍ਹਾਂ ਸਭ ਦਾ ਸੰਪੂਰਨ ਮੁਜੱਸਮਾ ਸੀ। ਰਫ਼ੀ ਦੇ ਇਹ ਸਤਿਕਾਰਯੋਗ ਸਮਕਾਲੀ ਵਿਅਕਤੀਗਤ ਤੌਰ ਉੱਤੇ ਜੋ ਵਿਸ਼ੇਸ਼ ਗਾ ਸਕਦੇ ਸਨ, ਉਸਨੂੰ ਉਹ ਇਕੱਲਾ ਹੀ ਵਧੇਰੇ ਸਨਮਾਨ, ਸੰਪੂਰਨਤਾ ਅਤੇ ਸਹਿਜ ਨਾਲ ਗਾ ਸਕਦਾ ਸੀ। ਉਹ ਕਿਸੇ ਵੀ ਤਰਜ਼ ਨੂੰ ਬਿਨਾ ਕਿਸੇ ਦੋਸ਼, ਉਚੇਚੇ ਯਤਨ ਅਤੇ ਉਲਾਸ ਨਾਲ ਗਾ ਸਕਦਾ ਸੀ। ਉਹ ਤਾਂ ਸਾਰੇ ਹੀ ਸੰਗੀਤ-ਨਿਰਦੇਸ਼ਕਾਂ, ਫ਼ਿਲਮ ਨਿਰਦੇਸ਼ਕਾਂ, ਨਿਰਮਾਤਾਵਾਂ, ਸੰਗੀਤਕਾਰਾਂ ਅਤੇ ਅਭਿਨੇਤਾਵਾਂ ਲਈ ਹਰਫਨ-ਮੌਲਾ ਸੀ। ਇਕ ਵਾਰੀ ਲਕਸ਼ਮੀ ਕਾਂਤ ਪਿਆਰੇ ਲਾਲ ਨੇ ਉਸਦੀ ਮੌਤ ਬਾਰੇ ਟਿੱਪਣੀ ਕਰਦਿਆਂ ਕਿਹਾ ਸੀ ਕਿ



ਰਫੀ ਤੋਂ ਪਹਿਲਾਂ, ਜਦੋਂ ਅਸੀਂ ਕੋਈ ਧੁਨ ਬਣਾਉਂਦੇ ਸਾਂ ਤਾਂ ਅਸੀਂ ਉਸਦੇ ਹਾਣ ਦੇ ਗਾਇਕਾਂ ਨੂੰ ਲੱਭਿਆ ਕਰਦੇ ਸਾਂ ਕਿ ਇਸ ਨੂੰ ਗਾਏਗਾ ਕੌਣ, ਪ੍ਰੰਤੂ ਜਦੋਂ ਉਹ ਦ੍ਰਿਸ਼ ਉੱਤੇ ਚਮਕਿਆ ਤਾਂ ਉਸਨੇ ਸਾਨੂੰ ਇਕ ਚੁਣੌਤੀ ਪੇਸ਼ ਕਰ ਦਿੱਤੀ ਕਿ ਤੁਸੀਂ ਕੋਈ ਅਜਿਹੀ ਧੁਨ ਬਣਾ ਕੇ ਤਾ ਵਿਖਾਓ, ਜਿਹੜੀ ਉਹ ਗਾ ਨਹੀਂ ਸੀ ਸਕਦਾ। ਉਹ ਤਾਂ ਮੂਲੋਂ ਹੀ ਨਿਪੁੰਨ ਸੀ ਅਤੇ ਸੰਗੀਤ ਦੀ ਹਰ ਸ਼ੈਲੀ ਨੂੰ ਆਪਣੀ ਅਮਰ ਆਵਾਜ਼ ਬਖ਼ਸ਼ ਕੇ ਗੀਤਾਂ ਵਿਚ ਜਾਨ ਪਾ ਦਿੰਦਾ ਸੀ। ਉਹ ਤਾਂ ਆਪਣੇ ਸਾਰੇ ਹਮਸਫ਼ਰਾਂ ਨਾਲੋਂ ਬਿਹਤਰ ਸੀ।

ਉਸ ਵੇਲੇ ਅਸੀਂ ਕੋਈ ਚੋਣ ਹੀ ਨਹੀਂ ਕਰ ਸਕਦੇ, ਜਦੋਂ ਉਸ ਦੇ ਦਿਲ-ਹਲੂਣਵੇਂ ਖ਼ਜ਼ਾਨੇ ਉੱਤੇ ਝਾਤੀ ਮਾਰਦੇ ਹਾਂ। ਉਸਦੀ ਆਵਾਜ਼ ਨੇ ਸਾਧਾਰਨ ਗਾਣਿਆਂ ਨੂੰ ਸਦੀਵੀ ਯਾਦਾਂ ਅਤੇ ਦੈਵੀ ਬਣਾ ਕੇ ਰੱਖ ਦਿੱਤਾ ਅਤੇ ਉਹ ਤਾਂ ਵੀ ਕਮਾਲ ਹੀ ਕਰ ਦਿੰਦਾ ਸੀ, ਭਾਵੇਂ ਸੰਗੀਤਕ ਸੰਭਾਵਨਾ ਘੱਟ ਤੋਂ ਘੱਟ ਵੀ ਹੁੰਦੀ। ਉਸਦੀ ਆਵਾਜ਼ ਸਮੁੱਚੇ ਮਨੁੱਖੀ ਜਜ਼ਬਿਆਂ ਦੀ ਤਰਜਮਾਨੀ ਕਰ ਜਾਂਦੀ, ਜਿੱਥੋਂ ਤੱਕ ਉਦਾਸੀ, ਪ੍ਰੇਮ, ਮੁਹੱਬਤ, ਇਸ ਦੀ ਪੀੜਾ, ਵਿਛੋੜੇ, ਮਿਲਾਪ, ਨਫ਼ਰਤ, ਬਦਲੇ, ਉਲ੍ਹਾਸ, ਦੇਸ਼ ਭਗਤੀ ਆਦਿ ਦਾ ਸੰਬੰਧ ਹੁੰਦਾ। ਪੰਡਿਤ ਜਵਾਹਰ ਲਾਲ ਨਹਿਰੂ ਨੇ ਰਫ਼ੀ ਨੂੰ ਆਵਾਜ਼ ਦਾ ਜਾਦੂਗਰ ਕਿਹਾ ਸੀ। ਨੌਸ਼ਾਦ, ਜਿਹੜੇ ਕਿ ਹਿੰਦੀ ਸ਼ਾਸਤਰੀ ਸੰਗੀਤ ਦੇ ਪਿਤਾਮਾ ਸਨ ਅਤੇ ਜਿਨ੍ਹਾਂ ਨੂੰ ਰਾਗ ਦੀ ਸਵੱਛਤਾ ਦਾ ਕਮਾਲ ਦਾ ਗਿਆਨ ਸੀ, ਨੇ ਆਪਣੇ ਪੂਰੇ ਨਿਪੁੰਨ ਕਾਰਜਕਾਲ ਵਿਚ ਕੇਵਲ ਰਫੀ ਦੀ ਆਵਾਜ਼ ਦੀ ਹੀ ਵਰਤੋਂ ਕੀਤੀ ਸੀ। ਉਨ੍ਹਾਂ ਨੇ ਸ਼ਾਸਤਰੀ ਅਤੇ ਲੋਕ ਸੰਗੀਤ ਨੂੰ ਇੱਕ ਜੁੱਟ ਕਰ ਕੇ ਵਰਤਿਆ ਸੀ ਅਤੇ ਇੱਕ ਨਵੀਂ ਪਧਤੀ ਪੈਦਾ ਕੀਤੀ ਸੀ, ਜਿਸ ਵਿਚ ਰਫ਼ੀ ਨੇ ਆਪਣੀ ਨਿਵੇਕਲੀ ਆਵਾਜ਼ ਨਾਲ ਰੂਹ ਫੂਕ ਦਿੱਤੀ ਸੀ ਅਤੇ ਸ਼ਮੀ ਕਪੂਰ ਨੇ ਨਿਵੇਕਲਾ ਸਥਾਨ ਪ੍ਰਦਾਨ ਕਰ ਦਿੱਤਾ ਸੀ। ਉਸਨੇ ਜੌਨੀ ਵਾਕਰ ਲਈ ਆਪਣੀ ਵੱਖਰੀ ਹੀ ਮਹੀਨ ਆਵਾਜ਼ ਵਿਚ ਗਾਇਆ ਸੀ। ਵਿਲੱਖਣ ਦਲੀਪ ਕੁਮਾਰ ਲਈ ਉਸਨੇ ਕਮਾਲ ਦੀ ਗਾਇਕੀ ਦਾ ਪ੍ਰਦਰਸ਼ਨ ਕੀਤਾ ਸੀ। ਉਸਨੇ ਰਾਜ ਕੁਮਾਰ ਲਈ ਗਾਇਆ ਅਤੇ ਆਪਣੀ ਦਿਲਕਸ਼ ਆਵਾਜ਼ ਨਾਲ ਬੈਜੂ ਬਾਵਰਾ ਵਿਚ ਭਾਰਤ ਭੂਸ਼ਨ ਲਈ ਗਾ ਕੇ ਰਾਸ਼ਟਰ ਉੱਤੇ ਜਾਦੂ ਕਰ ਦਿੱਤਾ ਸੀ। ਸੂਚੀ ਔਖੀ ਵੀ ਹੈ ਅਤੇ ਅੰਤਹੀਣ ਵੀ। ਉਸਨੇ ਰਿਸ਼ੀ ਕਪੂਰ ਲਈ ਗਾਇਆ ਅਤੇ ਆਪਣੇ ਸਮੇਂ ਦੇ ਨੌਜਵਾਨ ਵਰਗ ਉੱਤੇ ਜਾਦੂ ਕਰ ਦਿੱਤਾ। ਉਸ ਦੀ ਆਵਾਜ਼ ਨੇ ਜਿਸ ਵੀ ਗੀਤ ਨੂੰ ਗਾਇਆ, ਸ਼ਾਸਤਰੀ ਬਣਾ ਕੇ ਰੱਖ ਦਿੱਤਾ। ਉਸਨੇ ਸ਼ਾਸਤਰੀ ਸੰਗੀਤ ਵਿਚ ਬਹੁਤ ਹੀ ਨਿਪੁੰਨ ਉਸਤਾਦਾਂ ਤੋਂ ਸਿੱਖਿਆ ਪ੍ਰਾਪਤ ਕੀਤੀ ਸੀ। ਉਸਨੇ ਕਮਾਲ ਦੇ ਹੁਨਰ ਨਾਲ ਹਰ ਰਾਗ ਅਲਾਪਿਆ। ਉਹ ਆਪਣੀ ਕਲਾ ਦੀ ਸਿਖਰ ਉੱਤੇ ਸਾਨੂੰ ਸਦੀਵੀ ਵਿਛੋੜਾ ਦੇ ਗਿਆ।

ਉਸਨੂੰ ਆਖ਼ਰੀ ਫਿਲਮ ਫ਼ੇਅਰ ਐਵਾਰਡ ਉਸਦੀ ਪਿਠਵਰਤੀ ਗਾਇਕੀ ਲਈ, ਉਸਦੀ ਅਚਾਨਕ ਮੌਤ ਤੋਂ ਕੇਵਲ ਇੱਕ ਸਾਲ ਪਹਿਲਾਂ ਹੀ ਮਿਲਿਆ ਸੀ। ਕੇਂਦਰੀ ਸਰਕਾਰ ਨੇ ਰਫ਼ੀ ਦੀ ਸੰਗੀਤ ਦੇ ਸੰਸਾਰ ਨੂੰ ਕਮਾਲ ਦੀ ਦੇਣ ਨੂੰ ਅੱਖੋਂ ਪਰੋਖੇ ਹੀ ਕਰੀ ਰਖਿਆ। ਹੁਣ ਜੋ ਘੱਟੋ-ਘੱਟ ਇਹ ਸਰਕਾਰ ਕਰ ਸਕਦੀ ਹੈ, ਉਹ ਇਹ ਹੈ ਕਿ ਆਪਣੀ ਅਣਗਹਿਲੀ ਨੂੰ ਸੁਧਾਰਨ ਲਈ ਉਸਨੂੰ ਭਾਰਤ ਰਤਨ ਅਤੇ ਦਾਦਾ ਸਾਹਿਬ ਫਾਲਕੇ ਐਵਾਰਡ ਦੋਵੇਂ ਹੀ ਮਰਨ ਉਪਰੰਤ ਦੇ ਦੇਵੇ। ਰਾਸ਼ਟਰ ਦੇ ਸਿਰ ਉਸ ਦਾ ਇੱਕ ਭਾਰੀ ਸ਼ੁਕਰਾਨੇ ਦਾ ਕਰਜ਼ਾ ਹੈ। ਲਤਾ ਮੰਗੇਸ਼ਕਰ ਭਾਰਤ ਰਤਨ ਹੋ ਸਕਦੀ ਹੈ ਤਾਂ ਰਫੀ ਕਿਉਂ ਨਹੀਂ? ਸਰਕਾਰ ਦਾ ਦੇਰੀ ਨਾਲ ਲਿਆ ਗਿਆ ਇਹ ਫ਼ੈਸਲਾ ਲੱਖਾਂ ਹਿਰਦਿਆਂ ਨੂੰ ਗਰਮਾ ਦੇਵੇਗਾ ਅਤੇ ਸੰਸਾਰ ਭਰ ਵਿਚ ਰਫੀ ਦੇ ਲੱਖਾਂ ਹੀ ਮਤਵਾਲੇ ਪ੍ਰਸੰਨ ਹੋ ਜਾਣਗੇ।



## ਕਰੀਨਾ ਚੁੰਮਣ ਦੇਣ ਤੋਂ ਇਨਕਾਰੀ

ਕਰੀਨਾ ਕਪੂਰ 'ਕੁਰਬਾਨ' ਵਿਚ ਆਪਣੇ ਬੁੱਲ੍ਹਾਂ ਨੂੰ ਚੁੰਮਣ ਅਤੇ 'ਇਕਮਿਕਤਾ' ਦੇ ਸੀਨਾਂ ਬਾਰੇ ਗੱਲਾਂ ਕਰਨ ਦੀ ਤਿਆਰੀ ਵਿਚ ਹੈ। ਇਸਦੇ ਲਈ ਉਸਨੂੰ 'ਕਸੂਰਵਾਰ' ਨਹੀਂ ਮੰਨਿਆ ਜਾ ਸਕਦਾ। 'ਕੰਬਖਤ ਇਸ਼ਕ' ਵਿਚ ਬੇਬੋ ਦੇ ਕਰੀਬ ਇਕ ਦਰਜਨ ਚੁੰਮਣ ਸੀਨ ਹਨ। ਜਦੋਂ ਫਿਲਮ ਨੇ ਔਸਤ ਕਾਰੋਬਾਰ ਵੀ ਨਹੀਂ ਕੀਤਾਂ ਤਾਂ ਕਰੀਨਾ ਦਾ ਤੈਰਾਕ ਸੂਟ ਅਤੇ ਚੁੰਮਣ ਦ੍ਰਿਸ਼ ਚਲ ਨਿਕਲੇ ਹਨ। 'ਕੁਰਬਾਨ' ਵਿਚ ਅਜਿਹੇ ਦ੍ਰਿਸ਼ਾਂ ਦੇ ਪ੍ਰਚਾਰ ਤੋਂ ਉਹ ਕੁਝ ਘਬਰਾ ਜਿਹੀ ਗਈ ਹੈ। ਉਹ ਇਸ ਨੂੰ ਇਕ ਹੋਰ 'ਕੰਬਖਤ ਇਸ਼ਕ' ਨਹੀਂ ਬਣਨ ਦੇਣਾ ਚਾਹੁੰਦੀ। ਇਸ ਕਰਕੇ ਜਦੋਂ ਉਸ ਤੋਂ ਅਜਿਹੇ ਦ੍ਰਿਸ਼ਾਂ ਬਾਰੇ ਪੁੱਛਿਆ ਜਾਂਦਾ ਹੈ ਤਾਂ ਉਹ ਸਵਾਲ ਨੂੰ ਟਾਲ ਜਾਂਦੀ ਹੈ ਜਾਂ ਸਿਰਫ ਮੁਸਕਰਾ ਕੇ ਹੀ ਸਾਰ ਦਿੰਦੀ ਹੈ।

ਫਿਰ ਕੁਦਰਤੀ ਤੌਰ 'ਤੇ ਸੈਫ ਅਲੀ ਖਾਨ ਵਲ ਮੋੜ ਕੱਟ ਜਾਂਦੀ ਹੈ ਜਿਸਦਾ ਕਹਿਣਾ ਹੈ ਕਿ ਜ਼ਿਆਦਾਤਰ ਕੁੜੀਆਂ ਉਸਨੂੰ ਕਰੀਨਾ ਬਾਰੇ ਪੁਛਦੀਆਂ ਹਨ।

## ਫਰਾਹ ਨੇ ਸ਼ਾਹਰੁਖ ਨੂੰ ਛੱਡ ਕੇ ਅਕਸ਼ੈ ਨੂੰ ਲਿਆ

ਇਹ ਸ਼ਾਇਦ ਬਾਲੀਵੁੱਡ ਤੋਂ ਸਾਲ ਦੀ ਸਨਸਨੀਖੇਜ਼ ਖਬਰ ਹੈ ਕਿ ਨਿਰਦੇਸ਼ਕ ਫਰਾਹ ਖਾਨ ਦੀ ਅਗਲੀ ਫ਼ਿਲਮ ਦਾ ਮੋਹਰੀ ਐਕਟਰ ਸ਼ਾਹਰੁਖ ਖਾਨ ਨਹੀਂ ਬਲਕਿ ਅਕਸ਼ੈ ਕੁਮਾਰ ਹੈ। 'ਤੀਸ ਮਾਰ ਖਾਨ' ਨਾਮਕ ਫ਼ਿਲਮ ਅਕਸ਼ੈ ਦੀ ਹਰੀ ਓਮ ਪ੍ਰੋਡਕਸ਼ਨਜ਼ ਅਤੇ ਉਸ (ਫਰਾਹ) ਦੀ ਕੰਪਨੀ ਦੀ ਇਕ ਸਾਂਝੀ ਪੈਦਾਵਾਰ ਹੈ। ਇਹ ਕੰਪਨੀ ਫਰਾਹ ਆਪਣੇ ਪਤੀ ਸਿਰੇਸ਼ ਕੁੰਦਰ ਨਾਲ ਮਿਲ ਕੇ ਚਲਾਉਂਦੀ ਹੈ। ਇਹ ਟੀਮ ਇਸ ਕਰਕੇ ਵੀ ਦਿਲਚਸਪ ਹੈ ਕਿਉਂਕਿ ਫਰਾਹ ਸ਼ਾਹਰੁਖ ਦੀ ਰੱਖੜੀ ਬੰਨ੍ਹ ਭੈਣ ਹੈ ਅਤੇ ਅਕਸ਼ੈ ਉਸਦਾ ਨਿਕਟ ਵਿਰੋਧੀ ਹੈ। ਫਰਾਹ ਦੀਆਂ ਪਿਛਲੀਆਂ ਦੋਹਾਂ ਫਿਲਮਾਂ ਵਿਚ ਮੁੱਖ ਰੋਲ ਉਸਦੇ ਮੂੰਹ ਬੋਲੇ ਭਰਾ ਦਾ ਹੀ ਸੀ। ਉਸ ਦੀ ਤੀਜੀ ਫਿਲਮ 'ਹੈਪੀ ਨਿਊ ਯੀਅਰ' ਵਿਚ ਉਸੇ ਨੂੰ ਲਿਆ ਜਾਣਾ ਸੀ ਪਰ ਉਹ ਨਾਂਹ-ਨੁੱਕਰ ਕਰਦਾ ਰਿਹਾ। ਜਦੋਂ ਇਹ ਸਪੱਸ਼ਟ ਹੋ ਗਿਆ ਕਿ 2010 ਵਿਚ ਸ਼ਾਹਰੁਖ 'ਰਾਲ' ਅਤੇ 'ਡੌਨ-2' ਨੂੰ ਪੂਰਾ ਕਰ ਲਵੇਗਾ, ਉਸਨੇ ਇਹ ਪ੍ਰਾਜੈਕਟ ਛੱਡ ਦਿੱਤਾ ਅਤੇ 'ਤੀਸ ਮਾਰ ਖਾਨ' ਲਈ ਅਕਸ਼ੈ ਤਕ ਪਹੁੰਚ ਕੀਤੀ। ਭਾਵੇਂ ਅਕਸ਼ੈ ਅਤੇ ਸ਼ਾਹਰੁਖ ਇਕੱਠੇ ਕੰਮ ਨਹੀਂ ਕਰ ਰਹੇ ਫਿਰ ਵੀ ਉਹ 'ਭਰਾ' ਨੂੰ ਬਹੁਤ ਪਿਆਰ ਕਰਦੀ ਹੈ। ਉਹ ਆਪਣੀ ਫਿਲਮ ਦੀ ਤਾਜ਼ਾ ਤਬਦੀਲੀ ਬਾਰੇ ਉਸਨੂੰ ਜਾਣੂ ਕਰਵਾਉਣ ਲਈ ਮਿਲੀ ਸੀ। ਇਹ ਦੱਸਣਾ ਵੀ ਚਾਹੁੰਦੀ ਸੀ ਕਿ ਅਕਸ਼ੈ ਉਸਦਾ ਹੀਰੋ ਹੈ। ਇਹ 'ਖ਼ਬਰ' ਉਹ ਸ਼ਾਹਰੁਖ ਵਲੋਂ ਕਿਸੇ ਹੋਰ ਦੇ ਮੂੰਹੋਂ ਸੁਣੇ ਜਾਣ ਤੋਂ ਪਹਿਲਾਂ ਖੁਦ ਦੱਸਣਾ ਚਾਹੁੰਦੀ ਸੀ। ਜ਼ਾਹਿਰ ਹੈ ਕਿ ਸ਼ਾਹਰੁਖ ਅਤੇ ਫਰਾਹ ਵਿਚਕਾਰ ਕੁਝ ਤਣਾਅ ਹੈ। ਇਕ ਅਣਲਿਖਿਆ ਨਿਯਮ ਟੁੱਟ ਚੁੱਕਾ ਹੈ। ਹੁਣ ਤਕ ਸਮਝਿਆ ਜਾਂਦਾ ਸੀ ਕਿ ਫਰਾਹ ਖਾਨ ਜਾਂ ਕਰਨ ਜੌਹਰ ਜਦੋਂ ਵੀ ਫਿਲਮ ਬਣਾਉਣਗੇ, ਸ਼ਾਹਰੁਖ ਨੂੰ ਹੀ ਲੈਣਗੇ ਪਰ ਸ਼ਾਹਰੁਖ ਦੇ 'ਦੁਸ਼ਮਣ' ਨੂੰ ਲੈ ਕੇ ਫਰਾਹ ਨੇ ਉਹ ਸਾਰਾ ਕੁਝ ਸਿੱਧ ਕਰ ਦਿਤਾ ਹੈ ਜੋ ਅਜੇ ਇਕ ਅਟਕਲ ਹੀ ਸੀ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸ਼ਾਹਰੁਖ ਫ਼ਿਲਮ ਦੀ ਸਕ੍ਰਿਪਟ ਤੋਂ ਖੁਸ਼ ਨਹੀਂ ਸੀ ਅਤੇ ਉਸਨੇ ਕਈ ਵਾਰ ਦੁਬਾਰਾ ਲਿਖਣ ਲਈ ਕਿਹਾ ਸੀ।



ਪਰ ਫਰਾਹ ਨੂੰ ਲੱਗਾ ਕਿ ਇਹ ਸਿਰਫ ਦੇਰੀ ਕਰਨ ਦੀਆਂ ਚਾਲਾਂ ਹਨ ਅਤੇ ਉਹ ਆਪਣੀ ਸੁਪਰ ਹੀਰੋ ਫ਼ਿਲਮ 'ਰਾਲ' ਅਤੇ ਐਕਸ਼ਨ ਭਰਪੂਰ ਡੌਨ-2 ਨੂੰ ਉਸ ਤੋਂ ਪਹਿਲਾਂ ਸ਼ੁਰੂ ਕਰਨਾ ਚਾਹੁੰਦਾ ਹੈ। ਇਸ ਨਾਲ ਫਰਾਹ ਨੂੰ ਠੇਸ ਪਹੁੰਚੀ ਅਤੇ ਅੰਦਰੋ-ਅੰਦਰ ਉਸਦਾ ਗੁੱਸਾ ਵਧਦਾ ਰਿਹਾ। ਫਰਾਹ ਨੇ 'ਮੰਨਤ' ਵਿਖੇ ਕਈ ਪਾਰਟੀਆਂ 'ਚੋਂ ਵੀ ਗੈਰ ਹਾਜ਼ਰ ਰਹਿਣਾ ਸ਼ੁਰੂ ਕਰ ਦਿਤਾ ਤਾਂ ਦੂਰੀਆਂ ਵਧ ਗਈਆਂ।

**ਵਿਆਹ ਦੀ ਕਵਰੇਜ ਲਈ 60 ਲੱਖ ਦੀ ਪੇਸ਼ਕਸ਼ ਸ਼ਿਲਪਾ ਨੇ ਠੁਕਰਾਈ :** ਬ੍ਰਿਟੇਨ ਵਿਚ ਸ਼ਿਲਪਾ ਸ਼ੈਟੀ ਇੰਨੀ ਲੋਕਪ੍ਰਿਯ ਹੈ ਕਿ ਉਥੋਂ ਦੇ ਪ੍ਰਸਿੱਧ 'ਹੈਲੋ' ਮੈਗਜ਼ੀਨ ਨੇ ਵਿਆਹ ਦੀ ਕਵਰੇਜ ਦੇ ਅਧਿਕਾਰ ਹਾਸਲ ਕਰਨ ਲਈ 75000 ਪੌਂਡ ਅਰਥਾਤ 60 ਲੱਖ ਰੁਪਏ ਦੀ ਪੇਸ਼ਕਸ਼ ਕੀਤੀ ਪਰ ਸ਼ਿਲਪਾ ਨੇ ਇਸ ਨੂੰ ਠੁਕਰਾ ਦਿੱਤਾ। ਮੈਗਜ਼ੀਨ ਵਾਲਿਆਂ ਨੇ ਇਹ ਸ਼ਰਤ ਰੱਖੀ ਸੀ ਕਿ ਕਿਸੇ ਹੋਰ ਫੋਟੋਗ੍ਰਾਫਰ ਨੂੰ ਕਵਰੇਜ ਦੀ ਇਜਾਜ਼ਤ ਨਾ ਦਿੱਤੀ ਜਾਵੇ ਤੇ ਮਹਿਮਾਨਾਂ ਨੂੰ ਮੋਬਾਈਲ ਫੋਨ ਨਾਲ ਲਿਆਉਣ ਦੀ ਇਜਾਜ਼ਤ ਨਾ ਹੋਵੇ। ਸ਼ਿਲਪਾ ਨੇ ਜਵਾਬ ਦਿੱਤਾ ਕਿ ਇਹ ਸ਼ਰਤਾਂ ਮਹਿਮਾਨਾਂ ਨੂੰ ਪ੍ਰੇਸ਼ਾਨ ਕਰਨ ਵਾਲੀਆਂ ਹਨ। ਉਸ ਨੇ ਯਾਦ ਕਰਵਾਇਆ ਕਿ ਐਲਿਜ਼ਾਬੈਥ ਹਰਲੇ ਦੇ ਵਿਆਹ 'ਤੇ ਅਜਿਹੀ ਸ਼ਰਤ ਕਾਰਨ ਮਹਿਮਾਨਾਂ ਨੂੰ ਤਲਾਸ਼ੀ ਦੇਣੀ ਪਈ ਸੀ ਤੇ ਪ੍ਰੇਸ਼ਾਨੀ ਹੋਈ ਸੀ। ਉਸ ਨੇ ਕਿਹਾ ਕਿ ਉਂਜ ਵੀ ਵਿਆਹ ਇਕ ਪਵਿੱਤਰ ਰਸਮ ਹੈ, ਇਸ ਵਿਚੋਂ ਪੈਸੇ ਕਮਾਉਣ ਦੀ ਸਾਡੀ ਕੋਈ ਇੱਛਾ ਨਹੀਂ। ਉਸ ਨੇ ਕਿਹਾ ਕਿ ਮੈਂ ਜ਼ਿੰਦਗੀ ਵਿਚ ਅਨੇਕਾਂ ਫ਼ਿਲਮਾਂ ਅਤੇ ਬ੍ਰਿਟੇਨ ਵਿਚ ਅਨੇਕਾਂ ਪ੍ਰੋਗਰਾਮਾਂ ਤੋਂ ਬਹੁਤ ਪੈਸਾ ਕਮਾਇਆ ਹੈ ਪਰ ਆਪਣੇ ਵਿਆਹ ਤੋਂ ਪੈਸੇ ਕਮਾਉਣ ਬਾਰੇ ਮੈਂ ਸੋਚ ਵੀ ਨਹੀਂ ਸਕਦੀ। ਉਸਨੇ ਕਿਹਾ ਕਿ ਜੇਕਰ ਮੇਰੇ ਵਿਆਹ ਵਿਚ ਕਿਸੇ ਮਹਿਮਾਨ ਨੂੰ ਕੋਈ ਪ੍ਰੇਸ਼ਾਨੀ ਹੁੰਦੀ ਹੈ ਤਾਂ ਉਹ ਆਪਣੇ ਆਪ ਨੂੰ ਕਦੇ ਮੁਆਫ ਨਹੀਂ ਕਰ ਸਕੇਗੀ, ਇਸ ਲਈ ਪੇਸ਼ਕਸ਼ ਠੁਕਰਾ ਦਿੱਤੀ ਹੈ।



## ਕੈਟਰੀਨਾ ਨੇ 'ਵਿਆਹ' ਦੀ ਖਬਰ ਨੂੰ ਕਿਹਾ ਬਕਵਾਸ

ਇੰਦੌਰ ਵਿਚ ਇਕ ਮੈਰਿਜ ਸਰਟੀਫਿਕੇਟ (ਨਗਰ ਪਾਲਿਕਾ ਵਲੋਂ ਪ੍ਰਵਾਨਤ) ਅਨੁਸਾਰ ਕੈਟਰੀਨਾ ਕੈਫ ਇਕ ਸਥਾਨਕ ਭਾਜਪਾ ਵਿਧਾਇਕ ਰਮੇਸ਼ ਮੈਂਡੋਲਾ ਨਾਲ ਵਿਆਹੀ ਹੋਈ ਹੈ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਐਕਟ੍ਰੈਸ ਦਾ ਉਸ ਨਾਲ ਵਿਆਹ ਪਿਛਲੇ ਸਾਲ 2 ਦਸੰਬਰ ਨੂੰ ਹੋਇਆ ਸੀ। ਦੱਸਿਆ ਗਿਆ ਹੈ ਕਿ ਇੰਦੌਰ ਨਗਰ ਪਾਲਿਕਾ ਨੇ ਵੀ ਹਾਲ ਹੀ ਵਿਚ ਇਕ ਬਿਆਨ ਜਾਰੀ ਕੀਤਾ ਸੀ ਕਿ ਵਿਆਹ ਦਾ ਇਹ ਸਰਟੀਫਿਕੇਟ ਪੂਰੀ ਤਰ੍ਹਾਂ ਜਾਅਲੀ ਹੈ ਅਤੇ ਉਨ੍ਹਾਂ ਵਲੋਂ ਜਾਰੀ ਨਹੀਂ ਕੀਤਾ ਗਿਆ। ਕੈਟਰੀਨਾ ਵੀ ਆਪਣੇ ਵਿਆਹ ਦੀ ਖਬਰ ਤੋਂ ਖਿਝੀ ਹੋਈ ਹੈ। ਉਸਦਾ ਕਹਿਣਾ ਹੈ, ''ਜ਼ਾਹਰਾ ਤੌਰ 'ਤੇ ਇਹ ਜਾਅਲੀ ਸਰਟੀਫਿਕੇਟ ਹੈ। ਮੈਂ ਆਪਣੇ ਜੀਵਨ ਵਿਚ ਕਦੇ ਵੀ ਵਿਆਹ ਨਹੀਂ ਕਰਵਾਇਆ ਅਤੇ ਨਾ ਹੀ ਇਸ ਨੌਜਵਾਨ ਨੂੰ ਜਾਣਦੀ ਹਾਂ। ਇਹ ਨਿਰਾ ਬਕਵਾਸ ਅਤੇ ਗੈਰ ਕਾਨੂੰਨੀ ਹੈ। ਪੁਲਿਸ ਨੇ ਪਹਿਲਾਂ ਹੀ ਉਸ ਵਿਰੁਧ ਕੇਸ ਦਰਜ ਕਰ ਲਿਆ ਹੈ ਅਤੇ ਉਸ ਵਿਰੁਧ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ ਮੇਰਾ ਅੰਦਾਜ਼ਾ ਹੈ ਕਿ ਤੁਸੀਂ ਜਿੰਨੇ ਵਧੇਰੇ ਮਸ਼ਹੂਰ ਹੋ ਜਾਂਦੇ ਹੋ ਓਨੇ ਹੀ ਜ਼ਿਆਦਾ ਲੋਕ ਅਜਿਹੀਆਂ ਬੇਵਕੂਫੀਆਂ ਕਰਨ ਲੱਗ ਜਾਂਦੇ ਹਨ। ਮੈਂ ਨਿਊ ਯਾਰਕ ਦੀ ਸ਼ੂਟਿੰਗ ਲਈ 2 ਦਸੰਬਰ ਨੂੰ ਉਥੇ ਗਈ ਹੋਈ ਸੀ ਜਿਸ ਦਿਨ ਨੂੰ ਇਹ ਆਦਮੀ ਮੇਰੇ ਨਾਲ ਵਿਆਹ ਕਰਾਉਣ ਦੀ ਗੱਲ ਕਰਦਾ ਹੈ। ਉਸਨੇ ਅੱਗੇ ਕਿਹਾ, ''ਸਾਡੇ ਸਭ ਕਿਸਮਾਂ ਦੇ ਪ੍ਰਸ਼ੰਸਕ ਜਨੂੰਨੀ ਕਿਸਮ ਦੇ ਹਨ।''

ਇੰਦੌਰ ਵਿਚ ਸ਼ਰਾਰਤੀ ਤੱਤਾਂ ਨੇ ਇਸਦੇ ਵੱਖਰੇ-ਵੱਖਰੇ ਫਰਜ਼ੀ ਵਿਆਹ ਰਜਿਸਟ੍ਰੇਸ਼ਨ ਪ੍ਰਮਾਣ ਪੱਤਰ ਬਣਾ ਦਿੱਤੇ ਹਨ। ਉਨ੍ਹਾਂ ਨੇ ਇੰਦੌਰ ਨਗਰ ਨਿਗਮ (ਆਈ.ਐਮ.ਸੀ.) ਤੋਂ ਜਾਰੀ ਕੀਤੇ ਜਾਣ ਵਾਲੇ ਵਿਆਹ ਰਜਿਸਟ੍ਰੇਸ਼ਨ ਪ੍ਰਮਾਣ ਪੱਤਰ ਦੀ ਨਕਲ ਕਰਦੇ ਹੋਏ ਇਸ ਨੂੰ ਬਣਾਇਆ ਹੈ। ਆਈ.ਐਮ.ਸੀ. ਸੂਤਰਾਂ ਮੁਤਾਬਕ ਫਰਜ਼ੀ ਵਿਆਹ ਪ੍ਰਮਾਣ ਪੱਤਰਾਂ ਵਿਚ ਰਾਹੁਲ ਦਾ ਨਾਂ ਕਿਸੇ 'ਕਲਾਬਾਈ' ਦੇ ਪਤੀ ਦੇ ਰੂਪ ਵਿਚ ਦਰਜ ਹੈ।



## ਸਲਮਾਨ ਨੂੰ ਇਕ ਕੁੜੀ ਨੇ ਥੱਪੜ ਮਾਰਿਆ

ਇਥੇ ਬੀਤੇ ਦਿਨੀਂ ਹੋਈ ਇਕ ਪਾਰਟੀ ਵਿਚ ਉਦੋਂ ਸਨਸਨੀ ਫੈਲ ਗਈ ਜਦੋਂ ਇਕ ਕੁੜੀ ਨੇ ਕਈ ਬਾਲੀਵੁੱਡ ਸਿਤਾਰਿਆਂ ਦੀ ਹਾਜ਼ਰੀ ਵਿਚੋਂ ਚਾਕਲੇਟੀ ਹੀਰੋ ਸਲਮਾਨ ਖਾਨ ਨੂੰ ਥੱਪੜ ਕੱਢ ਮਾਰਿਆ। ਸੂਤਰਾਂ ਅਨੁਸਾਰ ਲੜਕੀ ਨਸ਼ੇ ਵਿਚ ਧੁੱਤ ਸੀ ਅਤੇ ਉਸਨੇ ਹੋਰਾਂ ਨੂੰ ਵੀ ਗਾਲਾਂ ਕੱਢੀਆਂ। ਪਤਾ ਲੱਗਾ ਹੈ ਕਿ ਉਹ ਕੁੜੀ ਇਕ ਵੱਡੇ ਬਿਲਡਰ ਦੀ ਧੀ ਹੈ। ਮੁੰਬਈ ਦੇ ਇਕ ਅਖ਼ਬਾਰ ਵਿਚ ਪ੍ਰਕਾਸ਼ਿਤ ਉਕਤ ਖ਼ਬਰ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ। ਨਸ਼ੇ ਵਿਚ ਧੁੱਤ ਇਸ ਕੁੜੀ ਨੇ ਸਲਮਾਨ ਦੇ ਭਰਾ ਸੋਹੇਲ ਤੇ ਸੁਸ਼ਮਿਤਾ ਸੇਨ ਨੂੰ ਵੀ ਗਾਲਾਂ ਕੱਢੀਆਂ।

ਪਾਰਟੀ 'ਚ ਰੀਆ ਸੇਨ ਰਾਜੀਵ ਸੇਨ ਵੀ ਮੌਜੂਦ ਸਨ। ਓਧਰ ਸੁਸ਼ਮਿਤਾ ਸੇਨ ਦੇ ਭਰਾ ਰਾਜੀਵ ਸੇਨ ਤੇ ਸੰਜਨਾ ਜੌਹਨ ਨੇ ਇਸ ਖਬਰ ਨੂੰ ਨਿਰਮੂਲ ਦੱਸਦਿਆਂ ਕਿਹਾ ਕਿ ਸਭ ਕੁਝ ਪਬਲੀਸਿਟੀ ਸਟੰਟ ਹੈ।

# ਅਮਨੈਸਟੀ ਦੀ ਓਬਾਮਾ ਨੂੰ ਸਿੱਖ ਕਤਲੇਆਮ ਦਾ ਮੁੱਦਾ ਮਨਮੋਹਨ ਸਿੰਘ ਪਾਸ ਉਠਾਉਣ ਦੀ ਅਪੀਲ

**ਨਿਊ ਯਾਰਕ:** ਅਮਨੈਸਟੀ ਇੰਟਰਨੈਸ਼ਨਲ ਨੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਅਮਰੀਕੀ ਦੌਰੇ ਤੇ ਆ ਰਹੇ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮਨੁੱਖੀ ਅਧਿਕਾਰਾਂ ਖਾਸ ਕਰ 1984 ਦੇ ਸਿੱਖ ਕਤਲੇਆਮ ਦਾ ਮਾਮਲਾ ਉਠਾਉਣ ਦੀ ਅਪੀਲ ਕੀਤੀ ਹੈ। ਜ਼ਿਕਰਯੋਗ ਹੈ ਕਿ ਬਹੁਤ ਸਾਰੀਆਂ ਹੋਰ ਮਨੁੱਖੀ ਅਧਿਕਾਰ ਜਥੇਬੰਦੀਆਂ ਸਮੇਤ ਸਿੱਖਸ ਫਾਰ ਜਸਟਿਸ ਵਲੋਂ 84 ਦੇ ਸਿੱਖ ਕਤਲੇਆਮ ਵਿਰੁਧ ਲਗਾਤਾਰ ਇਨਸਾਫ ਦੀ ਮੁਹਿੰਮ ਚਲਾਈ ਜਾ ਰਹੀ ਸੀ ਅਤੇ ਇਸਨੂੰ ਕੌਮਾਂਤਰੀ ਪੱਧਰ ਉਤੇ ਉਠਾਇਆ ਗਿਆ ਸੀ।

ਰਾਸ਼ਟਰਪਤੀ ਓਬਾਮਾ ਨੂੰ ਲਿਖੇ ਪੱਤਰ ਵਿਚ ਅਮਨੈਸਟੀ ਇੰਟਰਨੈਸ਼ਨਲ ਦੇ ਅਗਜੈਕਟਿਵ ਡਾਇਰੈਕਟਰ ਲੈਰੀ ਕੌਕਸ ਨੇ ਰਾਸ਼ਟਰਪਤੀ ਓਬਾਮਾ ਨੂੰ ਸੰਬੋਧਨ ਕਰਦਿਆਂ ਆਖਿਆ ਹੈ ਕਿ ਅਮਨੈਸਟੀ ਇੰਟਰਨੈਸ਼ਨਲ ਵਲੋਂ ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਨਾਲ ਹੋਣ ਵਾਲੀ ਮੀਟਿੰਗ ਵਿਚ ਮਨੁੱਖੀ ਅਧਿਕਾਰ ਦਾ ਮਾਮਲਾ ਉਠਾ ਕੇ ਇਨ੍ਹਾਂ ਵਿਚ ਸੁਧਾਰ ਕਰਨ ਲਈ ਦਬਾਅ ਪਾਇਆ ਜਾਵੇ। ਡਾ ਮਨਮੋਹਨ ਸਿੰਘ ਆਪ ਦੇ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਕਿਸੇ ਦੂਜੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਹੋਣਗੇ ਜਿਨ੍ਹਾਂ ਨੂੰ ਵਾਈਟ ਹਾਊਸ ਵਲੋਂ ਦੇਸ਼ ਦੇ ਪ੍ਰਾਹੁਣੇ ਵਜੋਂ ਬੁਲਾਇਆ ਗਿਆ ਹੈ। ਇਸ ਮੌਕੇ ਜਦੋਂ ਤੁਸੀਂ ਉਨ੍ਹਾਂ ਦਾ ਪ੍ਰਾਹੁਣਾ ਬਣ ਕੇ ਆਉਣ ਲਈ ਸਵਾਗਤ ਕਰੋ ਤਾਂ ਉਨ੍ਹਾਂ ਇਸਤਰੀਆਂ, ਬੰਦਿਆਂ ਅਤੇ ਬੱਚਿਆਂ ਨੂੰ ਨਾ ਭੁਲਾਉਣਾ ਜਿਨ੍ਹਾਂ ਦੇ ਮਨੁੱਖੀ ਅਧਿਕਾਰਾਂ ਨੂੰ ਕੁਚਲ ਕੇ ਰਖ ਦਿਤਾ ਗਿਆ ਹੈ। ਭਾਰਤ ਅੰਦਰ ਮਨੁੱਖੀ ਅਧਿਕਾਰਾਂ ਨੂੰ ਦੋਹਾਂ ਦੇਸ਼ਾਂ ਵਿਚਾਲੇ ਸਬੰਧਾਂ ਦਾ ਆਧਾਰ ਬਣਾਇਆ ਜਾਵੇ।

ਪੱਤਰ ਵਿਚ ਅੱਗੇ ਲਿਖਿਆ ਗਿਆ ਹੈ ਕਿ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਦੌਰਾਨ ਤੁਹਾਨੂੰ ਇਹ ਮੌਕਾ ਦੇਵੇਗੀ ਕਿ ਤੁਸੀਂ ਭਾਰਤ ਅੰਦਰ ਮਨੁੱਖੀ ਹੱਕਾਂ ਦੀ ਖ਼ਿਲਾਫਵਰਜੀ ਵਿਰੁਧ ਆਵਾਜ਼ ਉਠਾ ਸਕੋ। ਜਦੋਂ ਤੁਸੀਂ ਦੋਵਾਂ ਦੇਸ਼ਾਂ ਦਰਮਿਆਨ ਹੋਰ ਮਾਮਲਿਆਂ ਦੇ ਨਾਲ ਪਰਮਾਣੂ ਮਾਮਲਿਆਂ ਬਾਰੇ ਗੱਲ ਕਰੋ ਤਾਂ ਇਹ ਜਰੂਰੀ ਹੋਵੇਗਾ ਕਿ ਤੁਸੀਂ ਭਾਰਤ ਵਿਚ ਮਨੁੱਖੀ ਹੱਕਾਂ ਦੀ ਉਲੰਘਣਾ ਦਾ ਸ਼ਿਕਾਰ ਹੋਏ ਲੋਕਾਂ ਦੀ ਗੱਲ ਵੀ ਕਰੋ। ਅਮਨੈਸਟੀ ਇੰਟਰਨੈਸ਼ਨਲ ਦੀ ਆਪ ਨੂੰ ਅਪੀਲ ਹੈ ਕਿ ਮਨੁੱਖੀ ਅਧਿਕਾਰਾਂ ਬਾਰੇ ਸਾਂਝੀ ਪ੍ਰੈਸ ਕਾਨਫਰੰਸ ਵਿਚ ਵੀ ਗੱਲ ਕਰੋ।

ਅਮਨੈਸਟੀ ਇੰਟਰਨੈਸ਼ਨਲ ਨੇ ਇਸ ਮਾਮਲੇ ਵਿਚ ਰਾਸ਼ਟਰਪਤੀ ਦੇ ਧਿਆਨ ਵਿਚ ਨਵੰਬਰ 1984 ਦੇ ਸਿੱਖ ਕਤਲੇਆਮ ਦਾ ਮਾਮਲਾ ਲਿਆਉਂਦਿਆਂ ਆਖਿਆ ਹੈ ਕਿ 31 ਅਕਤੂਬਰ 1984 ਨੂੰ ਤਤਕਾਲੀਨ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਆਰੰਭ ਹੋਈ ਕਤਲੋਗਾਰਤ ਤੇ ਸਾੜ-ਫੂਕ ਕੋਈ ਸੁਤੇ-ਸਿਧ ਹੋਈ ਪ੍ਰਤੀਕ੍ਰਿਆ ਨਹੀਂ ਸੀ। ਕਾਂਗਰਸ ਪਾਰਟੀ ਦੇ ਆਗੂਆਂ ਦੀ ਸ਼ਹਿ ਉਤੇ ਭੀੜਾਂ ਨੂੰ ਉਕਸਾ ਕੇ ਸਿੱਖ ਸ਼ਹਿਰੀਆਂ ਉਤੇ ਹਮਲੇ ਕਰਵਾਏ ਗਏ। 3000 ਤੋਂ ਵੱਧ ਸਿੱਖ ਕਤਲ ਕਰ ਦਿਤੇ ਗਏ। ਵਡੇ ਪੱਧਰ ਉਤੇ ਸਿੱਖ ਔਰਤਾਂ ਨਾਲ ਬਲਾਤਕਾਰ ਕੀਤੇ ਗਏ ਅਤੇ ਬਹੁਤਿਆਂ ਨੂੰ ਜਿੰਦਾ ਜਲਾ ਦਿਤਾ ਗਿਆ। 25 ਸਾਲ ਬੀਤ ਜਾਣ ਬਾਅਦ ਵੀ ਦੋਸ਼ੀਆਂ ਨੂੰ ਸਜਾਵਾਂ ਨਹੀਂ ਹੋ ਸਕੀਆਂ। ਜਾਂਚ ਕਮਿਸ਼ਨਾਂ ਨੇ ਕਾਂਗਰਸ ਦੀ ਸ਼ਮੂਲੀਅਤ ਮੰਨੀ। ਰਾਸ਼ਟਰਪਤੀ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਡਾ. ਮਨਮੋਹਨ ਸਿੰਘ ਤੋਂ ਵਾਅਦਾ ਲੈਣ ਕਿ ਸਿੱਖ ਕਤਲੇਆਮ ਵਿਚ ਭੂਮਿਕਾ ਨਿਭਾਉਣ ਵਾਲੇ ਸਾਰੇ ਵਿਅਕਤੀਆਂ ਨੂੰ ਸਜਾਵਾਂ ਦਿਤੀਆਂ ਜਾਣਗੀਆਂ। ਇਸਦੇ ਨਾਲ ਹੀ ਮਨੁੱਖੀ ਅਧਿਕਾਰਾਂ ਦੇ ਮੁੱਦੇ ਨੂੰ ਵੀ ਟਰੇਡ ਅਤੇ ਪਰਮਾਣੂ ਸਾਂਝੇਦਾਰੀ ਵਾਂਗ ਇਕ ਅਹਿਮ ਮੁੱਦਾ ਬਣਾਇਆ ਜਾਵੇ।


Attention Business Owners!!



Are You Worried About Your Business When You`re Not There?

Are Worries Keeping You Awake?

Watch Your Business AnyTime Any Place.

NO PAYMENTS

For 3 Months

Financing & Lease Options For 12, 24, 36 Months Available.

Promotion For July Free Cash Register Interface With Purchase Of Our DVR System

ਵਾਜਬ ਕੀਮਤ, ਸਹੀ ਕੰਮ

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

DVR UNLIMITED

Call:1-800-780-0032 www.dvrunlimited.com



INDIA CALL ਕਾਲ ਕਰਨ ਲਈ ਵਧੀਆ ਅਤੇ ਭਰੋਸੇਮੰਦ ਸਰਵਿਸ

GT COMMUNICATION INC.

CRYSTAL CLEAR CONNECTIONS

100 ਘੰਟੇ ਸਿਰਫ 100 ਡਾਲਰ ਵਿੱਚ ਬਿਨਾਂ ਕਿਸੇ ਪਿਨ ਤੋਂ ਗੱਲ ਕਰੋ



SAME RATES FOR:

England,Canada,Australia,New Zealand, Austria,Holland,Germany,France

- NO CONNECTION FEE
- NO MONTHLY FEE
- NO MAINTENANCE FEE
- NO HIDDEN CHARGES

ਹੋਰ ਜਾਣਕਾਰੀ ਲੈਣ ਲਈ ਕੈਲੀਫੋਰਨੀਆ ਦੀ ਕੰਪਨੀ ਨੂੰ ਟੌਲ ਫਰੀ ਨੰਬਰ 'ਤੇ ਕਾਲ ਕਰੋ

1-800-914-1013



G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ

- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranteed!

ਸਾਡੀਆਂ ਟਰੱਕਿੰਗ ਸੇਵਾਵਾਂ

- California DMV Services
  - » New License Plates & Renewals
- Interstate & Intrastate Permits
  - » DOT #, MC #, CA #
  - » IFTA, UCR, MCP
  - » NM, KY, NY, OR Permits
  - » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰਕਿੰਗ ਸੇਵਾਵਾਂ ਵਾਸਤੇ
Rajwinder Khehra and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com




ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ

2403 Gilberte Street, Tracy, CA 95304

ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ